
ਸੋਹਣ ਸਿੰਘ ਸੀਤਲ-
ਘਟਨਾ

ਬਦਲਾ

(ਨਾਵਲ)

ਤੇ ਹੋਰ ਕਹਾਣੀਆਂ

ਸੋਹਣ ਸਿੰਘ 'ਸੀਤਲ'

ਮਿਲਣ ਦਾ ਪਤਾ :
ਲਾਹੌਰ ਬੁਕ ਸ਼ਾਪ, ਲੁਧਿਆਣਾ

BADLA

(A Novel & Short Stories by Sohan Singh Sital)

ਕੀਮਤ : 50 ਰੁਪਏ

ਪ੍ਰਕਾਸ਼ਕ :
ਸੀਤਲ ਪੁਸਤਕ ਭੰਡਾਰ, ਲੁਧਿਆਣਾ ।

ਪ੍ਰਿੰਟਰ :
ਜੀ. ਐਸ. ਪ੍ਰਿੰਟਰਜ਼,
ਗੁੱਜਰਮਲ ਰੋਡ, ਲੁਧਿਆਣਾ।

ਬਦਲਾ

(ਨਾਵਲ)

ਤੇ ਹੋਰ ਕਹਾਣੀਆਂ

ਬਦਲਾ

(ਨਾਵਲ)

ਇਹ ਵੀ ਇਕ ਕਾਰਨ ਸੀ

...........ਦੇ ਵਿਦਵਾਨਾਂ ਨੇ ਕਈ ਕਾਰਨ ਦੱਸੇ ਹਨ। ਉਹ ਬਹੁਤੇ ਰਾਜਸੀ ਮੰਨੇ ਜਾਂਦੇ ਹਨ। ਮੇਰੀ ਰਾਏ ਹੈ, ਕਿ ਉਹਨਾਂ ਸਾਰਿਆਂ ਦੇ ਨਾਲ ਨਾਲ, ਇਹ ਵੀ ਇਕ ਕਾਰਨ ਸੀ। ਤੇ ਇਹ ਰਾਜਸੀ ਨਾਲੋਂ......ਵਧੇਰੇ ਸੀ।

ਬਾਕੀ ਗੱਲ ਰਹੀ ਇਸ ਕਹਾਣੀ ਬਾਰੇ। ਮੈਨੂੰ ਇਕ ਵਾਰ ਇਕ ਅਜੇਹੇ ਪਿੰਡ ਵਿਚ ਜਾਣ ਦਾ ਮੌਕਾ ਮਿਲਿਆ ਸੀ, ਜੋ ਇਕੋ ਜ਼ਿਮੀਦਾਰ ਦੀ ਮਲਕੀਅਤ ਸੀ। ਬਾਕੀ ਸਭ ਉਸਦੇ ਮੁਜ਼ਾਰੇ ਸਨ, ਜੋ ਪੂਰੀ ਤਰ੍ਹਾਂ ਉਸ ਇਕ ਮਾਲਕ ਦੇ ਰਹਿਮ ਉਤੇ ਸਨ। ਜੋ ਕੁਛ ਮੈਂ ਓਥੇ ਵੇਖਿਆ, ਪੂਰੀ ਤਰ੍ਹਾਂ ਦੱਸ ਨਹੀਂ ਸਕਦਾ। ਉਹਦੇ ਘਰ ਵਿਚ ਕੋਈ ਸਮਾਗਮ ਸੀ। ਸਵੇਰ ਵੇਲੇ ਅਖੰਡ ਪਾਠ ਦਾ ਭੋਗ ਪਿਆ ਤੇ ਗੁਰਬਾਣੀ ਦਾ ਕੀਰਤਨ ਹੋਇਆ। ਗ੍ਰੰਥੀ ਸਾਹਿਬ ਨੇ ਉਸਨੂੰ 'ਗੁਰੂ ਘਰ ਦਾ ਪੂਰਨ ਸ਼ਰਧਾਲੂ ਕਹਿ ਕੇ ਅਰਦਾਸਾ ਕੀਤਾ। ਐਨ ਓਸੇ ਥਾਂ 'ਤੇ, ਜਿੱਥੇ ਸਵੇਰੇ ਕੀਰਤਨ ਹੋਇਆ ਸੀ, ਰਾਤ ਨੂੰ ਵੇਸਵਾ ਦਾ ਨਾਚ ਹੋਇਆ। ਫਿਰ ਜੇਹੋ ਜੇਹਾ ਉਹ ਆਪ ਸ਼ਰਧਾਲੂ' (ਤੇ ਮਾਲਦਾਰ) ਸੀ, ਓਹੋ ਜੇਹੇ ਭੱਦਰ-ਪੁਰਸ਼ ਉਹਦੇ ਪਰਾਹੁਣੇ ਸਨ। ਰਾਤ ਨੂੰ ਰੱਜਵੀਂ ਸ਼ਰਾਬ ਪਿਲਾਈ ਗਈ ਤੇ ਖ਼ਾਸ ਖ਼ਾਸ ਪਤਵੰਤਿਆਂ ਨੂੰ.........।

ਸਾਲਾਂ-ਬੱਧੀ ਉਸ ਘਟਨਾ ਨੇ ਮੇਰੇ ਦਿਮਾਗ 'ਤੇ ਕਬਜ਼ਾ ਜਮਾਈ ਰੱਖਿਆ, ਤੇ ਅੰਤ ਇਸ ਕਹਾਣੀ ਦੇ ਰੂਪ ਵਿਚ ਪਰਗਟ ਹੋ ਕੇ ਰਹੀ।

ਕਹਾਣੀ ਵਿਚ ਆਏ ਨਾਂਵਾਂ ਥਾਂਵਾਂ ਬਾਰੇ ਏਨਾ ਹੀ ਕਹਿਣਾ ਹੈ, ਕਿ ਨਾਮ

ਸਾਰੇ ਹੀ ਫ਼ਰਜ਼ੀ ਹਨ, (ਜਿਵੇਂ ਮੇਰੇ ਹੋਰ ਨਾਵਲਾਂ ਵਿਚ ਹੁੰਦਾ ਹੈ।) ਤੇ ਥਾਂਵਾਂ ਵਿਚੋਂ ਇਕ ਪਿੰਡ 'ਕੋਟ ਰਾਇ ਸਾਹਿਬ' ਛੱਡ ਕੇ ਸਭ ਕੁਛ ਠੀਕ ਹੈ। 'ਸਭ ਕੁਛ ਠੀਕ' ਦਾ ਅਰਥ ਹੈ, ਕਿ ਬਾਕੀਆਂ ਦੀ ਹੋਂਦ ਤੇ ਟਿਕਾਣਾ (ਮਹੱਲੇ ਵਕੂਅ) ਥਾਂ ਸਿਰ ਹੈ। ਅਸਲੀ ਪਿੰਡ ਦਾ ਨਾਂ ਮੈਂ ਜਾਣ ਬੁਝ ਕੇ ਨਹੀਂ ਦਿਤਾ। ਕਿਉਂਕਿ ਕਿਸੇ ਇਕ ਦੀ ਜ਼ਾਤ ਉਤੇ ਚੋਟ ਕਰਨਾ ਮੇਰਾ ਮਨੋਰਥ ਨਹੀਂ। ਤੁਸੀਂ ਇਸ ਕਹਾਣੀ ਨੂੰ ਕਿਸੇ ਵੀ ਓਸ ਪਿੰਡ ਦੀ ਕਹਾਣੀ ਕਹਿ ਸਕਦੇ ਹੋ, ਜਿਸਦਾ ਮਾਲਕ ਇਕੋ ਜ਼ਿਮੀਦਾਰ ਹੋਵੇ।

ਸੀਤਲ ਭਵਨ
ਮਾਡਲ ਗਰਾਮ,
ਲੁਧਿਆਣਾ

ਸੋਹਣ ਸਿੰਘ
"ਸੀਤਲ"
੨੬-੫-੫੯

੧

"ਹਾਇ ਮਾਂ-ਆਂ।"

ਇਕ ਤਿੱਖੀ ਚੀਕ ਨਿਕਲ ਕੇ ਚੁੱਪ ਹੋ ਗਈ। ਜਰਵਾਣੇ ਹੱਥਾਂ ਨੇ ਉਸ ਦਿਲ-ਚੀਰਵੀਂ ਵਾਜ ਦਾ ਗਲਾ ਘੁੱਟ ਦਿਤਾ। ਜਿਵੇਂ ਹਜ਼ਾਰਾਂ ਨਿਤਾਣੀਆਂ ਫਰਯਾਦਾਂ, ਪਸ਼ੂ-ਬਲ ਨਾਲ ਦਬਾ ਦਿਤੀਆਂ ਜਾਂਦੀਆਂ ਹਨ, ਇਸ ਧੱਕੇਬਾਜ਼ ਬਲਵਾਨਾਂ ਦੀ ਦੁਨੀਆਂ ਵਿਚ।

ਪਿੱਛੋਂ ਰਹਿ ਗਈਆਂ ਦੱਬੀਆਂ ਘੁੱਟੀਆਂ ਕਮਜ਼ੋਰ ਸਿਸਕੀਆਂ।

....

....

੨

ਮਨਸਾ ਰਾਮ ਲਾਹੌਰ ਦੇ ਇਕ ਚੰਗੇ ਘਰਾਣੇ ਦਾ ਜੰਮ-ਪਲ ਸੀ। ਬੀ. ਏ. ਪਾਸ ਕਰਕੇ ਉਹ ਫੌਜ ਵਿਚ ਭਰਤੀ ਹੋ ਗਿਆ। ਅਮੀਰਾਂ ਨਾਲ ਹਰ ਥਾਂ ਉਚੇਚੀ ਰਿਆਇਤ ਹੁੰਦੀ ਹੈ। ਉਹ ਸਿੱਧਾ ਲੈਫਟੀਨੈਂਟ ਲੈ ਲਿਆ ਗਿਆ। ਸਰਕਾਰ-ਪੂਜਾਂ ਦਾ ਪੁੱਤਰ ਹੋਣ ਕਰਕੇ ਉਹ ਛੇਤੀ ਹੀ ਹੋਰ ਤਰੱਕੀ ਕਰ ਗਿਆ। ਪਹਿਲੀ ਜਰਮਨ-ਜੰਗ ਵਿਚ ਜਿੱਥੇ ਮਨਸਾ ਰਾਮ ਨੇ ਬੜੀ ਨੇਕਨਾਮੀ ਖੱਟੀ, ਓਥੇ ਉਸਦੇ ਪਿਤਾ ਨੇ ਵੀ ਭਰਤੀ ਕਰਾਉਣ ਤੇ ਜੰਗੀ ਚੰਦਾ ਦੇਣ ਵਿਚ ਅੰਗਰੇਜ਼ ਦੀ ਬਹੁਤ ਮਦਦ ਕੀਤੀ। ਇਸ ਸਾਂਝੀ ਸੇਵਾ ਬਦਲੇ ਅੰਗਰੇਜ਼ੀ ਸਰਕਾਰ ਵੱਲੋਂ ਮਨਸਾ ਰਾਮ ਨੂੰ 'ਰਾਏ ਬਹਾਦਰ' ਦਾ ਖ਼ਿਤਾਬ ਤੇ ਕਸੂਰ ਤਸੀਲ ਵਿਚ ਪੰਝੀ ਮੁਰੱਬੇ ਜ਼ਮੀਨ ਇਨਾਮ ਵਜੋਂ ਮਿਲੀ। ਉਸ ਜ਼ਮੀਨ ਵਿਚ ਰਾਏ ਬਹਾਦਰ ਨੇ ਆਪਣਾ ਨਵਾਂ ਪਿੰਡ ਬੱਧਾ। ਪਿੰਡ ਦਾ ਨਾਮ ਭਾਵੇਂ 'ਕੋਟ ਰਾਏ ਬਹਾਦਰ ਮਨਸਾ ਰਾਮ' ਰੱਖਿਆ ਗਿਆ, ਪਰ ਲੋਕ ਉਸਨੂੰ ਸਿੱਧਾ 'ਕੋਟ ਰਾਏ ਸਾਹਿਬ' ਹੀ ਕਹਿੰਦੇ। ਇਹ ਪਿੰਡ ਕਸੂਰ ਤੋਂ ਦਸ ਮੀਲ ਦੂਰ, ਲਹਿੰਦੇ ਤੇ ਪਹਾੜ ਦੀ ਗੁੱਠ ਵਿਚ ਸੀ। ਰੇਲਵੇ ਸਟੇਸ਼ਨ ਰੁੱਖਾਂ ਵਾਲਾ ਪਿੰਡ ਤੋਂ ਇਕ ਮੀਲ ਸੀ। ਸਟੇਸ਼ਨ ਤੋਂ ਪਿੰਡ ਤਕ ਰਾਏ ਸਾਹਿਬ ਨੇ ਕੱਚੀ ਸੜਕ ਬਣਵਾਈ ਹੋਈ ਸੀ।

ਰਾਏ ਸਾਹਿਬ ਮਨਸਾ ਰਾਮ ਦੇ ਪੈਂਨਸ਼ਨ ਆਉਣ ਤੋਂ ਇਕ ਸਾਲ ਪਹਿਲਾਂ ਹੀ ਉਸਦਾ ਪਿਤਾ ਚਲਾਣਾ ਕਰ ਗਿਆ। ਲਾਹੌਰ ਸ਼ਹਿਰ ਵਿਚ ਉਹ ਚੋਖੀ ਜਾਇਦਾਦ ਛੱਡ ਗਿਆ। ਮਨਸਾ ਰਾਮ ਫ਼ੌਜ ਵਿਚੋਂ ਆ ਕੇ ਸ਼ਹਿਰ ਵਿਚ ਵੱਸਣ ਦੀ ਥਾਂ, ਆਪਣੇ ਨਵੇਂ ਵਸਾਏ ਪਿੰਡ ਵਿਚ ਰਹਿਣ ਲਗਾ। ਓਥੇ ਉਹਨੇ ਆਪਣੇ ਵਾਸਤੇ ਬੜੀ ਸ਼ਾਨਦਾਰ ਕੋਠੀ ਬਣਵਾਈ। ਕੋਠੀ ਦੇ ਤਿੰਨ ਹਿੱਸੇ ਸਨ। ਇਕ ਹਿੱਸਾ ਘਰ ਦੀਆਂ ਇਸਤਰੀਆਂ ਵਾਸਤੇ ਸੀ। ਮੁਸਲਮਾਨ ਨਵਾਬਾਂ ਦੀ ਰੀਸ ਵਜੋਂ ਉਸਦਾ ਨਾਂ ਰਾਏ ਸਾਹਿਬ ਨੇ 'ਜ਼ਨਾਨਖ਼ਾਨਾ' ਰਖਿਆ। ਉਸ ਹਿੱਸੇ ਦੀ ਬਾਹਰਲੀ ਲੰਗ ਚੋਖੀ ਉੱਚੀ ਸੀ, ਜਿਸਦੇ ਉਪਰੋਂ ਝਾਤੀ ਨਹੀਂ ਸੀ ਪੈ ਸਕਦੀ। ਸਹੀ ਅਰਥਾਂ ਵਿਚ ਉਸਨੂੰ ਕੈਦ-ਖ਼ਾਨਾ ਹੀ ਕਹਿਣਾ ਠੀਕ ਹੈ।

ਦੂਜੇ ਹਿੱਸੇ ਨੂੰ 'ਦੀਵਾਨ-ਖ਼ਾਨਾ' ਕਹਿੰਦੇ ਸਨ। ਉਹ ਜ਼ਨਾਨਖ਼ਾਨੇ ਦੇ ਵੱਡੇ ਦਰਵਾਜ਼ੇ ਦੇ ਸਾਹਮਣੇ ਸੀ। ਉਸਦੇ ਅੱਗੇ ਛੋਟੇ ਛੋਟੇ ਕਈ ਹਿੱਸੇ ਸਨ। ਬਾਹਰਲੇ ਸ਼ਾਹੀ ਦਰਵਾਜ਼ੇ ਦੇ ਖੱਬੇ ਹੱਥ ਦਫਤਰ ਸੀ। ਜਿਥੇ ਰਾਏ ਸਾਹਿਬ ਦੇ ਕਰਿੰਦੇ ਕੰਮ ਕਰਦੇ ਸਨ। ਓਥੇ ਬਹਿ ਕੇ ਹੀ ਰਾਏ ਸਾਹਿਬ ਲੋਕਾਂ ਦੀਆਂ ਸ਼ਕਾਇਤਾਂ ਸੁਣਦੇ ਹੁੰਦੇ ਸਨ। ਉਸਦੇ ਨਾਲ ਲਗਵੀਂ ਇਕ ਸ਼ਾਹੀ ਬੈਠਕ ਆਏ ਗਏ ਨੂੰ ਮਿਲਨ ਵਾਸਤੇ ਸੀ। ਬੈਠਕ ਦੇ ਨਾਲਦੇ ਸੱਤ ਕਮਰੇ 'ਮਹਿਮਾਨ ਖ਼ਾਨਾ' ਸੀ। ਲਾਗੇ ਹੀ ਪਰਾਹੁਣਿਆਂ ਵਾਸਤੇ ਰਸੋਈ-ਘਰ ਸੀ। ਉਸਤੋਂ ਥੋੜਾ ਜਿਹਾ ਹਟਵਾਂ, ਜ਼ਨਾਨਖ਼ਾਨੇ ਦੇ ਨਾਲ ਲਗਵਾਂ ਇਕ ਹੋਰ ਹਿੱਸਾ ਸੀ। ਉਹ ਰਾਏ ਸਾਹਿਬ ਦੀ 'ਆਰਾਮਗਾਹ' ਸੀ। ਖਰੀ ਬੋਲੀ ਵਿਚ ਉਸਨੂੰ 'ਅੱਯਾਸ਼ੀ ਦਾ ਅੱਡਾ' ਹੀ ਕਹਿਣਾ ਫੱਬਦਾ ਹੈ। ਉਸ ਵਿਚ ਛੋਟੇ ਵੱਡੇ ਚਾਰ ਕਮਰੇ ਤੇ ਪੰਜਵਾਂ ਗੁਸਲਖਾਨਾ ਸੀ। ਉਸ ਹਿੱਸੇ ਦਾ ਇਕ ਬੂਹਾ ਦੀਵਾਨਖ਼ਾਨੇ ਵੱਲ, ਇਕ ਜਨਾਨਖ਼ਾਨੇ ਵੱਲ ਤੇ ਤੀਜਾ ਬਾਗ਼ ਵਿਚ ਖੁੱਲ੍ਹਦਾ ਸੀ। ਰਾਏ ਸਾਹਿਬ ਦੀ ਖ਼ਾਸ ਆਗਿਆ ਬਿਨਾਂ ਉਸ ਵਿਚ ਕੋਈ ਵੀ ਦਾਖ਼ਲ ਨਹੀਂ ਸੀ ਹੋ ਸਕਦਾ।

ਕੋਠੀ ਦਾ ਤੀਜਾ ਹਿੱਸਾ ਸ਼ਾਹੀ ਦਰਵਾਜ਼ੇ ਦੇ ਸੱਜੇ ਹੱਥ ਸੀ। ਉਸ ਵਿਚ ਪਸੂਆਂ ਦੇ ਤੇ ਨੌਕਰਾਂ ਦੇ ਰਹਿਣ ਦੀ ਥਾਂ ਸੀ। ਉਸਦੇ ਬਹੁਤੇ ਹਿੱਸੇ ਕੱਚੀਆਂ ਇੱਟਾਂ ਦੇ ਸਨ।

ਕੋਠੀ ਦੇ ਚੌਹੀਂ ਪਾਸੀਂ ਕੰਮੀ ਮੁਜ਼ਾਰਿਆਂ ਦੀ ਵਸੋਂ ਸੀ। ਦਖਣ ਦੀ ਬਾਹੀ ਦਸ ਘਰ ਆਦਿ-ਧਰਮੀਆਂ ਦੇ ਸਨ। ਉਹਨਾਂ ਵਿਚੋਂ ਚਾਰ ਘਰਾਂ ਨੇ ਈਸਾਈ-ਮੱਤ ਧਾਰਨ ਕੀਤਾ ਹੋਇਆ ਸੀ। ਦੋ ਘਰ ਮਜ਼ਹਬੀ ਸਿੱਖ ਸਦਾਉਂਦੇ ਸਨ। ਪਰ ਆਦਮ-ਗਿਣਤੀ ਸਮੇਂ ਰਾਏ ਬਹਾਦਰ ਦੇ ਹੁਕਮ ਨਾਲ ਸਭ ਨੂੰ 'ਅਛੂਤ

ਹਿੰਦੂ' ਹੀ ਲਿਖਾਉਣਾ ਪੈਂਦਾ ਸੀ।

ਕੋਠੀ ਦੀ ਪਹਾੜ ਦੀ ਬਾਹੀ ਮੁਸਲਮਾਨਾਂ ਦੀ ਵਸੋਂ ਸੀ। ਉਹਨਾਂ ਵਿਚੋਂ ਪੰਝੀ ਘਰ ਜੁਲਾਹਿਆਂ ਦੇ, ਤੇਰਾਂ ਕਮਿਹਾਰਾਂ ਦੇ, ਇਕ ਮਰਾਸੀਆਂ ਦਾ ਤੇ ਦੋ ਮੋਚੀਆਂ ਦੇ ਸਨ। ਜੁਲਾਹਿਆਂ ਤੇ ਕਮਿਹਾਰਾਂ ਦੇ ਬਹੁਤੇ ਘਰ ਰਾਇ ਸਾਹਿਬ ਦੀ ਜ਼ਮੀਨ ਉਤੇ ਵਾਹੀ ਕਰਦੇ ਸਨ। ਕੋਠੀ ਦੇ ਸਾਮ੍ਹਣੇ ਪਾਸੇ ਇਕ ਘਰ ਮੁਸਲਮਾਨ ਲੁਹਾਰਾਂ ਦਾ, ਇਕ ਨਾਈਆਂ ਦਾ ਤੇ ਇਕ ਹਟਵਾਣੀਏਂ ਖੱਤਰੀ ਦਾ ਸੀ। ਉਮਰੇ ਲੁਹਾਰ ਦੇ ਦੋ ਮੁੰਡੇ ਲੱਕੜ ਦਾ ਕੰਮ ਕਰਦੇ ਸਨ ਤੇ ਇਕ ਲੋਹੇ ਦਾ। ਸੰਤਾ ਹਟਵਾਣੀਆਂ ਆਪਣੀ ਦੁਕਾਨ ਵਿਚ ਗ਼ਰੀਬਾਂ ਦੀ ਲੋੜ ਦਾ ਛੋਟਾ ਮੋਟਾ ਸਭ ਸਾਮਾਨ ਰਖਦਾ ਸੀ। ਰਾਏ ਬਹਾਦਰ ਦੇ ਵਹੀਕਾਂ ਨੂੰ ਪਿੰਡੋਂ ਬਾਹਰ ਜਾਣ ਦੀ ਲੋੜ ਘੱਟ ਵੱਧ ਹੀ ਪੈਂਦੀ ਸੀ।

ਕੋਠੀ ਦੇ ਪਿਛਲੇ ਪਾਸੇ (ਚੜ੍ਹਦੀ ਬਾਹੀ) ਇਕ ਮੁਰੱਬਾ ਬਾਗ਼ ਸੀ। ਉਸ ਦੇ ਉਦਾਲੇ ਖੱਟੀਆਂ ਦੀ ਸੰਘਣੀ ਵਾੜ ਸੀ, ਜਿਸ ਵਿਚੋਂ ਕਿਤੇ ਕਿਤੇ ਆਦਮੀ ਦੇ ਨਿਉਂ ਕੇ ਲੰਘਣ ਜੋਗੇ ਰਾਹ ਬਣੇ ਹੋਏ ਸਨ। ਬਾਗ਼ ਦਾ ਵੱਡਾ ਦਰਵਾਜ਼ਾ ਪਹਾੜ ਵੱਲ ਸੀ। ਕੋਠੀ ਦੇ ਵੱਖੋ ਵੱਖ ਹਿੱਸਿਆਂ ਵਿਚੋਂ ਤਿੰਨ ਛੋਟੇ ਬੂਹੇ ਵੀ ਬਾਗ਼ ਵੱਲ ਖੁਲ੍ਹਦੇ ਸਨ। ਬਾਗ਼ ਦੇ ਵਿਚਕਾਰ ਢਾਈਆਂ ਕਮਰਿਆਂ ਦੀ ਛੋਟੀ ਜੇਹੀ ਆਰਾਮ-ਗਾਹ ਬਣੀ ਹੋਈ ਸੀ। ਉਸ ਤੋਂ ਪੰਜਾਹ ਕਰਮਾ ਦੂਰ ਪੂਰਬੀਏ ਮਾਲੀਆਂ ਦੀਆਂ ਛੱਪਰੀਆਂ ਸਨ।

ਇਸ ਵਿਉਂਤ ਦੇ ਵਸਾਏ ਹੋਏ ਪਿੰਡ ਵਿਚ ਰਾਏ ਬਹਾਦਰ ਮਨਸਾ ਰਾਮ ਰਹਿੰਦਾ ਸੀ। ਸਰਕਾਰ ਵੱਲੋਂ ਕਾਨੂੰਨੀ ਤੌਰ 'ਤੇ ਉਹਨੂੰ ਅਦਾਲਤੀ ਅਖ਼ਤਿਆਰ ਕੋਈ ਨਹੀਂ ਸਨ; ਪਰ ਅਮਲੀ ਤੌਰ 'ਤੇ ਉਹ ਆਪਣੇ ਪਿੰਡ ਦਾ ਖ਼ੁਦ-ਮੁਖ਼ਤਿਆਰ ਬਾਦਸ਼ਾਹ ਸੀ।

ਰਾਏ ਬਹਾਦਰ ਦੀ ਇਕ ਲੜਕੀ ਤੇ ਦੋ ਲੜਕੇ ਸਨ। ਵੱਡੇ ਲੜਕੇ ਦਾ ਨਾਮ ਹਰਜੀਤ ਰਾਏ ਸੀ, ਪਰ ਉਸਨੂੰ 'ਰਾਏ ਸਾਹਿਬ' ਕਹਿ ਕੇ ਬੁਲਾਇਆ ਜਾਂਦਾ ਸੀ। ਉਸ ਤੋਂ ਛੋਟੀ ਲੜਕੀ ਕਮਲਾ ਕੁਮਾਰੀ ਸੀ, ਜੋ ਦਿੱਲੀ ਵਿਆਹੀ ਹੋਈ ਸੀ। ਸਭ ਤੋਂ ਛੋਟਾ ਲੜਕਾ ਕੰਵਰਜੀਤ ਰਾਏ ਸੀ। ਉਸਨੂੰ ਸਾਰੇ ਲਾਡ ਨਾਲ 'ਕੰਵਰ ਸਾਹਿਬ' ਕਹਿੰਦੇ ਸਨ।

'ਕੰਵਰ ਸਾਹਿਬ' ਅਜੇ ਪੰਜਾਂ ਵਰ੍ਹਿਆਂ ਦਾ ਸੀ, ਜਾਂ ਉਸਦੀ ਮਾਂ ਪਰਲੋਕ ਸਿਧਾਰ ਗਈ। ਕਹਿੰਦੇ ਹਨ, ਉਹ ਕਿਸੇ ਗੁੱਝੇ ਰੋਗ ਦੀ ਸ਼ਕਾਰ ਹੋ ਗਈ ਸੀ। ਕੋਈ ਵੀ ਵੈਦ ਜਾਂ ਡਾਕਟਰ ਉਹਦੀ ਬੀਮਾਰੀ ਦਾ ਕਾਰਨ ਨਾ ਲਭ ਸੱਕਿਆ।

ਉਹਦਾ ਰੋਗ ਸਰੀਰਕ ਨਾਲੋਂ ਮਾਨਸਕ ਵਧੇਰੇ ਸੀ। ਸ਼ਾਇਦ ਇਹ ਓਹਾ ਰੋਗ ਸੀ, ਜੋ ਸੈਂਕੜੇ ਨਹੀਂ, ਹਜ਼ਾਰਾਂ ਪਤੀਬ੍ਰਤ ਇਸਤਰੀਆਂ ਦੀ ਮੌਤ ਦਾ ਬਹਾਨਾ ਬਣਦਾ ਹੈ, ਜਿਨ੍ਹਾਂ ਦੇ ਪਤੀ ਅਮੀਰ ਤੇ ਹਰੀ-ਚੁਗ ਹੁੰਦੇ ਹਨ।

ਰਾਏ ਬਹਾਦਰ ਮਨਸਾ ਰਾਮ ਦੀ ਉਮਰ ਓਦੋਂ ਅਜੇ ਪੰਜਾਹ ਸਾਲ ਤੋਂ ਵੀ ਦੋ ਸਾਲ ਘੱਟ ਸੀ। ਏਸ ਉਮਰ ਦਾ ਅਮੀਰ ਭਰ ਜੁਆਨ ਹੀ ਸਮਝਣਾ ਚਾਹੀਦਾ ਹੈ। ਉਹ ਤਾਂ ਗ਼ਰੀਬ ਸ਼ੁਹਦੇ ਹੁੰਦੇ ਹਨ, ਜੋ ਤੀਹ ਸਾਲ ਦੇ ਹੀ ਬੁਢੇ ਹੋ ਜਾਂਦੇ ਹਨ। ਅਮੀਰ ਤਾਂ ਅਠਤਾਲੀ ਸਾਲ ਦਾ ਕੀ, ਅਠਾਹਠ ਸਾਲ ਦਾ ਵੀ ਬੁੱਢਾ ਨਹੀਂ ਕਿਹਾ ਜਾ ਸਕਦਾ। ਠੀਕ ਹੈ, ਜਿਸਨੇ ਚੰਗਾ ਖਾਣਾ ਤੇ ਮੰਦਾ ਬੋਲਣਾ, ਉਸ ਉਤੇ ਬੁਢਾਪਾ ਆਵੇ ਕਿਵੇਂ ?

ਏਸ ਜਵਾਨ ਉਮਰੇ ਹੀ ਰਾਏ ਬਹਾਦਰ ਦੀ ਧਰਮ ਪਤਨੀ ਵਿਛੋੜੇ ਦਾ ਸੱਲ ਲਾ ਗਈ। ਸਾਕ ਸੰਬੰਧੀ ਸਭ ਜ਼ੋਰ ਲਾ ਰਹੇ, ਪਰ ਰਾਏ ਬਹਾਦਰ ਦੂਜਾ ਵਿਆਹ ਕਰਨਾ ਨਾ ਮੰਨਿਆਂ। ਲੋਕ ਉਹਦੇ ਇਸ ਤਿਆਗ ਤੇ ਵਫ਼ਾਦਾਰੀ ਦੇ ਸੋਹਿਲੇ ਗਾਉਂਦੇ ਨਾ ਥੱਕਦੇ। ਰਾਏ ਬਹਾਦਰ ਦੇ ਸੌਣ ਵਾਲੇ ਕਮਰੇ ਵਿਚ ਮਰਨ ਵਾਲੀ ਦੀ ਵੱਡੀ ਸਾਰੀ ਤਸਵੀਰ ਲਗਾ ਦਿਤੀ ਗਈ, ਜਿਸਦੇ ਸਾਮ੍ਹਣੇ ਰੋਜ਼ ਸੱਜਰੇ ਫੁੱਲ ਚੜ੍ਹਾਏ ਜਾਂਦੇ। ਕਾਸ਼ ! ਤਸਵੀਰ ਦੀਆਂ ਵੇਖਣ ਵਾਲੀਆਂ ਅੱਖਾਂ ਹੁੰਦੀਆਂ, ਤਾਂ ਉਹ ਉਹਨਾਂ ਫੁੱਲਾਂ ਵਿਚ ਲੁਕੇ ਹੋਏ ਅੰਗਿਆਰਾਂ ਤੇ ਆਪਣੇ ਪੁਜਾਰੀ ਦੀ ਅਮਲੀ ਭਗਤੀ ਨੂੰ ਵੇਖ ਸਕਦੀ। ਚਲੋ, ਤਸਵੀਰ ਨਹੀਂ ਵੇਖ ਸਕਦੀ, ਤਾਂ ਕੀ ਫ਼ਰਕ ਪਿਆ ? ਤਸਵੀਰ ਵਾਲੀ ਤਾਂ ਸਭ ਕੁਛ ਵੇਖ ਕੇ ਹੀ ਗਈ ਸੀ।

ਕਦੇ ਚਾਰ-ਯਾਰੀ ਵਿਚ ਬੈਠਿਆਂ ਕੋਈ ਮਿੱਤਰ ਗੱਲ ਛੇੜ ਦੇਂਦਾ, "ਰਾਏ ਬਹਾਦਰ ! ਸ਼ੁਕਰ ਕਰ, ਪੁਰਾਣਾ ਫਟਕਾ ਮਗਰੋਂ ਲਥਾ ਈ। ਹੁਣ ਕੋਈ ਅੱਪ-ਟੂ ਡੇਟ (ਫ਼ੈਸ਼ਨਦਾਰ) ਸ਼ਿਰੀ ਮਤੀ ਲਿਆ, ਜੀਹਦੇ ਨਾਲ ਡਾਨਸ (ਨਾਚ) ਕਰਨ ਦਾ ਕੁਛ ਸੁਆਦ ਆ ਜਾਵੇ।"

"ਮੈਂ ਤੁਹਾਡੇ ਵਰਗਾ ਬੇ-ਵਕੂਫ਼ ਨਹੀਂ ਹਾਂ, ਪਈ ਇਕ ਨਵੀਂ ਫਾਹੀ ਗਲ ਵਿਚ ਪਾ ਲਵਾਂ। ਵਿਆਹ ਕਰਾਉਣ ਦੀ ਥਾਂ ਇਕ ਮੁਜ਼ਾਰਾ ਨਹੀਂ ਹੋਰ ਲਿਆ ਵਸਾਈਦਾ ?" ਰਾਏ ਬਹਾਦਰ ਬੜੇ ਮਾਣ ਨਾਲ ਛਾਤੀ ਫੁਲਾ ਕੇ ਕਹਿੰਦਾ।

ਇਹ ਸੀ ਰਾਏ ਬਹਾਦਰ ਦੀ ਸਹੀ ਤਸਵੀਰ। ਉਹਨੇ ਸਾਰੇ ਇਲਾਕੇ ਵਿਚੋਂ ਚੁਣ ਚੁਣ ਕੇ ਮੁਜ਼ਾਰੇ ਵਸਾਏ ਸਨ। ਉਹ ਇਹ ਕਦੇ ਨਹੀਂ ਸੀ ਵੇਖਦਾ, ਕਿ ਮੁਜ਼ਾਰਾ ਹੱਡ ਭੰਨ ਕੇ ਕਮਾਈ ਕਰਨ ਜੋਗਾ ਹੈ, ਜਾਂ ਨਹੀਂ। ਸਗੋਂ ਉਹ ਸਦਾ ਏਹਾ ਚਾਹਿਆ ਕਰਦਾ, ਕਿ ਉਸ ਦੇ ਪਿੰਡ ਵਿਚ ਵੱਸਣ ਦੀ ਖਾਹਸ਼ ਰੱਖਣ ਵਾਲੇ

ਦੀ ਇਸਤਰੀ, ਭੈਣ, ਜਾਂ ਲੜਕੀ ਸੁੰਦਰ ਹੈ। ਭਲਾ ਏਹੋ ਜੇਹੇ ਸੂਝਵਾਨ ਅਮੀਰ ਨੂੰ ਦੂੱਜੇ ਵਿਆਹ ਦੀ ਕੀ ਲੋੜ ? ਉਹ ਸਮਰਥ ਸੀ। ਉਹ ਪਤਨੀ ਦੀ ਤਸਵੀਰ ਉਤੇ ਰੋਜ਼ ਫੁੱਲ ਚੜ੍ਹਾ ਸਕਦਾ ਸੀ ਤੇ ਉਹਦੀ ਸੇਜ ਕਿਸੇ ਰਾਤ ਵੀ ਸੁੰਞੀ ਨਹੀਂ ਸੀ ਰਹਿਣ ਦੇਂਦਾ।

ਅੰਤ ਉਸ ਇਸਤਰੀ-ਭਗਤ ਨੂੰ ਵੀ ਇਕ ਦਿਨ ਸੱਦਾ ਆ ਗਿਆ। ਮਰਨ ਵਾਲੀ ਦੇ ਪ੍ਰੇਮ ਨੇ ਆਪਣਾ ਅਸਰ ਵਿਖਾਇਆ। ਧਰਮ ਪਤਨੀ ਤੋਂ ਦਸ ਵਰ੍ਹੇ ਪਿੱਛੋਂ ਰਾਏ ਬਹਾਦਰ ਮਨਸਾ ਰਾਮ ਨੇ ਵੀ ਅਗਲੀ ਦੁਨੀਆਂ ਨੂੰ ਤਿਆਰੀ ਕਰ ਲਈ। ਉਸ ਵੇਲੇ ਉਸਦਾ ਵੱਡਾ ਪੁੱਤਰ ਤੇਈ ਸਾਲ ਦਾ ਸੀ। ਉਹਦਾ ਵਿਆਹ ਹੋਏ ਨੂੰ ਤਿੰਨ ਸਾਲ ਹੋ ਗਏ ਸਨ। ਨੋਂਹ ਰਾਣੀ ਦੇ ਕੁੱਛੜ ਦਸ ਮਹੀਨੇ ਦਾ ਕਾਕਾ ਵੀ ਸੀ।

ਛੋਟਾ ਕੰਵਰ ਸਾਹਿਬ ਅਜੇ ਪੰਦਰਾਂ ਸਾਲਾਂ ਦਾ ਸੀ। ਉਹ ਲਾਹੌਰ ਨੌਂਵੀਂ ਜਮਾਤ ਵਿਚ ਪੜ੍ਹਦਾ ਸੀ।

੩

ਲੋਕ ਅਖਾਣ ਪਾਉਂਦੇ ਹੁੰਦੇ ਹਨ, ਅਖੇ: ਅੱਜ ਮੋਏ, ਭਲਕੇ ਦੂਜਾ ਦਿਨ। ਤੇ ਰਾਏ ਬਹਾਦਰ ਮਨਸਾ ਰਾਮ ਦੀ ਤਾਂ ਪਿਛਲੇ ਮਹੀਨੇ ਪੰਜਵੀਂ ਬਰਸੀ ਮਨਾਈ ਜਾ ਚੁੱਕੀ ਸੀ।

ਘਰ ਦਾ ਸਾਰਾ ਪ੍ਰਬੰਧ ਰਾਏ ਬਹਾਦਰ ਦੇ ਵੱਡੇ ਪੁੱਤਰ ਦੇ ਹੱਥ ਵਿਚ ਸੀ। ਓਹਦਾ ਨਾਂ ਹਰਜੀਤ ਰਾਏ ਸੀ, ਪਰ ਆਖਦੇ ਉਹਨੂੰ ਸਾਰੇ 'ਰਾਏ ਸਾਹਿਬ' ਹੀ ਸਨ। ਇਹ ਸਰਕਾਰੀ ਖ਼ਿਤਾਬ ਛੂਤ ਦੀ ਬੀਮਾਰੀ ਵਾਂਗ, ਕਈ ਕਈ ਪੀੜ੍ਹੀਆਂ ਖਹਿੜਾ ਨਹੀਂ ਛੱਡਦੇ। ਜਿਵੇਂ ਨਵਾਬ ਸਾਹਿਬ ਦਾ ਪੁੱਤਰ 'ਨਵਾਬਜ਼ਾਦਾ', ਓਵੇਂ ਰਾਏ ਸਾਹਿਬ ਦਾ ਪੁੱਤਰ 'ਰਾਏ ਸਾਹਿਬ'।

ਰਾਏ ਸਾਹਿਬ ਪੜ੍ਹਿਆ ਆਪਣੇ ਪਿਉ ਨਾਲੋਂ ਥੋੜਾ ਸੀ, ਪਰ ਬਾਕੀ ਸਾਰੇ ਕੰਮਾਂ ਵਿਚ ਉਸ ਨਾਲੋਂ ਕਈ ਕਦਮ ਅੱਗੇ ਸੀ। ਐਫ. ਏ. ਵਿਚੋਂ ਦੋ ਵਾਰ ਫ਼ਿਹਲ ਹੋ ਕੇ ਉਹਨੇ ਕਾਲਜ ਨੂੰ ਸਦਾ ਵਾਸਤੇ ਮੱਥਾ ਟੇਕ ਛੱਡਿਆ ਸੀ। ਸ਼ਾਇਦ ਏਡੇ ਅਮੀਰ ਨੂੰ ਇਸ ਤੋਂ ਵਧੇਰੇ ਇਲਮ ਦੀ ਲੋੜ ਵੀ ਨਹੀਂ ਸੀ। ਜਿਹੜਾ ਆਦਮੀ ਬੀ. ਏ., ਐਮ. ਏ. ਨੌਕਰ ਰੱਖ ਸਕਦਾ ਹੋਵੇ, ਉਹਨੂੰ ਕੀ ਪੀਹ ਪਈ ਏ ਇਸ ਏ. ਬੀ. ਸੀ. ਦੇ ਚੱਕਰ ਵਿਚ ਗੋਤੇ ਖਾਣ ਦੀ। ਅਮੀਰਾਂ ਵਾਲੇ ਬਾਕੀ ਸਾਰੇ ਗੁਣਾਂ ਵਿਚ ਉਹ ਕਿਸੇ ਨਾਲੋਂ ਘੱਟ ਨਹੀਂ ਸੀ।

ਤੇ ਛੋਟਾ 'ਕੰਵਰ ਸਾਹਿਬ'। ਉਹਨੇ ਦਸਵੀਂ ਦੇ ਇਮਤਿਹਾਨ ਵਿਚ ਬੈਠਣ ਤੋਂ ਪਹਿਲਾਂ ਹੀ ਸਕੂਲ ਛੱਡ ਦਿਤਾ ਸੀ। ਛੱਡਦਾ ਵੀ ਕਿਉਂ ਨਾ! ਓਥੇ ਹਾਜ਼ਰੀ ਬੁਲਾਉਣ ਲਗਾ ਮਾਸਟਰ, ਉਸਨੂੰ 'ਕੰਵਰ ਸਾਹਿਬ' ਦੀ ਥਾਂ, ਕੰਵਰਜੀਤ ਰਾਏ ਬੁਲਾਇਆ ਕਰਦਾ ਸੀ।

ਹੁਣ ਕੰਵਰ ਸਾਹਿਬ ਦਾ ਕੰਮ ਸੀ ਸਾਰਾ ਦਿਨ ਮੁਜ਼ਾਰਿਆਂ ਦੀਆਂ ਕੁੜੀਆਂ ਮਗਰ ਫਿਰਦੇ ਰਹਿਣਾ। ਏਥੋਂ ਜੀਅ ਭਰ ਜਾਣਾ, ਤਾਂ ਦਸ-ਪੰਦਰਾਂ ਦਿਨ ਉਹਨੇ ਲਾਹੌਰ ਜਾਂ ਕਿਸੇ ਹੋਰ ਸ਼ਹਿਰ ਲਾ ਆਉਣੇ। ਉਹਦੀ ਉਮਰ ਵੀਹ ਸਾਲ ਦੀ ਹੋ ਗਈ ਸੀ। ਭਰਾ ਭਰਜਾਈ ਨੇ ਉਹਦੇ ਵਿਆਹ ਦੀ ਗੱਲ ਤੋਰਨੀ, ਤਾਂ ਉਹਨੇ ਕੰਨਾਂ 'ਤੇ ਹੱਥ ਧਰ ਕੇ ਕਹਿਣਾ, "ਮੈਂ ਏਸੇ ਉਮਰ ਗਲ ਵਿਚ ਫਾਹੀ ਨਹੀਂ ਪਾ ਲੈਣੀ। ਅਜੇ ਕਿਤੇ ਦਸਾਂ ਵਰ੍ਹਿਆਂ ਨੂੰ ਵੇਖੀ ਜਾਏਗੀ।"

ਠੀਕ ਹੈ, ਜੀਹਨੂੰ ਕੁਆਰੇ ਨੂੰ ਹੀ ਵਿਆਹ ਵਾਲੀਆਂ ਸਾਰੀਆਂ ਸਹੂਲਤਾਂ ਹੋਣ, ਉਹਨੂੰ ਕੀ ਲੋੜ ਹੈ ਗਲ ਵਿਚ ਫਾਹੀ ਪੁਆਉਣ ਦੀ। ਚਿੰਤਾ ਤਾਂ ਉਸਨੂੰ ਹੁੰਦੀ ਹੈ, ਜੀਹਦਾ ਸਾਰੀ ਉਮਰ ਵਿਚ ਮਰ ਕੇ ਇਕਵਾਰ ਵਿਆਹ ਹੋਣਾ ਹੋਵੇ, ਤੇ ਉਹ ਵੀ ਲੱਖ ਖ਼ੁਸ਼ਾਮਦਾ ਕਰਾ ਕੇ।

ਕੱਲ੍ਹ ਵਾਲੀ ਘਟਨਾ ਦੀ ਖ਼ਬਰ ਰਾਏ ਸਾਹਿਬ ਦੇ ਕੰਨਾਂ ਤਕ ਪਹੁੰਚ ਚੁਕੀ ਸੀ। ਉਹਦੇ 'ਮਨਸੁਖ' ਨੇ ਉਹਨੂੰ ਸਭ ਕੁਛ ਆ ਦੱਸਿਆ ਸੀ। ਉਸਦਾ ਅਸਲੀ ਨਾਮ 'ਮਨਸਾ' ਸੀ। ਪਰ ਇਸ ਨਾਮ ਨਾਲ ਰਾਏ ਸਾਹਿਬ ਉਸਨੂੰ ਬੁਲਾਉਣਾ ਪਸੰਦ ਨਹੀਂ ਸਨ ਕਰਦੇ। ਕਿਉਂਕਿ ਇਹ ਸੁਰਗਵਾਸੀ ਰਾਏ ਬਹਾਦਰ ਦੇ ਨਾਮ ਨਾਲ ਮਿਲਦਾ ਸੀ। ਪੁਰਾਣੇ ਰਾਜਿਆਂ ਮਹਾਰਾਜਿਆਂ ਦੇ ਨਾਲ ਵੀ ਤਾਂ 'ਮਨਸੁਖ' ਹੋਇਆ ਕਰਦੇ ਸਨ। ਉਹਨੇ ਨਿੱਕੇ ਹੁੰਦੇ ਨੇ ਰਾਸ ਵਿਚ ਕ੍ਰਿਸ਼ਨ ਭਗਵਾਨ ਦੇ ਨਾਲ ਵੀ ਮਨਸੁਖ ਵੇਖਿਆ ਸੀ। ਉਹ ਵੀ ਤਾਂ ਆਪਣੇ ਪਿੰਡ ਦਾ ਮਹਾਰਾਜਾ ਜਾਂ ਭਗਵਾਨ ਹੀ ਸੀ। ਉਹਦੇ ਨੌਕਰ ਦਾ ਨਾਂ 'ਮਨਸੁਖ' ਹੋਣਾ ਕੋਈ ਅਨਹੋਣੀ ਗੱਲ ਨਹੀਂ ਸੀ।

ਮਨਸੁਖ ਪੰਜਾਹ ਕੁ ਸਾਲ ਦਾ ਬੜਾ 'ਜੀ-ਹਜ਼ੂਰੀਆ' ਤੇ ਵਫ਼ਾਦਾਰ ਨੌਕਰ ਸੀ। ਉਸ ਵਿਚ ਉਹ ਸਾਰੇ ਗੁਣ ਮੌਜੂਦ ਸਨ, ਜੋ ਕਿਸੇ ਅਮੀਰ ਦੇ ਨਿੱਜੀ ਨੌਕਰ ਵਿਚ ਹੋਣੇ ਚਾਹੀਦੇ ਹਨ। ਮਾਲਕ ਨੂੰ ਕਿਵੇਂ ਖ਼ੁਸ਼ ਰਖੀਦਾ ਹੈ, ਇਸ ਹੁਨਰ ਵਿਚ ਉਹ ਬੜਾ ਤਾਕ ਸੀ। ਰਾਏ ਬਹਾਦਰ ਨਾਲ ਉਹਨੇ ਪੰਦਰਾਂ ਸਾਲ ਗੁਜ਼ਾਰੇ ਸਨ। ਉਹ ਮਾਲਕ ਦਾ ਮੂੰਹ-ਲਗਾ ਨੌਕਰ ਤੇ ਉਹਦੇ ਸਾਰੇ ਭੇਤਾਂ ਤੋਂ ਜਾਣੂ ਸੀ। ਇਕ ਰਾਏ ਬਹਾਦਰ ਕੀ, ਘਰ ਦੇ ਸਾਰੇ ਜੀਅ ਹੀ ਉਸਨੂੰ ਆਪਣਾ ਹਮਦਰਦ ਤੇ ਵਫ਼ਾਦਾਰ

ਸਮਝਦੇ ਸਨ। ਪਰਵਾਰ ਦੇ ਸਾਰੇ ਜੀਆਂ ਦੇ ਭੇਤ ਉਹਨੇ ਆਪਣੀ ਹਿੱਕ ਵਿਚ ਲੁਕਾਏ ਹੋਏ ਸਨ।

ਕੰਵਰ ਸਾਹਿਬ ਤੇ ਨਾਜੋ ਦੀ ਗੱਲ ਮਨਸੁਖ ਨੇ ਏਨੇ ਮਸਾਲੇ ਲਾ ਕੇ ਸੁਣਾਈ, ਕਿ ਰਾਏ ਸਾਹਿਬ ਦੇ ਲੂੰ ਲੂੰ ਵਿਚ ਰੋਮਾਂਚ ਪੈਦਾ ਹੋ ਗਿਆ। ਉਹਦੇ ਲਹੂ ਵਿਚ ਚਿੜੰਗਾਂ ਫੁੱਟਣ ਲਗ ਪਈਆਂ। ਉਹਦਾ ਅੰਗ ਅੰਗ ਅੰਗੜਾਈਆਂ ਲੈਣ ਲਗ ਪਿਆ। ਉਹਦੀਆਂ ਅੱਖਾਂ ਦੇ ਲਾਲ ਡੋਰੇ ਉਭਰ ਆਏ। ਉਹਨੇ ਬੜੀ ਅਦੱਾ ਨਾਲ ਮੁਸਕਰਾ ਕੇ ਕਿਹਾ "ਮਨਸੁਖ ! ਮੈਂ ਤਾਂ ਉਹਨੂੰ ਅਜੇ ਅੰਞਾਣੀ ਈ ਸਮਝਦਾ ਸਾਂ। ਬਾਰਾਂ ਤੇਰਾਂ ਸਾਲ ਦੀ ਹੋਵੇਗੀ ਮਸ੍ਹਾਂ।"

"ਸਰਕਾਰ ! ਕਲਜੁਗ ਏ ਕਲਜੁਗ। ਹੁਣ ਤਾਂ ਅੱਠ ਸਾਲ ਦੀ ਵਰ ਮੰਗਦੀ ਏ, ਦਸ ਸਾਲ ਦੀ ਸ਼ਾਦੀ। ਬਾਰਾਂ ਸਾਲ ਦੀ ਮਾਂ ਬਣ ਬਹਿੰਦੀ, ਬਾਈ ਸਾਲ ਦੀ ਦਾਦੀ।" ਮਨਸੁਖ ਨੇ ਇਕ ਪੁਰਾਣੀ ਲੋਕ ਉਕਤੀ ਵਿਚ ਨਵਾਂ ਰੰਗ ਭਰ ਕੇ ਪੇਸ਼ ਕੀਤਾ।

"ਹੂੰ-ਊਂ !" ਰਾਏ ਸਾਹਿਬ ਨੇ ਸਿਰ ਹਿਲਾ ਕੇ ਕਿਹਾ, "ਹੱਛਾ, ਸ਼ਾਮ ਨੂੰ ਚਰਾਗੋ ਨੂੰ ਬੁਲਾਵੀਂ।"

ਦਿਨ ਦਾ ਬਾਕੀ ਹਿੱਸਾ ਰਾਏ ਸਾਹਿਬ ਨੇ ਬੜਾ ਔਖਾ ਕੱਟਿਆ। ਉਹਦੇ ਮਨ ਤੇ ਸਰੀਰ ਵਿਚ ਕੁਛ ਮਿੱਠੀ ਮਿੱਠੀ ਜਲਨ ਜੇਹੀ ਹੋ ਰਹੀ ਸੀ। ਉਹ 'ਆਰਾਮਗਾਹ' ਦੇ ਵੱਡੇ ਕਮਰੇ ਵਿਚ ਟਹਿਲ ਰਿਹਾ ਸੀ। "ਹੂੰ-ਊਂ !" ਉਹਨੇ ਸਿਰ ਹਿਲਾ ਕੇ ਜਿਵੇਂ ਆਪਣੇ ਆਪ ਨੂੰ ਸੁਣਾ ਕੇ ਕਿਹਾ, "ਕਲੀਆਂ ਡੋਡੀਆਂ ਵਿਚੋਂ ਈ ਸੰਞਾਪ ਪੈਂਦੀਆਂ ਨੇ। ਕਿੰਨਾ ਕਹਿਰ ਦਾ ਹੁਸਨ ਏਂ। ਜ਼ਾਲਮ ਕੇਈਆਂ ਨੂੰ ਕਤਲ ਕਰੇਗੀ। ਮੈਂ ਤਾਂ ਐਵੇਂ ਭੁੱਲਿਆ ਈ ਰਿਹਾ। ਪਰ........ਉਸ ਬਦਮਾਸ਼ ਨੇ ਕੀ ਕੀਤਾ ?" ਕਹਿੰਦਿਆਂ ਕਹਿੰਦਿਆਂ ਉਹਦੇ ਮੱਥੇ 'ਤੇ ਗੁੱਸੇ ਦੀਆਂ ਰੇਖਾਂ ਉੱਭਰ ਆਈਆਂ। "ਮੇਰੇ ਈ ਸ਼ਕਾਰ 'ਤੇ ਡਾਕਾ ? ਕਰਦਾਂ ਉਹਦੇ ਨਾਲ ਵੀ ਗੱਲ। ਉੱਲੂ। ਗੱਧਾ।......ਭਲਕੇ ਈ......। ਹੂੰ-ਊਂ !" ਏਨੀਆਂ ਗੱਲਾਂ ਤਾਂ ਉਹਦੇ ਬੁੱਲ੍ਹਾਂ ਤੋਂ ਬਾਹਰ ਆ ਗਈਆਂ, ਅੰਦਰ ਪਤਾ ਨਹੀਂ, ਕਿੰਨੀਆਂ ਹੋ ਰਹੀਆਂ ਸਨ।

ਬਾਹਰੋਂ ਪੋਲੇ ਪੋਲੇ ਪੈਰਾਂ ਦੀ ਵਾਜ ਆਈ। ਰਾਏ ਸਾਹਿਬ ਨੇ ਆਪਣੇ ਖ਼ਿਆਲਾਂ ਵੱਲੋਂ ਸੁਚੇਤ ਹੋ ਕੇ ਓਧਰ ਤਕਿਆ। ਚਰਾਗੋ ਬੂਹੇ ਵਿਚ ਆ ਕੇ ਰੁਕ ਗਈ ਸੀ। ਉਹਦੀਆਂ ਅੱਖਾਂ ਰੋ ਰੋ ਕੇ ਸੁਜੀਆਂ ਹੋਈਆਂ ਸਨ। ਕੱਲ੍ਹ ਤੋਂ ਉਹਨੇ ਮੂੰਹ ਕੁਛ ਨਹੀਂ ਸੀ ਪਾਇਆ। ਉਹ ਉਨਤਾਲੀ-ਚਾਲੀ ਸਾਲ ਦਾ ਇਕ ਪਿੰਜਰ

ਮਾਲੂਮ ਹੁੰਦੀ ਸੀ, ਜਿਉਂਦਾ ਜਾਗਦਾ ਪਿੰਜਰ, ਬਘਿਆੜ ਤੇ ਗਿਰੰਝਾਂ ਦਾ ਚੂੰਡਿਆ ਹੋਇਆ ਪਿੰਜਰ।

"ਚਰਾਗੋ !" ਰਾਏ ਸਾਹਿਬ ਨੇ ਬਨਾਉਟੀ ਹਮਦਰਦੀ ਨਾਲ ਬੁਲਾਇਆ।

"ਜੀ।" ਚਰਾਗੋ ਦੀਆਂ ਅੱਖਾਂ ਵਿਚ ਭਰੇ ਹੋਏ ਹੰਝੂ ਏਨੇ ਨਾਲ ਹੀ ਡੁੱਲ੍ਹ ਪਏ। ਘਾਹ ਦੀਆਂ ਨੋਕਾਂ ਉਤੇ ਸੂਲੀ ਚੜ੍ਹ ਤਰੇਲ ਤੁਬਕਿਆਂ ਵਾਸਤੇ ਪੌਣ ਦਾ ਨਿੰਮ੍ਹਾਂ ਜਿਹਾ ਰੁਮਕਾ ਵੀ ਕਾਫ਼ੀ ਹੁੰਦਾ ਹੈ।

"ਮੈਂ ਸਭ ਕੁਛ ਸੁਣ ਚੁੱਕਾ ਆਂ। ਆਪਣੇ ਪਿੰਡ ਵਿਚ ਮੈਂ ਇਹ ਅਨਰਥ ਨਹੀਂ ਹੋਣ ਦਿਆਂਗਾ। ਕੰਵਰ ਸਾਹਿਬ ਨੂੰ ਉਹ ਸਜ਼ਾ ਦਿਆਂਗਾ, ਜਿਹੜੀ ਯਾਦ ਰੱਖੇ। ਭਲਕੇ ਈ ਉਹਨੂੰ......।" ਐਕਟਰਾਂ ਵਾਲੇ ਗੁੱਸੇ ਨਾਲ ਰਾਏ ਸਾਹਿਬ ਦੇ ਬੁੱਲ੍ਹ ਕੰਬਣ ਲਗ ਪਏ।

"ਰਾਏ ਸਾਹਬ !" ਰੋਂਦੀ ਹੋਈ ਚਰਾਗੋ ਨੇ ਅੱਖਾਂ ਪੂੰਝ ਕੇ ਕਿਹਾ, "ਸਾਡਾ ਗਰੀਬਾਂ ਦਾ ਕੌਣ ਏਂ ? ਅੱਲਾ ਤੋਂ ਉਰੇ ਤੁਹਾਡਾ ਈ ਆਸਰਾ ਏ। ਪਰ ਜੇ ਵਾੜ ਈ ਖੇਤ ਨੂੰ ਖਾਣ ਲਗ ਪਏ, ਤਾਂ......।" ਗੱਚ ਨਾਲ ਉਹਦਾ ਗਲਾ ਭਰ ਆਇਆ। ਉਹ ਵਾਕ ਪੂਰਾ ਨਾ ਕਰ ਸੱਕੀ।

"ਮੈਨੂੰ ਤੇਰੇ ਨਾਲੋਂ ਵਧੇਰੇ ਦੁੱਖ ਏ। ਉਸ ਬਾਲੜੀ ਨਾਲ ਏਨਾ ਧੱਕਾ ?" ਰਾਏ ਸਾਹਿਬ ਨੇ ਉਹਦੇ ਹੋਰ ਨੇੜੇ ਹੋ ਕੇ ਕਿਹਾ।

"ਅਜੇ ਪਿਛਲੇ ਮਹੀਨੇ ਤੇਰ੍ਹਵਾਂ ਵਰ੍ਹਾ ਚੜ੍ਹਿਆ ਏ ਉਹਨੂੰ। ਕੰਵਰ ਸਾਹਬ ਨੂੰ ਏਨਾ ਜ਼ੁਲਮ ਨਹੀਂ ਸੀ ਕਰਨਾ ਚਾਹੀਦਾ। ਨਾਲੇ ਸੱਚ ਪੁੱਛੋ, ਤਾਂ ਨਾਜੋ ਵਿਚ ਵੱਡੇ ਰਾਏ ਬਹਾਦਰ ਦਾ ਖ਼ੂਨ ਏਂ। ਉਹ ਤਾਂ ਤੁਹਾਡੀ ਭੈਣ......।"

"ਬਕ ਨਹੀਂ। ਹਰਾਮਜ਼ਾਦੀ ਟੁੱਟੇ ਹੋਏ ਛਿੱਤਰ ਵਾਂਗ ਵਧਦੀ ਜਾਂਦੀ ਏ।" ਰਾਏ ਸਾਹਿਬ ਦਾ ਗੁੱਸਾ ਇਕੋ ਵਾਰ ਉਬਲ ਪਿਆ। ਗ਼ਰੀਬ ਚਰਾਗੋ ਦੇ ਮੂੰਹੋਂ ਸੱਚ ਸੁਣ ਕੇ ਉਹ ਤੜਫ ਉਠਿਆ।

ਆਪਣੇ ਪਿਤਾ ਦੇ ਚਲਨ ਬਾਰੇ ਰਾਏ ਸਾਹਿਬ ਨੂੰ ਕੋਈ ਹੈਰਾਨੀ ਨਹੀਂ ਸੀ। ਪਰ ਇਹ ਨਵਾਂ ਰਿਸ਼ਤਾ ਕਬੂਲਣ ਵਾਸਤੇ ਉਹ ਤਿਆਰ ਨਹੀਂ ਸੀ। ਇਹ ਤਾਂ ਉਹਦੀਆਂ ਦਸਾਂ ਵਰ੍ਹਿਆਂ ਦੀਆਂ ਆਸਾਂ ਉਤੇ ਪਾਣੀ ਫੇਰਨ ਵਾਲੀ ਗੱਲ ਸੀ।

ਇਸ ਦਬਕੇ ਨਾਲ ਤ੍ਰਭਕ ਕੇ ਚਰਾਗੋ ਚੁਪ ਹੋ ਗਈ। ਉਹ ਸਹਿਮੀ ਹੋਈ, ਰਾਏ ਸਾਹਿਬ ਦੇ ਤਿਉੜੀਆਂ ਪਏ ਚਿਹਰੇ ਵੱਲੇ ਵੇਖੀ ਜਾ ਰਹੀ ਸੀ। ਉਹਦੀਆਂ ਅੱਖਾਂ ਵਿਚ ਆਏ ਹੰਝੂ ਓਥੇ ਹੀ ਖ਼ੁਸ਼ਕ ਹੋ ਗਏ। ਧਰਤੀ ਦੀ ਹਿੱਕ ਵਿਚ ਉਬਲ ਰਹੇ ਲਾਵੇ ਵਾਂਗ ਉਹਦਾ ਖ਼ੂੰਨ ਬਲ ਰਿਹਾ ਸੀ, ਜਿਸਦੇ ਸੇਕ ਨਾਲ ਉਹ ਅੰਦਰੇ

ਅੰਦਰ ਸੜ ਰਹੀ ਸੀ ।

"ਉਸ ਬਦਮਾਸ਼ ਨਾਲ ਵੀ ਮੈਂ ਸਿੱਝ ਲੈਂਦਾਂ। ਬੇਈਮਾਨ, ਲਫੰਗਾ ! ਆਪਣੀ ਪਰਜਾ ਨਾਲ ਮੈਂ ਇਹ ਧੱਕਾ ਨਹੀਂ ਹੋਣ ਦਿਆਂਗਾ ।" ਰਾਏ ਸਾਹਿਬ ਫਿਰ ਟਹਿਲਣ ਲਗ ਪਿਆ ।

ਚਰਾਗੋ ਓਵੇਂ ਬੂਹੇ 'ਚ ਬੁੱਤ ਬਣੀ ਖਲੀ ਸੀ। ਦਿਲੋਂ ਚਾਹੁੰਦੀ ਹੋਈ ਵੀ ਉਹ ਬਿਨਾਂ ਆਗਿਆ ਜਾ ਨਹੀਂ ਸੀ ਸਕਦੀ ।

"ਹੱਛਾ !" ਰਾਏ ਸਾਹਿਬ ਫੇਰ ਨੇੜੇ ਆ ਕੇ ਬੋਲਿਆ। "ਤੂੰ ਕੋਈ ਫ਼ਿਕਰ ਨਾ ਕਰ। ਮਜਾਲ ਏ ਉਸ ਉਚੱਕੇ ਦੀ, ਉਹ ਫਿਰ ਉਸ ਸ਼ੁਹਦੀ ਵੱਲੇ ਅੱਖ ਚੁੱਕ ਕੇ ਵੀ ਝਾਕ ਜਾਏ ? ਹਾਂ, ਆਹ ਲੈ ।" ਉਹਨੇ ਦਸ ਦਸ ਦੇ ਪੰਜ ਨੋਟ ਜੇਬ ਵਿਚੋਂ ਕਢ ਕੇ ਚਰਾਗੋ ਦੇ ਹੱਥ ਦੇਂਦਿਆਂ ਕਿਹਾ, "ਇਹਨਾਂ ਦਾ ਉਹਨੂੰ... । ਅੱਬਲ ਤੂੰ ਨਾਜੋ ਨੂੰ ਮੇਰੇ ਕੋਲ ਭੇਜ ਦਿਹ ਜ਼ਰਾ। ਮੈਂ ਆਪੇ ਉਹਨੂੰ ਸਮਝਾ ਵਰਚਾ ਕੇ ਰਾਜ਼ੀ ਕਰ ਲਵਾਂਗਾ। ਨਾਲੇ ਉਹਨੂੰ ਲੀੜਿਆਂ ਵਾਸਤੇ ਕੁਛ ਹੋਰ......।"

"ਸਰਕਾਰ ! ਉਹ ਤਾਂ ਸ਼ੁਹਦੀ ਕੱਲ੍ਹ ਦੀ ਮਰੀ ਪਈ ਏ। ਰੱਬ ਤਰਸੀ...।"

"ਨਹੀਂ ਨਹੀਂ। ਚਿੰਤਾ ਨਾ ਕਰ। ਮੈਂ ਧੀਰਜ ਦੇ ਕੇ ਉਸ ਵਿਚਾਰੀ ਦਾ ਦਿਲ ਠੰਢਾ ਕਰਨਾ ਚਾਹੁੰਦਾ ਹਾਂ। ਕੰਵਰ ਸਾਹਿਬ ਨੇ ਬਹੁਤ ਜ਼ਿਆਦਤੀ ਕੀਤੀ ਏ। ਸਿੱਧਾ ਨਾਜੋ ਦੇ ਮੂੰਹੋਂ ਸੁਣ ਕੇ ਮੈਂ ਸੱਚ ਝੂਠ ਨਿਤਾਰਨਾ ਚਾਹੁੰਦਾ ਹਾਂ। ਸਮਝੀ ? ਨਾਲੇ ਸੱਚ, ਸਵੇਰੇ ਝੰਡੇ ਨੂੰ ਘੱਲੀਂ। ਉਹ ਬਾਗ਼ ਨਾਲ ਦੇ ਦੋ ਕਿੱਲੇ ਮੰਗਦਾ ਸੀ ।"

"ਤੁਹਾਡੀ ਮੇਹਰ ਏ ਨਾਂ ! ਅਸੀਂ ਤਾਂ......।"

"ਜਿਵੇਂ ਆਖੇਂਗੀ, ਹੋ ਜਾਏਗਾ। ਜਾਹ, ਤੂੰ ਨਾਜੋ ਨੂੰ ਭੇਜ।" ਰਾਏ ਸਾਹਿਬ ਨੇ ਫੜਫੜਾਂਦੇ ਪੰਛੀ ਨੂੰ ਚੋਗਾ ਸੁਟ ਕੇ ਚੁੱਪ ਕਰਾ ਦਿਤਾ।

੪

ਨਾਜੋ ਸਾਰੀ ਰਾਤ ਹਲਾਲ ਹੋਏ ਦੁੰਬੇ ਵਾਂਗ ਤੜਫਦੀ ਰਹੀ। ਉਹ ਇਉਂ ਅਨਭਵ ਕਰ ਰਹੀ ਸੀ, ਜਿਵੇਂ ਉਹਦਾ ਸਾਰਾ ਸਰੀਰ ਆਰੀ ਨਾਲ ਚੀਰਿਆ ਗਿਆ ਹੋਵੇ। ਜਦ ਕਦੇ ਚੀਸਾਂ ਤੇਜ਼ ਹੋ ਜਾਂਦੀਆਂ, ਉਹ ਨਾਲ ਪਈ ਭੈਣ ਦੇ ਗਲ ਨੂੰ ਚੰਬੜ ਜਾਂਦੀ। ਅੱਖਾਂ ਪੂੰਝਦੀ ਤਾਜੋ ਛੋਟੀ ਭੈਣ ਨੂੰ ਕਲੇਜੇ ਨਾਲ ਘੁੱਟ ਲੈਂਦੀ। ਉਸ ਮਾਸੂਮ ਨਾਲ ਹੋਏ ਜ਼ੁਲਮ ਦਾ ਚੇਤਾ ਕਰ ਕੇ ਉਹ ਸਿਰ ਤੋਂ ਪੈਰਾਂ ਤੀਕ ਕੰਬਣ ਲੱਗ ਪੈਂਦੀ ।

"ਭੈਣ ! ਮੈਂ ਮਰ ਗਈਓ ਈ।" ਬਾਲੜੀ ਨਾਜੋ ਪੀੜ ਨਾਲ ਕੁਰਲਾ ਉਠਦੀ।

"ਭੈਣ ਮਰ ਜੈ, ਨਕਰਮਣੇ ! ਕਿਉਂ ਏਨਾ ਰੂਪ ਲੈ ਕੇ ਗਰੀਬਾਂ ਘਰ ਜੰਮੀ ਸੈਂ ? ਅੱਲਾ ਤਾਲਾ ਤੈਨੂੰ ਕਾਲੀ ਕੋਝੀ ਬਣਾ ਕੇ ਘਲਦਾ। ......ਹੱਛਾ, ਗਰੀਬਾਂ ਦਾ ਤਾਂ ਸਬਰ ਈ ਏ।" ਤਾਜੋ ਦੇ ਸਬਰ ਅੰਦਰ ਸਾਰੀ ਧਰਤੀ ਨੂੰ ਸਾੜ ਦੇਣ ਜੋਗੀ ਅੱਗ ਦੱਬੀ ਹੋਈ ਸੀ।

ਨਾਜੋ ਠੀਕ ਹੀ ਸਾਧਾਰਨ ਨਾਲੋਂ ਵਧੇਰੇ ਸੋਹਣੀ ਸੀ। ਭਾਵੇਂ ਉਹਦੀ ਮਾਂ ਚਰਾਗੋ ਵੀ ਚੰਗੀ ਬਣਦੀ ਤਣਦੀ ਸੀ। ਜਵਾਨੀ ਵਾਰੇ ਉਹਦਾ ਜੋਬਨ ਵੇਖਣ ਵਾਲਾ ਸੀ। ਵੱਡੇ ਰਾਏ ਬਹਾਦਰ ਐਵੇਂ ਨਹੀਂ ਸਨ ਭੁੱਲ ਗਏ। ਪਿੰਡ ਦੇ ਸਾਰੇ ਰਕਬੇ ਵਿਚੋਂ ਨਿਆਈਂ ਦੀ ਚੰਗੀ ਜ਼ਮੀਨ ਐਵੇਂ ਹੀ ਉਹਦੇ ਮਾਲਕ ਝੰਡੇ ਨੂੰ ਨਹੀਂ ਸੀ ਮਿਲੀ ਹੋਈ। ਉਹਨਾਂ ਦਸਾਂ ਪੈਲੀਆਂ ਬਦਲੇ ਚਰਾਗੋ ਨੇ ਬਥੇਰਾ ਮੁੱਲ ਤਾਰਿਆ ਸੀ। ਮਾਲਕ ਦੀਆਂ ਦੋ ਪੀਹੜੀਆਂ ਦੀ ਉਹਨੇ ਆਪਣੇ ਹੁਸਨ ਨਾਲ ਰੱਜਵੀਂ ਖ਼ਾਤਰਦਾਰੀ ਕੀਤੀ ਸੀ। ਉਹ ਵੀਹਾਂ ਵਰ੍ਹਿਆਂ ਦੀ ਸੀ, ਜਦ ਉਹਦਾ ਮਾਲਕ ਏਸ ਪਿੰਡ ਆ ਕੇ ਵੱਸਿਆ ਸੀ। ਉਹਨਾਂ ਨੂੰ ਰੱਜਵੀਂ ਰੋਟੀ ਦੇ ਲਾਰੇ ਏਥੇ ਲਿਆਏ ਸਨ। ਛੇਤੀ ਹੀ ਆਂਢਣਾਂ ਗੁਆਂਢਣਾਂ ਨੇ ਸਮਝਾ ਦਿਤਾ, ਕਿ ਅਮੀਰਾਂ ਦੀ ਦੁਨੀਆਂ ਵਿਚ ਰੋਟੀ ਦਾ ਕੀ ਮੁੱਲ ਅਦੱਾ ਕਰਨਾ ਪੈਂਦਾ ਹੈ। ਭੁੱਖ ਹੱਥੋਂ ਸਤਾਈ ਚਰਾਗੋ ਨੇ ਮਾਲਕਾਂ ਦੀਆਂ ਸ਼ਰਤਾਂ ਮੰਨਣ ਤੋਂ ਬਹੁਤੀ ਨਾਂਹ ਨੁਕਰ ਨਾ ਕੀਤੀ। ਜਿਉਂਦਿਆਂ ਰਹਿਣ ਵਾਸਤੇ ਉਹਨੂੰ ਪਤ ਨਾਲੋਂ ਰੋਟੀ ਦੀ ਵਧੇਰੇ ਲੋੜ ਮਹਿਸੂਸ ਹੁੰਦੀ ਸੀ। ਰਾਏ ਬਹਾਦਰ ਮਨਸਾ ਰਾਮ ਦੀ ਉਮਰ ਓਦੋਂ ਚੁਤਾਲੀ ਸਾਲ ਦੇ ਲਗਭਗ ਸੀ; ਭਾਵ ਚਰਾਗੋ ਨਾਲੋਂ ਦੂਣੀ ਤੋਂ ਵੀ ਵਧੇਰੇ। ਪਰ ਉਮਰ ਦਾ ਸਵਾਲ ਤਾਂ ਓਥੇ ਵਿਚਾਰਨ ਯੋਗ ਹੁੰਦਾ ਹੈ, ਜਿੱਥੇ ਪ੍ਰੀਤ ਪਿਆਰ ਦਾ ਮਸਲਾ ਹੋਵੇ। ਏਥੇ ਤਾਂ ਸੌਦਾ ਸੀ, ਸਿਰਫ਼ ਸੌਦਾ; ਰੋਟੀ ਤੇ ਸਰੀਰ ਦਾ ਸੌਦਾ।

ਚਰਾਗੋ ਦੀ ਜਵਾਨੀ ਅਜੇ ਢਲੀ ਨਹੀਂ ਸੀ, ਜਾਂ ਰਾਏ ਬਹਾਦਰ ਦਾ ਵੱਡਾ ਲੜਕਾ 'ਰਾਏ ਸਾਹਿਬ' ਜਵਾਨ ਹੋ ਗਿਆ। ਮੁਜ਼ਾਰਿਆਂ ਦਾ ਪ੍ਰਬੰਧ ਉਹਦੇ ਹੱਥ ਵਿਚ ਆ ਗਿਆ। ਫਿਰ ਚਰਾਗੋ ਨੂੰ ਰਾਏ ਸਾਹਿਬ ਦੀਆਂ ਸ਼ਰਤਾਂ ਮੰਨਣ ਵਾਸਤੇ ਮਜਬੂਰ ਹੋਣਾ ਪੈ ਗਿਆ। ਚਰਾਗੋ ਤਾਂ ਸਦੀਆਂ ਦੀ ਲਤਾੜੀ ਹੋਈ ਧਰਤੀ ਵਾਂਗ ਸੀ, ਜਿਸ ਉਤੇ ਹਰ ਛੋਟੇ ਵੱਡੇ ਮਾਲਕ ਦਾ ਕਬਜ਼ਾ ਸੀ। ਭਾਵੇਂ ਰਾਏ ਬਹਾਦਰ ਉਸਤੋਂ ਚੌਵੀ ਸਾਲ ਵੱਡਾ ਤੇ ਰਾਏ ਸਾਹਿਬ ਯਾਰਾਂ ਸਾਲ ਛੋਟਾ ਸੀ, ਪਰ ਉਹਦੇ ਤਾਂ ਦੋਵੇਂ ਮਾਲਕ ਸਨ। ਤੇ ਉਹ ਸੀ ਦੋਹਾਂ ਦੀ ਹਵਸ ਦਾ ਸ਼ਕਾਰ, ਦੋਹਾਂ ਦੀ

ਗ਼ੁਲਾਮ, ਇਕ ਢਿੱਡੋਂ ਭੁੱਖੇ ਮੁਜ਼ਾਰੇ ਦੀ ਵਹੁਟੀ।

ਚਰਾਗੋ ਦੀ ਵੱਡੀ ਧੀ ਤਾਜੋ ਵੀ ਵਾਹਵਾ ਸੀ। ਭਾਵੇਂ ਉਹ ਆਪਣੀ ਮਾਂ ਵਰਗੀ ਨਹੀਂ ਸੀ, ਪਰ ਉਹਨੂੰ ਕੋਝੀ ਵੀ ਨਹੀਂ ਸੀ ਕਿਹਾ ਜਾ ਸਕਦਾ। ਤੇ ਛੋਟੀ ਨਾਜੋ ਤਾਂ ਉਸ ਗ਼ਰੀਬਾਂ ਦੇ ਟੱਬਰ ਵਿਚ ਰਲਦੀ ਹੀ ਨਹੀਂ ਸੀ। ਉਹਦਾ ਮੁਹਾਂਦਰਾ ਰਾਏ ਸਾਹਿਬ ਦੇ ਪਰਵਾਰ ਨਾਲ ਮਿਲਦਾ ਸੀ। ਮਰਨ ਵਾਲੇ ਰਾਏ ਬਹਾਦਰ ਨੂੰ ਚਰਾਗੋ ਕਈ ਵਾਰ ਕਿਹਾ ਕਰਦੀ, "ਸਰਕਾਰ! ਵੇਖ ਲੋ! ਨਿਰੀ ਪੁਰੀ ਤੁਹਾਡੇ ਵਰਗੀ ਜੇ।"

"ਸੌਹਰੀਏ! ਕਿਤੇ ਲੋਕਾਂ ਵਿਚ ਨਾਂ ਨਸ਼ਰ ਕਰ ਦੇਈਂ।" ਰਾਏ ਬਹਾਦਰ ਲੋਕਾਂ ਤੋਂ ਪਰਦਾ ਰੱਖਣ ਦੇ ਇਰਾਦੇ ਨਾਲ ਕਹਿੰਦਾ।

"ਮੈਂ ਨਸ਼ਰ ਕਰਨਾ ਏਂ? ਵੇਖਣ ਵਾਲਿਆਂ ਦੀਆਂ ਅੱਖਾਂ ਨਹੀਂ? ਨਿਰੀ ਪੁਰੀ ਆਪਣੇ ਕੰਵਰ ਸਾਹਬ ਵਰਗੀ ਏ, ਹੂ-ਬ-ਹੂ ਓਹਾ। ਮੈਂ ਤਾਂ ਬਥੇਰੇ ਪੜਦੇ ਪੌਂਦੀ ਆਂ, ਪਈ ਕੰਵਰ ਸਾਹਿਬ ਮੱਥੇ ਲਗਦੇ ਰਹੇ ਕਰਕੇ ਆ। ਪਰ ਸਮਝਣ ਵਾਲੇ ਸਭ ਕੁਛ ਸਮਝ ਲੈਂਦੇ ਨੇ, ਸਰਕਾਰ!"

"ਹੱਛਾ, ਬਹੁਤੀਆਂ ਗੱਲਾਂ ਨਾ ਕਰਿਆ ਕਰ। ਮੈਂ ਸੁਣਨਾ ਨਹੀਂ ਚਾਹੁੰਦਾ। ਇਹਦੇ ਲੀੜੇ ਕੱਪੜੇ ਵਾਸਤੇ ਕੁਛ ਲੋੜ ਹੋਵੇ, ਤਾਂ ਲੈ ਜਾਇਆ ਕਰ।" ਰਾਏ ਬਹਾਦਰ ਨੇ ਕਿਸੇ ਵੇਲੇ, ਬਨਾਉਟੀ ਗੁੱਸਾ ਪਰਗਟ ਕਰਦਿਆਂ ਕਹਿਣਾ।

ਵੇਖਣ ਵਾਲੇ ਸਾਰੇ ਹੀ ਸ਼ੱਕ ਕਰਦੇ ਸਨ, ਪਰ ਮਾਲਕਾਂ ਦੇ ਮੂੰਹ 'ਤੇ ਕੋਈ ਕਹਿ ਨਹੀਂ ਸੀ ਸਕਦਾ।

ਦਿਨੋ ਦਿਨ ਨਾਜੋ ਦਾ ਰੰਗ ਨਿਖਰਦਾ ਆ ਰਿਹਾ ਸੀ। ਤੇ ਉਹਦੀ ਉਮਰ ਨਾਲ ਵਧਦੀਆਂ ਜਾਂ ਰਹੀਆਂ ਸਨ ਮਾਲਕਾਂ ਦੀਆਂ ਖ਼ਾਹਸ਼ਾਂ। ਰਾਏ ਸਾਹਿਬ ਰਾਹ ਗਲੀ ਲੰਘਦਿਆਂ ਉਹਦੇ ਵੱਲ ਕਿੰਨਾ ਕਿੰਨਾ ਚਿਰ ਭੁੱਖੀਆਂ ਅੱਖਾਂ ਨਾਲ ਵੇਖਦਾ ਰਹਿੰਦਾ। ਭੁੱਖੀਆਂ ਅੱਖਾਂ, ਗ਼ਰੀਬਾਂ ਦੇ ਭੁੱਖੇ ਢਿੱਡਾਂ ਨਾਲੋਂ ਵੀ ਰੱਜੇ ਹੋਏ ਅਮੀਰਾਂ ਦੀਆਂ ਅੱਖਾਂ ਵਧੇਰੇ ਭੁੱਖੀਆਂ ਹੁੰਦੀਆਂ ਹਨ। ਸ਼ਾਇਦ ਉਹਨਾਂ ਦੀ ਹਵਸ-ਭਰੀ ਭੁੱਖ ਕਦੇ ਵੀ ਤ੍ਰਿਪਤ ਨਹੀਂ ਹੁੰਦੀ।

ਰਾਏ ਸਾਹਿਬ ਸਮੇਂ ਦੀ ਉਡੀਕ ਵਿਚ ਸੀ। ਭਾਵੇਂ ਇਹ ਉਡੀਕ ਉਹਦੇ ਵਾਸਤੇ ਕਾਫ਼ੀ ਦੁਖਦਾਈ ਸੀ। ਇਕ ਇਕ ਦਿਨ, ਇਕ ਇਕ ਮਹੀਨਾ ਤੇ ਇਕ ਇਕ ਸਾਲ ਕਰਕੇ ਉਹ ਉਡੀਕਦਾ ਆ ਰਿਹਾ ਸੀ, ਕਿ ਕਦੋਂ ਨਾਜੋ ਜਵਾਨ ਹੋਵੇ ਤੇ ਕਦੋਂ ਉਹ ਉਸ ਜਵਾਨੀ ਦੀ ਪਵਿੱਤਰਤਾ ਨੂੰ ਆਪਣੀ ਹਵਸ ਦੀ ਅੱਗ ਵਿਚ ਭਸਮ ਕਰੇ। ਪਰ ਛੋਟਾ ਕੰਵਰ ਸਾਹਿਬ ਵੱਡੇ ਭਰਾ ਨਾਲੋਂ ਕਾਹਲਾ ਨਿਕਲਿਆ।

ਉਹਨੇ ਸਮੇਂ ਤੋਂ ਅਗੇਤਰਾ ਹੀ, ਫੁੱਲ ਬਣਨ ਤੋਂ ਪਹਿਲਾਂ ਹੀ ਕੱਚੀਆਂ ਕਲੀਆਂ ਦੀ ਪਵਿੱਤਰਤਾ ਨੂੰ ਪੈਰਾਂ ਥੱਲੇ ਕੁਚਲ ਦਿਤਾ।

ਏਸ ਗੱਲ ਦਾ ਰਾਏ ਸਾਹਿਬ ਨੂੰ ਬਹੁਤ ਗੁੱਸਾ ਸੀ। ਉਹ ਆਰਾਮਗਾਹ ਦੇ ਵੱਡੇ ਕਮਰੇ ਵਿਚ ਟਹਿਲ ਰਿਹਾ ਸੀ। ਕਦੇ ਉਹਨੂੰ ਆਪਣੀ ਮੂਰਖਤਾ ਉਤੇ ਗੁੱਸਾ ਆਉਣ ਲੱਗ ਪੈਂਦਾ ਤੇ ਕਦੇ ਕੰਵਰ ਸਾਹਿਬ ਦੀ ਵਧੀਕੀ ਉਤੇ। ਕੰਵਰ ਸਾਹਿਬ ਦੀ ਵਧੀਕੀ ਗ਼ਰੀਬ ਨਾਜੋ ਨਾਲ ਨਹੀਂ ਸੀ, ਸਗੋਂ ਵੱਡੇ ਭਰਾ ਨਾਲ ਸੀ। ਉਸਦੀ ਕਰਤੂਤ ਨੂੰ ਰਾਏ ਸਾਹਿਬ ਆਪਣੇ ਹੱਕਾਂ ਉਤੇ ਡਾਕਾ ਸਮਝਦਾ ਸੀ। ਕਿਉਂਕਿ ਅਮੀਰਾਂ ਦੇ ਬਣਾਏ ਹੋਏ ਕਾਨੂੰਨ ਅਨਸਾਰ ਪਹਿਲਾਂ ਵੱਡੇ ਦਾ ਹੱਕ ਸੀ।

'ਰਾਏ ਸਾਹਬ ਉਹ ਤਾਂ ਤੁਹਾਡੀ ਭੈਣ......।' ਚਰਾਗੋ ਦੇ ਇਹ ਸ਼ਬਦ ਯਾਦ ਆਉਂਦਿਆਂ ਹੀ ਰਾਏ ਸਾਹਿਬ ਨੂੰ ਅੱਗ ਲਗ ਉਠਦੀ। ਉਹ ਗੁੱਸੇ ਨਾਲ ਭੋਇਂ 'ਤੇ ਪੈਰ ਮਾਰ ਕੇ ਬੁੜ-ਬੁੜਾਂ ਉਠਦਾ, "ਹਰਾਮਜ਼ਾਦੀ, ਉੱਲੂ ਦੀ ਪੱਠੀ, ਬਕਵਾਸ..., ਬਦ-ਤਮੀਜ਼......, ਬੋਲਣ ਦੀ ਜਾਚ ਈ ਨਹੀਂ ਕੁੱਤੀ ਨੂੰ। ਊਂਹ !"

ਰਾਏ ਸਾਹਿਬ ਦੀ ਚਾਲ ਹੋਰ ਤੇਜ਼ ਹੋ ਗਈ। ਉਹ ਕਮਰੇ ਵਿਚ ਏਧਰ ਤੋਂ ਓਧਰ ਕਾਹਲੇ ਕਦਮੀ ਚੱਕਰ ਲਾ ਰਿਹਾ ਸੀ। ਕਿਸੇ ਕਿਸੇ ਵੇਲੇ ਉਹਦੀਆਂ ਅੱਖਾਂ ਅੱਗੇ ਮੱਲੋ ਮੱਲੀ ਦੋ ਆਕਾਰ ਆ ਜਾਂਦੇ, ਬੜੇ ਧੁੰਧਲੇ ਜੇਹੇ ਦੋ ਨੰਗੇ ਇਨਸਾਨੀ ਆਕਾਰ। ਰਾਏ ਸਾਹਿਬ ਉਹਨਾਂ ਵੱਲੋਂ ਬਥੇਰੀਆਂ ਅੱਖਾਂ ਮੀਟਦਾ, ਬਥੇਰਾ ਸਿਰ ਝਟਕਦਾ, ਪਰ ਉਹ ਤਸੱਵਰ ਦੀ ਨਿਗ੍ਹਾ ਤੋਂ ਉਹਲੇ ਹੋਣ ਦਾ ਨਾਂ ਹੀ ਨਾ ਲੈਂਦੇ। "ਝੂਠ, ਬਕਵਾਸ ਸਭ ਫ਼ਰੇਬ।" ਰਾਏ ਸਾਹਿਬ ਬਰੜਾਈ ਜਾ ਰਿਹਾ ਸੀ। ਪਰ ਉਹ ਧੁੰਧਲੇ ਆਕਾਰ ਸਗੋਂ ਸਾਫ਼ ਹੁੰਦੇ ਜਾ ਰਹੇ ਸਨ। ਏਥੋਂ ਤਕ, ਕਿ ਰਾਏ ਸਾਹਿਬ ਉਹਨਾਂ ਨੂੰ ਸਾਫ਼ ਪਛਾਣ ਰਿਹਾ ਸੀ। ਰਾਏ ਸਾਹਿਬ ਦੇ 'ਨਹੀਂ ਨਹੀਂ' ਕਰਦਿਆਂ ਵੀ ਉਹਨਾਂ ਦੋਹਾਂ ਆਕਾਰਾਂ ਵਿਚੋਂ ਇਕ ਹੋਰ ਤਿੱਜਾ ਆਕਾਰ ਪੈਦਾ ਹੋ ਕੇ ਵਧਣ ਫੁੱਲਣ ਲੱਗ ਪਿਆ। ਵਿਹੰਦਿਆਂ ਹੀ ਉਹ ਨਵਾਂ ਆਕਾਰ ਬਾਰਾਂ ਸਾਲ ਦਾ ਹੋ ਗਿਆ। 'ਹੈਂ ? ਇਹ ਤਾਂ ਨਾਜੋ ਏ।' "ਵਾ-ਹਯਾਤ......ਬਕਵਾਸ" ਝੂਠ...।" ਰਾਏ ਸਾਹਿਬ ਨੇ ਛੇਤੀ ਨਾਲ ਅਲਮਾਰੀ ਖੁਹਲ ਕੇ ਵਿਚੋਂ ਵਿਸਕੀ ਦੀ ਬੋਤਲ ਕਢ ਲਈ। ਉਹਨੇ ਪੰਜਾਂ ਮਿੰਟਾਂ ਵਿਚ ਹੇਠ ਉਤੇ ਦੋ ਭਰਵੇਂ ਹਾੜੇ ਪੀਤੇ, ਪਰ ਉਹ ਆਕਾਰ ਫਿਰ ਵੀ ਅੱਖਾਂ ਤੋਂ ਉਹਲੇ ਨਾ ਹੋਏ।

ਅੰਦਰਲੇ ਧੁੰਧਲਕੇ ਤੋਂ ਤੰਗ ਪੈ ਕੇ ਰਾਏ ਸਾਹਿਬ ਨੇ ਬਾਹਰ ਨੂੰ ਤੱਕਿਆ। ਬਾਹਰ ਵੀ ਦੋ ਆਕਾਰ ਖਲੇ ਸਨ, ਦੋ ਹੱਡ-ਮਾਸ ਦੇ ਬੁੱਤ, ਬੜੇ ਸਹਿਮੇ ਹੋਏ। ਇਹ ਸਨ ਦੋਵੇਂ ਭੈਣਾਂ ਨਾਜੋ ਤੇ ਤਾਜੋ।

ਚਰਾਗੋ ਦੇ ਮੂੰਹੋਂ ਰਾਏ ਸਾਹਿਬ ਦਾ ਹੁਕਮ ਸੁਣ ਕੇ ਨਾਜੋ ਭੁੱਬਾਂ ਮਾਰ ਉਠੀ ਸੀ। ਉਹ ਤਰਲਾ ਲੈਂਦੀ, ਬੋਲੀ ਸੀ, "ਮਾਂ ! ਮੈਂ ਮਰ ਜੂੰਗੀ। ਮੈਨੂੰ ਰਾਏ ਸਾਹਿਬ ਕੋਲ ਨਾ ਘੱਲ।"

ਰਾਏ ਸਾਹਿਬ ਦੇ ਮੂੰਹੋਂ ਸੁਣੀਆਂ ਗੱਲਾਂ ਦੇ ਆਧਾਰ ਤੇ ਚਰਾਗੋ ਨੇ ਧੀਰਜ ਦੇਂਦਿਆਂ ਕਿਹਾ ਸੀ, "ਡਰ ਨਾ ਪੁੱਤ ! ਰਾਏ ਸਾਹਿਬ ਏਹੋ ਜੇਹੇ ਨਹੀਂ। ਉਹ ਸਿਰਫ ਤੈਨੂੰ ਕੋਲ ਬੁਲਾ ਕੇ ਧੀਰਜ ਦਲਾਸਾ ਦੇਣਾ ਚਾਹੁੰਦੇ ਨੇ। ਉਹ ਤਾਂ ਆਪ ਕੰਵਰ ਸਾਹਿਬ ਨਾਲ ਨਰਾਜ ਨੇ। ਵੇਖਾਂ, ਤਾਜੋ ਤੇਰੇ ਨਾਲ ਜਾਂਦੀ ਏ। ਜਾਹੋ, ਬੀਬੀਆਂ ਧੀਆਂ। ਮਾਲਕਾਂ ਦਾ ਹੁਕਮ ਮੰਨਣਾ ਹੋਇਆ ਨਾਂ ! ਨਹੀਂ ਤਾਂ, ਜੇ ਉਹ ਗੁੱਸੇ ਹੋ ਗਏ ਤਾਂ ! ਵੱਡਿਆਂ ਬੰਦਿਆਂ ਦਾ ਕੀ ਲੈਣਾ ਏਂ।"

ਨਾਜ਼ੋ ਨੂੰ ਰਾਏ ਸਾਹਿਬ ਦੀਆਂ ਗੱਲਾਂ ਦਾ ਇਤਬਾਰ ਨਹੀਂ ਸੀ ਆਇਆ। ਪਰ ਉਹ ਮਾਂ ਦੀ ਧੱਕੀ ਹੋਈ ਵੱਡੀ ਭੈਣ ਦੇ ਨਾਲ ਤੁਰ ਪਈ ਸੀ। ਦੋਵੇਂ ਬੂਹੇ ਅੱਗੇ ਪਹੁੰਚੀਆਂ, ਤਾਂ ਰਾਏ ਸਾਹਿਬ ਦੀ ਸ਼ਕਲ ਵੇਖ ਕੇ ਨਾਜੋ ਭੈ ਨਾਲ ਕੰਬਣ ਲੱਗ ਪਈ।

"ਤੂੰ ਨਾਲ ਕੀ ਲੈਣ ਆਈਂ ਏਂ ?" ਰਾਏ ਸਾਹਿਬ ਨੇ ਥੋੜੀ ਜੇਹੀ ਘੂਰੀ ਵੱਟ ਕੇ ਤਾਜੋ ਨੂੰ ਕਿਹਾ।

"ਰਾਏ ਸਾਹਿਬ ! ਮਸੂਮ ਬਾਲੜੀ 'ਤੇ ਤਰਸ......।"

"ਤੂੰ ਇਹਦੀ ਵਕੀਲ ਏਂ ? ਸਾਰੀ ਗੱਲ ਸੁਣ ਕੇ ਮੈਂ ਆਪ ਇਨਸਾਫ਼ ਕਰਾਂਗਾ।"

"ਵਚਾਰੀ ਉਤੇ ਰਹਿਮ......।"

"ਚਲ ਖਿਸਕ ! ਹਰਾਮਜ਼ਾਦੀ, ਮੈਨੂੰ ਮੱਤਾਂ ਦੇਂਦੀ ਏ।"

ਮਜਬੂਰ ਤਾਜੋ ਚਲੀ ਗਈ। ਮਾਸੂਮ ਨਾਜੋ ਨੂੰ ਲਹੂ ਪੀਣੇ ਬਘਿਆੜ ਦੇ ਰਹਿਮ 'ਤੇ ਛਡ ਗਈ। ਬਘਿਆੜ, ਲਹੂਪੀਣਾ ਦਰਿੰਦਾ। ਇਨਸਾਨ ਦੇ ਰੂਪ ਵਿਚ ਸ਼ੈਤਾਨ। ਕੰਵਰ ਨਾਲੋਂ ਰਾਏ ਸਾਹਿਬ ਵੱਡਾ ਰਾਕਸ਼ ਸੀ।

੫

"ਮਨਸੁਖ ! ਕੀ ਮੇਰੇ ਜੀਉਣ ਦਾ ਕੋਈ ਹੱਜ ਏ ?"

"ਬੀਬੀ ਜੀ ! ਸਾਰੇ ਅਮੀਰ ਘਰਾਂ ਵਿਚ ਏਹਾ ਕੁਛ ਹੁੰਦਾ ਏ। ਪਰ ਧੰਨ ਹਨ ਭਾਰਤ ਦੀਆਂ ਦੇਵੀਆਂ, ਜਿਨ੍ਹਾਂ ਦੇ ਸਤ ਧਰਮ ਦਾ ਸਦਕਾ ਪ੍ਰਿਥਵੀ ਤੇ ਅੰਬਰ ਕਾਇਮ ਹਨ। ਤੁਸਾਂ ਉਸ ਸੜੀ ਦੀ ਸਾਖੀ ਸੁਣੀ ਸੀ ਨਾਂ, ਜਿਸਦੇ ਪਤੀ ਦੀਆਂ

ਤਿੰਨ ਸੌ ਸੱਠ ਰਖੇਲੀਆਂ ਸਨ। ਪਰ ਉਹ ਆਪਣੇ ਸਿਦਕ ਵਿਚ ਅਡੋਲ, ਅੰਤ ਪਤੀ ਦੀ ਲੋਥ ਨਾਲ ਸਤੀ ਹੋ ਗਈ ਸੀ।"

"ਬੱਸ ਬੱਸ, ਮਨਸੁਖ ! ਹੁਣ ਇਹ ਸਾਖੀਆਂ ਮਨ ਨੂੰ ਸ਼ਾਂਤੀ ਨਹੀਂ ਦੇ ਸਕਦੀਆਂ। ਬਹੁਤ ਸੁਣ ਚੁਕੀ ਹਾਂ।"

ਰਾਏ ਸਾਹਿਬ ਦੀ ਧਰਮ-ਪਤਨੀ ਦਾ ਨਾਮ ਸਵਰਨ ਲਤਾ ਸੀ। ਏਸ ਘਰ ਵਿਚ ਉਸਨੂੰ ਸਾਰੇ 'ਬੀਬੀ ਜੀ' ਕਹਿ ਕੇ ਬੁਲਾਉਂਦੇ ਸਨ। ਉਹ ਚੰਗੇ ਸੁਭਾਂ ਦੀ ਨਰਮ-ਦਿਲ ਇਸਤਰੀ ਸੀ। ਉਸਦੇ ਮਾਪੇ, ਏਸ ਘਰਾਣੇ ਜਿੰਨੇ ਅਮੀਰ ਨਹੀਂ ਸਨ, ਫਿਰ ਵੀ ਚੋਖੇ ਗੁਜ਼ਾਰੇ ਦੇ ਮਾਲਕ ਸਨ। ਏਸ ਘਰ ਨਾਲ ਸੰਬੰਧ ਜੋੜਨ ਵਾਸਤੇ ਉਹਨਾਂ ਨੂੰ ਵਿਤੋਂ ਵਧ ਕੇ ਕੁਰਬਾਨੀ ਕਰਨੀ ਪਈ ਸੀ। ਪਰ ਉਹਨਾਂ ਦੀ ਇਹ ਆਸ ਪੂਰੀ ਨਾ ਹੋਈ, ਕਿ ਉਹਨਾਂ ਦੀ ਕੰਨਿਆਂ ਸੁਖੀ ਜੀਵਨ ਬਿਤਾ ਸਕੇਗੀ। ਸਵਰਨ ਲਤਾ ਆਪਣੇ ਆਪ ਨੂੰ ਨਵੇਂ ਮਾਹੌਲ ਦੇ ਮੁਤਾਬਕ ਢਾਲ ਨਾ ਸੱਕੀ। ਉਹ ਇਸ ਘਰ ਵਿਚ ਕੈਦਣ ਸੀ। ਉਚੀਆਂ ਕੰਧਾਂ, ਸਾਹ ਘੁੱਟਵਾਂ ਵਲਗਣ, ਇਕ ਜੇਲ੍ਹਖ਼ਾਨਾ ਹੀ ਸੀ ਉਹਦੇ ਵਾਸਤੇ। ਹਾਂ, ਪਿੰਜਰਾ ਸੋਨੇ ਦਾ ਸੀ।

ਸਵਰਨ ਲਤਾ ਆਪਣੀ ਸੱਸ ਵਾਂਗ ਕੁਛ ਧਾਰਮਕ ਖ਼ਿਆਲਾਂ ਦੀ ਸੀ। ਉਹ ਸਤੀ-ਧਰਮ ਦੀ ਮਹੱਤਤਾ ਨੂੰ ਮੰਨਦੀ ਸੀ। ਉਹ ਪਤੀ-ਪੂਜਾ ਦੀ ਹਾਮੀ ਸੀ। ਪਰ ਅਫ਼ਸੋਸ ! ਉਸਨੂੰ ਦੇਵਤਾ ਸੁੱਚਾ ਨਾ ਮਿਲਿਆ, ਜਿਸਦੀ ਪੂਜਾ ਕਰਕੇ ਉਹਦੇ ਦਿਲ ਨੂੰ ਸ਼ਾਂਤੀ ਪ੍ਰਾਪਤ ਹੁੰਦੀ। ਹਾਂ, ਵਿਆਹਤਾ ਜੀਵਨ ਦੇ ਪਹਿਲੇ ਕੁਛ ਮਹੀਨੇ ਉਹਨੂੰ ਪਤੀ ਦੇ ਪਵਿਤਰ ਪ੍ਰੇਮ ਦਾ ਭੁਲੇਖਾ ਜ਼ਰੂਰ ਰਿਹਾ। ਤੇ ਜਦ ਉਪਰਲਾ ਪਾਲਸ਼ ਲਹਿ ਕੇ ਵਿਚੋਂ ਅਸਲ ਵਸਤੂ ਅੱਖਾਂ ਸਾਮ੍ਹਣੇ ਆ ਗਈ, ਉਹਦਾ ਸੋਹਲ ਦਿਲ ਘਾਇਲ ਹੋ ਗਿਆ। ਫਿਰ ਤਾਂ ਹਰ ਨਵੇਂ ਸੂਰਜ ਉਹ ਘਾਉ ਹੋਰ ਡੂੰਘੇ, ਹੋਰ ਡੂੰਘੇਰੇ ਹੁੰਦੇ ਗਏ।

ਕੁਦਰਤ ਨੇ ਤਰਸ ਖਾ ਕੇ ਸਵਰਨ ਲਤਾ ਦੇ ਜ਼ਖ਼ਮਾਂ ਉਤੇ ਇਕ ਠੰਢਾ ਫਹਿਆ ਰੱਖਣ ਦੀ ਕ੍ਰਿਪਾਲਤਾ ਕੀਤੀ। ਇਹ ਸੀ ਉਹਦਾ ਇਕੋ ਇਕ ਪੁੱਤਰ ਸਵਰਨਜੀਤ ਰਾਏ। ਉਹ ਉਸਨੂੰ ਏਨਾ ਲਾਡ ਪਿਆਰ ਕਰਦੀ, ਜਿਸ ਦਾ ਕੋਈ ਹਿਸਾਬ ਨਹੀਂ। ਏਸ ਤਰ੍ਹਾਂ ਉਹ ਆਪਣੀਆਂ ਬਾਕੀ ਸਭ ਚੀਸਾਂ ਚਸਕਾਂ ਭੁੱਲ ਜਾਣਾ ਚਾਹੁੰਦੀ ਸੀ। ਪਰ ਜਿਵੇਂ ਪਾਣੀ ਪੀਤਿਆਂ ਭੁੱਖ ਦੂਰ ਨਹੀਂ ਹੁੰਦੀ ਤੇ ਚੰਗੇ ਤੋਂ ਚੰਗੇ ਪਦਾਰਥ ਖਾਧਿਆਂ ਵੀ ਤੇਹ ਨਹੀਂ ਲਹਿੰਦੀ, ਏਸੇ ਤਰ੍ਹਾਂ ਇਕ ਪਿਆਰ ਵਿਚ ਆਪਣੇ ਆਪ ਨੂੰ ਡੋਬਣ ਦਾ ਯਤਨ ਕਰਨ ਨਾਲ ਵੀ ਦੂਜੇ ਪਿਆਰ ਦੀ ਭੁੱਖ ਤ੍ਰਿਪਤ ਨਹੀਂ ਹੁੰਦੀ। ਪਤੀ-ਪਿਆਰ ਤੇ ਪੁੱਤਰ ਪਿਆਰ ਦੋ ਵਖਰੇ ਜਜ਼ਬੇ

ਹਨ, ਦੋ ਵਖਰੀਆਂ ਖ਼ਾਹਸ਼ਾਂ । ਇਹਨੇਂ ਵਿਚੋਂ ਇਕ ਦੀ ਪ੍ਰਾਪਤੀ, ਦੂਸਰੀ ਘਾਟ ਨੂੰ ਪੂਰਾ ਨਹੀਂ ਕਰ ਸਕਦੀ ।

ਮਾਂ ਦੇ ਅੰਮ੍ਰਿਤ ਤੋਂ ਵਾਂਜਿਆਂ ਬੱਚਾ ਡੱਬੇ ਦੇ ਦੁੱਧ ਉਤੇ ਸਬਰ ਕਰ ਲੈਂਦਾ ਹੈ । ਤੇ ਜਿਸ ਗ਼ਰੀਬ ਨੂੰ ਉਹ ਵੀ ਨਸੀਬ ਨਾ ਹੋਵੇ, ਉਹ ਹੱਥ ਦਾ ਅੰਗੂਠਾ ਚੂਸ ਕੇ ਹੀ ਆਪਣੇ ਆਪ ਨੂੰ ਧੋਖਾ ਦੇਣ ਦਾ ਯਤਨ ਕਰਦਾ ਹੈ । ਏਹ ਹਾਲਤ ਸੀ ਬਦ-ਨਸੀਬ ਸਵਰਨ ਲਤਾ ਦੀ । ਬਦ-ਨਸੀਬ ? ਸਵਰਨ ਲਤਾ ਬਦਨਸੀਬ ? ਰੇਸ਼ਮ ਹੰਡਾਉਣ ਨੂੰ, ਸੋਨਾ ਪਹਿਨਣ ਨੂੰ, ਛੱਤੀ ਪਦਾਰਥ ਖਾਣ ਨੂੰ, ਸ਼ੀਸ਼ ਮਹਿਲ ਵੱਸਣ ਨੂੰ, ਪਲੰਘ ਨਿਹਾਲੀਆਂ ਲੇਟਣ ਨੂੰ, ਫਿਰ ਵੀ ਸਵਰਨ ਲਤਾ ਬਦ-ਨਸੀਬ ? ਹਾਂ, ਬਦਨਸੀਬ । ਉਹਦੇ ਰੇਸ਼ਮ ਵਿਚ ਕੰਡੇ ਸਨ । ਉਹਦੇ ਸੋਨੇ ਵਿਚ ਸਾੜਨ ਜੋਗੀ ਤਪਸ਼ ਸੀ, ਉਹਦੇ ਖਾਧ ਪਦਾਰਥਾਂ ਵਿਚ ਜ਼ਹਿਰ ਸੀ । ਉਹਦੇ ਸ਼ੀਸ਼ ਮਹਿਲ ਵਿਚ ਦਮ ਘੁੱਟਦਾ ਸੀ । ਉਹਦੇ ਪਲੰਘ ਨਿਹਾਲੀਆਂ ਵਿਚ ਨੀਂਦ ਨਹੀਂ ਸੀ । ਉਹਦੀਆਂ ਉਨੀਂਦੀਆਂ ਰਾਤਾਂ ਵਿਚ ਦੋਜ਼ਖ਼ ਵਰਗੀ ਭਾਹ ਸੀ ।

ਸਵਰਨ ਲਤਾ ਨੇ ਵੀ ਆਪਣੇ ਆਪ ਨੂੰ ਧੋਖਾ ਦੇਣ ਵਾਸਤੇ ਹਰ ਯਤਨ ਕੀਤਾ ਸੀ । ਪਹਿਲਾਂ ਉਹਨੇ ਧਾਰਮਕ ਗ੍ਰੰਥਾਂ ਵਿਚੋਂ ਸਤੀਆਂ ਦੀਆਂ ਸਾਖੀਆਂ ਪੜ੍ਹਨੀਆਂ ਸ਼ੁਰੂ ਕੀਤੀਆਂ । ਫਿਰ ਹੋਰ, ਫਿਰ ਹੋਰ, ਤੇ ਫਿਰ ਨਾਵਲ, ਚੰਗੇ ਨਾਵਲ ਤੇ ਅੰਤ ਘਟੀਆ ਦਰਜੇ ਦੇ ਨੰਗੇ ਨਾਵਲ ।

ਮਨਸੁਖ ਬੜਾ ਮੌਕੇ ਨੂੰ ਸਮਝਣ ਵਾਲਾ ਬੰਦਾ ਸੀ । ਉਹ ਗੰਭੀਰ ਵੀ ਸੀ ਤੇ ਲੋੜ ਪਈ 'ਤੇ ਗਾਲੜੀ ਵੀ । ਮਾਲਕ ਦੀ ਰੁਚੀ ਅਨਸਾਰ ਉਹ ਆਪਣੇ ਆਪ ਨੂੰ ਢਾਲ ਲੈਂਦਾ ਸੀ । ਮਾਲਕਣ ਕੋਲ ਬੈਠਾ ਉਹ ਘੰਟਿਆਂ ਬੱਧੀ ਗੱਲਾਂ ਕਰਦਾ ਰਹਿੰਦਾ । ਸਵਰਨ ਲਤਾ ਨੂੰ ਵੀ ਮਨਸੁਖ ਕੋਲੋਂ ਕਹਾਣੀਆਂ ਸੁਣਨ ਦਾ ਜਿਵੇਂ ਅਮਲ ਹੋ ਗਿਆ ਸੀ । ਓਹਾ ਸਾਖੀਆਂ, ਜੋ ਸਵਰਨ ਲਤਾ ਨੇ ਪੁਸਤਕਾਂ ਵਿਚ ਪੜ੍ਹੀਆਂ ਸਨ, ਮਨਸੁਖ ਦੇ ਮੂੰਹੋਂ ਸੁਣ ਕੇ ਕੁਛ ਹੋਰ ਹੀ ਆਨੰਦ ਆਉਂਦਾ ।

ਗੰਨਾ ਚੂਪਣ ਵਿਚ, ਗੰਨੇ ਦੀ ਰਹੁ ਪੀਣ ਵਿਚ ਤੇ ਓਸੇ ਰਹੁ ਤੋਂ ਬਣਿਆਂ ਹੋਇਆ ਗੁੜ ਖਾਣ ਵਿਚ ਵੱਖਰਾ ਵੱਖਰਾ ਸੁਆਦ ਹੈ । ਏਸੇ ਤਰ੍ਹਾਂ ਕੋਈ ਕਹਾਣੀ ਅੱਖਾਂ ਰਾਹੀਂ ਪੜ੍ਹਨ ਵਿਚ, ਮੂੰਹੋਂ ਉਚੀ ਬੋਲ ਕੇ ਪੜ੍ਹਨ ਸੁਣਨ ਵਿਚ ਤੇ ਕਿਸੇ ਦੂਸਰੇ ਦੇ ਮੂੰਹੋਂ ਸੁਣਨ ਵਿਚ ਵੀ ਵੱਖਰਾ ਰਸ ਹੈ । ਤੇ ਜਿਥੇ ਕਹਾਣੀ ਕਹਿਣ ਵਾਲਾ ਵੀ ਆਪਣੇ ਹੁਨਰ ਵਿਚ ਚਤਰ ਹੋਵੇ, ਓਥੇ ਕੀ ਪੁਛਣਾ ।

ਸਤੀ ਸਾਧਵੀ, ਸਕੁੰਤਲਾ, ਸਾਵਿਤਰੀ ਤੇ ਸੀਤਾ ਆਦਿ ਦੀਆਂ ਸਾਖੀਆਂ ਮਨਸੁਖ ਬੜੇ ਸੁਚੱਜੇ ਢੰਗ ਨਾਲ ਸੁਣਾਉਂਦਾ । ਉਹਨਾਂ ਵਿਚ ਉਹ ਸ਼ਰਧਾ ਸਤਕਾਰ

ਭਰਨ ਦਾ ਸਾਰਾ ਟਿੱਲ ਲਾ ਦੇਂਦਾ। ਪਿਛੋਂ ਸਵਰਨ ਲਤਾ ਕਈ ਕਈ ਦਿਨ ਉਹ ਸਾਖੀਆਂ ਰਾਤੀਂ ਸੌਣ ਲੱਗੀ ਮਨ ਵਿਚ ਦੁਹਰਾਉਂਦੀ ਰਹਿੰਦੀ। ਉਹਨਾਂ ਵਿਚੋਂ ਉਸਨੂੰ ਕੁਛ ਮਿੱਠਾ ਮਿੱਠਾ ਸਵਾਦ ਆਉਂਦਾ। ਪਰ ਆਦਮੀ ਅਰੋਗ ਨਾ ਹੋਵੇ, ਤਾਂ ਬਹੁਤਾ ਮਿੱਠਾ ਵੀ ਅਜੀਰਣ ਪੈਦਾ ਕਰ ਦੇਂਦਾ ਹੈ। ਮਜਬੂਰ ਹੋ ਕੇ ਉਹ ਕੁਛ ਸਲੂਣਾ ਵੀ ਨਾਲ ਖਾਣ ਲੱਗ ਪੈਂਦਾ ਹੈ। ਫ਼ਾਇਦਾ ਨਾ ਵੀ ਹੋਵੇ, ਤਾਂ ਮੂੰਹ ਦਾ ਸੁਆਦ ਤਾਂ ਬਦਲ ਜਾਂਦਾ ਏ ਨਾਂ ! ਏਹਾ ਹਾਲਤ ਸਵਰਨ ਲਤਾ ਦੀ ਸੀ। ਉਹਦੀ ਭੁੱਖੀ ਜਵਾਨੀ ਨੂੰ ਵੀ ਇਹਨਾਂ ਸਤਜੁਗੀ ਸਾਖੀਆਂ ਤੋਂ ਅਰੁਚੀ ਹੋ ਗਈ ਸੀ। ਉਹ ਸਵਰਗੀ ਸਤੀਆਂ ਦੀਆਂ ਕਹਾਣੀਆਂ ਸੁਣ ਸੁਣ ਕੇ ਅੱਕ ਗਈ ਸੀ। ਉਹ ਸੁਰ ਲੋਕ ਦੀ ਅਪੱਛਰਾਂ ਨਹੀਂ ਸੀ। ਉਹ ਅਰਸ਼ਾਂ ਦੀ ਦੇਵੀ ਨਹੀਂ ਸੀ। ਉਹ ਹੱਡ ਚੰਮ ਦੀ ਦੁਨਿਆਵੀ ਇਸਤਰੀ ਸੀ। ਉਹ ਆਪਣੇ ਵਰਗੀਆਂ ਮਾਤਲੋਕ ਦੀਆਂ ਇਸਤਰੀਆਂ ਦੇ ਦੁਖ ਸੁਖ ਸੁਣਨਾ ਚਾਹੁੰਦੀ ਸੀ।

ਮਨਸੁਖ ਨੇ ਉਹਦੀ ਇਹ ਹਾਲਤ ਸਮਝ ਲਈ। ਉਹਨੇ ਵੀ ਆਪਣੀ ਵਾਰਤਾ ਦਾ ਰੁਕ ਬਦਲ ਲਿਆ। ਉਹਨੇ ਸੀਤਾ ਸਾਵਿਤਰੀ ਦੇ ਥਾਂ ਰਾਧਕਾ ਦਾ ਪ੍ਰਸੰਗ ਛੇੜ ਲਿਆ। ਰਾਧਾ ਪ੍ਰੇਮ ਤੋਂ ਪਿਛੋਂ ਮੇਣਕਾ ਤੇ ਉਰਵਸ਼ੀ ਦੀਆਂ ਕਹਾਣੀਆਂ ਆ ਗਈਆਂ, ਤੇ ਉਹਨਾਂ ਦਾ ਸਥਾਨ ਸਹਿਜ ਸਹਿਜ ਹੀਰ ਰਾਂਝੇ ਤੇ ਸੋਹਣੀ ਮਹੀਂਵਾਲ ਦੇ ਕਿੱਸਿਆਂ ਨੇ ਲੈ ਲਿਆ। ਕੁਛ ਚਿਰ ਪਿਛੋਂ ਬਨਾਉਟੀ ਪ੍ਰੇਮ ਦੇ ਚੁਟਕਲੇ ਆ ਗਏ।

ਸਵਰਨ ਲਤਾ ਵਾਸਤੇ ਮਨਸੁਖ ਦੀ ਹੋਂਦ ਗ੍ਰਾਮੋਫ਼ੋਨ ਦੀ ਮਸ਼ੀਨ ਤੋਂ ਵੱਧ ਨਹੀਂ ਸੀ। ਮਨਸੁਖ ਬੁੱਢਾ ਸੀ। ਮਨਸੁਖ ਨੌਕਰ ਸੀ। ਮਨਸੁਖ ਬੇਜਾਨ ਵਸਤੂ ਸੀ। ਮਨਸੁਖ ਕੇਵਲ ਮਨਸੁਖ ਸੀ। ਉਹ ਕ੍ਰਿਸ਼ਨ ਭਗਵਾਨ ਦਾ ਵੀ ਮਨਸੁਖ ਸੀ, ਤੇ ਬ੍ਰਿਹੋਂ ਕੁੱਠੀ ਰਾਧਾਂ ਦਾ ਵੀ ਮਨਸੁਖ। ਉਹ ਸਕੁੰਤਲਾ ਦਾ ਵੀ ਮਨਸੁਖ ਸੀ ਤੇ ਉਹਨੂੰ ਭੁੱਲ ਜਾਣ ਵਾਲੇ ਦੁਖਯੰਤ ਦਾ ਵੀ ਮਨਸੁਖ।

ਤੇ ਮਨਸੁਖ ਵਾਸਤੇ ਸਵਰਨ ਲਤਾ ਅੰਨ-ਪੂਰਣਾ ਸੀ, ਲਕਸ਼ਮੀ ਸੀ, ਠੰਢੀ ਛਾਂ ਸੀ, ਇਕ ਚੰਗੀ ਮਾਲਕਣ ਸੀ। ਉਹ ਯਥਾ ਸ਼ਕਤ ਮਾਲਕਣ ਦੀ ਖ਼ੁਸ਼ੀ ਚਾਹੁੰਦਾ ਸੀ। ਮਾਲਕਣ ਦੀ ਉਦਾਸੀ ਵਿਚ ਉਹ ਉਦਾਸ ਹੋ ਜਾਂਦਾ ਸੀ, ਤੇ ਮਾਲਕਣ ਦੇ ਪ੍ਰਸੰਨ ਚਿਹਰੇ ਵਿਚ ਉਹਦੀ ਪ੍ਰਸੰਨਤਾ ਛੁਪੀ ਹੋਈ ਸੀ।

ਇਕ ਦਿਨ ਮਨਸੁਖ ਨੇ ਇਕ ਦੇਉ ਦੀ ਕਹਾਣੀ ਸੁਣਾਈ। ਦੇਉ, ਜਿਸ ਦਾ ਕੋਈ ਵਜੂਦ ਨਹੀਂ ਸੀ, ਜੋ ਇਕ ਭੂਤ ਸੀ, ਇਕ ਪਰਛਾਂਵਾਂ। ਦੇਉ ਇਕ ਰਾਜ ਕੁਮਾਰੀ ਦੇ ਰੂਪ 'ਤੇ ਆਸ਼ਕ ਹੋ ਗਿਆ। ਦੇਉ ਨੇ ਰਾਜ ਕੁਮਾਰੀ ਨੂੰ ਆਪਣੇ

ਮਹਿਲਾਂ ਵਿਚ ਕੈਦ ਕਰ ਛਡਿਆ। ਉਹਨੇ ਸੈਂਕੜੇ ਪਰੀਆਂ ਰਾਜਕੁਮਾਰੀ ਦੀ ਸੇਵਾ ਟਹਿਲ ਵਾਸਤੇ ਨੀਯਤ ਕਰ ਦਿਤੀਆਂ। ਪਰੀਆਂ ਰਾਜ ਕੁਮਾਰੀ ਦੇ ਸਾਮ੍ਹਣੇ ਨੱਚਦੀਆਂ, ਗਾਉਂਦੀਆਂ ਤੇ ਰੰਗਾ-ਰੰਗ ਦੇ ਤਮਾਸ਼ੇ ਕਰਕੇ ਵਿਖਾਉਂਦੀਆਂ। ਸਵਾਦੀ ਤੋਂ ਸਵਾਦੀ ਭੋਜਨ ਤੇ ਵੰਨ-ਸੁਵੰਨੇ ਬਸਤਰ ਰਾਜ ਕੁਮਾਰੀ ਦੀ ਭੇਟਾ ਕੀਤੇ ਜਾਂਦੇ। ਫਿਰ ਵੀ ਰਾਜ ਕੁਮਾਰੀ ਉਦਾਸ ਰਹਿੰਦੀ, ਰਾਤ ਦਿਨੇ ਰੋਂਦੀ ਰਹਿੰਦੀ। ਉਹ ਦੇਉ ਨੂੰ ਦੇਖ ਨਹੀਂ ਸੀ ਸਕਦੀ, ਦੇਉ ਨਾਲ ਗੱਲਾਂ ਨਹੀਂ ਸੀ ਕਰ ਸਕਦੀ, ਦੇਉ ਨੂੰ ਛੁਹ ਨਹੀਂ ਸੀ ਸਕਦੀ। ਕਿਉਂਕਿ ਦੇਉ ਇਕ ਭੂਤ ਸੀ, ਇਕ ਪਰਛਾਂਵਾਂ ਸੀ।

"ਓਹ ! ਮਨਸੁਖ !" ਸਵਰਨ ਲਤਾ ਨੇ ਲੰਮਾ ਸਾਰਾ ਹਉਕਾ ਲੈ ਕੇ ਕਿਹਾ ਸੀ, "ਉਹ ਰਾਜ-ਕੁਮਾਰੀ ਮੈਂ ਹਾਂ, ਮੈਂ, ਇਹਨਾਂ ਮਹਿਲਾਂ ਦੀ ਕੈਦਣ।" ਤੇ ਉਹ ਉਦਾਸੀ ਵਿਚ ਡੁਬੀ ਕੋਲੋਂ ਉਠ ਕੇ ਚਲੀ ਗਈ ਸੀ।

ਓਸ ਰਾਤ ਸਵਰਨ ਲਤਾ ਨੇ ਇਕ ਸੁਪਨਾ ਡਿੱਠਾ ਸੀ। ਉਹ ਦੇਉ ਦੇ ਮਹਿਲਾਂ ਵਿਚ ਕੈਦ ਸੀ। ਮਹਿਲ, ਜਿਨ੍ਹਾਂ ਨੂੰ ਇੱਟਾਂ ਨਹੀਂ ਸਨ ਲੱਗੀਆਂ ਹੋਈਆਂ, ਪੱਥਰ ਨਹੀਂ ਸਨ ਲੱਗੇ ਹੋਏ, ਗਾਰਾ ਜਾਂ ਚੂਨਾ ਨਹੀਂ ਸੀ ਲੱਗਾ ਹੋਇਆ, ਸਗੋਂ ਉਹਨਾਂ ਦੀਆਂ ਸਭ ਕੰਧਾਂ, ਫ਼ਰਸ਼ ਤੇ ਛੱਤਾਂ ਚਾਂਦੀ ਸੋਨੇ ਦੇ ਬਣੇ ਹੋਏ ਸਨ। ਮਹਿਲਾਂ ਵਿਚ ਦੀਵਿਆਂ ਦੀ ਥਾਂ ਲਾਲ ਤੇ ਹੀਰੇ ਚਾਨਣ ਕਰਦੇ ਸਨ। ਮਹਿਲਾਂ ਵਿਚ ਕਈ ਰੰਗਾਂ ਦੇ ਫੁੱਲ ਸਨ, ਪਰ ਉਹਨਾਂ ਵਿਚ ਖ਼ੁਸ਼ਬੂ ਕੋਈ ਨਹੀਂ ਸੀ। ਓਥੇ ਕਈ ਕਿਸਮ ਦੇ ਫਲ ਸਨ, ਪਰ ਉਹ ਖਾਣ ਦੇ ਕੰਮ ਨਹੀਂ ਸਨ ਆਉਂਦੇ। ਇਕ ਦਿਨ ਸਵਰਨ ਲਤਾ ਬੈਠੀ ਕੀ ਵੇਖਦੀ ਹੈ : ਆਸਮਾਨ ਉਤੇ ਬੱਦਲ ਛਾਏ ਹੋਏ ਹਨ, ਬੜੇ ਕਾਲੇ ਬੱਦਲ। ਸਹਿਜ ਸਹਿਜ ਉਹਨਾਂ ਦਾ ਰੰਗ ਫਿੱਕਾ ਪੈਣਾ ਸ਼ੁਰੂ ਹੋ ਗਿਆ। ਹੁੰਦੇ ਹੁੰਦੇ ਉਹ ਸਫ਼ੇਦ ਧੂੰਏਂ ਵਰਗੇ ਹੋ ਗਏ। ਫਿਰ ਦਿੱਸ-ਹੱਦੇ ਉਤੇ, ਜਿਥੇ ਧਰਤੀ ਤੇ ਅੰਬਰ ਮਿਲਦੇ ਹਨ, ਉਹਨੂੰ ਕੋਈ ਛੋਟੀ ਜੇਹੀ ਚੀਜ਼ ਚਮਕਦੀ ਨਜ਼ਰ ਆਈ, ਗੋਲ ਗੋਲ ਲਾਲ ਸੂਹੀ। ਹੌਲੀ ਹੌਲੀ ਉਹ ਚੀਜ਼ ਵੱਡੀ ਹੁੰਦੀ ਗਈ, ਤੇ ਬੜੀ ਤੇਜ਼ ਰਫ਼ਤਾਰ ਨਾਲ ਉਹਦੇ ਵੱਲ ਵਧਦੀ ਆਈ। ਉਹ ਐਨ ਓਸੇ ਦੇ ਵਿਹੜੇ ਵਿਚ ਆ ਉਤਰੀ। ਤੇਜ਼ ਰੋਸ਼ਨੀ ਦੇ ਸਾਮ੍ਹਣੇ ਉਹਦੀਆਂ ਅੱਖਾਂ ਚੁੰਧਿਆ ਗਈਆਂ। ਉਹਨੇ ਦੋਹਾਂ ਹੱਥਾਂ ਨਾਲ ਆਪਣਾ ਚਿਹਰਾ ਢੱਕ ਲਿਆ। ਤਾਹੀਏਂ ਖ਼ਬਰ, ਜਾਂ ਕਿਸੇ ਨੇ ਉਹਨੂੰ ਬਾਂਹੋਂ ਫੜ ਕੇ ਕਿਹਾ, "ਸਵਰਨ ਲਤਾ ! ਉੱਠ। ਮੈਂ ਤੈਨੂੰ ਇਸ ਕੈਦ ਵਿਚੋਂ ਕਢਣ ਵਾਸਤੇ ਆਇਆ ਹਾਂ।" ਸਵਰਨ ਲਤਾ ਨੇ ਅੱਖਾਂ ਖੁਹਲ ਕੇ ਡਿੱਠਾ, ਤਾਂ ਸਾਮ੍ਹਣੇ ਸੂਹੇ ਚੀਰੇ ਵਾਲਾ ਰਾਜ ਕੁਮਾਰ ਘੋੜੇ ਦੀ ਵਾਗ ਫੜੀ ਖਲਾ ਸੀ। ਸਵਰਨ ਲਤਾ ਹੰਭਲਾ ਮਾਰ ਕੇ ਉਠ ਬੈਠੀ। ਵਾਗ ਦਾ ਇਸ਼ਾਰਾ ਪਾਉਂਦਿਆਂ

ਹੀ ਘੋੜਾ ਆਸਮਾਨ ਵੱਲ ਉੱਡ ਪਿਆ। ਵਸੋਂ ਤੋਂ ਬਹੁਤ ਦੂਰ ਉਹ ਇਕ ਜੰਗਲ ਵਿਚ ਜਾ ਉਤਰੇ। ਓਥੇ ਹੀ ਉਹ ਕਾਨਿਆਂ ਦੀ ਛੱਪਰੀ ਪਾ ਕੇ ਰਹਿਣ ਲੱਗ ਪਏ। ਜੰਗਲ ਵਿਚੋਂ ਦੋ ਬਲਦ ਫੜ ਕੇ ਉਹ ਵਾਹੀ ਕਰਨ ਲਗ ਪਏ। ਰਾਜ ਕੁਮਾਰ ਹਲ ਵਾਹੁੰਦਾ ਤੇ ਉਹ ਉਸਦਾ ਭੱਤਾ ਲੈ ਕੇ ਜਾਂਦੀ। ਸਮਾਂ ਪਾ ਕੇ ਉਹਨਾਂ ਘਰ ਇਕ ਪੁੱਤਰ ਹੋਇਆ, ਫਿਰ ਇਕ ਹੋਰ ਤੇ ਫਿਰ ਇਕ ਹੋਰ। ਸਾਰਿਆਂ ਤੋਂ ਛੋਟੀ ਉਹਨਾਂ ਘਰ ਇਕ ਧੀ ਹੋਈ। ਇਕ ਦਿਨ ਸਵਰਨ ਲਤਾ ਨੇ ਧੀ ਦਾ ਮੂੰਹ ਧੋਂਦਿਆਂ ਕਿਹਾ, "ਰਾਜ ਕੁਮਾਰ ! ਮੈਂ ਆਪਣੀ ਧੀ, ਕਿਸੇ ਰਾਜੇ ਦੇ ਘਰ ਨਹੀਂ ਵਿਆਹੁਣੀ, ਸਗੋਂ ਕਿਸੇ ਕਾਮੇ ਦੇ ਘਰ ਵਿਆਹਵਾਂਗੀ, ਜੋ ਹੱਥੀਂ ਖੱਟ ਕਮਾ ਕੇ ਲਿਆਵੇ ਤੇ ਰੁੱਖੀ ਮਿੱਸੀ ਇਹਦੇ ਨਾਲ ਬਹਿਕੇ ਖਾਵੇ।"

"ਠੱਕ, ਠੱਕ, ਠੱਕ।" ਨੌਕਰਾਣੀ ਦੇ ਬਾਹਰੋਂ ਕੁੰਡਾ ਖੜਕਾਉਣ ਉਤੇ ਸਵਰਨ ਲਤਾ ਦੀ ਅੱਖ ਖੁੱਲ੍ਹ ਗਈ ਸੀ। ਉਹ ਸਾਰਾ ਦਿਨ ਸਵਰਨ ਲਤਾ ਦਾ ਦਿਲ ਬਹੁਤ ਉਦਾਸ ਰਿਹਾ ਸੀ। ਕਈ ਘੰਟੇ ਇਕੋ ਥਾਂ ਬੈਠੀ ਉਹ ਕਬੂਤਰਾਂ ਦੇ ਜੋੜੇ ਵੱਲੇ ਵੇਖਦੀ ਰਹੀ ਸੀ। ਉਹਦੇ ਕਮਰੇ ਦੇ ਰੋਸ਼ਨਦਾਨ ਵਿਚ ਉਹ ਆਲ੍ਹਣਾ ਬਣਾ ਰਹੇ ਸਨ। ਕਬੂਤਰ ਬਾਹਰੋਂ ਤੀਲੇ ਚੁੱਕ ਚੁੱਕ ਕੇ ਲਿਆ ਰਿਹਾ ਸੀ। ਕਬੂਤਰੀ ਬੈਠੀ ਉਹਨਾਂ ਤੀਲਿਆਂ ਨੂੰ ਬੜੀ ਵਿਉਂਤ ਨਾਲ ਜੋੜੀ ਜਾ ਰਹੀ ਸੀ। ਪੰਜ-ਸੱਤ ਚੱਕਰ ਲਾਉਣ ਪਿਛੋਂ ਕਬੂਤਰ ਗੁਟਕੂੰ ਗੁਟਕੂੰ ਕਰਦਾ ਕਬੂਤਰੀ ਦੇ ਕੋਲ ਆ ਬਹਿੰਦਾ। ਉਹ ਦੋਵੇਂ ਪਿਆਰ ਨਾਲ ਇਕ ਦੂਜੇ ਦੀ ਧੌਣ ਨੂੰ ਚੁੰਝਾਂ ਨਾਲ ਖੁਰਕਣ ਲੱਗ ਪੈਂਦੇ। ਇਹ ਵੇਖਕੇ ਸਵਰਨ ਲਤਾ ਦਾ ਜੀ ਉੱਚੀ ਉੱਚੀ ਭੁੱਬਾਂ ਮਾਰ ਕੇ ਰੋਣ ਨੂੰ ਕਰਦਾ ਸੀ। ਪਰ ਉਹ ਏਡੇ ਵੱਡੇ ਘਰ ਦੀ ਮਾਲਕਣ ਕਿਵੇਂ ਰੋ ਸਕਦੀ ਸੀ ? ਨਾ ਉਹ ਆਪਣੀ ਮਰਜ਼ੀ ਨਾਲ ਰੋ ਸਕਦੀ ਸੀ, ਨਾ ਹੱਸ ਸਕਦੀ ਸੀ।

ਇਹ ਸੁਪਨਾ ਸਵਰਨ ਲਤਾ ਨੂੰ ਕਈ ਦਿਨ ਨਾ ਭੁੱਲਿਆ। ਸਗੋਂ ਉਹ ਤਾਂ ਉਹਦੇ ਸੁੱਤਿਆਂ ਜਾਗਦਿਆਂ ਫੁਰਨਿਆਂ ਵਿਚ ਰਚ ਗਿਆ। ਉਹ ਰਾਤ ਨੂੰ ਪਲੰਘ ਉਤੇ ਲੇਟਦੀ, ਤਾਂ ਸ਼ੇਖ ਚਿੱਲੀ ਵਾਂਗ ਖ਼ਿਆਲੀ ਘੋੜੇ ਦੁੜਾਉਣ ਲੱਗ ਪੈਂਦੀ। ਉਹ ਇਉਂ ਸੋਚਣ ਲੱਗ ਪੈਂਦੀ, ਜਿਵੇਂ ਕੋਈ ਸੋਹਣਾ ਜਿਹਾ ਗਭਰੂ ਉਹਦੇ ਮੰਜੇ ਦੀ ਬਾਹੀ ਉਤੇ ਆ ਬੈਠਾ ਹੈ। ਗੱਭਰੂ, ਜਿਸ ਨੂੰ ਉਹ ਜਾਣਦੀ ਨਹੀਂ, ਜਿਸ ਨੂੰ ਉਹਨੇ ਅੱਗੇ ਕਦੇ ਡਿੱਠਾ ਤਕ ਨਹੀਂ। ਕਦੇ ਉਹ ਉਹਦੇ ਕੇਸਾਂ ਵਿਚ ਹੱਥ ਫੇਰਦਾ ਹੈ, ਕਦੇ ਉਹਦੇ ਕੁੜਤੇ ਦੇ ਬਟਣਾਂ ਨਾਲ ਖੇਡਦਾ ਹੈ, ਕਦੇ ਉਹਦੀਆਂ ਵੰਗਾਂ ਨੂੰ ਛੇੜਨ ਲੱਗ ਪੈਂਦਾ ਹੈ। ਉਹ ਉਹਦੀਆਂ ਅੱਖਾਂ ਵਿਚ ਅੱਖਾਂ ਪਾਈ ਮਿੱਠੀਆਂ ਮਿੱਠੀਆਂ ਗੱਲਾਂ ਕਰੀ ਜਾਂਦਾ ਹੈ। ਤੇ ਉਹ ਓਦੋਂ ਤਕ ਗੱਲਾਂ ਕਰਦਾ ਰਹਿੰਦਾ ਹੈ

ਜਦ ਤਕ ਤਰਸ ਖਾ ਕੇ ਨੀਂਦ ਉਸਨੂੰ ਆਪਣੀ ਗੋਦ ਵਿਚ ਨਹੀਂ ਲੈ ਲੈਂਦੀ।

ਕਿਸੇ ਕਿਸੇ ਦਿਨ ਸਵਰਨ ਲਤਾ ਬਹੁਤ ਹੀ ਛਿੱਥੀ ਪੈ ਜਾਂਦੀ। ਅਜੇਹੇ ਫੁਰਨਿਆਂ ਨਾਲ ਉਹਦੀ ਆਦਣੀ ਹੋਈ ਜਵਾਨੀ ਮਚਲ ਉਠਦੀ। ਉਹ ਸਾਰੀ ਰਾਤ ਅੰਗੜਾਈਆਂ ਲੈਂਦੀ ਰਹਿੰਦੀ। ਉਹਦੇ ਸਾਰੇ ਹੱਡ ਬੰਦ ਟੁੱਟਣ ਲੱਗ ਪੈਂਦੇ। ਉਹਦੇ ਲਹੂ ਵਿਚ ਗਰਮੀ ਵਧ ਜਾਂਦੀ। ਉਹਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ। ਕੁਛ ਮਹੀਨਿਆਂ ਤੋਂ ਉਹਨੂੰ ਕਦੇ ਕਦੇ ਬੇਹੋਸ਼ੀ ਦੇ ਦੌਰੇ ਵੀ ਪੈਣ ਲੱਗ ਪਏ ਸਨ।

ਹੱਸੀ ਮਰਾਸਣ ਤੋਂ ਮਾਸੂਮ ਨਾਜੋ ਦੀ ਗੱਲ ਸੁਣ ਕੇ ਸਵਰਨ ਲਤਾ ਸਾਰੀ ਰਾਤ ਸੌਂ ਨਾ ਸੱਕੀ। ਅਗਲੇ ਦਿਨ ਉਹਨੇ ਮਨਸੁਖ ਨੂੰ ਬੁਲਾ ਕੇ ਪੁੱਛਿਆ, "ਕੀ ਇਹ ਗੱਲ ਠੀਕ ਏ ?"

"ਬੀਬੀ ਜੀ !" ਮਨਸੁਖ ਨੇ ਨੀਂਵੀਂ ਪਾ ਕੇ ਕਿਹਾ, "ਮੈਂ ਨੌਕਰ ਆਂ। ਨੌਕਰ ਦੀਆਂ ਅੱਖਾਂ ਨਹੀਂ ਹੁੰਦੀਆਂ। ਉਹ ਵੇਖਦਾ ਹੋਇਆ ਵੀ ਕੁਛ ਨਹੀਂ ਵੇਖਦਾ। ਨੌਕਰ ਦੇ ਕੰਨ ਨਹੀਂ ਹੁੰਦੇ। ਉਹ ਸੁਣਦਾ ਹੋਇਆ ਵੀ ਕੁਛ ਨਹੀਂ ਸੁਣਦਾ। ਨੌਕਰ ਦੀ ਜੀਭ ਹੁੰਦੀ ਏ, ਤੇ ਉਹ ਵੀ ਸਿਰਫ਼ ਜੀ-ਹਜ਼ੂਰ ਕਹਿਣ ਵਾਸਤੇ।"

"ਸਮਝ ਲਿਆ।" ਸਵਰਨ ਲਤਾ ਨੇ ਦੋ ਮਿੰਟ ਚੁੱਪ ਰਹਿ ਕੇ ਕਿਹਾ। "ਮਨਸੁਖ ! ਭਲਕੇ ਨਾਜੋ ਨੂੰ ਬੁਲਾ ਕੇ ਲਿਆਵੀਂ। ਮੈਂ ਉਹਨੂੰ ਵੇਖਣਾ ਚਾਹੁੰਦੀ ਆਂ। ਨਾਲੇ ਉਹਦੀ ਮਾਂ ਵੀ ਆਵੇ।"

"ਬਹੁਤ ਅੱਛਾ, ਸਰਕਾਰ !"

੬

ਰਾਏ ਸਾਹਿਬ ਯਾਰਾਂ ਵਜੇ ਦੀਵਾਨ ਖ਼ਾਨੇ ਵਿਚ ਆਏ। ਬਾਹਰੋਂ ਹੀ ਬੂਟਾਂ ਦੀ ਟਾਪ ਸੁਣ ਕੇ ਸਭ ਲੋਕ ਉਠ ਕੇ ਖਲੋ ਗਏ। ਰਾਏ ਸਾਹਿਬ ਨੇ ਇਕ ਸਰਸਰੀ ਨਜ਼ਰ ਸਾਰਿਆਂ ਉਤੇ ਸੁਟੀ। ਸਭ ਨੇ ਪੌਣੇ ਕਦ ਤਕ ਝੁੱਕ ਕੇ ਨਮਸਕਾਰ ਕੀਤੀ। ਨੀਯਤ ਕੁਰਸੀ 'ਤੇ ਬੈਠਣ ਲਗਿਆਂ ਰਾਏ ਸਾਹਿਬ ਦੀ ਨਿਗ੍ਹਾ ਮਾੜਚੂ ਜੇਹੇ ਸਰਾਜ ਉਤੇ ਪਈ। ਸਰਾਜ ਦੀ ਉਮਰ ਭਾਵੇਂ ਬਾਈ-ਤੇਈ ਸਾਲ ਦੀ ਸੀ, ਪਰ ਉਹਨੂੰ ਗੱਭਰੂ ਜਾਂ ਜਵਾਨ ਕਹਿਣਾ, ਜਵਾਨੀ ਦਾ ਹਾਸਾ ਉਡਾਉਣ ਦੇ ਬਰਾਬਰ ਸੀ। ਜਿਸਨੂੰ ਸਾਰੀ ਉਮਰ ਇਕ ਡੰਗ ਵੀ ਰੱਜ ਕੇ ਖਾਣ ਨੂੰ ਨਹੀਂ ਮਿਲਿਆ, ਉਸ ਉਤੇ ਜਵਾਨੀ ਆ ਹੀ ਕਿਵੇਂ ਸਕਦੀ ਸੀ ? ਉਹ ਤਾਂ ਇਕ ਹੱਡੀਆਂ ਦਾ ਢਾਂਚਾ ਸੀ, ਕਾਨਿਆਂ ਦਾ ਕਾਰੰਗਾ। ਉਹਦੇ ਸਰੀਰ ਉਤੇ ਸਿਰਫ਼ ਓਨਾ ਹੀ ਮਾਸ ਸੀ, ਜਿੰਨੇ

ਨਾਲ ਪਿੰਜਰ ਦੇ ਜੋੜ ਜੁੜੇ ਰਹਿ ਸਕਣ । ਸਵਾ ਪੰਜ ਫੁੱਟ ਕੱਦ, ਹੜਬਾਂ ਨਿਕਲੀਆਂ ਹੋਈਆਂ, ਤੇ ਨਿੱਕੀਆਂ ਨਿੱਕੀਆਂ ਅੱਖਾਂ ਅਖਵਾਨਿਆਂ ਵਿਚ ਪਿਛਾਂਹ ਧਸੀਆਂ ਹੋਈਆਂ । ਉਹਦੇ ਵੱਲੇ ਵੇਖ ਕੇ 'ਸਰਬੱਤ ਨੂੰ ਰੋਜ਼ੀ ਪੁਚਾਉਣ ਵਾਲੇ' ਨੂੰ ਉਲਾਹਮਾ ਦੇਣ ਵਾਸਤੇ ਦਿਲ ਬਗ਼ਾਵਤ ਕਰਨ ਲਈ ਕਾਹਲਾ ਪੈਣ ਲੱਗ ਪੈਂਦਾ ਸੀ ।

ਸਰਾਜ ਦੀਆਂ ਬਾਂਹੀਂ ਕੰਡ ਪਿਛੇ ਬਧੀਆਂ ਹੋਈਆਂ ਸਨ । ਉਹਦੀਆਂ ਚੁੰਨ੍ਹੀਆਂ ਅੱਖਾਂ ਬੜੀ ਅਨੋਖੀ ਤੱਕਣੀ ਨਾਲ ਸਾਰਿਆਂ ਵੱਲ ਝਾਕ ਰਹੀਆਂ ਸਨ । ਰਾਏ ਸਾਹਿਬ ਨੇ ਉਹਦੇ ਵੱਲੇ ਇਸ਼ਾਰਾ ਕਰਕੇ ਆਪਣੇ ਪਹਿਲਵਾਨ ਨੌਕਰ ਨੂੰ ਪੁਛਿਆ, "ਮੰਮੂਦੂ ! ਕੀ ਗੱਲ ਏ ?"

"ਰਾਏ ਸਾਹਬ ! ਇਹਦੀ ਰਾਤੀਂ ਪਾਣੀ ਦੀ ਵਾਰੀ ਸੀ । ਤੇ ਇਹ ਸਾਰੀ ਰਾਤ ਗੰਨੇ ਭੰਨ ਭੰਨ ਕੇ ਚੂਪਦਾ ਰਿਹਾ ਏ । ਮਾਰ, ਪੰਡ ਸਾਰੀ ਛਿੱਲਾਂ ਦੀ ਪਈ ਸੀ ਓਥੇ । ਵਿਚ ਪੋਨੇ ਦੀਆਂ ਛਿੱਲਾਂ ਵੀ ਸਨ ।" ਮੰਮੂਦੂ ਨੇ ਫ਼ੌਜੀ ਢੰਗ ਨਾਲ, ਤਖ਼ਤੇ ਵਾਂਗ ਸਿੱਧਾ ਖਲੋ ਕੇ ਕਿਹਾ ।

"ਸਰਕਾਰ ! ਸਿਰਫ ਇਕੋ......।"

"ਬਕ ਨਹੀਂ, ਉਇ !" ਰਾਏ ਸਾਹਿਬ ਦੀ ਦਹਾੜ ਥੱਲੇ ਗ਼ਰੀਬ ਸਰਾਜ ਦੀ ਗੱਲ ਅਧੂਰੀ ਹੀ ਦੱਬੀ ਗਈ । "ਹਰਾਮਜ਼ਾਦੇ ਨੂੰ ਮੁਰਗਾ ਬਣਾ ਦਿਹ ਉਇ ।" ਆਖ਼ਰੀ ਵਾਕ ਰਾਏ ਸਾਹਿਬ ਨੇ ਮੰਮੂਦੂ ਵੱਲ ਮੂੰਹ ਕਰਕੇ ਕਿਹਾ ।

ਮੰਮੂਦੂ, ਸਰਾਜ ਨੂੰ ਡੌਲਿਓਂ ਫੜ ਕੇ ਕਮਰੇ ਦੀ ਇਕ ਨੁਕਰ ਵਿਚ ਲੈ ਗਿਆ । ਉਹਦੀਆਂ ਬਾਂਹੀਂ ਖੁਹਲ ਕੇ ਮੰਮੂਦੂ ਨੇ ਬੜੀ ਰੁਹਬੀਲੀ ਸੁਰ ਵਿਚ ਹੁਕਮ ਦਿਤਾ, "ਕੰਨ ਫੜ ਉਇ !"

ਸਰਾਜ ਨੇ ਸਕੂਲ ਦਿਆਂ ਬੱਚਿਆਂ ਵਾਂਗ ਖੁੱਚਾਂ ਹੇਠਦੀ ਬਾਂਹੀਂ ਕਢ ਕੇ ਕੰਨ ਫੜ ਲਏ ।

"ਉਚਾ, ਹੋ ਉਇ !"

ਮੰਮੂਦੂ ਦਾ ਹੁਕਮ ਸੁਣ ਕੇ ਸਰਾਜ ਨੇ ਪਿੱਛਾ ਉਚਾ ਕਰ ਲਿਆ ।

"ਉਇ, ਪਾਲੀ ਦੇ ਬੱਚੇ ! ਏਧਰ ਆ ਕੇ ਇਹਦੇ ਉਤੇ ਚੜ੍ਹ ਉਇ !"

ਪਾਲੀ ਜਾਂ ਪਾਲਾ ਸੁੰਹ ਮਜ਼੍ਹਬੀ ਸਰਾਜ ਦੀ ਕੰਡ ਉਤੇ ਚੜ੍ਹ ਬੈਠਾ ।

ਰਾਏ ਸਾਹਿਬ ਕੁਰਸੀ ਉਤੇ ਬੈਠਾ ਕਾਗਜ਼ ਪੱਤਰ ਵੇਖ ਰਿਹਾ ਸੀ । ਮੁਣਸ਼ੀ ਹਰ ਇਕ ਮੁਜ਼ਾਰੇ ਤੇ ਉਹਦੀ ਵਾਹੀ ਦਾ ਹਿਸਾਬ ਸਮਝਾ ਰਿਹਾ ਸੀ । ਰਾਏ ਸਾਹਿਬ ਲੋੜ ਵਾਲੀਆਂ ਥਾਂਵਾਂ ਉਤੇ ਆਪਣੇ ਲਾਲ ਸਿਆਹੀ ਵਾਲੇ ਪੈੱਨ ਨਾਲ ਨਸ਼ਾਨ ਕਰ ਰਿਹਾ ਸੀ । ਕਦੇ ਕਦਾਈਂ ਉਹ ਨਿਗ੍ਹਾ ਉਠਾ ਕੇ ਮੁਣਸ਼ੀ ਵੱਲ ਵੇਖ ਲੈਂਦਾ ।

ਮੁਣਸ਼ੀ ਓਸੇ ਤਰ੍ਹਾਂ ਖਲਾ ਸਿਰ ਹਿਲਾ ਕੇ ਇਕਬਾਲ ਕਰ ਲੈਂਦਾ, ਕਿ ਉਹਨੇ ਮਾਲਕ ਦਾ ਆਸ਼ਾ ਸਮਝ ਲਿਆ ਹੈ।

"ਕਿਉਂ ? ਕੀ ਗੱਲ ਏ, ਵੱਡੀ ਫਾਫਾਂ !" ਰਾਏ ਸਾਹਿਬ ਨੇ ਹਿਸਾਬ ਕਤਾਬ ਦੀ ਪੜਤਾਲ ਵੱਲੋਂ ਵਿਹਲੇ ਹੋ ਕੇ ਬੁਢੜੀ ਫ਼ਾਤਮਾ ਵੱਲੇ ਤਕਦਿਆਂ ਪੁਛਿਆ, ਜੋ ਚਰੋਕਣੀ ਹੱਥ ਜੋੜੀ ਕੋਡੀ ਹੋਈ ਖਲੀ ਸੀ।

"ਸਰਕਾਰ ! ਇਕ ਮਣ ਕਣਕ ਮਿਲ ਜਾਏ। ਤੁਹਾਡੇ ਬੱਚੇ ਨੂੰ ਅਸੀਸਾਂ ਦਿਆਂਗੀ।" ਸੱਠ ਸਾਲਾ ਬੁਢੜੀ ਫ਼ਾਤਮਾ ਨੇ ਰੋਣਹਾਕੀ ਸੁਰ ਵਿਚ ਬਹੁਤ ਹੀ ਆਜਜ਼ੀ ਨਾਲ ਕਿਹਾ।

ਬੁਢੜੀ ਦਾ ਨਾਂ ਭਾਵੇਂ ਗ਼ੁਲਾਮ ਫ਼ਾਤਮਾ ਸੀ, ਪਰ ਰਾਏ ਸਾਹਿਬ ਉਹਨੂੰ ਫਾਫਾਂ ਕਹਿ ਕੇ ਹੀ ਬੁਲਾਇਆ ਕਰਦਾ ਸੀ। ਗ਼ਰੀਬਾਂ ਦੇ ਪੂਰੇ ਨਾਂ ਸੱਦਣ ਵਿਚ ਅਮੀਰ ਲੋਕ ਆਪਣੀ ਹੱਤਕ ਸਮਝਦੇ ਹਨ। ਗ਼ੁਲਾਮ ਮੁਹੰਮਦ ਨੂੰ ਮੰਮੂਦੂ, ਨਬੀ ਬਖ਼ਸ਼ ਨੂੰ ਨਬੀਆ, ਨਿਆਜ਼ ਬੇਗਮ ਨੂੰ ਨਾਜੋ ਬੁਲੰਦ ਖ਼ਾਂ ਨੂੰ ਬਿੱਲੂ ਤੇ ਕਮਰੁੱਦੀਨ ਨੂੰ ਕੰਮੂ ਆਖਣ ਵਿਚ ਹੀ ਮਾਲਕਾਂ ਦੀ ਸ਼ਾਨ ਸਮਝੀ ਜਾਂਦੀ ਹੈ।

"ਮੁਣਸ਼ੀ ! ਇਹਨੂੰ ਵੀਹ ਸੇਰ ਕਣਕ ਦੇ ਦੇਣੀ।" ਰਾਏ ਸਾਹਿਬ, ਸਦਾ ਕਾਮੇ ਨੂੰ ਅੱਧਾ ਭੁੱਖਾ ਰੱਖਣ ਦੀ ਨੀਤੀ 'ਤੇ ਅਮਲ ਕਰਦਾ ਸੀ।

"ਰਾਏ ਸਾਹਬ !" ਡਰਦੇ ਡਰਦੇ ਕੰਮੂ ਨੇ ਥੋੜਾ ਜਿਹਾ ਹੋਰ ਝੁਕ ਕੇ ਅਰਜ਼ ਕੀਤੀ।

"ਕਿਉ ? ਕੀ ਬਕਦਾ ਏਂ ?" ਰਾਏ ਸਾਹਿਬ ਜ਼ਰਾ ਖਰ੍ਹਵੀ ਸੁਰ ਵਿਚ ਬੋਲਿਆ।

"ਰਾਏ ਸਾਹਬ ! ਮੇਰੇ ਕੋਲ ਤਾਂ ਪਹਿਲਾਂ ਈਂ ਸਭੋ ਸੱਤ ਕਿੱਲੇ ਸਨ; ਤੇ ਉਹਨਾਂ ਵਿਚੋਂ ਵੀ ਬਾਗ ਵਾਲੇ ਦੋ ਝੰਡੇ ਨੇ ਵਾਹ ਲਏ ਨੇ। ਮੇਰਾ ਬਾਲ ਬੱਚਾ...।"

"ਮੈਂ ਪਟਾ ਲਿਖ ਕੇ ਦਿਤਾ ਹੋਇਆ ਏ ਤੇਰੇ ਕੁਤੀੜ-ਵਾਧੇ ਦਾ ? ਚਲ ਦੌੜ। ਜਾਹ, ਉਸ ਹਰਾਮਜ਼ਾਦੀ ਨੂੰ ਘੱਲ, ਜੀਹਦੀ ਆਕੜ ਨਹੀਂ ਚੁੱਕੀ ਜਾਂਦੀ, ਨਵਾਬ-ਜ਼ਾਦੀ ਦੀ।"

"ਸਰਕਾਰ ! ਸਾਡੀ ਕਾਹਦੀ ਆਕੜ......।"

"ਚਲ ਨਿਕਲ, ਉਲੂ ਦਾ ਪੱਠਾ। ਭੈਣ......ਅੱਗੋਂ ਬਕੀ ਜਾਂਦਾ ਏ।" ਰੇਸ਼ਮੀ ਕੱਪੜਿਆਂ ਵਿਚ ਲਪੇਟੇ ਹੋਏ ਰਾਏ ਸਾਹਿਬ ਦੇ ਮੂਹੋਂ ਸਦਾ ਗੰਦੇ ਸ਼ਬਦ ਹੀ ਨਿਕਲਿਆ ਕਰਦੇ ਸਨ।

"ਜਾਹ, ਜਾਹ। ਤੂੰ ! ਸ਼ਾਮ ਨੂੰ ਜੈਨਾ ਨੂੰ ਘੱਲ ਦੇਵੀਂ। ਮਾਲਕ ਦਾ ਰੌਂ ਵੀ

ਸਮਝਿਆ ਕਰੋ ।" ਕੋਲੋਂ ਮੁਣਸ਼ੀ ਨੇ ਕੰਮੂ ਨੂੰ ਸਲਾਹ ਦਿਤੀ।

ਰਾਏ ਸਾਹਿਬ ਨੂੰ ਕੰਮੂ 'ਤੇ ਨਹੀਂ, ਕੰਮੂ ਦੀ ਘਰ ਵਾਲੀ ਜੈਨਾ 'ਤੇ ਗੁੱਸਾ ਸੀ। ਡੇਢ-ਕੁ ਮਹੀਨਾ ਪਹਿਲਾਂ ਮਰਨ ਵਾਲੇ ਰਾਏ ਬਹਾਦਰ ਦੀ ਬਰਸੀ ਮਨਾਈ ਗਈ ਸੀ। ਤੇ ਜਾਣਦੇ ਹੋ, 'ਰਾਠਾਂ ਦੇ ਰਾਠ ਪਰਾਹੁਣੇ'। ਰਾਏ ਸਾਹਿਬ ਦੇ ਘਰ ਕੋਈ ਹੋਰ 'ਰਾਏ ਬਹਾਦਰ' 'ਸਰਦਾਰ ਬਹਾਦਰ' ਤੇ 'ਖ਼ਾਨ ਬਹਾਦਰ' ਆਏ ਸਨ। ਮਹਿਮਾਨਾਂ ਦੀ ਸੇਵਾ ਵੀ ਉਹਨਾਂ ਦੀ ਸ਼ਾਨ ਦੇ ਮੁਤਾਬਕ ਹੋਣੀ ਜ਼ਰੂਰੀ ਸੀ। ਉਹਨਾਂ ਦੇ ਖਾਣ ਵਾਸਤੇ ਕਬਾਬ, ਪੀਣ ਵਾਸਤੇ ਸ਼ਰਾਬ ਤੇ ਰਾਤ ਕਟਣ ਵਾਸਤੇ...। ਸ਼ਾਇਦ ਅਜੇਹੇ ਭੱਦਰ ਪੁਰਸ਼ਾਂ ਦੀਆਂ ਖ਼ਾਹਸ਼ਾਂ ਦੀ ਤਰਜਮਾਨੀ ਕਰਦਾ ਹੋਇਆ ਹੀ ਅੰਗਰੇਜ਼ੀ ਭਾਸ਼ਾ ਦਾ ਮਹਾਨ ਰੋਮਾਂਟਿਕ ਕਵੀ ਕੀਟਸ (Keats) ਲਿਖਦਾ ਹੈ:

Give me woman, wine and snuff
Until I cry out, O hold enough.

(ਮੈਨੂੰ ਇਸਤਰੀ, ਸ਼ਰਾਬ ਤੇ ਨਸਵਾਰ ਦਿਤੀ ਜਾਵੇ, ਜਿੰਨਾ ਚਿਰ ਮੈਂ 'ਬੱਸ ਬੱਸ' ਨਾ ਪੁਕਾਰ ਉਠਾਂ।)

ਤੇ ਬਰਸੀ ਸਮੇਂ ਪਿੰਡ ਦੇ ਹਰ ਮੁਜ਼ਾਰੇ ਦੀ ਜਵਾਨ ਜਾਂ ਅਧਖੜ ਇਸਤਰੀ ਨੂੰ ਆਏ ਭੱਦਰ ਪੁਰਸ਼ਾਂ ਦੀ ਸੇਵਾ ਦਾ ਸੋਭਾਗ ਪ੍ਰਾਪਤ ਹੋਇਆ ਸੀ। ਪਰ ਬਦ-ਕਿਸਮਤ ਜੈਨਾ ਨੇ ਉਸ ਜਸ਼ਨ ਵਿਚ ਹਿੱਸਾ ਲੈਣੋ ਇਨਕਾਰ ਕਰ ਦਿਤਾ ਸੀ। ਕਿੱਡਾ ਵਾ-ਹਯਾਤ ਬਹਾਨਾ ਸੀ ਉਹਦਾ, ਕਿ ਇਹ ਮੇਰੇ 'ਮਹੀਨੇ' ਦੇ ਦਿਨ ਹਨ। ਉਸ ਗੁਸਤਾਖ਼ੀ ਦਾ ਭਲਾ ਰਾਏ ਸਾਹਿਬ ਕਿਵੇਂ ਬਦਲਾ ਨਾ ਲੈਂਦੇ ?

ਕਮਰੇ ਦੀ ਗੁੱਠ ਵਿਚ ਸਰਾਜ ਓਸੇ ਤਰ੍ਹਾਂ ਮੁਰਗਾ ਬਣਿਆਂ ਖਲਾ ਸੀ। ਪਾਲੀ ਉਹਦੀ ਪਿੱਠ ਉਤੇ ਚੜ੍ਹਿਆ ਬੈਠਾ ਸੀ। ਮੰਮੂਦੂ ਕੋਲ ਪਹਿਰੇ 'ਤੇ ਡਟਿਆ ਖਲਾ ਸੀ। ਉਹਨੇ ਜ਼ਰਾ ਨਿਉਂ ਕੇ ਸਰਾਜ ਦੇ ਨੇੜੇ ਹੋ ਕੇ ਪੁਛਿਆ, "ਕਿਉਂ ? ਦਸ।" ਮੰਮੂਦੂ ਨੇ ਜਾਣ ਕੇ ਆਖ਼ਰੀ ਦੋ ਅੱਖਰੇ ਸ਼ਬਦ ਉਤੇ 'ਅਧਕ' ਦੀ ਵਰਤੋਂ ਨਹੀਂ ਸੀ ਕੀਤੀ।

"ਪੰਜ, ਪੰਜ।" ਸਰਾਜ ਨੇ ਪਤਲੀ ਜੇਹੀ ਵਾਜ ਵਿਚ ਉੱਤਰ ਦਿਤਾ। ਜਿਹੜੀ ਗੱਲ ਉਹਨੇ ਬਾਹਰ ਨਹੀਂ ਸੀ ਮੰਨੀ, ਮਜਬੂਰ ਹੋ ਕੇ ਏਥੇ ਮੰਨ ਲਈ।

"ਕਿਉਂ, ਸਰਕਾਰ ! ਸਰਾਜ ਬਾਰੇ ਕੀ ਹੁਕਮ ਏ ?" ਮੰਮੂਦੂ ਨੇ ਰਾਏ ਸਾਹਿਬ ਦਾ ਧਿਆਨ ਏਧਰ ਦੁਆਉਂਦਿਆਂ ਪੁੱਛਿਆ।

"ਲਿਆ ਏਧਰ ਹਰਾਮਜ਼ਾਦੇ ਨੂੰ।" ਰਾਏ ਸਾਹਿਬ ਨੇ ਸ਼ੁਭ ਰਸਨਾ ਤੋਂ ਫ਼ੁਰਮਾਇਆ।"

ਸਰਾਜ ਹੱਥ ਜੋੜ ਕੇ ਸਾਮ੍ਹਣੇ ਆ ਖਲਾ।

"ਕਿਉਂ ਉਇ ਮਾਂ ਦਿਆਂ ਖ......!"

"ਰਾਏ ਸਾਹਬ ! ਭੁੱਖ ਬੜੀ ਲੱਗੀ ਸੀ। ਸਿਰਫ ਇਕੋ ਗੰਨਾ......।" ਡਰ ਨਾਲ ਕੰਬਦਾ ਹੋਇਆ ਸਰਾਜ ਵਾਕ ਪੂਰਾ ਨਾ ਕਰ ਸਕਿਆ।

"ਭੁੱਖ ਦਾ ਬੱਚਾ। ਘਰੋਂ ਖਾ ਮਰ ਕੇ ਨਹੀਂ ਸੈਂ ਗਿਆ।"

"ਰਾਏ ਸਾਹਬ ! ਆਟਾ ਮੁੱਕਾ ਹੋਇਆ ਸੀ। ਇਕ ਵਾਰ ਮਾਫੀ......।"

"ਸਹੁਰਾ ਮਾਫੀ ਦਾ।......ਮੁਣਸ਼ੀ ! ਵੀਹ ਰੁਪੈ ਜੁਰਮਾਨਾ ਲਿਖ ਇਹਦੇ ਨਾਂ !"

"ਸਰਕਾਰ ! ਬੜਾ ਗਰੀਬ ਏ। ਮਾਫ ਕਰ ਦਿਹੋ ਸੁ।" ਕੋਲੋਂ ਮੰਮੂਦੂ ਨੇ ਸਫ਼ਾਰਸ਼ ਕੀਤੀ।

"ਨਹੀਂ, ਉੱਕਾ ਮਾਫ਼ ਨਹੀਂ ਕੀਤਾ ਜਾ ਸਕਦਾ। ਇਹ ਹਰਾਮੀ ਕੁੱਤੇ ਵਿਗੜ ਜਾਂਦੇ ਨੇ। ਮੁਣਸ਼ੀ ! ਪੰਜ ਰੁਪੈ ਲਿਖ ਲੈ ਸੁ।" ਆਖ਼ਰੀ ਹੁਕਮ ਦੇ ਕੇ ਰਾਏ ਸਾਹਿਬ ਉਠ ਕੇ ਬਾਹਰ ਚਲੇ ਗਏ।

"ਲੈ, ਸੂਰ ਦਿਆ ਪੁੱਤਰਾ ! ਤੇਰੇ ਨਾਲ ਰਹਿਮ ਕਰਾ ਦਿਤਾ ਈ।" ਮੰਮੂਦੂ ਨੇ ਸਰਾਜ ਨਾਲ ਅਹਿਸਾਨ ਜਤਾਉਂਦਿਆਂ ਕਿਹਾ।

ਜਿੱਦਣ ਦੀ ਸ਼ਰਾਜ ਦੀ ਇਕੋ ਇਕ ਭੈਣ ਮਰ ਗਈ ਸੀ, ਮਾਲਕਾਂ ਦੀ ਉਸ ਉਤੇ ਕਰੋਪੀ ਸ਼ੁਰੂ ਹੋ ਗਈ ਸੀ। ਤੇ ਉਹ ਹਰਾਮਣ ਵੀ ਜਾਣ ਕੇ ਈ ਮਰ ਗਈ। ਭਲਾ ਅੱਗੇ ਕਦੇ ਕਿਸੇ ਜ਼ਨਾਨੀ ਨੂੰ ਕਿਸੇ ਅਮੀਰ ਪਰਾਹੁਣੇ ਕੋਲੋਂ ਇਹ ਬੀਮਾਰੀ ਹੋਈ ਨਹੀਂ ਸੀ ? ਉਹ ਵੇਲੇ ਸਿਰ ਇਲਾਜ ਕਰਾ ਲੈਂਦੀ।

੭

"ਬੀਬੀ ਜੀ ! ਤੁਸੀਂ ਪੰਜਾਂ ਸੱਤਾਂ ਦਿਨਾਂ ਦੇ ਕਿਵੇਂ ਪਏ ਰਹਿੰਦੇ ਜੇ, ਨਿੰਮੋ-ਝੂਣੇ ਜਹੇ ?" ਤੁਲਸਾਂ ਨੇ ਪਲੰਘ ਦੀ ਬਾਹੀ ਕੋਲ ਖਲੋ ਕੇ ਹੱਥ ਮਲਦਿਆਂ ਕਿਹਾ।

"ਕੁਛ ਨਹੀਂ, ਤੁਲਸਾਂ ! ਐਵੇਂ ਜੀਉ ਜ਼ਰਾ ਉਦਾਸ ਏ।" ਸਵਰਨ ਲਤਾ ਨੇ ਪਿਆਂ ਪਿਆਂ ਉੱਤਰ ਦਿਤਾ।

"ਤੁਸਾਂ ਕਿਉਂ ਦਿਲ ਨੂੰ ਲਾ ਲਈ ਏ ਭਲਾ ? ਮਰਦਾਂ ਦਾ ਤਾਂ ਹਾਲ ਈ ਏਹਾ ਹੁੰਦਾ ਏ। ਘਰ ਦੀ ਪਰੋਸੀ ਹੋਈ ਨਾਲੋਂ, ਇਹਨਾਂ ਨੂੰ ਬਗਾਨੇ ਜੂਠੇ ਟੁਕੜਿਆਂ ਦੀ ਬਹੁਤੀ ਲੱਚ ਹੁੰਦੀ ਏ। ਕੋਈ ਹਟਕਣ ਵਰਜਣ ਵਾਲਾ ਜੁ ਨਾ ਹੋਇਆ।... ਉਠੋ, ਹੌਸਲਾ ਕਰੋ।"

"ਹੌਸਲਾ ?" ਸਵਰਨ ਲਤਾ ਏਨੀ ਹੌਲੀ ਬੋਲੀ, ਜਿਵੇਂ ਆਪਣੇ ਆਪ ਨਾਲ ਗੱਲ ਕਰ ਰਹੀ ਹੋਵੇ।

"ਅੱਗੇ ਕਾਕਾ ਜੀ ਕੋਲ ਹੁੰਦੇ ਸਨ, ਵਾਹਵਾ ਜੀਅ ਲੱਗਾ ਰਹਿੰਦਾ ਸੀ। ਹੁਣ ਉਹਨਾਂ ਨੂੰ ਵੀ ਅੱਖਾਂ ਤੋਂ ਉਹਲੇ ਕਰ ਛਡਿਆ ਨੇ। ਕਿੱਥੇ ਮਸੂਰੀ, ਪਰਦੇਸਾਂ ਦੇ ਪੰਧ, ਨਾ ਕੋਈ ਆਵੇ, ਨਾ ਜਾਵੇ। ਮੈਂ ਓਦੋਂ ਤਰਲੇ ਲੈ ਰਹੀ, ਪਈ ਏਥੇ ਈ ਕੋਈ ਚੰਗਾ ਜੇਹਾ ਮਾਸਟਰ ਰੱਖ ਲਈਏ। ਭਲਾ ਓਥੇ ਅੰਗਰੇਜੀ ਸਕੂਲ ਵਿਚ ਬਹੁਤੀ ਪੜ੍ਹਾਈ ਹੁੰਦੀ ਸੀ ?"

"ਚੰਗਾ ਏ, ਤੁਲਸਾਂ ! ਉਹ ਆਪਣੇ ਪਿਤਾ ਤੋਂ ਦੂਰ ਈ ਰਹੇ ਤਾਂ ਚੰਗਾ ਏ। ਮੈਂ ਨਹੀਂ ਚਾਹੁੰਦੀ, ਕਿ...।" ਸਵਰਨ ਲਤਾ ਵਾਕ ਅਧੂਰਾ ਛੱਡ ਕੇ ਉਠ ਬੈਠੀ।

ਕੁਛ ਚਿਰ ਕਮਰੇ ਵਿਚ ਚੁੱਪ ਵਰਤੀ ਰਹੀ। ਉਸ ਮੌਤ ਵਰਗੇ ਨਿਰਾਸ ਵਾਯੂਮੰਡਲ ਵਿਚ ਦੋਹਾਂ ਦੇ ਦਿਲ ਕਾਹਲੇ ਪੈਣ ਲੱਗ ਪਏ। ਐਂਵੇਂ ਸਰੀਰ ਨੂੰ ਹਰਕਤ ਦੇਣ ਦੇ ਇਰਾਦੇ ਨਾਲ, ਚਾਦਰ ਇਕ ਪਾਸੇ ਕਰਕੇ, ਸਵਰਨ ਲਤਾ ਨੇ ਲੱਤਾਂ ਪਲੰਘ ਤੋਂ ਹੇਠਾਂ ਲਮਕਾ ਲਈਆਂ। ਸਿਰ ਨੂੰ ਥੋੜਾ ਜਿਹਾ ਝਟਕਾ ਦੇ ਕੇ ਉਹਨੇ ਇਕ ਟਕ ਤੁਲਸਾਂ ਦੇ ਚਿਹਰੇ ਵੱਲ ਤਕਣਾ ਸ਼ੁਰੂ ਕਰ ਦਿਤਾ। "ਸੱਚ ਦੱਸੀਂ, ਮੇਰੀ ਸੱਸ ਏਸੇ ਦੁੱਖੋਂ ਨਹੀਂ ਸੀ ਮਰੀ ?"

"ਬੀਬੀ ਜੀ !" ਜਿਵੇਂ ਅਸਹਿ ਦੁੱਖ ਨਾਲ ਤੁਲਸਾਂ ਦੀ ਚੀਕ ਨਿਕਲ ਗਈ। ਉਹਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਹਿਣ ਲਗ ਪਏ। ਉਹ ਭੋਇੰ 'ਤੇ ਗੋਡਿਆਂ ਭਾਰ ਬਹਿ ਕੇ ਮਾਲਕਣ ਦੀਆਂ ਲੱਤਾਂ ਨੂੰ ਚੰਬੜ ਗਈ। ਉਹਦਿਆਂ ਗੋਡਿਆਂ ਵਿਚ ਸਿਰ ਦੇ ਕੇ ਚਾਲੀ ਸਾਲ ਦੀ ਵਿਧਵਾ ਨੌਕਰਾਣੀ ਬਾਲਾਂ ਵਾਂਗ ਹੁਭਕੀਂ ਹੁਭਕੀਂ ਰੋਣ ਲੱਗ ਪਈ

"ਤੂੰ ਤਾਂ ਮੈਨੂੰ ਹੌਸਲਾ ਦੇਂਦੀ ਸੈਂ ?" ਸਵਰਨ ਲਤਾ ਨੇ ਉਹਦੇ ਸਿਰ 'ਤੇ ਹੱਥ ਫੇਰਦਿਆਂ ਧੀਰਜ ਨਾਲ ਕਿਹਾ।

"ਸਰਕਾਰ ! ਮੇਰੇ ਅੰਦਰ ਵੀ ਕੋਈ ਦੁੱਖ ਨੇ।" ਤੁਲਸਾਂ ਭਾਰ ਸਿਰ ਹੋ ਕੇ ਪੱਲੇ ਨਾਲ ਅੱਖਾਂ ਪੂੰਝਦੀ ਬੋਲੀ। "ਸੈਆਂ ਚੋਂ ਕੋਈ ਇਕ ਕਰਮਾ ਵਾਲੀ ਹੁੰਦੀ ਹੋਵੇਗੀ, ਜੀਹਨੂੰ ਇਹ ਦੁੱਖ ਨਾ ਹੋਵੇ। ਸੁਰਗਾਂ 'ਚ ਵਾਸਾ ਹੋਏ ਨੇ, ਵੱਡੇ ਬੀਬੀ ਜੀ ਨੇ ਬੜਾ ਚਿਰ ਸਬਰ ਰਖਿਆ ਸੀ, ਬੜਾ ਚਿਰ ਸਭ ਕੁਛ ਵੇਖ ਕੇ ਜਰਿਆ ਸੀ। ਤੇ ਜਾਣਦੇ ਓ, ਅੰਤ ਧੌਂਦਾ ਧੌਂਦਾ ਲੋਹਾ ਵੀ ਧੌਂ ਜਾਂਦਾ ਏ। ਸੋ ਉਹ ਵੀ ਅਖੀਰ... ...। ਕੀ ਦੱਸਾਂ ਬੀਬੀ ਜੀ ! ਇਹ ਸੱਲ ਕੀਹਦੇ ਅੰਦਰ ਨਹੀਂ।"

"ਤੇਰਾ ਮਾਲਕ ਵੀ......?"

"ਕੁਛ ਨਾ ਪੁਛੋ, ਸਰਕਾਰ ! ਵਾਹ ਲਗਦੀ ਕੋਈ ਮਰਦ ਘੱਟ ਨਹੀਂ ਜੋ ਗੁਜ਼ਾਰਦਾ। ਆਗਰੇ ਦੀ ਚਮਾਰੀ ਸੀ, ਛੁੱਟੜ। ਸਾਰਾ ਘਰ ਲੁੱਟ ਕੇ ਖਾ ਗਈ ਖਸਮ-ਪਿੱਟੀ। ਯਾਦ ਔਂਦੀ ਏ, ਤਾਂ ਲੰਬਾਂ ਬਲ ਬਲ ਉਠਦੀਆਂ ਨੇ। ਇੱਕੋ ਛੋਟਾ ਜਿਹਾ ਕਮਰਾ ਸੀ ਤਿੰਨਾਂ ਚੌਂਹ ਮੰਜੀਆਂ ਦਾ। ਪੰਜੀਂ ਸੱਤੀਂ ਦਿਨੀ ਉਸ ਰੰਡੀ ਨੇ ਆ ਵੜਨਾ। ਸਾਰੀ ਰਾਤ...ਮੇਰੇ ਕੋਲ ਈ...। ਜੇ ਜਰਾ ਮੂੰਹੋਂ ਕੁਸਕਣਾ, ਤਾਂ ਦਿਹ ਛਿੱਤਰ, ਦਿਹ ਡੰਡਾ। ਸਰਕਾਰ ! ਗੰਗਾ ਨ੍ਹਾਤੀ ਆਂ, ਜਿੱਦਣ ਦਾ ਮਰ ਗਿਆ ਏ।"

"ਉ—ਹ ! ਮਰਦ......ਸਾਰੇ ਮਰਦ...।" ਸਵਰਨ ਲਤਾ ਨੇ ਲੰਮਾ ਸਾਰਾ ਹਉਕਾ ਲਿਆ।

"ਹਾਂ ਸਰਕਾਰ ! ਸਾਰੇ ਮਰਦ ਇਕੋ ਜਿਹੇ ਹੁੰਦੇ ਨੇ। ਤਾਹੀਏਂ ਤਾਂ ਆਹਨੀਂ ਆਂ ਪਈ,...। ਹਾਂ ਸੱਚ ! ਚਰਾਗੋ ਜੁਲਾਹੀ ਆਈ ਏ।" ਤੁਲਸਾਂ ਨੇ ਮਾਲਕਣ ਦਾ ਦਿਲ ਹੋਰ ਪਾਸੇ ਲਾਉਣ ਵਾਸਤੇ ਪ੍ਰਸੰਗ ਬਦਲ ਦਿਤਾ।

"ਚਰਾਗੋ ? ਕੱਲ੍ਹੀ ?" ਸਵਰਨ ਲਤਾ ਨੇ ਪ੍ਰਸ਼ਨ ਸੂਚਕ ਨਜ਼ਰ ਨਾਲ ਤਕਦਿਆਂ ਪੁਛਿਆ।

"ਉਹਦੀ ਨਿੱਕੀ ਧੀ ਵੀ ਨਾਲ ਏ, ਨਾਜੋ।"

"ਉਹਨਾਂ ਦੋਹਾਂ ਨੂੰ ਅੰਦਰ ਭੇਜ ਦਿਹ।"

ਤੁਲਸਾਂ ਉਠ ਕੇ ਬਾਹਰ ਚਲੀ ਗਈ। ਸਵਰਨ ਲਤਾ ਦੇ ਦਿਲ ਵਿਚ ਅਜੀਬ ਕਿਸਮ ਦੀ ਹਲਚਲ ਸ਼ੁਰੂ ਹੋ ਗਈ। ਨਾਜੋ...ਕੰਵਰ ਸਾਹਿਬ......ਰਾਏ ਸਾਹਿਬ...। ਸਭ ਨਜ਼ਾਰੇ ਉਹਦੀਆਂ ਅੱਖਾਂ ਸਾਮ੍ਹਣੇ ਨੱਚਣ ਲੱਗ ਪਏ।

ਚਰਾਗੋ ਤੇ ਨਾਜੋ ਬੂਹੇ ਦਾ ਪਰਦਾ ਹਟਾ ਕੇ, ਨੰਗੇ ਪੈਰੀਂ ਕਮਰੇ ਵਿਚ ਦਾਖ਼ਲ ਹੋਈਆਂ। ਪਿੰਡ ਦੇ ਰਵਾਜ ਅਨੁਸਾਰ ਚਰਾਗੋ ਨੇ ਧਰਤੀ ਤਕ ਝੁਕ ਕੇ ਸਵਰਨ ਲਤਾ ਦੇ ਪੈਰੀਂ ਹੱਥ ਛੁਹਾਏ। ਉਹ ਜ਼ਰਾ ਪਿਛੇ ਹਟੀ, ਤਾਂ ਓਸੇ ਤਰ੍ਹਾਂ ਨਾਜੋ ਨੇ ਪੈਰੀਂ ਹੱਥ ਲਾ ਕੇ ਮੱਥਾ ਟੇਕਿਆ। ਸਵਰਨ ਲਤਾ ਦੀ ਨਜ਼ਰ ਨਾਜੋ ਦੇ ਕੁਮਲਾਏ ਹੋਏ ਫੁੱਲ ਵਰਗੇ ਮੂੰਹ ਉਤੇ ਟਿਕੀ ਹੋਈ ਸੀ। ਨਾਜੋ, ਪਤਲਾ ਛਮਕ ਵਰਗਾ ਸਰੀਰ, ਬਿਲਕੁਲ ਮਾਸੂਮ ਬੱਚਿਆਂ ਵਰਗਾ ਚਿਹਰਾ, ਅਸਲੋਂ ਬਾਲੜੀ, ਜਵਾਨੀ ਦਾ ਅਜੇ ਕਿਤੇ ਨਿਸ਼ਾਨ ਤਕ ਨਹੀਂ ਸੀ।

ਚੋਖਾ ਚਿਰ ਸਵਰਨ ਲਤਾ, ਨਾਜੋ ਦੀਆਂ ਝੁਕੀਆਂ ਹੋਈਆਂ ਅੱਖਾਂ ਵੱਲ ਵਿਹੰਦੀ ਰਹੀ। ਏਸ ਤੱਕਣੀ ਤੋਂ ਸਹਿਮ ਕੇ ਨਾਜੋ ਵਿਚੇ ਵਿਚ ਸੁੰਗੜਦੀ ਜਾ ਰਹੀ ਸੀ। ਉਹਨੂੰ ਸਵਰਨ ਲਤਾ ਵਿਚੋਂ ਵੀ ਕੰਵਰ ਸਾਹਿਬ ਤੇ ਰਾਇ ਸਾਹਿਬ ਦਾ

ਭੁਲੇਖਾ ਪੈ ਰਿਹਾ ਸੀ। ਉਹਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਹਦੇ ਮੱਥੇ ਉਤੇ ਤਰੇਲੀ ਆ ਗਈ ਹੋਵੇ। ਡਰਦਿਆਂ ਡਰਦਿਆਂ ਉਹਨੇ ਸੱਜੇ ਹੱਥ ਨਾਲ ਮੱਥਾ ਪੂੰਝਿਆ। ਉਹਦੇ ਸੁਹਲ ਦਿਲ ਦੀ ਧੜਕਣ ਤਿੰਨ ਗੁਣਾਂ ਵਧ ਗਈ ਸੀ। ਉਹ ਸੋਚ ਰਹੀ ਸੀ। 'ਪਤਾ ਨਹੀਂ, ਹੁਣ, ਹੁਣੇ।'

"ਨਾਜੋ !" ਸਵਰਨ ਲਤਾ ਨੇ ਬੜੀ ਦਰਦ-ਭਿੱਜੀ ਸੁਰ ਵਿਚ ਕਹਿੰਦਿਆਂ ਉਹਦਾ ਹੱਥ ਫੜ ਕੇ ਆਪਣੇ ਵੱਲ ਖਿਚਿਆ।

ਨਾਜੋ ਦਾ ਹੱਥ ਗੜੇ ਵਾਂਗ ਠੰਢਾ ਸੀ। ਉਹਦਾ ਨਿਰਬਲ ਸਰੀਰ ਬੈਂਤ ਦੀ ਪਤਲੀ ਛਮਕ ਵਾਂਗ ਕੰਬ ਰਿਹਾ ਸੀ। ਮੌਤ ਵਰਗਾ ਭੈ ਉਹਦੇ ਦਿਲ 'ਤੇ ਛਾਇਆ ਹੋਇਆ ਸੀ।

"ਬੱਲੀ ! ਤੂੰ ਡਰਦੀ ਕਿਉਂ ਏਂ ? ਮੈਂ ਤੇਰੀ 'ਬੀਬੀ ਜੀ' ਆਂ, ਰਾਏ ਸਾਹਿਬ ਨਹੀਂ। ਆ ਉਰ੍ਹਾਂ।" ਸਵਰਨ ਲਤਾ ਨੇ ਨਾਜੋ ਨੂੰ ਹੋਰ ਨੇੜੇ ਖਿਚ ਲਿਆ। ਖੱਬੀ ਬਾਂਹ ਉਹਨੇ ਨਾਜੋ ਦੇ ਉਦਾਲੇ ਵਲ ਲਈ।

ਚਰਾਗੋ ਇਕ ਕਦਮ ਪਿਛੇ ਹਟ ਕੇ ਸਹਿਮੀ ਖਲੀ ਸੀ। ਓਹਾ ਸਹਿਮ, ਜੋ ਮਾਲਕ ਤੇ ਮੁਜ਼ਾਰੇ ਵਿਚ ਜੁੱਗਾਂ ਤੋਂ ਚਲਿਆ ਆਉਂਦਾ ਹੈ, ਚਰਾਗੋ ਦੇ ਦਿਲ ਨੂੰ ਦਬਾਈ ਬੈਠਾ ਸੀ। ਨਾਜੋ ਵੱਲੋਂ ਹਟ ਕੇ ਸਵਰਨ ਲਤਾ ਦੀ ਇਕ ਤਿਲਕਵੀਂ ਜੇਹੀ ਝਾਤ ਚਰਾਗੋ ਉਤੇ ਪਈ। ਮਾਲਕਣ ਦੀਆਂ ਅੱਖਾਂ ਵਿਚ ਹਮਦਰਦੀ, ਉਦਾਸੀ, ਗ਼ਮ, ਤੇ ਏਹੋ ਜੇਹਾ ਬਹੁਤ ਕੁਛ ਛਲਕ ਰਿਹਾ ਸੀ, ਪਰ ਗੁੱਸਾ ਜਾਂ ਨਾਰਾਜ਼ਗੀ ਨਹੀਂ ਸੀ।

"ਚਰਾਗੋ ! ਬਹਿ ਜਾਹ। ਮੈਂ...ਮੈਂ...।" ਸਵਰਨ ਲਤਾ ਬਿਨਾਂ ਵਾਕ ਪੂਰਾ ਕੀਤਿਆਂ, ਫਿਰ ਨਾਜੋ ਵੱਲ ਤੱਕਣ ਲੱਗ ਪਈ।

ਆਗਿਆ ਪਾ ਕੇ ਚਰਾਗੋ ਓਥੇ ਈ ਭੋਇਁ 'ਤੇ ਬਹਿ ਗਈ।

"ਨਾਜੋ ! ਮੇਰੇ ਵੱਲ ਤੱਕੇਂ ਨਾਂ !" ਸਵਰਨ ਲਤਾ ਨੇ ਉਹਦਾ ਹੱਥ ਛੱਡ ਕੇ, ਠੋਡੀ ਉਤਾਂਹ ਕਰਦਿਆਂ ਕਿਹਾ।

ਮਾਲਕਣ ਦੀ ਮਿੱਠੀ ਵਾਜ ਤੇ ਸਨੇਹ ਭਰੇ ਵਰਤਾਉ ਤੋਂ ਨਾਜੋ ਦਾ ਸਹਿਮ ਬਹੁਤ ਹੱਦ ਤਕ ਦੂਰ ਹੋ ਗਿਆ ਸੀ। ਉਹਨੇ ਬੱਚਿਆਂ ਵਾਂਗ ਸਿਰ ਉਚਾ ਕਰਕੇ ਸਵਰਨ ਲਤਾ ਦੀਆਂ ਅੱਖਾਂ ਵਿਚ ਝਾਕਣਾ ਸ਼ੁਰੂ ਕਰ ਦਿਤਾ। ਉਹਦੀਆਂ ਅੱਖਾਂ ਹੂ-ਬ-ਹੂ ਰਾਏ ਸਾਹਿਬ ਵਰਗੀਆਂ, ਨਹੀਂ ਕੰਵਰ ਸਾਹਿਬ ਵਰਗੀਆਂ, ਨਹੀਂ ਨਹੀਂ, ਰਾਏ ਸਾਹਿਬ ਵਰਗੀਆਂ ਸਨ। ਉੱਘੜ ਦੁੱਘੜੇ ਵਿਚਾਰ ਸਵਰਨ ਲਤਾ ਦੇ ਦਮਾਗ਼ ਵਿਚ ਚੱਕਰ ਲਾ ਰਹੇ ਸਨ। 'ਕੋਈ ਝੂਠ ਨਹੀਂ'। ਸੱਚ ਮੁੱਚ ਹੀ ਇਹ ਵਡੇ ਰਾਏ

ਬਹਾਦਰ ਦੀ......ਰਾਏ ਸਾਹਿਬ ਦੀ ਭੈਣ......, ਹਾਂ ਹਾਂ, ਇਕੋ ਲਹੂ... ...ਭੈਣ ......ਸਕੀ ਭੈਣ।......ਹੇ ਰਾਮ ਸਕੇ ਭੈਣ ਭਰਾ......?'

ਸਵਰਨ ਲਤਾ ਦਾ ਸਿਰ ਚਕਰਾ ਗਿਆ। ਉਹਦੀਆਂ ਅੱਖਾਂ ਵਿਚ ਚਰੋਕਣੇ ਰੋਕੇ ਹੋਏ ਹੰਝੂ ਡਲ੍ਹਕ ਆਏ। ਉਹਨੇ ਨਾਜੋ ਨੂੰ ਕਲੇਜੇ ਨਾਲ ਘੁੱਟ ਲਿਆ। ਏਸ ਤਰ੍ਹਾਂ ਅੰਦਰ ਦੀ ਬਲਦੀ ਸ਼ਾਂਤ ਨਾ ਹੋਈ, ਤਾਂ ਉਹਨੇ ਨਾਜੋ ਦਾ ਮੂੰਹ ਸਿੱਧਾ ਕਰਕੇ ਮਾਂ ਵਾਂਗ ਚੁੰਮ ਲਿਆ।

"ਤੌਬਾ ਅੱਲਾ!" ਚਰਾਗੋ ਤ੍ਰਬਕ ਕੇ ਉਠ ਬੈਠੀ। "ਬੀਬੀ ਜੀ? ਤੁਸਾਂ ਇਹ ਕੀ ਕੀਤਾ? ਤੁਹਾਡਾ ਹਿੰਦੂ ਧਰਮ......।"

"ਚਰਾਗੋ! ਮੇਰਾ ਕੋਈ ਧਰਮ ਨਹੀਂ। ਮੇਰੇ ਘਰ ਵਿਚ ਏਡਾ ਅਨਰਥ, ਏਡਾ ਪਾਪ? ਧਰਮ ਕਿੱਥੇ ਰਹਿ ਗਿਆ? ਕੋਈ......ਕੋਈ ਧਰਮ ਨਹੀਂ ਮੇਰਾ।" ਸਵਰਨ ਲਤਾ ਪਛਤਾਵੇ ਦੇ ਭਾਰ ਥੱਲੇ ਕੁਚਲੀ ਜਾ ਰਹੀ ਸੀ। ਉਸ ਅਪਵਿੱਤਰ ਘਰ ਦੀ ਗੰਦੀ ਹਵਾ ਵਿਚ ਉਹਦਾ ਦਮ ਘੁਟਦਾ ਜਾ ਰਿਹਾ ਸੀ।

"ਬੀਬੀ ਜੀ! ਇਉਂ ਨਾ ਆਖੋ। ਤੁਸੀਂ...ਤੁਸੀਂ......।"

ਚਰਾਗੋ ਨੂੰ ਸੁਝਿਆ ਕੁਛ ਨਾ, ਕਿ ਉਹ ਮਾਲਕਣ ਦੀ ਪਵਿੱਤਰਤਾ ਨੂੰ ਕਿਨ੍ਹਾਂ ਸ਼ਬਦਾਂ ਰਾਹੀਂ ਪਰਗਟ ਕਰੇ। ਤੇ ਉਹ ਓਥੇ ਹੀ ਬਹਿ ਕੇ ਸਵਰਨ ਲਤਾ ਦੇ ਪੈਰਾਂ ਨੂੰ ਪਲੋਸਣ ਲਗ ਪਈ।

ਸਵਰਨ ਲਤਾ ਨੇ ਨਾਜੋ ਨੂੰ ਮੱਲੋ ਮੱਲੀ ਖਿੱਚ ਕੇ ਆਪਣੇ ਖੱਬੇ ਪਾਸੇ ਪਲੰਘ 'ਤੇ ਨਾਲ ਬਹਾ ਲਿਆ। ਉਹ ਇਕ ਵਾਰ ਫਿਰ ਉਹਨੂੰ ਵਖੀ ਨਾਲ ਘੁਟਦੀ ਹੋਈ, ਉਸਦੀ ਮਾਂ ਵੱਲੇ ਮੂੰਹ ਕਰਕੇ ਬੋਲੀ, "ਚਰਾਗੋ!"

"ਜੀ, ਸਰਕਾਰ!"

"ਛੇਤੀ ਛੇਤੀ ਨਾਜੋ ਦੇ ਵਿਆਹ ਦਾ ਪ੍ਰਬੰਧ ਕਰ। ਸਾਰਾ ਖ਼ਰਚ ਮੈਂ ਦਿਆਂਗੀ। ਹੱਲਾ!"

"ਜਿਵੇਂ ਹੁਕਮ ਜੀ।"

"ਤੇ ਆਹ ਲੈ।" ਸਵਰਨ ਲਤਾ ਨੇ ਸਿਰ੍ਹਾਣੇ ਹੇਠੋਂ ਆਪਣਾ ਪਰਸ ਫੜ ਕੇ, ਵਿਚੋਂ ਸੌ ਸੌ ਦੇ ਦੋ ਨੋਟ ਕਢ ਕੇ ਚਰਾਗੋ ਦੇ ਹੱਥ ਦੇ ਦਿਤੇ। "ਬੱਸ, ਛੇਤੀ। ਕੋਈ ਚੰਗਾ ਜਿਹਾ ਵਰ ਵੇਖ ਕੇ। ਹੱਛਾ! ਜਾਓ।"

ਚਰਾਗੋ ਤੇ ਨਾਜੋ ਇਕ ਵਾਰ ਫਿਰ ਪੈਰੀਂ ਹੱਥ ਲਾ ਕੇ ਤੁਰ ਗਈਆਂ।

੮

ਨਾਜੋ ਆਈ ਤੇ ਚਲੀ ਗਈ। ਸਵਰਨ ਲਤਾ ਕਿੰਨਾਂ ਚਿਰ ਕਮਰੇ ਵਿਚ ਵੇਖਦੀ ਰਹੀ। ਉਹਦਾ ਅੰਦਰ ਖ਼ਾਲੀ ਸੀ, ਕਮਰਾ ਖ਼ਾਲੀ, ਹਵੇਲੀ ਖ਼ਾਲੀ, ਸਭ ਚੁਫੇਰਾ ਖ਼ਾਲੀ ਹੀ ਖ਼ਾਲੀ।

ਉਹਦਾ ਇਕੋ ਇਕ ਛੇ ਸਾਲ ਦਾ ਪੁੱਤਰ ਉਸ ਤੋਂ ਬਹੁਤ ਦੂਰ ਮਸੂਰੀ ਪਹਾੜ ਉਤੇ, ਇਕ ਅੰਗਰੇਜ਼ੀ ਸਕੂਲ ਵਿਚ ਪੜ੍ਹਦਾ ਸੀ। ਉਹ ਵੱਡੇ ਘਰ ਦਾ ਪੁੱਤਰ ਸੀ। ਉਹਨੇ ਦੁਨੀਆਂ ਵਿਚ ਵੱਡਾ ਆਦਮੀ ਬਣਨਾ ਸੀ, ਇਸ ਵਾਸਤੇ ਉਹ ਮਾਂ ਦੀ ਨਿੱਕੀ ਜੇਹੀ ਦੁਨੀਆਂ ਵਿਚੋਂ ਕਢ ਕੇ ਵੱਡੇ ਸੰਸਾਰ ਵਿਚ ਭੇਜ ਦਿਤਾ ਗਿਆ ਸੀ।

ਕੰਵਰ ਸਾਹਿਬ ਪੰਦਰਾਂ ਦਿਨਾਂ ਦਾ ਬਾਹਰ ਸੈਰ ਸਪਾਟੇ ਗਿਆ ਹੋਇਆ ਸੀ। ਪਿਛਲੇਰੇ ਦਿਨ ਉਹਦੀ ਚਿੱਠੀ ਆਗਰੇ ਤੋਂ ਆਈ ਸੀ।

ਰਾਏ ਸਾਹਿਬ ਤਿੱਜੇ ਦਿਨ ਦਾ ਲਾਹੌਰ ਗਿਆ ਹੋਇਆ ਸੀ। ਅੱਜ ਉਹਦੀ ਚਿੱਠੀ ਆਈ ਸੀ, ਕਿ ਓਥੇ ਉਹਨੂੰ ਅਜੇ ਦੋ ਚਾਰ ਦਿਨ ਹੋਰ ਲੱਗ ਜਾਣਗੇ।

ਮਨਸੁਖ ਵੀ ਰਾਏ ਸਾਹਿਬ ਦੇ ਨਾਲ ਗਿਆ ਹੋਇਆ ਸੀ।

ਪਰ ਇਹਨਾਂ ਗੱਲਾਂ ਨਾਲ ਸਵਰਨ ਲਤਾ ਨੂੰ ਕੀ? ਉਹ ਵੱਡੇ ਘਰ ਦੀ ਸਵਾਣੀ ਸੀ। ਉਹ ਸ਼ਾਹੀ ਮਹਿਲਾਂ ਵਿਚ ਰਹਿੰਦੀ ਸੀ। ਉਹਦੇ ਕੋਲ ਚਾਂਦੀ ਸੋਨਾ ਸੀ। ਉਹਦੇ ਕੋਲ ਕੇਈ ਨੌਕਰ ਤੇ ਨੌਕਰਾਣੀਆਂ ਸਨ। ਉਹ ਸਾਰੇ ਪਿੰਡ ਦੀ ਮਾਲਕ ਸੀ। ਸਭ ਵੱਡੇ ਛੋਟੇ ਉਹਨੂੰ 'ਬੀਬੀ ਜੀ' ਤੇ 'ਸਰਕਾਰ' ਕਹਿ ਕੇ ਬੁਲਾਉਂਦੇ ਸਨ। ਮੁਜ਼ਾਰਿਆਂ ਦੀਆਂ ਘਰ ਵਾਲੀਆਂ ਆ ਕੇ ਉਹਦੇ ਪੈਰੀਂ ਹੱਥ ਲਾਉਂਦੀਆਂ ਸਨ।

ਏਨਾ ਕੁਛ ਹੁੰਦਿਆਂ ਹੋਇਆਂ ਵੀ ਸਵਰਨ ਲਤਾ ਇਕੱਲੀ ਸੀ। ਆਪਣੇ ਕਮਰੇ ਵਿਚ ਇਕੱਲੀ, ਆਪਣੀ ਦੁਨੀਆਂ ਵਿਚ ਇਕੱਲੀ। ਨਾਜੋ ਚਲੀ ਗਈ ਤੇ ਪਿੱਛੇ ਉਹ ਇਕੱਲੀ ਬੈਠੀ ਰਹਿ ਗਈ। ਆਪਣੇ ਕਮਰੇ ਵਿਚ ਸ਼ਾਮ ਹੁੰਦਿਆਂ ਤਕ ਇਕੱਲੀ।

ਮਾਲਕਣ ਦੀ ਉਦਾਸੀ, ਵਿਚਾਰੀ ਤੁਲਸਾਂ ਦੇ ਅੰਦਰ ਕਾਤੀਆਂ ਚਲਾ ਰਹੀ ਸੀ। ਪਰ ਉਹ ਗ਼ਰੀਬ ਕੀ ਕਰ ਸਕਦੀ ਸੀ? ਉਹ ਹਉਕੇ ਭਰ ਸਕਦੀ ਸੀ, ਹੰਝੂ ਵਹਾ ਸਕਦੀ ਸੀ, ਪਰ ਮਾਲਕਣ ਦੀ ਦੁਨੀਆਂ ਦਾ ਇਕੱਲ ਦੂਰ ਨਹੀਂ ਸੀ ਕਰ ਸਕਦੀ। ਇਸ ਇਕੱਲ ਵਿਚ ਸਵਰਨ ਲਤਾ ਨੂੰ ਲੋੜ ਸੀ ਇਕ ਸਾਥੀ ਦੀ।

ਤੇ ਤੁਲਸਾਂ ਤਾਂ ਸਹੇਲੀ ਵੀ ਨਹੀਂ ਸੀ ਬਣ ਸਕਦੀ। ਤੁਲਸਾਂ ਨੌਕਰਾਣੀ ਸੀ, ਬੜੀ ਆਗਿਆਕਾਰ ਤੇ ਵਫ਼ਾਦਾਰ ਨੌਕਰਾਣੀ। ਸਹੇਲੀ ਬਣਨ ਵਾਸਤੇ ਲੋੜ ਸੀ ਬਰਾਬਰੀ ਦੀ, ਸਾਂਵੀਂ ਪੱਧਰ ਦੀ। ਤੁਲਸਾਂ ਵਿਚਾਰੀ ਬਰਾਬਰ ਕਿਵੇਂ ਹੋ ਸਕਦੀ ਸੀ।

ਇਕੱਲੀ ਬੈਠੀ ਸਵਰਨ ਲਤਾ ਨੂੰ ਸ਼ਾਮਾਂ ਪੈ ਗਈਆਂ, ਰਾਤ ਪੈ ਗਈ, ਹਨ੍ਹੇਰਾ ਹੋ ਗਿਆ। ਤੇ ਉਹ ਅਜੇ ਓਵੇਂ ਬੈਠੀ ਸੀ। ਜਗਦੀ ਜੋਤ ਦੇ ਸਾਮ੍ਹਣੇ ਅੱਖਾਂ ਪੂੰਝਦੀ ਤੁਲਸਾਂ ਨੇ ਤਰਲਾ ਲਿਆ, "ਬੀਬੀ ਜੀ ! ਰੱਬ ਦੇ ਵਾਸਤੇ ਥੋੜਾ ਬਹੁਤਾ ਮੂੰਹ ਪਾ ਲਵੋ। ਤੁਸਾਂ ਸਵੇਰੇ ਵੀ ਬਹੁਤ ਥੋੜਾ ਖਾਧਾ ਸੀ।"

"ਜੀਅ ਨਹੀਂ ਕਰਦਾ, ਤੁਲਸਾਂ ! ਇਕ ਪਿਆਲਾ ਚਾਹ ਲੈ ਆ।" ਇਹ ਵੀ ਸਵਰਨ ਲਤਾ ਨੇ ਤੁਲਸਾਂ ਦਾ ਦਿਲ ਰੱਖਣ ਵਾਸਤੇ ਕਹਿ ਦਿਤਾ।

ਝੱਟ ਪੱਟ ਚਾਹ ਬਣਾ ਕੇ ਤੁਲਸਾਂ ਟਰੇ ਵਿਚ ਰੱਖ ਕੇ ਲੈ ਆਈ। ਪਲੰਘ ਦੇ ਨੇੜੇ ਛੋਟਾ ਮੇਜ਼ ਕਰਕੇ, ਉਹਨੇ ਸਭ ਕੁਛ ਉਪਰ ਟਿਕਾ ਦਿਤਾ। ਮਾਲਕਣ ਦੇ ਨਿੱਤ ਦੇ ਸੁਭੱਾ ਮੁਤਾਬਕ ਉਹਨੇ ਚਾਹ ਦਾ ਕੱਪ ਬਣਾਕੇ ਅੱਗੇ ਰੱਖ ਦਿਤਾ। ਨਾਲ ਹੀ ਉਹਨੇ ਚਾਂਦੀ ਦੀ ਪਲੇਟ ਵਿਚ ਰੱਖ ਕੇ ਕੁਛ ਕੇਕ ਤੇ ਪੇਸਟਰੀ ਦੇ ਟੁਕੜੇ ਅਗ੍ਹਾਂ ਵਧਾ ਦਿਤੇ।

"ਨਹੀਂ, ਤੁਲਸਾਂ ! ਇਹ ਤੂੰ ਖਾ ਲਈਂ। ਮੇਰਾ ਅੱਜ ਵੱਢਿਆ ਰੂਹ ਨਹੀਂ ਕਰਦਾ।" ਸਵਰਨ ਲਤਾ ਨੇ ਨਾਂਹ ਵਿਚ ਹੱਥ ਹਿਲਾਉਂਦਿਆਂ ਕਿਹਾ।

"ਬੀਬੀ ਜੀ ! ਸਾਡੇ ਸੰਘੋਂ ਕਿਵੇਂ ਲੰਘ ਜਾਏਗਾ ? ਰਾਧਾ, ਬੰਸੀ, ਸਭ ਓਸੇ ਤਰ੍ਹਾਂ ਭੁਖੇ ਬੈਠੇ ਨੇ। ਮੇਰਾ ਕੋਈ ਜ਼ੋਰ ਨਹੀਂ ਨਾਂ ! ਮੈਂ ਅੰਤ ਇਕ ਨੌਕਰਾਣੀ ਈ ਆਂ ਨਾਂ !" ਕਹਿੰਦਿਆਂ ਕਹਿੰਦਿਆਂ ਤੁਲਸਾਂ ਦੀਆਂ ਅੱਖਾਂ ਵਿਚੋਂ ਗੰਗਾ ਜਮਨਾ ਵਹਿ ਤੁਰੀਆਂ।

"ਤੂੰ ਬੜੀ ਡਾਢੀ ਏਂ। ਲਿਆ।" ਸਵਰਨ ਲਤਾ ਇਕ ਮਾਮੂਲੀ ਨੌਕਰਾਣੀ ਦੇ ਸਾਮ੍ਹਣੇ ਹਠ ਹਾਰ ਗਈ। ਉਹਨੇ ਸਹਿਜ ਸਹਿਜ ਦੋ ਚਾਰ ਟੁਕੜੇ ਫੜ ਕੇ ਮੂੰਹ ਵਿਚ ਪਾ ਲਏ। ਨਾਲੋ ਨਾਲ ਉਹ ਦਿਲ ਵਿਚ ਸੋਚੀ ਜਾ ਰਹੀ ਸੀ, 'ਕਾਸ਼ ! ਕੋਈ ਹੋਰ ਵੀ ਏਸੇ ਤਰ੍ਹਾਂ ਜ਼ੋਰ ਦੇ ਕੇ ਮੱਲੋ ਮੱਲੀ ਖੁਆਉਣ ਵਾਲਾ ਹੁੰਦਾ।'

"ਜਾਹ ਹੁਣ।" ਸਵਰਨ ਲਤਾ ਨੇ ਦੋ ਕੱਪ ਚਾਹ ਦੇ ਪੀ ਕੇ ਕਿਹਾ, "ਸਾਰੇ ਰੋਟੀ ਖਾਓ। ਨਹੀਂ ਤਾਂ ਮੈਂ ਨਾਰਾਜ਼ ਹੋ ਜਾਵਾਂਗੀ।"

ਤੁਲਸਾਂ ਭਾਂਡੇ ਲੈ ਕੇ ਚਲੀ ਗਈ। ਮਾਲਕਣ ਦਾ ਹੁਕਮ ਉਹਨੇ ਰਾਧਾਂ ਨੂੰ ਵੀ ਜਾ ਸੁਣਾਇਆ। ਰਾਧਾਂ ਬਹੁਤ ਘੱਟ ਬੋਲਣ ਵਾਲੀ ਸੀ। ਉਹਨੇ ਰੋਟੀ ਪਾ ਕੇ

ਤੁਲਸਾਂ ਤੇ ਉਹਦੇ ਅੱਠਾਂ ਵਰ੍ਹਿਆਂ ਦੇ ਮੁੰਡੇ ਬੰਸੀ ਅੱਗੇ ਧਰ ਦਿਤੀ। ਤੁਲਸਾਂ ਰੋਟੀ ਖਾਣ ਲੱਗ ਪਈ। ਉਹਦੇ ਮੂੰਹ ਵਿਚ ਬੁਰਕੀ ਫੁੱਲ ਕੇ ਬਾਹਰ ਨੂੰ ਆਉਣ ਨੂੰ ਕਰਦੀ ਸੀ। ਉਹਨੂੰ ਉਹ ਸਮਾਂ ਯਾਦ ਆ ਗਿਆ ਸੀ, ਜਦ ਉਹਦਾ ਮਾਲਕ ਚਮਿਆਰੀ ਨੂੰ ਘਰ ਲੈ ਆਇਆ ਸੀ, ਤੇ ਉਹ ਗੁੱਸੇ ਦੀ ਮਾਰੀ ਕਈ ਕਈ ਦਿਨ ਰੋਟੀ ਨਹੀਂ ਸੀ ਖਾਇਆ ਕਰਦੀ। ਸ਼ਾਇਦ ਮਾਲਕਣ ਨਾਲ ਵੀ ਉਹਨੂੰ ਏਸੇ ਵਾਸਤੇ ਵਧੇਰੇ ਹਮਦਰਦੀ ਸੀ। ਉਹਦੇ ਆਪਣੇ ਹੱਡੀਂ ਜੂ ਵਾਪਰੀਆਂ ਹੋਈਆ ਸਨ।

ਨਿੱਤ ਨਾਲੋਂ ਅੱਧੀ ਰੋਟੀ ਖਾ ਕੇ ਤੇ ਬੰਸੀ ਦੀ ਸੌਂਪਣਾ ਰਾਧਾਂ ਨੂੰ ਕਰ ਕੇ ਤੁਲਸਾਂ ਫਿਰ ਮਾਲਕਣ ਦੇ ਕਮਰੇ ਵਿਚ ਆ ਗਈ। ਸਵਰਨ ਲਤਾ ਅੱਗੇ ਚਾਦਰ ਤਾਣੀ ਸਿੱਧੀ ਲੰਮੀ ਪਈ ਹੋਈ ਸੀ। ਤੁਲਸਾਂ ਪੈਂਦ ਵੱਲ ਬਹਿ ਕੇ ਉਹਦੀਆਂ ਲੱਤਾਂ ਨੱਪਣ ਲੱਗ ਪਈ। ਸਵਰਨ ਲਤਾ ਨੇ ਹਟਾਇਆ ਨਹੀਂ। ਸ਼ਾਇਦ ਓਪਰੇ ਹੱਥ ਉਹਨੂੰ ਕੁਛ ਢੰਗੇ ਚੰਗੇ ਲੱਗ ਰਹੇ ਸਨ। ਉਹ ਸੋਚੀ ਜਾ ਰਹੀ ਸੀ, ਸੋਚੀ ਜਾ ਰਹੀ ਸੀ।

ਉਹਦੀਆਂ ਅੱਖਾਂ ਅੱਗੇ ਧੁੰਦਲੀਆਂ ਜੇਹੀਆਂ ਕੋਈ ਤਸਵੀਰਾਂ ਘੁੰਮ ਰਹੀਆਂ ਸਨ। ਪਹਿਲਾਂ ਉਹਦੇ ਸਾਮ੍ਹਣੇ ਇਕ ਬਿਰਧ ਜੇਹਾ ਚਿਹਰਾ ਆਇਆ, ਬਿਲਕੁਲ ਉਹਦੇ ਆਪਣੇ ਚਿਹਰੇ ਨਾਲ ਮਿਲਦਾ ਜੁਲਦਾ। ਨਿੱਕੇ ਨਿੱਕੇ ਪੋਤਰੇ ਪੋਤਰੀਆਂ ਵਿਚ ਘਿਰਿਆ ਹੋਇਆ, ਉਹ ਚਿਹਰਾ ਬਹੁਤ ਖ਼ੁਸ਼ ਸੀ। ਇਹ ਸਵਰਨ ਲਤਾ ਦੀ ਮਾਂ ਦਾ ਚਿਹਰਾ ਸੀ। ਮਾਂ ਖ਼ੁਸ਼ ਸੀ। ਉਹਨੂੰ ਤਸੱਲੀ ਸੀ, ਉਹਦੀ ਧੀ ਆਪਣੇ ਘਰ ਬੜੀ ਸੁਖੀ ਸੀ। ਧੀ ਨੇ ਆਪਣੇ ਬਲਦੇ ਹਉਕਿਆਂ ਦੀ ਹਵਾੜ੍ਹ ਕਦੇ ਵੀ ਪੇਕਿਆਂ ਤਕ ਨਹੀਂ ਸੀ ਪਹੁੰਚਣ ਦਿਤੀ। ਉਹ ਪੇਕਿਆਂ ਨੂੰ ਦਸਦੀ ਵੀ ਕੀ ?

ਫਿਰ ਇਕ ਹੋਰ ਚਿਹਰਾ ਸਵਰਨ ਲਤਾ ਦੇ ਸਾਮ੍ਹਣੇ ਆਇਆ। ਉਹ ਵੀ ਬਿਰਧ ਸੀ, ਪਰ ਬਹੁਤ ਉਦਾਸ। ਉਹਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਉਹਦੇ ਸੀਨੇ ਵਿਚ ਸੈਂਕੜੇ ਛੇਕ ਨਜ਼ਰ ਆ ਰਹੇ ਸਨ, ਬਿਲਕੁਲ ਭੂੰਡਾਂ ਦੇ ਖਾਲੀ ਖੱਗੇ ਵਾਂਗ। ਇਹ ਸਵਰਨ ਲਤਾ ਦੀ ਸੱਸ ਸੀ।

ਫਿਰ ਇਕ ਮਰਦਾਵਾਂ ਚਿਹਰਾ ਸਾਮ੍ਹਣੇ ਆਇਆ, ਬੜਾ ਰੁਹਬ ਵਾਲਾ ਚਿਹਰਾ। ਉਸਦੇ ਉਦਾਲੇ ਬਹੁਤ ਸਾਰੀਆਂ ਜ਼ਨਾਨੀਆਂ ਦਾ ਝੁਰਮਟ ਸੀ। ਜ਼ਨਾਨੀਆਂ, ਜਿੰਨ੍ਹਾਂ ਦੀ ਉਮਰ ਪੰਦਰਾਂ ਸਾਲ ਤੋਂ ਚਾਲੀ ਸਾਲ ਤਕ ਸੀ। ਇਕ ਇਸਤਰੀ ਤਾਂ ਵਧਦੀ ਵਧਦੀ ਬਹੁਤ ਨੇੜੇ ਆ ਗਈ। 'ਹੈਂ ? ਇਹ ਤਾਂ ਚਰਾਗ਼ ਏ, ਜੀਹਨੇ ਵੱਡੇ ਰਾਏ ਬਹਾਦਰ ਦੀ ਬਾਂਹ ਘੁੱਟ ਕੇ ਫੜੀ ਹੋਈ ਹੈ।' ਸਵਰਨ ਲਤਾ

ਦੇ ਸਾਰੇ ਸਰੀਰ ਵਿਚ ਕੰਬਣੀ ਜੇਹੀ ਛਿੜ ਪਈ।

"ਜਾਹ, ਤੁਲਸਾਂ ! ਸੌਂ ਹੁਣ। ਮੈਨੂੰ ਵੀ ਨੀਂਦ ਆਈ ਏ।" ਸਵਰਨ ਲਤਾ ਹੋਰ ਕੀ ਬਹਾਨਾ ਕਰਦੀ।

"ਹੁਕਮ ਹੋਵੇ, ਤਾਂ ਮੈਂ ਏਥੇ ਈ ਫਰਸ਼ 'ਤੇ ਬਿਸਤਰਾ ਕਰ ਲਵਾਂ ?" ਤੁਲਸਾਂ ਨੇ ਮਾਲਕਣ ਦੇ ਪੈਰਾਂ 'ਤੇ ਲੀੜਾ ਠੀਕ ਕਰਦਿਆਂ ਪੁਛਿਆ।

"ਨਹੀਂ। ਮੈਂ ਠੀਕ ਆਂ ਹੁਣ। ਤੂੰ ਬੰਸੀ ਕੋਲ ਸੌਂ ਜਾ ਕੇ।"

ਤੁਲਸਾਂ ਬੂਹਾ ਬੰਦ ਕਰਕੇ ਚਲੀ ਗਈ।

ਬੰਸੀ ਗੰਧਮੀ ਰੰਗ, ਮਮੋਲਿਆਂ ਵਾਂਗ ਟਪਦੀਆਂ ਅੱਖਾਂ, ਅੱਠ-ਨੌਂ ਸਾਲ ਦਾ ਗੋਭਲਾ ਜਿਹਾ ਮੁੰਡਾ ਸੀ। ਤੁਲਸਾਂ ਕਹਿੰਦੀ ਸੀ, ਨਿਰਾ ਪੁਰਾ ਆਪਣੇ ਪਿਉ ਵਰਗਾ ਏ ਬੰਸੀ। ਬੰਸੀ ਦਾ ਪਿਉ, ਜੀਹਦਾ ਇਕ ਚੰਮਿਆਰੀ ਨਾਲ ਯਰਾਨਾ ਸੀ। ਤੇ ਬੰਸੀ ਵੱਡਾ ਹੋ ਕੇ ਖ਼ਬਰੇ ਕੀ ਕੀ ਕਾਰਨਾਮੇ ਕਰੇਗਾ ? ਸਵਰਨ ਲਤਾ ਸੋਚੀ ਜਾ ਰਹੀ ਸੀ। ਬੰਸੀ ਬਾਰੇ, ਜੋ ਅੱਠਾਂ ਵਰ੍ਹਿਆਂ ਦਾ, ਇਕ ਨੌਕਰਾਣੀ ਦਾ ਮੁੰਡਾ ਸੀ। 'ਅੱਠਾਂ ਵਰ੍ਹਿਆਂ ਦਾ ? ਬਹੁਤ ਛੋਟਾ ਏ ਅਜੇ। ਨਾਜੋ ਤਾਂ ਬਾਰਾਂ ਸਾਲ ਦੀ ਏ। ਪਰ ਨਾਜੋ ਕੁੜੀ ਏ, ਤੇ ਬੰਸੀ ਮੁੰਡਾ। ਅੱਠਾਂ ਵਰ੍ਹਿਆਂ ਦਾ ਬਹੁਤ ਛੋਟਾ ਏ।' ਅੱਖ ਫਰੱਕੇ ਵਿਚ ਹੀ ਬੰਸੀ ਬਾਰਾਂ ਸਾਲ ਦਾ ਹੋ ਗਿਆ। ਛੋਪਲੇ ਛੋਪਲੇ ਉਹ ਬੂਹਾ ਖੁਹਲ ਕੇ ਅੰਦਰ ਲੰਘ ਆਇਆ। ਰੌਸ਼ਨਦਾਨ ਦੇ ਮਧਮ ਜੇਹੇ ਚਾਨਣ ਵਿਚ ਉਹ ਪਲੰਘ ਦੀ ਬਾਹੀ ਤਕ ਪਹੁੰਚ ਪਿਆ। 'ਤੁਸਾਂ ਬੁਲਾਇਆ ਏ, ਬੀਬੀ ਜੀ !' ਜਿਵੇਂ ਬੰਸੀ ਨੇ ਕੰਬਦੀ ਥਿੜਕਦੀ ਸੁਰ ਵਿਚ ਕਿਹਾ। 'ਬੀਬੀ ਜੀ ? ਹਟ, ਗਧਾ। ਅੰਤ ਨੌਕਰਾਣੀ ਦਾ ਪੁੱਤਰ ਈ ਸੀ ਨਾਂ।' ਸਵਰਨ ਲਤਾ ਨੇ ਉਸ ਖ਼ਿਆਲ ਨੂੰ ਛਿਣਕ ਕੇ ਦੂਰ ਵਗਾਹ ਮਾਰਿਆ।

ਪਹਿਰ ਰਾਤ ਚਲੀ ਗਈ ਸੀ। ਸਵਰਨ ਲਤਾ ਅਜੇ ਜਾਗ ਰਹੀ ਸੀ। ਉਹ ਸੋਚੀ ਜਾ ਰਹੀ ਸੀ, 'ਉਹ ਆਪ ਅਜੇ ਚੌਦਾਂ ਪੰਦਰਾਂ ਸਾਲ ਦੀ ਕੁੜੀ ਏ। ਬਾਰਾਂ ਸਾਲ ਦੀ ? ਨਹੀਂ, ਏਨੀ ਉਮਰ ਬਹੁਤ ਛੋਟੀ ਏ, ਬਹੁਤ ਹੀ ਛੋਟੀ। ਉਹ ਪੰਦਰਾਂ ਸਾਲਾਂ ਦੀ ਏ, । ਤੇ ਉਹ ਮੁੰਡਾ ? ਜਿਸਨੂੰ ਉਹ ਜਾਣਦੀ ਤਕ ਨਹੀਂ, ਜੀਹਦਾ ਕੋਈ ਨਾਮ ਨਹੀਂ। ਜੋ ਸਿਰਫ ਇਕ ਮੁੰਡਾ ਏ, ਬਹੁਤ ਖ਼ੂਬਸੂਰਤ ਮੁੰਡਾ। ਉਹ ਮਸਾਂ ਬਾਰਾਂ ਸਾਲ ਦਾ ਏ। ਨਹੀਂ ਨਹੀਂ, ਅਠਾਰਾਂ ਸਾਲ ਦਾ। ਬਾਰਾਂ ਸਾਲ ਦੇ ਨੂੰ ਕੀ ਸਮਝ ਏ ? ਉਹ ਪਿਆਰ ਮੁਹੱਬਤ ਦੀਆਂ ਰਮਜ਼ਾਂ ਨੂੰ ਕੀ ਜਾਣੇ ? ਕੁੜੀ ਤਾਂ ਬਾਰਾਂ ਸਾਲ ਦੀ, ਖ਼ੈਰ...... । ਉਹਦੇ ਨਾਲ ਤਾਂ ਮਰਦ ਨੇ ਧੱਕਾ ਕਰ ਲੈਣਾ ਹੋਇਆ। ਮਰਦ ਤਾਂ ਪਸ਼ੂ ਏ। ਪਸ਼ੂ ? ਨਹੀਂ, ਪਸ਼ੂ ਕਦੇ ਅਜੇਹਾ ਅੱਤਿਆਚਾਰ ਨਹੀਂ

ਕਰਦਾ। ਮਰਦ ਰਾਕਸ਼ ਏ......। ਪਰ ਉਸ ਰਾਕਸ਼ ਨੇ ਵੀ ਰਾਜ ਕੁਮਾਰੀ ਨੂੰ ਸਿਰਫ਼ ਕੈਦ ਰਖਿਆ ਸੀ। ਹੋਰ ਤਾਂ ਕੁਛ ਨਹੀਂ ਸੀ......। ਨਹੀਂ, ਮਰਦ ਨਾ ਪਸ਼ੂ ਏ, ਨਾ ਰਾਕਸ਼। ਮਰਦ ਸਿਰਫ਼ ਮਰਦ ਏ; ਪਸ਼ੂ ਤੇ ਰਾਕਸ਼ ਦੋਹਾਂ ਨਾਲੋਂ ਗਿਰਿਆ ਹੋਵਿਆ। ਮਰਦ ਰਾਏ ਸਾਹਿਬ ਏ, ਰਾਏ ਸਾਹਿਬ।......ਪਰ ਮੈਂ ਤਾਂ ਮਰਦ ਨਹੀਂ। ਉਹ ਮੁੰਡਾ ਅਠਾਰਾਂ ਸਾਲ ਦਾ ਏ, ਹੱਛਾ ਉੱਨੀ ਸਾਲ ਦਾ ਗਭਰੂ ਸਹੀ, ਮੱਸ ਕਿਰਦੀ ਏ, ਰੰਗ ਡੁੱਲ੍ਹ ਡੁੱਲ੍ਹ ਪੈਂਦਾ ਏ ਤੇ ਅੱਖਾਂ ਵਿਚ ਪਿਆਰ ਛਲਕ ਰਿਹਾ ਏ। ਉਹ ਬਾਂਹੋਂ ਫੜ ਕੇ ਕਹਿੰਦਾ ਏ : ਪਿਆਰੀ ਸਵਰਨ ! ਮੈਂ ਤੇਰੇ ਪਿਆਰ ਪਿੱਛੇ ਦੀਵਾਨਾ ਹੋਇਆ ਫਿਰਦਾ ਹਾਂ। ਆ, ਛੱਡ ਇਸ ਝੂਠੀ ਲੋਕ ਲਾਜ ਨੂੰ। ਆਪਾਂ ਵੀ ਦੋ ਦਿਨ ਜਿਉਂ ਕੇ ਵੇਖ ਲਈਏ।......ਪਰ ਇਹ ਲੋਕਲਾਜ ਕਿਵੇਂ ਛੱਡੀ ਜਾ ਸਕਦੀ ਏ ? ਮੈਂ ਐਡਿਆਂ ਸੌਹਰਿਆਂ ਦੀ ਨੂੰਹ। ਸਹੁਰਿਆਂ ਦੀ ਗੱਲ ਛੱਡੋ। ਉਹ ਆਪ ਕਿਹੜੇ ਦੇਵਤੇ ਨੇ। ਮੈਂ ਐਡੇ ਚੰਗੇ ਮਾਪਿਆਂ ਦੀ ਧੀ...। ਪਰ ਇਹ ਤਾਂ ਨਿਰੇ ਮਨ ਦੇ ਖ਼ਿਆਲ ਨੇ ਕਿ ! ਮੈਂ ਕਿਹੜੀ ਸੱਚ ਮੁੱਚ...। ਹੱਛਾ, ਉਹ ਬਾਂਹੋਂ ਫੜ ਕੇ ਕਹਿੰਦਾ ਏ, ਪਿਆਰੀ ਸਵਰਨ ! ਆ। ਤੇ ਉਹ ਦੋਵੇ ਹੱਥਾਂ ਦੀ ਕਰਿੰਗੜੀ ਪਾਈ ਫੁੱਲਾਂ ਭਰਿਆਂ ਬਾਗਾਂ, ਵਗਦਿਆਂ ਝਰਨਿਆਂ......। ਆਹੰਦੇ ਨੇ, ਕਸ਼ਮੀਰ ਬੜਾ ਸੋਹਣਾ ਏਂ। ਉਹ ਦੋਵੇਂ ਸਿਰੀ ਨਗਰ ਦੀ ਝੀਲ ਡੱਲ ਵਿਚ ਸ਼ਕਾਰਾ ਤਾਰ ਰਹੇ ਨੇ। ਉਹ ਸ਼ਾਹੀ ਚਸ਼ਮੇ ਦੀਆਂ ਫੁੱਲਾਂ ਭਰੀਆਂ ਕਿਆਰੀਆਂ...। ਵੇਖੋ ਨੀ ! ਆਪ ਪੰਝੀਆਂ ਵਰ੍ਹਿਆਂ ਦੀ, ਤੇ ਗਭਰੂ ਮਸ੍ਹਾਂ ਅਠਾਰਾਂ ਵਰ੍ਹਿਆਂ ਦਾ। ਹੈ ਕਿ ਨਹੀਂ ਕਲਜੁਗ।...ਚਲੋ ਅਠਾਰਾਂ ਵਰ੍ਹਿਆਂ ਦਾ ਨਾ ਸਹੀ।। ਮੈਂ ਪੰਝੀਆਂ ਵਰ੍ਹਿਆਂ ਦੀ ਤੇ ਉਹ ਤੀਹਾਂ ਵਰ੍ਹਿਆਂ ਦਾ। ਹੁਣ ਤਾਂ ਨਾ ਕੋਈ ਵੇਖ ਕੇ ਸੜੇਗੀ ? ਉਹ ਸ਼ਾਲਾਮਾਰ ਬਾਗ਼ ਦੇ ਮਖਮਲੀ ਘਾਹ ਉਤੇ ਦੋਵੇਂ ਕੋਲੋ ਕੋਲ ਲੇਟੇ ਹੋਏ ਨੇ। ਆਹੰਦੇ ਨੇ : ਏਥੇ ਈ ਜਹਾਂਗੀਰ ਨੇ ਨੂਰਜਹਾਨ ਨੂੰ ਮਨਾਇਆ ਸੀ......ਅੜਿਆ ! ਏਥੋਂ ਹੁਣ ਜੀਅ ਭਰ ਗਿਆ ਏ। ਚਲੋ ਗੁਲ ਮਰਗ।'

ਰਾਤ ਅੱਧੀ ਬੀਤ ਗਈ ਸੀ। ਸਵਰਨ ਲਤਾ ਅਜੇ ਜਾਗ ਰਹੀ ਸੀ। ਉਹਦਾ ਸਾਥੀ ਅੱਗੇ ਨਾਲੋਂ ਵਡੇਰਾ ਹੋ ਗਿਆ। ਉਹ ਚਾਲੀ ਸਾਲ ਦਾ......। 'ਹੈ-ਹੈ ! ਇਹ ਕਿਵੇਂ ਹੋ ਸਕਦਾ ਏ ?......ਚਲੋ, ਪੈਂਤੀ ਸਾਲ ਦਾ......। ਇਹ ਵੀ ਨਹੀਂ ਹੋ ਸਕਦਾ। ਮੈਂ ਪੰਝੀ ਸਾਲ ਦੀ ਤੇ ਉਹ ਛੱਬੀ ਸਾਲ ਦਾ। ਬੱਸ, ਇਸ ਤੋਂ ਵੱਡਾ ਨਹੀਂ। ਹਾਣ ਪਰਵਾਣ ਈਂ ਠੀਕ ਏ।......ਉਹ ਦੋਵੇਂ ਅਨੰਤ ਨਾਗ, ਕੁਕੜ ਨਾਗ, ਇੱਛਾ ਬਲ ਵੇਖਦੇ ਵੇਖਦੇ ਪਹਿਲਗਾਮ ਜਾ ਟਿਕੇ ਨੇ। ਜਿੱਥੇ ਪਿਘਲੀ ਹੋਈ ਚਾਂਦੀ ਵਰਗੇ ਚਿੱਟੇ ਦੁਧ ਬਰਫ਼ੀਲੇ ਪਾਣੀ ਦੀਆਂ ਦੋ ਧਾਰਾਂ ਆ ਕੇ ਮਿਲਦੀਆਂ

ਨੇ। ਉੱਚੀਆਂ ਲੰਮੀਆਂ ਚੀੜਾਂ ਵਿਚ ਉਹਨਾਂ ਦਾ ਦੂਹਰਾ ਤੰਬੂ ਲੱਗਾ ਹੋਇਆ ਏ। ਉਦਾਲੇ ਉੱਚੇ ਉੱਚੇ ਪਹਾੜ ਤੇ ਵਿਚ ਵਿਚ ਬਰਫਾਂ ਢੱਕੀਆਂ ਚੋਟੀਆਂ, ਜੋ ਚੜ੍ਹਦੇ ਡੁਬਦੇ ਸੂਰਜ ਨੂੰ ਵੇਖ ਕੇ ਸ਼ਰਮ ਨਾਲ ਕੁਛ ਕੁਛ ਲਾਲ ਹੋ ਜਾਂਦੀਆਂ ਨੇ, । ਤੇ ਔਸ ਉੱਚੀ ਚੋਟੀ ਉਤੇ ਅਮਰ ਨਾਥ ਦਾ ਮੰਦਰ, ਸ਼ਾਇਦ ਬਦਰੀ ਨਾਥ ਦਾ, ਮੈਂ ਕਿਹੜਾ ਓਥੇ ਗਈ ਆਂ ਕਦੇ।......ਪਰ ਜਿਹੜਾ ਏਨਾ ਚਿਰ ਕਸ਼ਮੀਰ ਵਿਚ ਗੁਜ਼ਾਰ ਸਕਦਾ ਏ, ਉਹ ਤਾਂ ਅਮੀਰ ਹੋਵੇਗਾ। ਤੇ ਅਮੀਰ ਦੀ ਮੁਹੱਬਤ ਦਾ ਕੀ ਭਰੋਸਾ ? ਉਹ ਗਰੀਬ ਮੁਜ਼ਾਰਾ......ਹਾਇ ਰੱਬਾ ! ਮੁਜ਼ਾਰੇ ਦੀ ਚੋਪੜੀ ਚੰਗੇਰ ਨੂੰ ਤਾਂ ਇੱਲਾਂ ਤੇ ਚੂਹਿਆਂ ਈ ਨਹੀਂ ਛੱਡਣਾ। ਉਹਦੀ ਆਪਣੀ ਇਕ ਮੁਰੱਬਾ ਜ਼ਮੀਨ ਏਂ। ਉਹ ਆਪ ਮਾਲਕ ਏ। ਬੇਸ਼ਕ ਉਹਦੇ ਨੌਕਰ ਚਾਕਰ ਕੋਈ ਨਹੀਂ। ਪਰ ਉਹ ਆਪ ਵੀ ਤਾਂ ਕਿਸੇ ਦਾ ਨੌਕਰ ਨਹੀਂ। ਹਾਂ, ਠੀਕ ਏ। ਉਹਦੀ ਆਪਣੀ ਜ਼ਮੀਨ ਏਂ। ਖੇਤਾਂ ਵਿਚ ਬੰਦੇ ਬੰਦੇ ਜੇਡੀ ਕਪਾਹ ਖੜੀ ਏ। ਕਪਾਹ ਦੇ ਹਵਾ-ਪਿਆਜ਼ੀ ਫੁੱਲ, ਅਮੀਰਾਂ ਦੇ ਮੋਤੀਏ ਨੂੰ ਮਾਤ ਪਾ ਰਹੇ ਨੇ। ਟਾਹਲੀ ਹੇਠ ਉਹਦੇ ਬੱਗਿਆਂ ਦੀ ਜੋੜੀ ਖਲੀ ਪੱਠੇ ਚਰ ਰਹੀ ਏ। ਧੌਣਾਂ ਦੇ ਹਿੱਲਣ ਨਾਲ ਉਹਨਾਂ ਦੇ ਘੁੰਗਰੂ ਗੋਰੀ ਦੀਆਂ ਪਾਜ਼ੇਬਾਂ ਵਾਂਗ ਛਣਕ ਪੈਂਦੇ ਨੇ। ਉਹ ਆਪ ਕਹੀ ਨਾਲ ਕਪਾਹ ਗੋਡ ਰਿਹਾ ਏ। ਉਹਦੇ ਕਸਰਤੇ ਹੋਏ ਸਰੀਰ ਤੋਂ ਮੁੜ੍ਹਕਾ ਚੋ ਰਿਹਾ ਏ। ਉਹਦੀ ਸਵਰਨ ਲਤਾ......ਇਹ ਨਾਂ ਠੀਕ ਨਹੀਂ...ਉਹਦੀ ਸਵਰਨੀ ਭੱਤਾ ਲੈ ਕੇ ਪਹੁੰਚੀ ਏ। ਉਹ ਲੱਕ ਸਿੱਧਾ ਕਰਨ ਵਾਸਤੇ ਅੰਗੜਾਈ ਲੈ ਕੇ ਹਸਦੇ ਬੁੱਲ੍ਹਾਂ ਵਿਚੋਂ ਕਹਿੰਦਾ ਏ, ਜਦੋਂ ਬਿਸ਼ਨੀ ਬਾਗ਼ ਵਿਚ ਆਈ, ਭੌਰਾਂ ਨੂੰ ਭੁਲੇਖਾ ਪੈ ਗਿਆ। ਏਸੇ ਤਰ੍ਹਾਂ, ਮੇਰੀ ਸਵਰਨੀ ਕਪਾਹ ਵਿਚ ਆਈ, ਤਾਂ ਵੇਖ ਵੇਖ ਫੁੱਲ ਹੱਸਦੇ।'

"ਕੁੱਕੜੂੰ ਕੜੂੰ-ਊਂ।" ਮੰਮੁਦੂ ਦੇ ਕੁੱਕੜ ਨੇ ਲੰਮੀ ਹੇਕ ਨਾਲ ਬਾਂਗ ਦਿਤੀ।

'ਮੰਮੁਦੂ ? ਹੈ-ਹੈ ! ਇਸ ਨਾਲੋਂ ਡੁੱਬ ਨਹੀਂ ਮਰੀਦਾ ?' ਸਵਰਨ ਲਤਾ ਨੇ ਪਾਸਾ ਮੋੜ ਕੇ ਅੱਖਾਂ ਮੀਟ ਲਈਆਂ। ਦਿਨ ਦੇ ਚੜ੍ਹਾਂ ਨਾਲ ਉਹਨੂੰ ਮਾੜੀ ਜੇਹੀ ਝਪਕੀ ਆ ਗਈ।

੯

"ਅਹਿਨੂੰ ਆਂਹਦੇ ਈ, ਨਵੀਂ ਲੱਗੀ ਲੁਹਾਰ ਨੂੰ, ਦੁਪਹਿਰੇ ਖੱਲਾਂ ਧਵੇਂ। ਝੰਡੇ ਵੱਲੇ ਵੇਖੋ, ਡਿਹਾ ਹੋਇਆ ਏ ਕੁੱਸ ਕੁੱਸ ਕੇ ਮਰਨ।" ਬਿੱਲੂ ਨੇ ਭੁਜਦੀਆਂ ਚੋਲਾਂ ਨੂੰ ਸੋਟੀ ਨਾਲ ਹਿਲਾਉਂਦਿਆਂ ਕਿਹਾ।

ਚੇਤ ਦਾ ਮਹੀਨਾ ਅੱਧਾ ਬੀਤ ਚੁੱਕਾ ਸੀ। ਧੁੱਪ ਚੰਗੀ ਚਮਕਣ ਲੱਗ ਪਈ

ਸੀ । ਥੱਕੇ ਹੋਏ ਕਾਮੇ ਟਾਹਲੀ ਦੀ ਛਾਂਵੇਂ ਬੈਠੇ ਹੋਲਾਂ ਭੁੰਨ ਰਹੇ ਸਨ । ਦਿਨ ਚੋਖਾ ਢਲ ਗਿਆ ਸੀ । ਝੰਡਾ ਅਜੇ ਵੀ ਕਹੀ ਫੜ ਕੇ ਲੱਗਾ ਹੋਇਆ ਸੀ । ਉਹ ਬਾਗ਼ ਕੋਲ ਦੇ ਉਹਨਾਂ ਦੋਹਾਂ ਕਿੱਲਿਆਂ ਦੀ ਵਿਚਲੀ ਵੱਟ ਛਾਂਗ ਕੇ ਪਤਲੀ ਕਰ ਰਿਹਾ ਸੀ, ਜਿਹੜੇ ਏਸੇ ਸਾਲ ਮਾਲਕ ਨੇ ਕੰਮੂ ਕੋਲੋਂ ਖੋਹ ਕੇ ਝੰਡੇ ਨੂੰ ਦਿਤੇ ਸਨ ।

"ਮਰੇ ਨਾ ! ਚੌਂਹ ਵਰ੍ਹਿਆਂ ਦਾ ਮਗਰ ਲੱਗਾ ਹੋਇਆ ਸੀ । ਮਸਾਂ ਮਸਾਂ ਉਹਨੂੰ ਇਹ ਪੈਲੀਆਂ ਹੱਥ ਆਈਆਂ ਨੇ ।" ਕੀਮੇ ਨੇ ਨੰਗੇ ਸਿਰ 'ਤੇ ਹੱਥ ਫੇਰਦਿਆਂ ਕਿਹਾ ।

"ਹੱਛਾ, ਮੇਰੀ ਹਿੱਕ 'ਤੇ ਵੀ ਸੱਪ ਲੇਟਦਾ ਏ ਵੇਖ ਵੇਖ । ਝਾੜੀਆਂ ਪੁੱਟ ਪੁੱਟ ਕੇ ਪੈਲੀ ਬਣਾਈ ਸੀ । ਅਜੇ ਤਕ ਕਹੀ ਦੇ ਨਸ਼ਾਨ ਨਹੀਂ ਮਿਟੇ ।" ਕੰਮੂ ਦੀ ਨਿਗ੍ਹਾ ਖੱਬੀ ਪਿੰਞਣੀ ਦੇ ਦੋ ਇੰਚ ਲੰਮੇ ਦਾਗ਼ ਉਤੇ ਟਿਕੀ ਹੋਈ ਸੀ ।

"ਓ, ਭਈ ! ਝੰਡੇ ਨਾਲ ਐਸ ਵੇਲੇ ਕੀਹਦੀ ਪੁਜਦੀ ਏ ? ਉਹਦੀ ਮਾਲਕਾਂ ਕੋਲ ਮੰਨੀ ਦੀ ਏ ।" ਇਲਮੇ ਨੇ ਪੈਰ ਦੇ ਛਿੱਤਰ ਨਾਲ ਸੜਦੀਆਂ ਹੋਲਾਂ ਨੂੰ ਖਿਲਾਰਦਿਆਂ ਕਿਹਾ । ਉਸਦੀ ਵਾਜ ਵਿਚੋਂ ਬੇ-ਵਸੀ ਪਰਗਟ ਹੋ ਰਹੀ ਸੀ ।

"ਉਏ, ਜੇ ਹੁਣ ਵੀ ਨਾ ਮੰਨੀ ਜਾਏ, ਤਾਂ ਮੰਨੀ ਕਦੋਂ ਜਾਊ ? ਅੱਗੇ ਕੱਲ੍ਹੀ ਚਰਾਗੋ ਮਾਣ ਨਹੀਂ ਸੀ, ਤੇ ਹੁਣ ਤਾਂ ਉਹਦੇ ਵਰਗੀਆਂ, ਦੋ ਹੋਰ ਹੋ ਪਈਆਂ ਨੇ ।" ਬਿੱਲੂ ਨੇ ਅੱਧ-ਸੜੀਆਂ ਕੰਡਿਆਂ ਵਾਲੀਆਂ ਛਾਪੀਆਂ ਹੋਲਾਂ ਵਿਚੋਂ ਬਾਹਰ ਕੱਢਦਿਆਂ ਬੜੀ ਘਿਰਣਾ ਨਾਲ ਕਿਹਾ ।

"ਉਹਦੀ ਨਿੱਕੀ ਤਾਂ ਨਿਰੀ ਪਟਾਕਾ ਨਿਕਲੀ ਊ, ਛਛੂੰਧਰ ਜੇਹੀ । ਜਿੰਨੀ ਜਮੀਨੋਂ ਉਤਾਂਹ ਏਂ, ਓਨੀ ਥੱਲੇ ਈ । ਬੱਸ, ਪੁੱਛੋ ਈ ਕੁਛ ਨਾ । ਉਹਨੇ ਤਾਂ ਮਖ ......।" ਈਰਖਾ ਨਾਲ ਕੰਮੂ ਦਾ ਅੰਦਰ ਬਲ ਰਿਹਾ ਸੀ ।

"ਉਏ ਹਰਾਮੀਓਂ ! ਕਿਉਂ ਦੋਜਕ ਨੂੰ ਜਾਂਦੇ ਓ । ਸ਼ਰਮ ਕਰੋ ਕੁਛ । ਝੰਡੇ ਦੀਆਂ ਧੀਆਂ ਕੀ, ਤੇ ਸਾਡੀਆਂ ਕੀ । ਮਾਲਕਾਂ ਦੇ ਹੱਥੋਂ ਇੱਜਤ ਬਚੀ ਕੀਹਦੀ ਏ ।" ਬੁੱਢੇ ਬਾਬੇ ਪੀਰੇ ਨੇ ਖੱਬੇ ਹੱਥ ਨਾਲ ਚੱਪਾ, ਚੱਪਾ ਦਾੜ੍ਹੀ ਨੂੰ ਖੁਰਕਦਿਆਂ ਸਾਰਿਆਂ ਨੂੰ ਝਾੜ ਪਾਈ ।

"ਬਾਬਾ ! ਗਰੀਬਾਂ ਦੀ ਇੱਜਤ ਹੁੰਦੀ ਵੀ ਏ ?" ਦੀਨੇ ਨੇ ਖਲਾਰੀਆਂ ਹੋਈਆਂ ਹੋਲਾਂ ਵਿਚੋਂ ਦਾਣੇ ਚੁਗਦਿਆਂ ਵਿਅੰਗ ਨਾਲ ਕਿਹਾ ।

"ਗਰੀਬ ਆਪ ਈ ਆਪਣੀ ਇੱਜਤ ਨੂੰ ਨਹੀਂ ਸਮਝਦੇ । ਇਹ ਇਕ ਦੂਜੇ ਦੇ ਵਰੁੱਧ ਲੂਤੀਆਂ ਲੌਣਗੇ, ਨਿੰਦਿਆ ਬਖੀਲੀ ਕਰਨਗੇ, ਠੂਹਿਆਂ ਵਾਂਗ ਡੰਗ ਮਾਰਨਗੇ, ਤੇ ਮਾਲਕਾਂ ਦੇ ਕੰਨ ਭਰਨਗੇ । ਇਹ ਆਪ ਅਤਫਾਕ ਨਾਲ ਰਹਿਣ,

ਤਾਂ......।" ਜੋਸ਼ ਵਿਚ ਬੁੱਢਾ ਪੀਰਾ ਵਾਕ ਵੀ ਪੂਰਾ ਨਾ ਕਰ ਸਕਿਆ। ਰੋਹ ਵਿਚ ਅਜੇ ਤਕ ਉਹਦੇ ਬੁੱਲ੍ਹ ਕੰਬ ਰਹੇ ਸਨ। ਜੋ ਕੁਛ ਉਹਦੇ ਅੰਦਰ ਸੀ, ਉਹ ਸਾਫ ਬੋਲੀ ਵਿਚ ਪਰਗਟ ਕਰਨ ਦਾ ਉਹਨੂੰ ਗਿਆਨ ਨਹੀਂ ਸੀ। ਪੀਹੜੀਆਂ ਦੀ ਦਬਾਈ ਹੋਈ ਮਨੁੱਖਤਾ ਉਹਦੀ ਰੂਹ ਵਿਚ ਅੰਗੜਾਈ ਲੈਣੋ ਝਿਜਕ ਰਹੀ ਸੀ।

"ਬਾਬੇ ਦੀ ਇਹ ਗੱਲ ਤਾਂ ਠੀਕ ਏ। ਅਸੀਂ ਆਪ ਈ ਇਕ ਦੂਜੇ ਦੀ ਬਾਲੀ ਵਿਚ ਜ਼ਹਿਰ ਪੌਨੇ ਆਂ, ਕੁੱਤਿਆਂ ਵਾਂਗ ਲੜਦੇ ਆਂ, ਇਕ ਦੂੱਜੇ ਦੇ ਮੂੰਹੋਂ ਬੁਰਕੀ ਖੁਹੰਦੇ ਆਂ। ਤੁਸੀਂ ਝੰਡੇ ਵੱਲੇ ਈ ਵੇਖੋ ਖਾਂ।" ਕੰਮੂ ਦੇ ਗੁੱਸੇ ਦਾ ਨਸ਼ਾਨਾਂ ਇਕ ਝੰਡਾ ਹੀ ਸੀ। ਉਹ ਓਸੇ ਨੂੰ ਆਪਣੀ ਕਿਸਮਤ ਦਾ ਦੁਸ਼ਮਣ ਸਮਝਦਾ ਸੀ।

"ਉਏ, ਝੰਡੇ ਗਰੀਬ ਦੇ ਸਿਰ ਕੀ ਦੋਸ਼। ਇਹ ਤਾਂ ਮਾਲਕ ਦੀ ਚਾਲ ਏ। ਇਕ ਦੇ ਮੂੰਹੋਂ ਰੋਟੀ ਖੋਹ ਕੇ ਦੂੱਜੇ ਦੇ ਅੱਗੇ ਸੁੱਟ ਦਿਤੀ। ਅਗਲੇ ਸਾਲ ਦੂਜੇ ਕੋਲੋਂ ਦੋ ਘੁਮਾਂ ਖੋਹ ਕੇ ਤਿੱਜੇ ਨੂੰ ਦੇ ਦਿਤੀ। ਏਸ ਤਰਾਂ ਕਾਮਿਆਂ ਨੂੰ ਆਪਸ ਵਿਚ ਲੜਾਈ ਰਖਿਆ। ਨਹੀਂ ਤਾਂ ਦੱਸੋ, ਲਿਹਾਜ ਕੀਹਦੇ ਨਾਲ ਹੁੰਦਾ ਏ: ਝੰਡੇ ਨਾਲ ਥੋੜੀ ਹੋਈ ਏ? ਉਹਦੀ ਫੋਹਾ ਭਰ ਕੁੜੀ। ਕੋਈ ਜਿਉਣ ਦਾ ਹੱਜ ਏ? ਉਹਦੀ ਕੱਲ੍ਹੇ ਦੀ ਕੀ ਗੱਲ। ਕਿਸੇ ਇਕ ਦਾ ਨਾਂ ਲਵੋ, ਜੋ ਦੁੱਧ ਧੋਤਾ ਹੋਵੇ। ਅਸੀਂ ਤਾਂ ਭਲਾ ਮੁਸਲਮਾਨ ਹੋਏ। ਕੀ ਸੰਤਾ ਹਟਵਾਣੀਆਂ ਬਚਿਆ ਹੋਇਆ ਏ? ਉਹ ਰੰਗੀ ਹੋਈ ਦਾਹੜੀ ਵਾਲਾ ਚੌਧਰੀ, ਖੌਨੀ ਕੀ ਨਾ ਏ ਉਹਦਾ, ਕਰਮ ਬਕਸ਼ ਕਿ......।"

"ਬਸ਼ਰਮ ਬਕਸ਼।" ਵਿਚੋਂ ਈ ਗੱਲ ਟੋਕ ਕੇ ਦੀਨੇ ਨੇ ਟਕੋਰ ਲਾ ਦਿਤੀ।

"ਉ, ਸ਼ਰਮ ਧਰਮ ਦਾ ਤਾਂ ਵੱਡਿਆਂ ਲੋਕਾਂ ਨੂੰ ਵਾਸਤਾ ਈ ਨਹੀਂ ਹੁੰਦਾ।" ਪੀਰੇ ਨੇ ਫਿਰ ਟੁੱਟੀ ਹੋਈ ਲੜੀ ਜੋੜਦਿਆਂ ਕਿਹਾ। "ਸਿਆਣੇ ਆਹੰਦੇ ਨੇ, ਅਖੇ: ਅਮੀਰ ਦਾ ਦੀਨ-ਅਮਾਨ ਕੋਈ ਨਹੀਂ, ਤੇ ਗਰੀਬ ਦੀ ਪਤ ਨਹੀਂ ਹੁੰਦੀ। ਹਾਂ, ਉਹ ਲਾਲ ਦਾਹੜੀ ਵਾਲਾ ਚੌਧਰੀ ਜਦੋਂ ਆਵੇ, ਉਹਦੀ ਖਿਜਮਤ ਵਾਸਤੇ ਸੰਤੇ ਹਟਵਾਣੀਏ ਦੀ ਜਨਾਨੀ ਨੂੰ ਈਂ ਜਾਣਾ ਪੈਂਦਾ ਏ। ਦੱਸੋ, ਕੀ ਹਿੰਦੂ ਧਰਮ ਸਮਝੇ ਕੋਈ?" ਪੀਰੇ ਨੇ ਗੱਲ ਮੁਕਾ ਕੇ ਉਦਾਲੇ ਬੈਠੇ ਸਾਰੇ ਬੰਦਿਆਂ ਵੱਲੇ ਇਉਂ ਤਕਿਆ, ਜਿਵੇਂ ਉਹ ਵੰਗਾਰ ਰਿਹਾ ਹੋਵੇ, ਕਿ ਇਸ ਸਵਾਲ ਦਾ ਕਿਸੇ ਕੋਲ ਵੀ ਉੱਤਰ ਕੋਈ ਨਹੀਂ। ਮਿੰਟ ਪਿਛੋਂ ਉਹਨੇ ਆਪ ਹੀ ਫਿਰ ਕਹਿਣਾ ਸ਼ੁਰੂ ਕਰ ਦਿਤਾ, "ਭਲਾ ਇਹ ਵੀ ਕੋਈ ਜਿਉਣ ਏਂ? ਨਾ ਇੱਜਤ ਅਬਰੂੰ, ਨਾ ਰੱਜਵੀਂ ਰੋਟੀ, ਬੱਸ, ਬੋਹਲ ਬਣਨ ਦੀ ਡੇਰ ਏ। ਦਾਣੇ ਮਾਲਕਾਂ ਦੇ ਅੰਦਰੀਂ ਜਾ ਪੈਣਗੇ। ਤੇ ਤੁਸੀਂ ਫਿਰ ਭੁੱਖੇ ਢਿੱਡ ਵਜੋਂਦੇ ਫਿਰਿਓ।"

"ਬਾਬਾ !" ਦੀਨੇ ਨੇ ਡਾਢਾ ਗੰਭੀਰ ਹੋ ਕੇ ਪੁੱਛਿਆ, "ਇਹ ਦਿਨ ਕਦੇ ਬਦਲਨਗੇ ਵੀ ?"

"ਸਾਡੇ ਦਿਨ ?" ਬੁਢੇ ਪੀਰੇ ਨੇ ਸੁੰਞੀਆਂ ਅੱਖਾਂ ਨਾਲ ਦੀਨੇ ਵੱਲੇ ਤਕਦਿਆਂ ਦੁਹਰਾਇਆ। "ਸ਼ੈਦ......ਕਦੇ.........ਅੱਲਾ ਦੀਆਂ ਅੱਲਾ ਈ ਜਾਣੇ।" ਅਗਿਆਨਤਾ ਦੇ ਹਨ੍ਹੇਰੇ ਵਿਚ ਹੱਥ ਮਾਰ ਮਾਰ ਕੇ ਹੰਭੇ ਹੋਏ ਬੁਢਾਪੇ ਨੇ ਅੰਤ ਅੱਲਾਹ ਦਾ ਸਹਾਰਾ ਲਿਆ।

"ਅੱਲਾ......ਅੱਲਾ......ਗਰੀਬਾਂ ਦਾ ਕੋਈ ਅੱਲਾ ਨਹੀਂ।" ਦੀਨੇ ਨੇ ਨਿਰਾਸ ਹੋ ਕੇ ਸਿਰ ਫੇਰਦਿਆਂ ਕਿਹਾ।

ਦੋ ਮਿੰਟ ਮੌਤ ਵਰਗੀ ਚੁੱਪ ਵਰਤੀ ਰਹੀ। ਸਾਰੇ ਥਾਂਓਂ ਥਾਂਈਂ ਹੋਲਾਂ ਚੱਬਣ ਵਿਚ ਲੱਗੇ ਰਹੇ। ਪਰ ਦਿਲਾਂ ਅੰਦਰ ਜਵਾਲਾ ਜ਼ਰੂਰ ਭਟਕਦੀ ਰਹੀ, ਜਿਸਨੂੰ ਧਰਤੀ ਦੀ ਹਿੱਕ ਅੰਦਰ ਉੱਬਲ ਰਹੇ ਲਾਵੇ ਵਾਂਗ ਬਾਹਰ ਨਿਕਲਣ ਨੂੰ ਰਸਤਾ ਨਹੀਂ ਸੀ ਲੱਭ ਰਿਹਾ।

"ਓਏ ਹਰਾਮੀਓਂ ! ਕੀਹਨੇ ਪੁੱਟ ਕੇ ਲਿਆਂਦੇ ਨੇ ਇਹ ਬੂਟੇ ?" ਆਉਂਦੇ ਮੰਮੂਦੂ ਨੇ ਬੜੇ ਰੁਹਬ ਨਾਲ ਸਾਰਿਆਂ ਨੂੰ ਡਾਂਟਿਆ। ਉਹ ਪੈਲੀਆਂ ਦੇ ਬੰਨੇ ਬੰਨੇ ਫੇਰਾ ਮਾਰਦਾ ਆ ਰਿਹਾ ਸੀ।

"ਵੇਖਿ ਉਇ, ਮੰਮੂਦੂ ! ਆਪਣੇ ਪਿਉ ਦਾ ਬਣ। ਭਰਾਵਾਂ ਉਤੇ ਏਨਾ ਜ਼ੁਲਮ ਨਾ ਕਰਿਆ ਕਰ। ਮਾਲਕਾਂ ਨੇ ਤੇਰੀ ਕਬਰ ਸੋਨੇ ਦੀ ਨਹੀਂ ਬਣਾ ਦੇਣੀ। ਅੰਤ ਤੂੰ ਸਾਡਾ ਭਰੱਾ ਏਂ।" ਬਾਬੇ ਪੀਰੇ ਨੇ ਘਿਰਣਾ ਭਰੇ ਨਿਹੋਰੇ ਨਾਲ ਕਿਹਾ।

"ਬਾਬਾ ! ਮੇਰੇ ਕੀ ਅਖਤਿਆਰ। ਮੈਂ ਵੀ ਤਾਂ ਮਾਲਕਾਂ ਦਾ ਨੌਕਰ ਆਂ। ਮੈਂ ਕੀ ਜਵਾਬ ਦਿਆਂ ਉਹਨਾਂ ਨੂੰ ?" ਮੰਮੂਦੂ ਨੇ ਓਸੇ ਤਰ੍ਹਾਂ ਖਲੇ ਖਲੇ ਉੱਤਰ ਦਿਤਾ।

"ਪਰ ਆਖਰ ਕੀ ਆ ਗਈ, ਜੇ ਦੋ ਰੁੱਗ ਛੋਲੇ ਪੁੱਟ ਲਿਆਂਦੇ ਤਾਂ ! ਕਿਤੇ ਗੱਡੇ ਲੱਦ ਕੇ ਨਹੀਂ ਲੈ ਚੱਲੇ। ਐਵੇਂ ਨਿੱਕੀ ਨਿੱਕੀ ਗੱਲ ਤੋਂ ਆਨੀਆਂ ਤਾੜਦਾ ਰਹਿੰਦਾ ਏਂ, ਤੂੰ ਪੰਜ ਰੁਪਈਏ ਹਲ ਪਰਤੀ ਫਸਲਾਨਾ ਕਿਸ ਗੱਲ ਦਾ ਲੈਨਾ ਏਂ, ਜੇ ਏਨਾ ਲਿਹਾਜ ਵੀ ਨਹੀਂ ਤਾਂ !" ਦੀਨੇ ਨੇ ਥੋੜਾ ਜਿਹਾ ਗਰਮ ਹੋ ਕੇ ਕਿਹਾ।

"ਮੇਰੇ ਨਾਲ ਔਖਾ ਹੋਣ ਡਿਹਾ ਏਂ। ਫਸਲਾਨਾ ਮੈਂ ਖਾ ਜਾਨਾ ? ਮੇਰੇ ਹਿੱਸੇ ਤਾਂ ਲੱਸੀ ਵੀ ਨਹੀਂ ਬਚਦੀ। ਮਲਾਈ ਤਾਂ ਸਾਰੀ ਉਪਰਲੇ ਖਾ ਜਾਂਦੇ ਨੇ। ਜੇ ਮੁਣਸ਼ੀ ਆਪ ਆ ਜਾਏ ਹੁਣੇ, ਤਾਂ ਉਸ ਪਿਉ ਅੱਗੇ ਬੋਲਣਾ ਵੀ ਨਹੀਂ ਉਂ।" ਮੰਮੂਦੂ ਨੇ ਵੀ ਅੱਗੋਂ ਖਰ੍ਹਵਾ ਹੀ ਉੱਤਰ ਦਿਤਾ।

"ਬਹਿ ਜਾ ਮੰਮੂਦੂ ! ਗੁੱਸਾ ਗਿਲ੍ਹਾ ਵੀ ਤੇਰੇ ਨਾਲ ਈ ਹੋਇਆ ਨਾਂ ! ਤੂੰ ਆਪਣਾ ਜੁ ਹੋਇਓਂ । ਤੇ ਮੁਣਸ਼ੀ ਤਾਂ ਕਸਾਈ ਏ ਕਿਸੇ ਜਰਮ ਦਾ । ਉਹਨੂੰ ਸਾਡਾ ਕੀ ਦੁੱਖ ਪੀੜ ? ਬਹਿ ਜਾ ।" ਪੀਰੇ ਨੇ ਮੰਮੂਦੂ ਦਾ ਹੱਥ ਫੜ ਕੇ ਕੋਲ ਬਹਾ ਲਿਆ ।

"ਮੈਂ ਆਪਣਾ ਆਂ ਤਾਂ ਆਪਣੇ ਨੂੰ ਜੁੱਤੀਆਂ ਮਾਰੀ ਜਾਓ ਸਾਰੇ ।" ਮੰਮੂਦੂ ਦਾ ਗੁੱਸਾ ਅਜੇ ਵੀ ਠੰਢਾ ਨਹੀਂ ਸੀ ਹੋਇਆ ।

"ਛਾਂਤੀ ਕਰ । ਲੈ ਚੱਬ ਹੋਲਾ । ਬੱਚੂ ! ਜਮਾਨਾ ਬਦਲ ਚੱਲਿਆ ਏ । ਹੁਣ ਤਾਂ ਸਾਨੂੰ......ਸਾਨੂੰ ਗਰੀਬਾਂ ਨੂੰ ਵੀ ਕੁਛ......ਕੁਛ ਸਮਝ ਤੋਂ ਕੰਮ ਲੈਣਾ ਚਾਹੀਦਾ ਏ ।" ਪੀਰੇ ਨੇ ਮੰਮੂਦੂ ਦੀ ਕੰਡ ਉਤੇ ਪਿਆਰ ਨਾਲ ਹੱਥ ਫੇਰਦਿਆਂ ਕਿਹਾ ।

ਗਰੀਬ ਕਾਮੇ ਦੇ ਅੰਦਰ ਬਦਲ ਰਹੇ ਜ਼ਮਾਨੇ ਦਾ ਅਹਿਸਾਸ ਪੈਦਾ ਹੋ ਰਿਹਾ ਸੀ, ਪਰ ਉਹਨੂੰ ਅਜੇ ਰਾਹ ਕੋਈ ਨਜ਼ਰ ਨਹੀਂ ਸੀ ਆਉਂਦਾ ।

੧੦

ਕਸੂਰ ਤੋਂ ਲਾਹੌਰ ਜਾਣ ਵਾਲੀ ਸ਼ਾਹੀ ਸੜਕ ਉਤੇ ਲਲਿਆਣੀ ਇਕ ਘੁੱਗ ਵਸਦਾ ਕਸਬਾ ਹੈ । ਦੇਸ ਦੀ ਵੰਡ ਤੋਂ ਪਹਿਲਾਂ ਉਸਦੀ ਵਸੋਂ ਅੱਠ ਹਜ਼ਾਰ ਤੋਂ ਉਤੇ ਸੀ । ਸਿੱਖ ਤੇ ਮੁਸਲਮਾਨ ਦੋਵੇਂ ਜ਼ਮੀਨ ਦੇ ਮਾਲਕ ਸਨ । ਕਸਬੇ ਦੇ ਬਿਉਪਾਰ ਉਤੇ ਹਿੰਦੂਆਂ ਦਾ ਵਧੇਰੇ ਕਬਜ਼ਾ ਸੀ । ਗਿਣਤੀ ਦੇ ਲਿਹਾਜ਼ ਨਾਲ ਮੁਸਲਮਾਨ ਸਿੱਖਾਂ ਦੇ ਬਰਾਬਰ ਸਨ । ਇਸ ਵਾਸਤੇ ਓਥੇ ਕਿਸੇ ਕੌਮ ਦਾ ਵੀ ਦੂੱਜੀ ਉਤੇ ਦਬੱਾ ਨਹੀਂ ਸੀ ।

ਜਰਨੈਲੀ ਸੜਕੇ ਸੜਕ ਲਾਹੌਰ ਨੂੰ ਤੁਰੇ ਜਾਈਏ, ਤਾਂ ਜਿੱਥੇ ਜਾ ਕੇ ਕਸਬਾ ਮੁਕਦਾ ਹੈ, ਓਥੇ ਖੱਬੇ ਹੱਥ ਇਕ ਸੰਘਣੇ ਦਰਖ਼ਤਾਂ ਵਾਲੀ ਖੂਹੀ ਹੈ । ਉਸਦੇ ਕੋਲ ਛਾਂਵੇਂ ਦੋ ਤਖ਼ਤ ਪੋਸ਼ ਡੱਠੇ ਹੋਏ ਹਨ । ਗਰਮੀਆਂ ਦੀ ਰੁੱਤੇ ਸਾਰਾ ਦਿਨ ਓਥੇ ਰੌਣਕ ਲੱਗੀ ਰਹਿੰਦੀ ਹੈ ।

ਇਸ ਖੂਹੀ ਨੂੰ ਸਾਮ੍ਹਣੇ, ਸੜਕੋਂ ਦੂੱਜੇ ਪਾਸੇ ਮਿਹਨਤ ਮਜੂਰੀ ਕਰਨ ਵਾਲੇ ਗ਼ਰੀਬਾਂ ਦਾ ਮਹੱਲਾ ਹੈ । ਇਸ ਮੁਹੱਲੇ ਵਿਚ ਗਲੀਏ-ਗਲੀ ਤੀਹ-ਬੱਤੀ ਕਰਮਾਂ ਚੜ੍ਹਦੇ ਨੂੰ ਤੁਰੇ ਜਾਈਏ, ਤਾਂ ਸੱਜੇ ਹੱਥ 'ਨਿੱਕੇ' ਜੁਲਾਹੇ ਦਾ ਘਰ ਆ ਜਾਂਦਾ ਹੈ । ਨਿੱਕਾ ਹਰ ਪਾਸਿਓਂ ਨਿੱਕਾ ਸੀ । ਉਹਦਾ ਛੋਟਾ ਜਿਹਾ ਕੱਦ, ਨਿਕੀਆਂ ਨਿਕੀਆਂ ਚੁੰਨ੍ਹੀਆਂ ਅੱਖਾਂ, ਬਰਾਨੇ ਕਾਨੇ ਵਰਗਾ ਕਾਰੰਗਾ ਜਿਹਾ ਸਰੀਰ, ਛੋਟਾ ਜਿਹਾ ਕੱਚਾ

ਮਕਾਨ, ਤੇ...ਤੇ......। ਹਾਂ, ਅੰਞਾਣੇ ਜ਼ਰੂਰ ਵਧੇਰੇ ਸਨ। ਦੋ ਮੁੰਡੇ ਤੇ ਪੰਜ ਕੁੜੀਆਂ। ਨਿਕਾ ਸਹੁੰ ਖਾ ਕੇ ਕਹਿ ਸਕਦਾ ਸੀ, ਕਿ ਉਹਨੇ ਸਾਰੀ ਉਮਰ ਇਕ ਡੰਗ ਵੀ ਰੱਜ ਕੇ ਨਹੀਂ ਖਾਧਾ। ਉਹ ਬਹਾਲੀ ਸ਼ਾਹ ਦੀ ਦੁਕਾਨ 'ਤੇ ਕੰਮ ਕਰਦਾ ਸੀ। ਉਹ ਪਿਛਲੇ ਅੰਦਰੋਂ ਰੋਜ਼ ਖੰਡ ਦੀਆਂ, ਗੁੜ ਦੀਆਂ, ਚੋਲਾਂ ਦੀਆਂ, ਆਟੇ ਦੀਆਂ ਬੋਰੀਆਂ ਚੁਕ ਕੇ ਦੁਕਾਨ ਦੇ ਬੂਹੇ ਵਿਚ ਸਜਾਉਂਦਾ ਸੀ। ਇਹ ਬੋਰੀਆਂ ਉਹ ਅੱਡੇ ਉਤੋਂ ਆਪਣੀਆਂ ਮੌਰਾਂ ਉਤੇ ਚੁਕ ਚੁਕ ਕੇ ਲਿਆਉਂਦਾ ਸੀ। ਉਹ ਚੋਲਾਂ ਦੀਆਂ ਕੇਈ ਕਿਸਮਾਂ ਜਾਣਦਾ ਸੀ। ਸਫ਼ੈਦਾ, ਰਤੂਆ, ਹੰਸਰਾਜ ਤੇ ਬਾਸਪਤੀ ਦੇ ਦਾਣੇ ਉਹ ਹੱਥਾਂ ਉਤੇ ਜਾਚ ਲੈਂਦਾ ਸੀ। ਇਹਨਾਂ ਦੀ ਖ਼ੁਸ਼ਬੂ ਤੋਂ ਵੀ ਉਹ ਚੰਗੀ ਤਰ੍ਹਾਂ ਜਾਣੂ ਸੀ। ਪਰ ਉਹਨੇ ਵਧੀਆ ਚੋਲ ਖਾ ਕੇ ਘੱਟ ਵੱਧ ਹੀ ਵੇਖੇ ਸਨ। ਉਹ ਮਾਲਕਾਂ ਦੇ ਘਰ ਰੋਜ਼ ਸੱਜਰੀ ਸਬਜ਼ੀ ਛੱਡਣ ਜਾਂਦਾ ਸੀ। ਪਰ ਆਪ ਉਹ ਨਿੱਤ ਛੋਲਿਆਂ ਦੀ ਦਾਲ ਖਾਂਦਾ ਸੀ, ਤੇ ਉਹ ਵੀ ਨਿਰਾ ਡਭਕਲ-ਪਾਣੀ। ਉਹ ਵਧੀਆ ਤੋਂ ਵਧੀਆ ਕੱਪੜੇ ਬਾਰੇ ਜਾਣਦਾ ਸੀ। ਕੇਈ ਵਾਰ ਉਹਨੇ ਮਾਲਕਾਂ ਦੇ ਕਾਂਸ਼ੀ ਨੂੰ ਕੁੱਛੜ ਚੁਕ ਕੇ ਉਹਦੇ ਪਲੱਛ ਦੇ ਕੋਟ ਉਤੇ ਹੱਥ ਫੇਰ ਕੇ ਵੇਖਿਆ ਸੀ। ਪਰ ਆਪ ਉਹ ਸਦਾ ਖੱਦਰ ਪਾਉਂਦਾ ਸੀ, ਖੱਦਰ, ਹੱਥ ਦਾ ਕੱਤਿਆ ਗਾੜ੍ਹਾ ਤੇ ਸ਼ੁੱਧ ਖੱਦਰ। ਹਾਂ, ਇਕ ਵਾਰ ਉਹਨੇ ਮਾਲਕਾਂ ਦਾ ਉਤਾਰ, ਪਾਟਾ ਹੋਇਆ ਟਸਰ ਦਾ ਕੁੜਤਾ ਵੀ ਪਾ ਕੇ ਵੇਖਿਆ ਸੀ। ਉਹ ਰੋਜ ਸ਼ਾਹਾਂ ਦੀ ਮਹਿੰ ਨੂੰ ਗੁਤਾਵਾ ਕਰਦਾ ਸੀ, ਪਰ ਆਪ ਉਹਨੇ ਸਾਰੀ ਉਮਰ ਧਾਰਾਂ ਲੈ ਕੇ ਨਹੀਂ ਸਨ ਵੇਖੀਆਂ। ਉਹ ਦੁਕਾਨ 'ਤੇ ਤਾਰਿਆਂ ਦੀ ਛਾਂਵੇਂ ਆਉਂਦਾ ਸੀ ਤੇ ਤਾਰਿਆਂ ਦੀ ਛਾਂਵੇਂ ਵਾਪਸ ਘਰ ਜਾਂਦਾ ਸੀ। ਉਹ ਜਦੋਂ ਦਾ ਏਥੇ ਨੌਕਰ ਹੋਇਆ ਸੀ, ਆਪਣੇ ਘਰ ਦੀ ਚਾਰ ਦੀਵਾਰੀ ਅੰਦਰ ਉਹਨੇ ਕਦੇ ਸੂਰਜ ਚੜ੍ਹਦਾ ਜਾਂ ਛਿਪਦਾ ਨਹੀਂ ਸੀ ਵੇਖਿਆ। ਤੇ ਏਨੇ ਬਦਲੇ ਉਹਨੂੰ ਤਨਖਾਹ ਕੀ ਮਿਲਦੀ ਸੀ? ਛੱਡੋ ਇਸ ਸਵਾਲ ਨੂੰ। ਭੱਦਰ ਪੁਰਸ਼ਾਂ ਦੀ ਦੁਨੀਆਂ ਵਿਚ ਕਿਸੇ ਸ਼ਰੀਫ਼ ਦੀ ਤਨਖ਼ਾਹ ਜਾਂ ਆਮਦਨ ਬਾਰੇ ਪੁੱਛਣਾ ਐਬ ਗਿਣਿਆਂ ਜਾਂਦਾ ਹੈ।

ਵੱਡੇ ਪਰਵਾਰ ਵਾਲੇ ਨਿੱਕੇ ਦੀ ਵੱਡੀ ਧੀ ਮੀਰ ਮਾਹਮਦ ਵਿਆਹੀ ਹੋਈ ਸੀ। ਉਹਦੇ ਘਰ ਦੋ ਅੰਞਾਣੇ ਵੀ ਹੈ ਸਨ। ਉਹਦੀ ਉਮਰ ਭਾਵੇਂ ਅਜੇ ਵੀਹ ਸਾਲ ਦੀ ਸੀ, ਪਰ ਵੇਖਣ ਨੂੰ ਉਹ ਪੈਂਤੀ ਸਾਲ ਤੋਂ ਘੱਟ ਨਹੀਂ ਸੀ ਲਗਦੀ।

ਉਸ ਤੋਂ ਛੋਟਾ ਮੁੰਡਾ ਸੀ, ਹੈਦਰ ਅਲੀ। ਪੈਦਾਇਸ਼ ਦੇ ਰਜਿਸਟਰ ਵਿਚ ਉਹਦਾ ਇਹ ਨਾਂ ਦਰਜ ਸੀ, ਪਰ ਸਦਦੇ ਉਹਨੂੰ ਸਾਰੇ ਹੈਦਰ ਹੀ ਸਨ। ਉਹ ਕਿਸੇ ਅਮੀਰ ਦੇ ਘਰ ਜੰਮਿਆਂ ਹੁੰਦਾ, ਤਾਂ ਹੁਣ ਤਕ ਉਹਦਾ ਅਠਾਰ੍ਹਵਾਂ ਜਨਮ-ਦਿਨ

ਮਨਾਇਆ ਗਿਆ ਹੁੰਦਾ, ਪਰ ਉਹਦੇ ਮਾਪਿਆਂ ਨੂੰ ਤਾਂ ਉਹਦੇ ਜਨਮ ਦੀ ਤਾਰੀਖ਼ ਵੀ ਚੇਤੇ ਨਹੀਂ ਸੀ। ਉਹਦੀ ਮਾਂ ਏਨਾ ਹੀ ਦੱਸਿਆ ਕਰਦੀ ਹੈ, ਕਿ ਜਦੋਂ ਹੈਦਰ ਜੰਮਿਆਂ ਸੀ, ਉਨ੍ਹਨਾਂ ਦੇ ਦਾਣੇ ਮੁੱਕੇ ਹੋਏ ਸਨ।

ਮਦਰਸੇ ਦੇ ਮੌਲਵੀ ਦੇ ਜ਼ੋਰ ਦੇਣ 'ਤੇ ਹੈਦਰ ਨੂੰ ਪੜ੍ਹਨੇ ਵੀ ਪਾਇਆ ਗਿਆ ਸੀ। ਉਹ ਅੱਠਵੀਂ ਪਾਸ ਕਰ ਕੇ ਨੌਵੀਂ ਚੜ੍ਹਿਆ, ਤਾਂ ਕਤਾਬਾਂ ਦੇ ਖ਼ਰਚ ਤੋਂ ਬਚਣ ਵਾਸਤੇ ਨਿੱਕੇ ਨੇ ਉਸ ਨੂੰ ਮਹਿਲਾਂ ਵਾਲੇ ਸਰਦਾਰਾਂ ਦੇ ਮਾਲ ਮਗਰ ਲਾ ਦਿਤਾ। ਹੈਦਰ ਨੇ ਨੰਗੇ ਪੈਰੀਂ ਦੋ ਸਾਲ ਮਾਲ ਚਾਰਿਆ। ਏਨੇ ਥੋੜੇ ਸਮੇਂ ਵਿਚ ਹੀ ਉਹ ਏਸ ਪੁੰਨ ਦੇ ਕੰਮ ਤੋਂ ਅੱਕ ਗਿਆ। ਉਹ ਪਿਉ ਵਰਗਾ ਸੰਤੋਖੀ ਨਹੀਂ ਸੀ। ਅਧੂਰੀ ਜੇਹੀ ਪੜ੍ਹਾਈ ਤੇ ਨਵੀਂ ਹਵਾ ਨੇ ਉਹਨੂੰ ਬੇ-ਸਬਰਾ ਤੇ ਲਾਲਚੀ ਬਣਾ ਦਿਤਾ ਸੀ। ਉਹ ਆਪਣੇ ਪਿਉ, ਦਾਦੇ ਜਾਂ ਪੜਦਾਦੇ ਤੇ ਪੂਰਨਿਆਂ 'ਤੇ ਚਲਦਾ, ਤਾਂ ਇਕ ਜ਼ਿੰਦਗੀ ਕੀ ਹੁੰਦੀ ਹੈ ? ਉਹਦੀ ਉਮਰ ਬੜੀ ਸ਼ਾਂਤੀ ਨਾਲ ਸਰਦਾਰਾਂ ਦਾ ਮਾਲ ਚਾਰਦਿਆਂ ਲੰਘ ਜਾਣੀ ਸੀ। ਪਰ ਉਹਦੇ ਦਮਾਗ਼ ਦੀ ਕੋਈ ਢਿਬਰੀ ਢਿੱਲੀ ਰਹਿ ਗਈ ਹੋਈ ਸੀ। ਉਹ ਪੁੱਠੀ ਮੱਤ ਵਾਲਾ ਸਭ ਗੱਲਾਂ ਉਲਟੀਆਂ ਹੀ ਸੋਚਦਾ ਸੀ। ਉਹਨੇ ਸਰਦਾਰਾਂ ਦਾ ਮਾਲ ਚਾਰਨਾ ਛੱਡ ਦਿਤਾ। ਦੋ ਸਾਲ ਤੋਂ ਹੁਣ ਉਹ ਪਿੰਡ ਦੇ ਬੂਹੇ ਬੂਹੇ ਛਾਬੜੀ ਚੁੱਕੀ ਸਬਜ਼ੀ ਵੇਚਿਆ ਕਰਦਾ ਸੀ। ਅੱਠੀਂ ਦੱਸੀਂ ਦਿਨੀ ਉਹ ਕਸੂਰ ਸਿਨੇਮਾ ਵੇਖਣ ਵੀ ਚਲਾ ਜਾਂਦਾ ਸੀ। ਪਿਛਲੇ ਚਰਾਗਾਂ ਦੇ ਮੇਲੇ ਉਤੇ ਉਹ ਦੋ ਦਿਨ ਲਾਹੌਰ ਵੀ ਲਾ ਆਇਆ ਸੀ।

ਸਾਲ-ਕੁ ਤੋਂ ਹੈਦਰ ਦੇ ਤੌਰ ਹੀ ਹੋਰ ਹੋ ਗਏ ਸਨ। ਜਿਹੜਾ ਸਮਾਂ ਸਬਜ਼ੀ ਵੇਚਣ ਤੋਂ ਬਚਦਾ, ਉਹ ਕੁਛ ਨਾ ਕੁਛ ਪੜ੍ਹਦਾ ਰਹਿੰਦਾ। ਇਸ ਤੋਂ ਪਹਿਲਾਂ ਉਹ ਛੋਟੇ ਛੋਟੇ ਜਾਸੂਸੀ ਤੇ ਇਸ਼ਕੀਆ ਨਾਵਲ ਪੜ੍ਹਦਾ ਹੁੰਦਾ ਸੀ। ਹੁਣ ਬਹੁਤੀ ਵਾਰ ਉਹ ਅਖ਼ਬਾਰ ਪੜ੍ਹਦਾ ਨਜ਼ਰ ਆਉਂਦਾ। ਕਦੇ ਕਦਾਈਂ ਉਹ ਵਧੀਆ ਕਾਗ਼ਜ਼ ਉਤੇ ਛਪਿਆ ਹੋਇਆ ਕੋਈ ਮਾਸਕ ਪੱਤਰ ਲੈ ਆਉਂਦਾ, ਜਿਸ ਵਿਚ ਉੱਚੀਆਂ ਉੱਚੀਆਂ ਅਟਾਰੀਆਂ, ਵੱਡੇ ਵੱਡੇ ਕਾਰਖ਼ਾਨਿਆਂ, ਤੇ ਸੋਹਣੇ ਸੋਹਣੇ ਮਨੁੱਖਾਂ ਦੀਆਂ ਤਸਵੀਰਾਂ ਹੁੰਦੀਆਂ। ਉਹਨਾਂ ਤਸਵੀਰਾਂ ਵੱਲੇ ਉਹ ਕਿੰਨਾਂ ਕਿੰਨਾਂ ਚਿਰ ਸਧਰਾਰੀਆਂ ਨਜ਼ਰਾਂ ਨਾਲ ਵਿਹਿੰਦਾ ਰਹਿੰਦਾ।

ਪਿਛਲੇ ਕੁਛ-ਕੁ ਮਹੀਨਿਆਂ ਤੋਂ ਤਾਂ ਹੈਦਰ ਏਹੋ ਜਿਹੀਆਂ ਗੱਲਾਂ ਕਰਨ ਲੱਗ ਪਿਆ ਸੀ, ਜਿਸ ਦੀ ਉਸ ਦੇ ਮਾਪਿਆਂ ਨੂੰ ਕੋਈ ਸਮਝ ਨਹੀਂ ਸੀ ਆਉਂਦੀ। ਉਹ ਕਹਿੰਦਾ ਸੀ, ਮੈਂ ਇਸ ਜ਼ਿੰਦਗੀ ਤੋਂ ਅੱਕ ਗਿਆ ਹਾਂ। ਉਹ ਕਹਿੰਦਾ ਸੀ, ਮੈਂ ਇਸ ਪਿੰਡ ਵਿਚ ਨਹੀਂ ਰਹਿਣਾ ਚਾਹੁੰਦਾ। ਉਹ ਕਹਿੰਦਾ ਸੀ, ਮੈਂ ਲਾਹੌਰ ਜਾ ਕੇ

ਅਖ਼ਬਾਰ ਵੇਚਿਆ ਕਰਨੇਂ ਆਂ। ਉਹ ਕਹਿੰਦਾ ਸੀ.........ਉਹ ਕਹਿੰਦਾ ਸੀ.........ਕਿ ਮੈਂ.........ਹਾਂ, ਮੈਂ.........ਪਤਾ ਨਹੀਂ, ਮੈਂ ਕੀ ਕਰਨਾ ਚਾਹੁੰਦਾਂ। ਪਰ.........।

ਹੈਦਰ ਇਹ ਵੀ ਮਹਿਸੂਸ ਕਰਨ ਲੱਗ ਪਿਆ ਸੀ, ਕਿ ਹੁਣ ਉਹ ਜਵਾਨ ਹੋ ਗਿਆ ਹੈ। ਉਹ ਸਾਰਾ ਟੱਬਰ ਇਕੋ ਅੰਦਰ ਸੌਂਦੇ ਹੁੰਦੇ ਸਨ। ਪਰ ਇਸ ਸਿਆਲ ਵਿਹੜੇ ਵਿਚ ਇਕ ਕੰਧ ਨਾਲ ਸਰ ਕਾਨਿਆਂ ਦੀ ਛੋਟੀ ਜੇਹੀ ਛੱਪਰੀ ਪਾ ਕੇ ਉਹਨੇ ਆਪਣੇ ਵਾਸਤੇ ਵੱਖਰੀ ਥਾਂ ਬਣਾ ਲਈ ਸੀ।

ਹੈਦਰ ਤੋਂ ਛੋਟੀਆਂ ਚਾਰ ਕੁੜੀਆਂ ਤੇ ਸਭ ਤੋਂ ਛੋਟਾ ਇਕ ਹੋਰ ਮੁੰਡਾ ਸੀ। ਉਹਨਾਂ ਦੇ ਠੀਕ ਠੀਕ ਨਾਂ ਸਿਰਫ ਉਹਨਾਂ ਦੀ ਮਾਂ ਹੀ ਜਾਣਦੀ ਸੀ। ਨਿੱਕਾ ਤਾਂ ਉਹਨਾਂ ਨੂੰ 'ਕੁੜੀਏ' 'ਵੱਡੀ ਮੁੰਨੀ' 'ਦਵਿਚਲੀ ਮੁੰਨੀ' ਤੇ 'ਛੋਟੀ ਮੁੰਨੀ' ਆਖ ਕੇ ਹੀ ਸਾਰ ਲਿਆ ਕਰਦਾ ਸੀ।

ਇਸ ਘਰ ਦੀ ਛੱਪਰੀ ਥੱਲੇ ਬੈਠੀ ਨਾਜੋ ਛੋਟੇ ਕਾਕੇ ਦਾ ਕੁੜਤਾ ਸਿਉਂ ਰਹੀ ਸੀ। ਕੋਠੇ ਦੇ ਬੂਹੇ ਦੀ ਚੁਗਾਠ ਨੂੰ ਹੱਥ ਪਾਈ ਖਲਾ ਹੈਦਰ ਨਾਜੋ ਦੇ ਝੁਕੇ ਹੋਏ ਚਿਹਰੇ ਵੱਲੇ ਵੇਖ ਰਿਹਾ ਸੀ। ਨਾਜੋ ਦਾ ਮੂੰਹ ਬਹੁਤ ਕੁਮਲਾਇਆ ਹੋਇਆ ਸੀ, ਜਿਵੇਂ ਅੱਧ-ਖਿੜਿਆ ਫੁੱਲ ਪੈਰਾਂ ਥੱਲੇ ਮਿਧਿਆ ਹੋਇਆ ਹੋਵੇ। ਕਈ ਮਿੰਟ ਹੈਦਰ ਉਹਦੇ ਵੱਲੇ ਵਿਹੰਦਾ ਰਿਹਾ। ਹੈਦਰ ਦੇ ਦਿਲ ਵਿਚ ਖ਼ਿਆਲਾਂ ਦਾ ਤੂਫਾਨ ਆਇਆ ਹੋਇਆ ਸੀ। ਉਹਦਾ ਚਿਹਰਾ ਪਲ ਪਲ ਪਿੱਛੋਂ ਰੰਗ ਬਦਲ ਰਿਹਾ ਸੀ। ਉਹ ਸਹਿਜ ਸਹਿਜ ਤੁਰ ਕੇ ਨਾਜੋ ਦੇ ਸਾਮ੍ਹਣੇ ਡੱਠੇ ਮੰਜੇ 'ਤੇ ਆ ਬੈਠਾ। ਨਾਜੋ, ਉਹਦੀ ਹੋਂਦ ਨੂੰ ਮਹਿਸੂਸ ਕੀਤਾ, ਪਰ ਉਹਦੇ ਵੱਲੇ ਅੱਖ ਚੁੱਕ ਕੇ ਨਾ ਵੇਖਿਆ। ਉਹ ਜੀ-ਭਿਆਣੀ ਆਪਣੇ ਕੰਮ ਲੱਗੀ ਰਹੀ। ਉਹਦਾ ਛੋਟਾ ਜਿਹਾ ਦਿਲ ਸਮਝ ਗਿਆ, ਕਿ ਹੈਦਰ ਉਹਦੇ ਨਾਲ ਕੋਈ ਜ਼ਰੂਰੀ ਗੱਲ ਕਰਨੀ ਚਾਹੁੰਦਾ ਹੈ।

"ਨਾਜੋ!" ਦੋ ਮਿੰਟ ਚੁੱਪ ਬੈਠਣ ਪਿੱਛੋਂ ਹੈਦਰ ਨੇ ਬੜੀ ਮਿੱਠੀ ਸੁਰ ਵਿਚ ਕਿਹਾ।

'ਹਾਂ।" ਸੰਗਦੀ ਝਿਜਕਦੀ ਨਾਜੋ ਨੇ ਸ਼ਰਮਾਈ ਜੇਹੀ ਸੁਰ ਵਿਚ ਉੱਤਰ ਦਿਤਾ। ਉਹਦੇ ਦਿਲ ਦੀ ਧੜਕਣ ਤੇਜ਼ ਹੋ ਗਈ! ਕਿਸੇ ਪੁਰਾਣੀ ਯਾਦ ਨੇ ਉਹਨੂੰ ਸਿਰ ਤੋਂ ਪੈਰਾਂ ਤਕ ਕੰਬੱਾ ਦਿਤਾ। ਹਮਦਰਦੀ ਭਰੀ ਮਰਦਾਵੀਂ ਵਾਜ ਤੋਂ ਉਹ ਭੈ-ਭੀਤ ਹੋ ਗਈ। 'ਨਹੀਂ ਨਹੀਂ।' ਉਹ ਸੋਚਣ ਲੱਗੀ। 'ਇਹ ਉਹ ਨਹੀਂ। ਇਹ ਹੈਦਰ ਏ। ਉਹ......ਉਹ ਤਾਂ......।' ਉਹਨੇ ਇਕੋ ਵਾਰ ਥੋੜੇ ਜੇਹੇ ਮੋਂਢੇ ਹਿਲਾ ਕੇ ਡਰਾਉਣੀ ਯਾਦ ਤੋਂ ਪਿੱਛਾ ਛੁਡਾਉਣ ਦਾ ਯਤਨ ਕੀਤਾ।

ਹੈਦਰ ਉਸ ਦੀ ਬਦਲਦੀ ਹਾਲਤ ਨੂੰ ਵੇਖ ਕੇ ਉਹਦੇ ਅੰਦਰ ਦੇ ਖ਼ਿਆਲਾਂ ਨੂੰ ਸਮਝਣ ਦਾ ਯਤਨ ਕਰ ਰਿਹਾ ਸੀ। ਉਹਨੇ ਥੋੜਾ ਜਿਹਾ ਅਗ੍ਹਾਂ ਨੂੰ ਝੁਕ ਕੇ ਪਹਿਲਾਂ ਨਾਲੋਂ ਵੀ ਮੁਲਾਇਮ ਸੁਰ ਵਿਚ ਕਿਹਾ, "ਉਤਾਂਹ ਮੇਰੇ ਵੱਲੇ ਵੇਖੇਂ ਨਾਂ।"

ਨਾਜੋ ਨੇ ਹੈਦਰ ਦੇ ਚਿਹਰੇ ਵੱਲ ਝਾਤੀ ਮਾਰ ਕੇ ਛੇਤੀ ਨਾਲ ਅੱਖਾਂ ਨੀਂਵੀਆਂ ਕਰ ਲਈਆਂ। 'ਹੈਂ ? ਭਾਵੇਂ......ਸੁੰਞਾ ਘਰ......ਖ਼ਬਰੇ......।' ਭੈ ਨਾਲ ਨਾਜੋ ਦਾ ਚਿਹਰਾ ਪੀਲਾ ਪੈ ਗਿਆ। ਘਰ ਵਿਚ ਉਸ ਵੇਲੇ ਉਹ ਦੋਵੇਂ ਸਨ। ਬਾਕੀ ਸਾਰੇ ਬਾਹਰ ਗਏ ਹੋਏ ਸਨ।

"ਡਰ ਨਾ ਨਾਜੋ !" ਹੈਦਰ ਨੇ ਉਸ ਨੂੰ ਧੀਰਜ ਦੇਂਦਿਆਂ ਕਿਹਾ। "ਮੈਂ... ਮੈਂ......! ਹਾਂ, ਤੂੰ ਓਦਣ ਮਾਂ ਤੇ ਮਾਸੀ ਦੀਆਂ ਗੱਲਾਂ ਸੁਣੀਆਂ ਸਨ ?"

ਹੈਦਰ ਦੀ ਮਾਂ ਤੇ ਨਾਜੋ ਦੀ ਮਾਂ ਸਕੀਆਂ ਭੈਣਾਂ ਸਨ। ਉਹ ਨਾਜੋ ਦੀ ਮਾਂ ਨੂੰ ਮਾਸੀ ਕਹਿ ਰਿਹਾ ਸੀ।

"ਕਿਦਣ ?" ਨਾਜੋ ਨੇ ਆਪਣੇ ਧਿਆਨ ਸੂਈ ਵਿਚ ਧਾਗਾ ਪਾਉਂਦਿਆਂ ਪੁੱਛਿਆ।

"ਜਿੱਦਣ ਮਾਸੀ ਗਈ ਏ, ਉਸ ਤੋਂ ਪਹਿਲੀ ਰਾਤ।"

"ਨਹੀਂ।" ਨਾਜੋ ਨੇ ਝੂਠ ਮਾਰਿਆ। ਕਵਾਰੀ ਸ਼ਰਮ ਨਾਲ ਉਹਦਾ ਚਿਹਰਾ ਲਾਲ ਹੋ ਗਿਆ। ਉਹਦੇ ਲਹੂ ਦੀ ਰਵਾਨੀ ਤੇਜ਼ ਹੋ ਗਈ। ਉਹਦਾ ਦਿਲ ਕਾਹਲੀ ਕਾਹਲੀ ਧੜਕਣ ਲੱਗ ਪਿਆ, ਪਰ ਇਸ ਧੜਕਣ ਵਿਚ ਪਹਿਲਾਂ ਵਰਗਾ ਭੈ ਨਹੀਂ ਸੀ।

ਉਸ ਰਾਤ ਗੱਲਾਂ ਉਹਨੇ ਵੀ ਸੁਣੀਆਂ ਸਨ। ਪਰ ਹੈਦਰ ਦੇ ਸਾਮ੍ਹਣੇ ਉਹ ਇਸ ਗੱਲ ਦਾ ਇਕਬਾਲ ਨਾ ਕਰ ਸੱਕੀ।

"ਤਾਂ ਫਿਰ ਤੂੰ ਸੌਂ ਗਈ ਹੋਵੇਂਗੀ। ਮੈਨੂੰ ਵੀ ਉਹਨਾਂ ਸੁੱਤਾ ਹੋਇਆ ਈ ਸਮਝਿਆ ਸੀ, ਪਰ ਮੈਂ ਜਾਗਦਾ ਪਿਆ ਸਾਂ।" ਗੱਲਾਂ ਕਰਦਾ ਕਰਦਾ ਹੈਦਰ ਏਸ ਵਾਸਤੇ ਰੁਕ ਗਿਆ, ਕਿ ਸ਼ਾਇਦ ਨਾਜੋ ਆਪ ਉਹਨਾਂ ਗੱਲਾਂ ਬਾਰੇ ਪੁੱਛੇਗੀ।

ਨਾਜੋ ਨੇ ਅੱਗੋਂ ਕੋਈ ਹੁੰਗਾਰਾ ਨਾ ਭਰਿਆ। ਜੇ ਉਹਨੇ ਗੱਲਾਂ ਨਾ ਸੁਣੀਆਂ ਹੁੰਦੀਆਂ, ਸ਼ਾਇਦ ਉਹ ਭੋਲੇ-ਭਾੱ ਪੁੱਛ ਹੀ ਲੈਂਦੀ। ਪਰ ਸਭ ਕੁਛ ਜਾਣਦੀ ਹੋਈ, ਉਹ ਕਿਵੇਂ ਖੁੱਲ੍ਹ ਕੇ ਪੁੱਛ ਸਕਦੀ ਸੀ। ਭਾਰਤੀ ਇਸਤਰੀ ਦੇ ਜਮਾਂਦਰੂ ਹਯਾ ਨੇ ਉਹਦੇ ਮੂੰਹ ਉਤੇ ਚੁੱਪ ਦੀ ਮੋਹਰ ਲਾ ਛੱਡੀ। ਹਾਂ, ਉਹਦਾ ਰੰਗ ਅੱਗੇ ਨਾਲੋਂ ਵਧੇਰੇ ਸੂਹਾ ਹੋ ਗਿਆ।

"ਪਤਾ ਈ, ਉਹ ਕੀ ਗੱਲ ਕਰਦੀਆਂ ਸਨ ?" ਕੁਛ ਚਿਰ ਉਡੀਕ ਕੇ

ਹੈਦਰ ਨੇ ਆਪ ਹੀ ਫਿਰ ਵਾਰਤਾ ਤੋਰ ਦਿਤੀ ।

"ਊਂ-ਹੂੰ ।" ਨਾਜੋ ਨੇ ਮਧਮ ਜੇਹੀ ਸੁਰ ਵਿਚ ਸਿਰ ਹਿਲਾ ਕੇ ਕਿਹਾ । ਜੇ ਉਹ ਸਿਰ ਨਾਲ ਇਸ਼ਾਰਾ ਨਾ ਕਰਦੀ, ਤਾਂ ਸ਼ਾਇਦ ਉਹਦੀ ਵਾਜ ਸੁਣਨ ਵਾਲਾ ਸਮਝ ਹੀ ਨਾ ਸਕਦਾ ।

"ਉਹ ਤੇਰੇ ਵਿਆਹ ਬਾਰੇ ਗੱਲ ਕਰਦੀਆਂ ਸਨ । ਤੇਰੀ ਕੀ ਸਲਾਹ ਏ ?" ਪੜ੍ਹੇ ਹੋਏ ਕਿਸੇ ਰੋਮਾਨੀ ਨਾਵਲ ਦੇ ਨਾਇਕ (ਹੀਰੋ) ਵਾਂਗ ਹੈਦਰ ਨੇ ਉਹਦੀ ਰਾਏ ਜਾਨਣ ਦੀ ਇਛਿਆ ਨਾਲ ਪੁੱਛਿਆ ।

"ਹੈਦਰ !" ਨਾਜੋ ਨੇ ਫਰਕਦੇ ਬੁੱਲ੍ਹਾਂ ਨਾਲ ਉਹਦੇ ਵੱਲੋ ਵੇਖ ਕੇ ਕਿਹਾ । ਉਸ ਨਾਲ ਹੋਏ ਅਨਰਥ ਦੀ ਮਾਰੂ ਯਾਦ ਨੇ ਉਹਨੂੰ ਇਕੋ ਵਾਰ ਹਲੂਣ ਘੱਤਿਆ । ਉਹਦੇ ਕਵਾਰ-ਪਨ ਦੀ ਪੂੰਜੀ ਲੁੱਟਣ ਵਾਲੇ ਰਾਏ ਸਾਹਿਬ ਤੇ ਕੰਵਰ ਸਾਹਿਬ ਉਹਦੀ ਖ਼ਿਆਲੀ ਨਜ਼ਰ ਦੇ ਸਾਮ੍ਹਣੇ ਆ ਗਏ । ਉਹ ਇਉਂ ਮਹਿਸੂਸ ਕਰ ਰਹੀ ਸੀ, ਜਿਵੇਂ ਉਹਦੀ ਬਰਬਾਦੀ ਬਾਰੇ—ਸਣੇ ਹੈਦਰ—ਸਾਰੀ ਦੁਨੀਆਂ ਜਾਣ ਗਈ ਹੈ । ਉਹਨੇ ਸ਼ਰਮ ਨਾਲ ਅੱਖਾਂ ਵਿਚੋਂ ਹੰਝੂ ਕੇਰਦਿਆਂ, ਹਿਰਦੇ-ਵੇਧਕ ਪੀੜ ਨਾਲ ਕਿਹਾ,"ਮੇਰਾ ਵਿਆਹ ? ਮੇਰ ਵਰਗੀ ਭਰਿਸ਼ਟ ਹੋਈ ਨੂੰ ਕੌਣ ਕਬੂਲ ਕਰੇਗਾ ।" ਨਾਲ ਹੀ ਉਹ ਅੱਖਾਂ ਅੱਗੇ ਪੱਲਾ ਲੈ ਕੇ ਵਿਚੇ ਵਿਚ ਬੁਸਕਣ ਲੱਗ ਪਈ ।

"ਨਾਜੋ !" ਹੈਦਰ ਨੇ ਉਹਦਾ ਹੱਥ ਫੜਦਿਆਂ ਚੀਕ ਕੇ ਕਿਹਾ । "ਤੇਰਾ ਇਸ ਵਿਚ ਕੀ ਕਸੂਰ ? ਮੇਰੀ ਨਜ਼ਰ ਵਿਚ ਤੂੰ ਓਵੇਂ ਪਾਕ ਏਂ । ਤੇਰਾ ਵਿਆਹ ਮੇਰੇ ਨਾਲ ਹੋਵੇਗਾ । ਮਾਸੀ, ਮਾਂ ਨਾਲ ਫ਼ੈਸਲਾ ਕਰ ਗਈ ਏ । ਅੱਲਾਹ ਪਾਕ ਦੀ ਕਸਮ, ਮੈਂ ਤੈਨੂੰ ਮੁਹੱਬਤ ਕਰਦਾਂ । ਮੈਂ ਜਾਨ ਕੁਰਬਾਨ ਕਰ ਕੇ ਵੀ ਤੈਨੂੰ ਸੁਖੀ ਰਖਾਂਗਾ । ਹਾਂ, ਉਹਨਾਂ ਕਸਾਈਆਂ, ਮਰਦੂਦਾਂ ਤੋਂ ਜ਼ਰੂਰ ਬਦਲਾ ਲਵਾਂਗਾ । ਹਜ਼ਾਰ ਵਾਰ ਕਸਮ ਖਾ ਕੇ ਕਹਿੰਦਾ ਹਾਂ,ਕਿ ਮੈਂ ਉਹਨਾਂ ਤੋਂ ਬਦਲਾ ਲਵਾਂਗਾ ।" ਗੱਲ ਕਰਦਿਆਂ ਕਰਦਿਆਂ ਜੋਸ਼ ਵਿਚ ਹੈਦਰ ਦੀ ਵਾਜ ਉੱਚੀ ਹੁੰਦੀ ਗਈ । ਗੁੱਸੇ ਵਿਚ ਉਹਦੀਆਂ ਦੋਵੇਂ ਮੁੱਠਾਂ ਮੀਟੀਆਂ ਗਈਆਂ । ਉਹਦਾ ਸਾਰਾ ਸਰੀਰ ਅੱਗ ਦੀ ਲਾਟ ਵਾਂਗ ਥਰ ਥਰ ਕੰਬ ਰਿਹਾ ਸੀ ।

"ਹੈਦਰ !" ਨਾਜੋ ਨੇ ਉਹਦੀਆਂ ਸੁਰਖ ਹੋਈਆਂ ਅੱਖਾਂ ਵੱਲ ਪਲ ਦਾ ਪਲ ਝਾਕ ਕੇ ਆਪਣੇ ਹੀ ਗੋਡਿਆਂ ਉਤੇ ਸਿਰ ਝੁਕਾ ਦਿਤਾ । ਮਾਨੋ ਬਿਨਾਂ ਲੱਛੇਦਾਰ ਸ਼ਬਦਾਂ ਦੇ ਉਹਨੇ ਆਪਣਾ ਆਪ ਉਹਦੇ ਅੱਗੇ ਅਰਪਨ ਕਰ ਦਿਤਾ । "ਮੈਂ...... ਮੈਂ ਸਾਰੀ ਉਮਰ ਤੇਰੇ ਪੈਰ ਧੋ ਧੋ ਪੀਆਂਗਾ । ਪਰ ਵਿਆਹ ਤੋਂ ਪਹਿਲਾਂ......।" ਵਾਕ ਅਧੂਰਾ ਛੱਡ ਕੇ ਉਹ ਪਾਸੇ ਨੂੰ ਮੂੰਹ ਕਰ ਕੇ ਅੱਖਾਂ ਪੂੰਝਣ ਲੱਗ ਪਈ ।

"ਡਰ ਨਾ, ਨਾਜ਼ੋ ! ਮੈਂ ਇਨਸਾਨ ਆਂ, ਸ਼ੈਤਾਨ ਨਹੀਂ । ਨਕਾਹ ਤੋਂ ਪਹਿਲੇ ਤੇਰੇ ਵੱਲੇ ਬੁਰੀ ਨੀਅਤ ਨਾਲ ਤੱਕਾਂਗਾ ਵੀ ਨਹੀਂ । ਅਲਾਹ ਪਾਕ ਦੋਜ਼ਖ ਦੀ ਅੱਗ ਵਿਚ ਸਾੜੇ, ਜੇ ਮੈਂ ਵਾਹਦੇ ਤੋਂ ਮੁਨਕਰ ਹੋਵਾਂ ਤਾਂ । ਹੱਛਾ, ਹੁਣ ਮੈਂ ਜਾਨਾ, ਤੂੰ ਧੀਰਜ ਕਰ । ਆਪਾਂ ਫੇਰ ਗੱਲਾਂ ਕਰਾਂਗੇ ।" ਤੇ ਉਹਨੂੰ ਆਪਣੇ ਆਪ 'ਤੇ ਕਾਬੂ ਪਾਉਣ ਲਈ ਸਮਾਂ ਦੇਣ ਦੇ ਇਰਾਦੇ ਨਾਲ ਹੈਦਰ ਓਥੋਂ ਤੁਰ ਗਿਆ ।

ਨਾਜ਼ੋ ਪੰਦਰਾਂ ਦਿਨ ਹੋਰ ਓਥੇ ਰਹੀ । ਉਹਨੇ ਤੇ ਹੈਦਰ ਨੇ ਰੱਜ ਕੇ ਗੱਲਾਂ ਵੀ ਨਹੀਂ ਸਨ ਕੀਤੀਆਂ, ਜਾਂ ਚਰਾਗੋ ਉਹਨੂੰ ਲੈਣ ਆ ਗਈ । ਨਾ ਨਾਜ਼ੋ ਜਾਣ ਵਾਸਤੇ ਰਜ਼ਾਮੰਦ ਸੀ, ਨਾ ਉਹਦੀ ਮਾਸੀ ਭੇਜਣ ਵਾਸਤੇ । ਚਰਾਗੋ ਆਪ ਵੀ ਲੈ ਜਾਣਾ ਨਹੀਂ ਸੀ ਚਾਹੁੰਦੀ, ਪਰ ਗ਼ਰੀਬ ਦੀ ਬੇ-ਬਸੀ, ਉਹ ਮਜਬੂਰ ਸੀ । ਰਾਇ ਸਾਹਿਬ ਨੇ ਉਹਦੀ ਜਾਨ ਸੂਲੀ 'ਤੇ ਟੰਗ ਛੱਡੀ ਸੀ । ਉਹਦੀਆਂ ਗਾਲ੍ਹਾਂ ਤੇ ਧਮਕੀਆਂ ਯਾਦ ਕਰਕੇ ਨਿਮਾਣੀ ਚਰਾਗੋ ਏਡੀ ਦੂਰ ਬੈਠੀ ਦਾ ਵੀ ਕਲੇਜਾ ਧੜਕ ਰਿਹਾ ਸੀ ।

ਦੋਹਾਂ ਭੈਣਾਂ ਦੀ ਗੱਲ ਪੱਕੀ ਹੋ ਗਈ ਸੀ, ਪਰ ਅਜੇ ਉਹਨਾਂ ਲੋਕਾਂ ਅੱਗੇ ਪਰਗਟ ਨਹੀਂ ਸੀ ਕੀਤੀ ।

ਨਾਜ਼ੋ ਦੇ ਤੁਰਨ ਦੀ ਤਿਆਰੀ ਹੋ ਗਈ । ਹੈਦਰ ਉਹਨੂੰ ਰੋਕਣਾ ਚਾਹੁੰਦਾ ਹੋਇਆ ਵੀ ਖੁੱਲ੍ਹ-ਮ-ਖੁੱਲ੍ਹਾ ਰੋਕ ਨਹੀਂ ਸੀ ਸਕਦਾ । ਫਿਰ ਵੀ ਉਹਨੇ ਚੱਜ ਨਾਲ ਕਿਹਾ, "ਮਾਸੀ ! ਐਹੋ ਜੇਹੇ ਮਾਣਸਖਾਣਿਆਂ ਦੇ ਪਿੰਡੋਂ ਤੁਸੀਂ ਆ ਕਿਉਂ ਨਹੀਂ ਜਾਂਦੇ ? ਏਥੇ ਸਾਡੇ ਕੋਲ ਆ ਜਾਓ । ਨਹੀਂ ਤਾਂ ਕਿਸੇ ਸ਼ਹਿਰ ਚੱਲ ਵੱਸਾਂਗੇ । ਮਿਹਨਤ ਮਜੂਰੀ ਕੀਤਿਆਂ ਰੱਬ ਸਾਨੂੰ ਖਾਣ ਜੋਗਾ ਨਾ ਦੇਊ ।"

"ਵੇ ਹੈਦਰ ! ਅਸੀਂ ਤਾਂ ਆਪ ਓਥੇ ਨੱਕ ਨੱਕ ਔਖੇ ਆਂ, ਪਰ ਉਹ ਮੋਏ ਮਰਨੇ ਔਣ ਵੀ ਦੇਣ । ਆਹੰਦੇ ਨੇ, ਸਾਡਾ ਲਹਿਣਾ ਦੇ ਜਾਓ, ਤੇ ਚਲੇ ਜਾਓ । ਅੱਲਾਂ ਦੋਜਕਾਂ ਵਿਚ ਸਾੜੇ ਨੇ । ਲਹੂ ਪੀਣੇ ਕਸਾਈ ਨੇ ਰਾਏ ਸਾਹਿਬ ।" ਥੋੜੀ ਜੇਹੀ ਹਵਾ ਲਗਣ 'ਤੇ ਚਰਾਗੋ ਦੇ ਅੰਦਰ ਦੱਬੀ ਹੋਈ ਅੱਗ ਦਾ ਕੁਛ ਸੇਕ ਬਾਹਰ ਨਿਕਲਿਆ ।

"ਉਹਨਾਂ ਦਾ ਲਹਿਣਾ ? ਤੁਸੀਂ ਕਾਹਦੇ ਵਾਸਤੇ ਲਿਆ ਸੀ ਉਹਨਾਂ ਤੋਂ । ਤੁਸਾਂ ਕਿਹੜੇ ਮਹਿਲ ਪਾਏ ਸੀ ।"

"ਵੇ ਬੀਬਾ ! ਢਿੱਡ ਈ ਨਹੀਂਉਂ ਪੂਰੇ ਹੁੰਦੇ । ਸਾਰਾ ਸਾਲ ਖਪਦਿਆਂ ਮਰ ਜਾਈਦਾ ਏ, ਉਹਨਾਂ ਦਾ ਬਿਆਜ ਵੀ ਪੂਰਾ ਨਹੀਂਉਂ ਹੁੰਦਾ । ਸਗੋਂ ਸੌ-ਪੰਜਾਹ ਟੁੱਟ ਈ ਜਾਂਦੇ ਨੇ । ਤੇ ਔਂਤਰੇ ਬਿਆਜ ਕਿਹੜਾ ਥੋੜਾ ਥਿੱਕੜਾ ਲੈਂਦੇ ਨੇ, ਟਕਾ

ਰੁਪਈਆ ਤੇ ਆਨਾ ਰੁਪਈਆ। ਸਾਡੀ ਕਹਿਰਾਂ ਦੀ ਕਮਾਈ, ਅੱਲਾ ਨਾ ਈਂ ਖਾਣੀ ਦੇਵੇ ਨੇ।'' ਚਰਾਗੋ ਦੇ ਅੰਦਰੋਂ ਬਲਦੇ ਹਉਕੇ ਨਿਕਲ ਰਹੇ ਸਨ।

"ਆਨਾ ਰੁਪਈਆ ? ਯਾਨੀ ਪਜੰਤਰ ਰੁਪੈ ਸੈਂਕੜਾ। ਹੇ ਅੱਲਾਹ ! ਲਹੂ ਪੀਣੀਆਂ ਜੋਕਾਂ। ਇਕ ਦਿਨ ਇਹ ਜੋਕਾਂ ਪੈਰਾਂ ਥੱਲੇ ਮਿਧਣੀਆਂ ਈਂ ਪੈਣਗੀਆਂ। ......ਮਾਸੀ ! ਥੋੜਾ ਚਿਰ ਹੋਰ ਸਬਰ ਕਰੋ। ਉਹ ਦਿਨ ਦੂਰ ਨਹੀਂ ਜਦ...।'' ਹੈਦਰ ਦੇ ਅੰਦਰ, ਰਾਏ ਸਾਹਿਬ ਦੀਆਂ ਪੱਕੀਆਂ ਅਟਾਰੀਆਂ ਨੂੰ ਦਝਨ ਕਰ ਦੇਣ ਵਾਲੀ ਜਵਾਲਾ ਮਘ ਰਹੀ ਸੀ।

ਨਾਜੋ ਮਾਂ ਨਾਲ ਤੁਰ ਪਈ। ਹੈਦਰ ਤੇ ਉਹਦੀ ਮਾਂ ਅੱਡੇ ਤਕ ਤੋਰਨ ਗਏ। ਵਿਛੜਨ ਲੱਗਿਆਂ ਸੰਗਦਿਆਂ ਸੰਗਦਿਆਂ ਨਾਜੋ ਨੇ ਹੇਠਾਂ ਨੂੰ ਮੂੰਹ ਕੀਤੀ ਕਿਹਾ, "ਹੈਦਰ ! ਸਾਨੂੰ ਮਿਲਨ ਆਵੇਂਗਾ ?"

"ਹਾਂ, ਜਰੂਰ ਆਵਾਂਗਾ। ਮੇਰੇ ਵੱਲੋਂ ਮਾਸੜ ਤੇ ਬਾਕੀ ਸਾਰਿਆਂ ਨੂੰ ਸਲਾਮ ਆਖਿਓ।"

੧੧

ਰਾਏ ਬਹਾਦਰ ਨੇ ਪਿੰਡ ਦੇ ਨੇੜੇ ਦੋ ਏਕੜ ਜ਼ਮੀਨ ਪਿੜਾਂ ਵਾਸਤੇ ਖ਼ਾਲੀ ਛੱਡੀ ਹੋਈ ਸੀ। ਸਾਰੇ ਪਿੰਡ ਦੀ ਫ਼ਸਲ ਓਥੇ ਇਕੇ ਥਾਂ ਇਕੱਠੀ ਹੁੰਦੀ ਸੀ। ਏਸ ਤਰ੍ਹਾਂ ਮਾਲਕਾਂ ਨੂੰ ਰਾਖੀ ਰਖਣ ਵਿਚ ਆਸਾਨੀ ਰਹਿੰਦੀ ਸੀ। ਫ਼ਸਲ ਦੇ ਕੱਠੇ ਹੋਣ ਤੋਂ ਲੈ ਕੇ ਪਿੜਾਂ ਦੇ ਚੁੱਕੇ ਜਾਣ ਤਕ ਮਾਲਕਾਂ ਦੇ ਦੋ ਬੰਦੇ ਹਰ ਵੇਲੇ ਓਥੇ ਰਾਖੇ ਰਹਿੰਦੇ ਸਨ।

ਕੁਛ ਬੋਹਲ ਬਣੇ ਪਏ ਸਨ, ਕੁਛ ਧੜਾਂ ਲੱਗੀਆਂ ਹੋਈਆ ਸਨ ਤੇ ਕੁਛ ਅਜੇ ਫਲ੍ਹੇ ਵਗ ਰਹੇ ਸਨ।

ਅੱਜ ਬੋਹਲਾਂ ਦੀ ਤੁਲਾਈ ਸ਼ਰੂ ਹੋਣੀ ਸੀ। ਸੰਤਾ ਹਟਵਾਣੀਆਂ ਤੱਕੜੀ ਵੱਟਾ ਲੈ ਕੇ ਆ ਪਹੁੰਚਾ। ਮੁਜ਼ਾਰਿਆਂ ਨੇ ਉਹਨੂੰ ਓਸ ਨਿਗ੍ਹਾ ਨਾਲ ਤਕਿਆ, ਜਿਸ ਨਾਲ ਮਰਨ ਵਾਲਾ ਜਮ ਦੇ ਦੂਤ ਵੱਲ ਵਿਹੰਦਾ ਹੈ। ਸਾਰੇ ਵਹੀਕਾਂ ਦੀਆਂ ਅੱਖਾਂ ਸੰਤੇ ਦੇ ਚਿਹਰੇ ਉਤੇ ਟਿਕੀਆਂ ਹੋਈਆਂ ਸਨ। ਸੰਤੇ ਦਾ ਜਾਣਿਆਂ ਪਛਾਣਿਆਂ ਮੂੰਹ ਉਹਨਾਂ ਨੂੰ ਹੋਰ ਹੋਤ ਨਜ਼ਰ ਆ ਰਿਹਾ ਸੀ। ਸ਼ਕਾਰੀ ਚਿੱਤਰੇ ਵਾਂਗ ਸੰਤੇ ਦੀਆਂ ਅੱਖਾਂ ਖ਼ੂੰਨੀ ਹੋ ਗਈਆਂ ਸਨ। ਉਹਦੇ ਦੰਦ ਚੱਪਾ ਚੱਪਾ ਵਧ ਕੇ ਮੂੰਹੋਂ ਬਾਹਰ ਨਿਕਲ ਆਏ ਸਨ। ਉਹਦੀਆਂ ਇੰਚ ਇੰਚ ਮੁੱਛਾਂ ਸੂਰ ਦੀਆਂ ਹੁੱਡਾਂ ਵਾਂਗ ਡਰਾਉਣੀਆਂ ਪਰਤੀਤ ਹੋ ਰਹੀਆਂ ਸਨ। ਵਹੀਕਾਂ ਨੇ ਭੈ-ਭੀਤ ਹੋ ਕੇ

ਉਹਦੇ ਮੂੰਹ ਵੱਲ ਤਕਣਾ ਛੱਡ ਦਿਤਾ। ਫਿਰ ਉਹਨਾਂ ਦੀ ਨਿਗ੍ਹਾ ਸੰਤੇ ਦੀ ਤੱਕੜੀ 'ਤੇ ਜਾ ਟਿਕੀ। ਸੁੱਕੇ ਹੋਏ ਚਮੜੇ ਦੀ ਤੱਕੜੀ ਤੇ ਮਾਲਕਾਂ ਦੇ ਦਿਲ ਵਾਂਗ ਸਖ਼ਤ ਲੋਹੇ ਦੀ ਪੰਜਸੇਰੀ। ਹਲ-ਵਾਹਕ ਉਹਨਾਂ ਦੋਹਾਂ ਚੀਜ਼ਾਂ ਵੱਲ ਸਹਿਮੀਆਂ ਅੱਖਾਂ ਨਾਲ ਤਕੀ ਜਾ ਰਹੇ ਸਨ।

ਪਾਲੀ ਤੇ ਸੁਰਮੇ ਨੇ ਮਾਲਕਾਂ ਦੀ ਗੱਡ ਪਿੜ ਵਿਚ ਲਿਆ ਖਲ੍ਹਾਰੀ। ਉਹਦੇ ਉਤੇ ਖ਼ਾਲੀ ਬੋਰੀਆਂ ਦੇ ਗੋਲ ਕਰ ਕਰ ਕੇ ਬੱਧੇ ਹੋਏ ਗੱਠੇ ਸਨ। ਪਾਲੀ ਤੇ ਸੁਰਮੇ ਨੇ ਗੰਢਾਂ ਖੁਹਲ ਕੇ ਖ਼ਾਲੀ ਬੋਰੀਆਂ ਦੀ ਢੇਰੀ ਲਾ ਦਿਤੀ। ਬੋਰੀਆਂ ਖ਼ਾਲੀ ਸਨ, ਹਲ ਵਾਹੁਣ ਵਾਲਿਆਂ ਦੇ ਢਿੱਡਾਂ ਵਾਂਗ ਖ਼ਾਲੀ। ਪਰ ਕੁਝ ਚਿਰ ਤਕ ਬੋਰੀਆਂ ਨੇ ਭਰ ਕੇ ਮਾਲਕਾਂ ਦੇ ਗੁਦਾਮ ਵਿਚ ਚਲੀਆਂ ਜਾਣਾ ਸੀ, ਤੇ ਅਨਾਜ ਪੈਦਾ ਕਰਨ ਵਾਲਿਆਂ ਦੇ ਢਿੱਡ ਓਵੇਂ ਖ਼ਾਲੀ ਦੇ ਖ਼ਾਲੀ ਰਹਿ ਜਾਣੇ ਸਨ।

ਕੁਛ ਚਿਰ ਪਿਛੋਂ ਮੁਣਸ਼ੀ ਵੀ ਆ ਪਹੁੰਚਾ। ਉਹਦਾ ਪਤਲਾ ਜਿਹਾ ਸਰੀਰ ਅੱਜ ਨਿਤ ਨਾਲੋਂ ਵਧੇਰੇ ਡਰਾਉਣਾ ਪਰਤੀਤ ਹੋ ਰਿਹਾ ਸੀ। ਉਹਦੀਆਂ ਇੱਲ ਵਰਗੀਆਂ ਤਿਖੀਆਂ ਅੱਖਾਂ 'ਤੇ ਓੜਕ-ਛੋਹੀ ਐਨਕ ਇਉਂ ਜਾਪਦੀ ਸੀ, ਜਿਵੇਂ ਹੁਣ ਵੀ ਡਿੱਗੀ ਹੁਣ ਵੀ ਡਿੱਗੀ। ਉਹਦੇ ਗੰਜੇ ਸਿਰ ਉਤੇ ਮਲਮਲ ਦੀ ਪੱਗ ਰੱਬ-ਆਸਰੇ ਹੀ ਖਲੀ ਹੋਈ ਸੀ। ਸਿਰ ਤੋਂ ਪੈਰਾਂ ਤਕ ਤਕਣ ਨਾਲ ਉਹਦਾ ਹੁਲੀਆ, ਕਿਸੇ ਫ਼ਿਲਮੀ ਸੇਠ ਦੇ ਮੁਨੀਮ ਵਰਗਾ ਭਾਸਦਾ ਸੀ। ਉਹਦੇ ਸੱਜੇ ਕੰਨ ਉਤੇ ਟਗੀ ਹੋਈ ਕਲਮ ਤੇ ਖੱਬੀ ਕਛ ਵਿਚ ਦਬਾਈ ਹੋਈ ਲਾਲ ਜਿਲਦ ਵਾਲੀ ਵਹੀ ਵੇਖ ਕੇ ਮੁਜ਼ਾਰਿਆਂ ਦਾ ਸਾਹ ਰੁਕ ਗਿਆ। ਉਹਨਾਂ ਨੂੰ ਇਉਂ ਭਾਸਣ ਲੱਗਾ, ਜਿਵੇਂ ਇਸ ਕਾਨੇ ਦੀ ਲੱਠ ਵਾਲੇ ਕਾਗਤਾਂ ਦੇ ਕੋਹਲੂ ਵਿਚ, ਉਹਨਾਂ ਸਾਰਿਆਂ ਦਾ ਘਾਣ-ਬੱਚਾ-ਘਾਣ ਪੀੜ ਦਿਤਾ ਜਾਵੇਗਾ।

ਮੁਣਸ਼ੀ ਦੇ ਮਗਰ ਮਗਰ ਮੰਮੂਦੂ ਵੀ ਆਪਣੇ ਤਿੰਨਾਂ ਸਾਥੀਆਂ ਸਣੇ ਆ ਪਹੁੰਚਾ। ਚੌਹਾਂ ਖ਼ਾਕੀ ਵਰਦੀਆਂ ਪਾਈਆਂ ਹੋਈਆ ਸਨ। ਚੌਹਾਂ ਵਿਚੋਂ ਗੋਰਖ਼ੇ ਦੇ ਮੋਢੇ ਉਤੇ ਦੁਨਾਲੀ ਬੰਦੂਕ ਸੀ ਤੇ ਬਾਕੀ ਤਿੰਨਾਂ ਕੋਲ ਸੰਮਾਂ ਵਾਲੀਆਂ ਡਾਂਗਾਂ। ਮੁਜ਼ਾਰਿਆਂ ਨੇ ਇਕ ਵਾਰ ਉਹਨਾਂ ਜਮਦੂਤਾਂ ਵੱਲ ਸਹਿਮੀ ਹੋਈ ਨਜ਼ਰ ਨਾਲ ਤਕਿਆਂ ਤੇ ਫਿਰ ਅਖਾਂ ਨੀਂਵੀਆਂ ਕਰ ਲਈਆਂ।

"ਆਹ ਬੋਹਲ ਕੀਹਦਾ ਏ ?" ਮੁਣਸ਼ੀ ਨੇ ਸੋਨੇ ਵਾਂਗ ਚਮਕਦੀ ਕਣਕ ਦੇ ਬੋਹਲ ਦੇ ਮੱਥੇ ਅੱਗੇ ਖਲੋ ਕੇ ਪੁਛਿਆ।

"ਮੁਣਸ਼ੀ ਜੀ ਮੇਰਾ।" ਝੰਡੇ ਨੇ ਛੇਤੀ ਨਾਲ ਉੱਠ ਕੇ ਅਗ੍ਹਾਂ ਵਧਦਿਆਂ ਕਿਹਾ। ਉਹਦਾ ਕਲੇਜਾ ਜ਼ੋਰ ਜ਼ੋਰ ਦੀ ਵਜਣ ਲੱਗ ਪਿਆ। ਸੱਜੇ ਹੱਥ ਨਾਲ

ਉਹ ਉਸਨੂੰ ਸੰਭਾਲਣ ਦਾ ਯਤਨ ਕਰ ਰਿਹਾ ਸੀ। ਜਲਾਦ ਦੀ ਛੁਰੀ ਤੇ ਕਸਾਈ ਦੀ ਤੱਕੜੀ ਵੇਖ ਕੇ ਸ਼ਾਇਦ ਉਹ ਕੋਹੇ ਜਾਣ ਵਾਲੇ ਬੱਕਰੇ ਨੂੰ ਜੋਹ ਰਿਹਾ ਸੀ।

"ਕੀ ਨਾਂ ਏਂ ਤੇਰਾ ? ਝੰਡਾ ?" ਮੁਣਸ਼ੀ ਨੇ ਪੱਕੇ ਹੋਏ ਸੁਭੱਾ ਅਨਸਾਰ ਪੁੱਛਿਆ। ਨਾਲ ਹੀ ਉਹਨੇ ਵਹੀ ਖੋਹਲ ਕੇ ਲਿਖਣਾ ਸ਼ੁਰੂ ਕਰ ਦਿਤਾ।

"ਹਾਂ ਜੀ।"

"ਉਇ ਤੇਰਾ ਨਾਂ ਲਿਖਾਂ, ਕਿ ਚਰਾਗੋ ਦਾ ? ਘਰ ਦੀ ਅਸਲ ਮਾਲਕ ਤਾਂ ਓਹਾ ਹੋਈ ਨਾਂ।" ਮੁਣਸੀ ਦੇ ਬੁੱਲ੍ਹਾਂ ਉਤੇ ਖਚਰੀ ਜੇਹੀ ਮੁਸਕਰਾਹਟ ਫੈਲ ਗਈ। ਚਰਾਗੋ ਦਾ ਨਾਂ ਲੈਂਦਿਆਂ ਉਹਦੇ ਬੁਢੇ ਸਰੀਰ ਵਿਚ ਵੀ ਚਿੜੰਗਾਂ ਫੁਟਣ ਲੱਗ ਪਈਆਂ।

"ਜੀਹਦਾ ਮਰਜੀ ਜੇ, ਲਿਖ ਲੋ।" ਝੰਡੇ ਨੇ ਢੀਠਾਂ ਵਾਂਗ ਮੁਸਕਰਾਉਣ ਦਾ ਯਤਨ ਕਰਦਿਆਂ ਉਤਰ ਦਿਤਾ।

"ਸੰਤੇ ! ਏਥੋਂ ਈਂ ਤੁਲਾਈ ਸ਼ੁਰੂ ਕਰੋ। ਬੱਸ, ਰਾਏ ਸਾਹਿਬ ਆਉਣ ਵਾਲੇ ਈ ਨੇ।" ਹੁਕਮ ਦੇ ਕੇ, ਮੁਣਸ਼ੀ ਅਗਲੇ ਬੋਹਲ ਦੇ ਸਰ੍ਹਾਣੇ ਜਾ ਖਲਾ।

ਸੰਤੇ ਨੇ ਝੰਡੇ ਦੇ ਬੋਹਲ ਕੋਲ ਤੱਕੜੀ ਵੱਟਾ ਜਾ ਰਖਿਆ। ਪਾਲੀ, ਸੁਰਮਾ ਤੇ ਸ਼ਮੀਰਾ ਵੀ ਬੋਰੀਆਂ ਫੜ ਕੇ ਉਸ ਬੋਹਲ ਕੋਲ ਜਾ ਖਲੇ। ਝੰਡਾ ਕਦੇ ਮਾਲਕਾਂ ਦੀਆਂ ਬੋਰੀਆਂ ਵੱਲ ਵਿਹੰਦਾ ਤੇ ਕਦੇ ਲਹੂ ਪਾਣੀ ਇਕ ਕਰਕੇ ਪੈਦਾ ਕੀਤੇ ਹੋਏ ਆਪਣੇ ਬੋਹਲ ਵੱਲ। ਹਾਂ, ਆਪਣਾ ਬੋਹਲ, ਜੋ ਕੇਵਲ ਆਖਣ ਮਾਤਰ ਉਹਦਾ ਆਪਣਾ ਸੀ।

ਘੋੜੇ ਦੀਆਂ ਟਾਪਾਂ ਸੁਣ ਕੇ ਸਾਰਿਆਂ ਦਾ ਧਿਆਨ ਉਸ ਪਾਸੇ ਖਿੱਚਿਆ ਗਿਆ। ਕੁਛ ਪਲਾਂ ਅੰਦਰ ਹੀ ਰਾਏ ਸਾਹਿਬ ਅਬਲਖ ਘੋੜੇ ਉਤੇ ਅਸਵਾਰ, ਪਿੜਾਂ ਵਿਚ ਆ ਖਲਾ। ਉਹਦੀ ਰੇਸ਼ਮੀ ਪੁਸ਼ਾਕ ਸੂਰਜ ਦੀਆਂ ਕਿਰਨਾਂ ਸਾਮ੍ਹਣੇ ਸੋਨੇ ਦੀਆਂ ਤਾਰਾਂ ਵਾਂਗ ਚਮਕ ਰਹੀ ਸੀ। ਗਾਤਰੇ ਲਟਕ ਰਿਹਾ ਪੰਜਾਂ ਗੋਲੀਆਂ ਦਾ ਪਸਤੌਲ ਉਹਦੇ ਰੁਹਬ ਤੇ ਹੈਸੀਅਤ ਦਾ ਵਿਖਾਲਾ ਕਰ ਰਿਹਾ ਸੀ। ਉਹਦੇ ਪਿੜਾਂ ਵਿਚ ਦਾਖ਼ਲ ਹੁੰਦਿਆਂ ਹੀ ਸਾਰਿਆਂ ਨੇ ਖਲੇ ਹੋ ਕੇ ਹੱਥ ਜੋੜਦਿਆਂ ਸਿਰ ਝੁਕਾਇਆ।

"ਮੁਣਸ਼ੀ !" ਰਾਏ ਸਾਹਿਬ ਨੇ ਗਰਜਵੀਂ ਸੁਰ ਵਿਚ ਕਿਹਾ, "ਹਰ ਇਕ ਮੁਜ਼ਾਰੇ ਨੂੰ ਦੋ ਦੋ ਮਣ ਦਾਣੇ ਦੇ ਕੇ, ਬਾਕੀ ਸਾਰੇ ਗੁਦਾਮ ਵਿਚ ਭੇਜ ਦਿਹੋ। ਸਾਰਾ ਫ਼ਸਲ ਚੁਕਣ ਪਿਛੋਂ ਸਭ ਦਾ ਇਕੋ ਦਿਨ ਹਿਸਾਬ ਹੋਵੇਗਾ।" ਏਨੀ

ਕਹਿੰਦਿਆਂ ਉਹਨੇ ਘੋੜੇ ਨੂੰ ਸ਼ਹਿਰ ਵੱਲ ਪੋਈਏ ਪਾ ਦਿਤਾ।

"ਸੁਣ ਲਿਆ ਭਈ, ਸਾਰਿਆਂ ਨੇ ? ਪਿੱਛੋਂ ਮੇਰੇ ਨਾਲ ਕੋਈ ਝਗੜਾ ਨਾ ਕਰਿਓ।" ਮੁਣਸ਼ੀ ਨੇ ਸਾਰਿਆਂ ਉਲਾਹਮਿਆਂ ਤੋਂ ਬਰੀ ਹੋਣ ਵਾਸਤੇ ਕਿਹਾ।

"ਅਸਾਂ ਮੁਣਸ਼ੀ ਜੀ ! ਕਾਹਦਾ ਝਗੜਾ ਕਰਨਾ ਏਂ।" ਝੰਡੇ ਨੇ ਨਿਰਾਸ਼ ਜੇਹੀ ਸੁਰ ਵਿਚ ਕਿਹਾ।

"ਨਾਲੇ ਮਾਲਕ ਤੇ ਗਰੀਬ ਮੁਜਾਰੇ ਦਾ ਝਗੜਾ ਪੁੱਜਦਾ ਏ ? ਇਹ ਤਾਂ ਰੱਬ ਈ......।" ਦੀਨੇ ਨੇ ਵਾਕ ਅਧੂਰਾ ਛੱਡ ਦਿਤਾ। ਉਹਦੀ ਵਾਜ ਵਿਚ ਦੱਬਿਆ ਘੁਟਿਆ ਰੋਸ ਮਿਲਿਆ ਹੋਇਆ ਸੀ।

ਮੁਣਸ਼ੀ ਨੇ ਅੱਖਾਂ ਤੋਂ ਐਨਕ ਲਾਹ ਕੇ ਬੜੀ ਚੀਰਵੀਂ ਨਜ਼ਰ ਨਾਲ ਉਹਦੇ ਵੱਲੇ ਤੱਕਿਆ, ਪਰ ਮੂੰਹੋਂ ਕੁਛ ਨਾ ਕਿਹਾ। ਨੀਤੀ ਨੇ ਉਹਨੂੰ ਚੁੱਪ ਰਹਿਣ ਵਿਚ ਹੀ ਬਿਹਤਰੀ ਸੁਝਾਈ।

"ਸੰਤੇ ! ਕਰੋ ਭਈ, ਸ਼ੁਰੂ।" ਮੁਣਸ਼ੀ ਨੇ ਝੰਡੇ ਦੇ ਬੋਹਲ ਵੱਲ ਕਲਮ ਦਾ ਇਸ਼ਾਰਾ ਕਰ ਕੇ ਹੁਕਮ ਦੇ ਦਿਤਾ।

ਸੰਤਾ ਬੋਹਲ ਦੇ ਮੱਥੇ ਅੱਗੇ ਪੈਰਾਂ ਪਰਨੇ ਬਹਿ ਗਿਆ। ਦੋ ਬੋਰੀਆਂ ਤਹਿ ਕਰਕੇ ਉਹਨੇ ਮੂੜ੍ਹੇ ਵਾਂਗ ਹੇਠ ਲੈ ਲਈਆਂ। ਏਸ ਤਰ੍ਹਾਂ ਕਰਨ ਨਾਲ ਲੱਤਾਂ ਉਤੇ ਨਾਂ-ਮਾਤਰ ਹੀ ਭਾਰ ਰਹਿ ਗਿਆ। ਫਿਰ ਉਹਨੇ ਤੱਕੜੀ ਦੀ ਬੋਦੀ ਖਿੱਚ ਕੇ ਜੋਹੀ, ਤੇ ਡੰਡੀ ਉੱਚੀ ਕਰਕੇ, ਛਾਬੇ ਨੂੰ ਉਲਟਾ-ਪੁਲਟਾ ਕੇ ਲਾਸਾਂ ਦੇ ਵਲਾਵੇਂ ਕਢਣ ਲਗਾ।

"ਏਧਰ ਆ, ਉਇ ਝੰਡਿਆ ! ਬਹਿ ਕੇ ਦਾਣੇ ਚੜ੍ਹਾ।" ਸੰਤੇ ਨੇ ਖ਼ਾਲੀ ਛਾਬਾ ਬੋਹਲ ਵਿਚ ਧਸਾਉਂਦਿਆਂ ਕਿਹਾ।

ਝੰਡਾ, ਸੰਤੇ ਦੇ ਸਾਮ੍ਹਣੇ ਬਹਿ ਕੇ ਦਾਣੇ ਚੜ੍ਹਾਉਣ ਲਗ ਪਿਆ। ਸੰਤਾ ਚੋਟੀ ਲਾਵੇਂ ਛਾਬੇ ਭਰ ਭਰ ਬੋਰੀਆਂ ਵਿਚ ਪਲਟਣ ਲੱਗ ਪਿਆ।

"ਹੇ ਬਰਕਤ। ਬਰਕਤ-ਦੂਆ। ਦੂਆ-ਵਾਧੇ। ਵਾਧੇ-ਚਾਰੇ। ਚਾਰੇ...।"

ਇਕ ਝੰਡਾ ਦੋਹਾਂ ਹੱਥਾਂ ਨਾਲ ਦਾਣਿਆਂ ਦੇ ਛਾਬੇ ਭਰੀ ਜਾ ਰਿਹਾ ਸੀ। ਇਹ ਝੰਡਾ ਬਿਲਕੁਲ ਚੁੱਪ ਸੀ। ਇਹਦੇ ਬੁੱਲ੍ਹ ਸੀਤੇ ਹੋਏ ਸਨ। ਇਹਦੇ ਮੂੰਹ ਉਤੇ ਮਜਬੂਰੀ ਦੀ ਮੋਹਰ ਲੱਗੀ ਹੋਈ ਸੀ। ਇਹ ਵੇਖਦਾ ਸਭ ਕੁਛ ਸੀ, ਪਰ ਬੋਲ ਨਹੀਂ ਸੀ ਸਕਦਾ।

ਦੂਜਾ ਝੰਡਾ ਪੈਲੀ ਵਿਚ ਹਲ ਵਾਹ ਰਿਹਾ ਸੀ। ਸੂਰਜ ਸਿਰ 'ਤੇ ਆ ਕੇ ਉਸ ਉਤੇ ਸਿੱਧੀਆਂ ਕਿਰਣਾਂ ਦੇ ਬਾਣ ਵਰ੍ਹਾ ਰਿਹਾ ਸੀ। ਉਹਦਾ ਲਹੂ, ਮੁੜ੍ਹਕਾ

ਬਣ ਕੇ ਧਰਤੀ 'ਤੇ ਚੋ ਰਿਹਾ ਸੀ। ਜੋਤਰਾ ਪੂਰਾ ਹੋ ਗਿਆ, ਤਾਂ ਉਹਨੇ ਵੱਟ ਉਤੇ ਖਲੀ ਨਿੰਮ ਦੀ ਛਾਂਵੇਂ ਬਲਦ ਖਲ੍ਹਾਰ ਦਿਤੇ। ਫਿਰ ਉਹ ਕਹੀ ਲੈ ਕੇ ਪੈਲੀ ਦੀਆਂ ਵੱਟਾਂ ਛਾਂਗਣ ਲੱਗ ਪਿਆ। ਏਧਰੋਂ ਵਿਹਲਾ ਹੋ ਕੇ ਉਹ ਪੱਠੇ ਵਢਣ ਲੱਗ ਪਿਆ।

"ਯਾਰ੍ਹਿਆ-ਬਾਰ੍ਹਿਆ। ਬਾਰ੍ਹਿਆ-ਤੇਰ੍ਹਿਆ। ਤੇਰ੍ਹਿਆ......।"

ਇਕ ਝੰਡਾ ਦਾਣੇ ਚੜ੍ਹਾ ਰਿਹਾ ਸੀ।

ਦੂਜਾ ਝੰਡਾ ਪੈਲੀ ਨੂੰ ਪਾਣੀ ਲਾ ਰਿਹਾ ਸੀ। ਕੱਚੀਆਂ ਵੱਟਾਂ ਨੂੰ ਪੁੱਠੀ ਕਹੀ ਨਾਲ ਠੱਪ ਠੱਪ ਕੇ, ਉਹ ਇਕ ਕਿਆਰੇ ਦਾ ਪਾਣੀ ਦੂਜੇ ਵਿਚ ਜਾਣੋ ਰੋਕ ਰਿਹਾ ਸੀ। ਬੰਨੇ ਲਾਗੇ ਰਹਿ ਗਈਆਂ ਸੁੱਕੀਆਂ ਟਿੱਬੀਆਂ ਧੂਹ ਧੂਹ ਕੇ ਉਹ ਪਾਣੀ ਵਿਚ ਦੂਰ ਸੁੱਟ ਰਿਹਾ ਸੀ। ਰਾਵੀ ਦਾ ਪਾਣੀ, ਚਰਨ ਛੂਹਣ ਵਾਸਤੇ ਉਹਦੇ ਮਗਰ ਮਗਰ ਭੱਜਾ ਆ ਰਿਹਾ ਸੀ। ਰਾਤ ਹਨ੍ਹੇਰੀ, ਕੰਡਿਆਂ ਦੀ ਛਾਪੀ ਉਹਦੀਆਂ ਲੱਤਾਂ ਨੂੰ ਆ ਚੰਬੜੀ। ਸ਼ਰਨ ਪਈਆਂ ਕੁਛ ਸੂਲਾਂ ਨੂੰ ਉਹਨੇ ਆਪਣੇ ਪੈਰਾਂ ਵਿਚ ਥਾਂ ਦੇ ਦਿਤੀ। ਉਹਦੇ ਕਹੀ ਦੇ ਟੱਪੇ ਨਾਲ ਤਿੰਨ ਹੱਥ ਲੰਮਾਂ ਸੱਪ ਸਿਰੀ ਲਾਗਿਓਂ ਵੱਢਿਆ ਗਿਆ। ਛੋਟੀ ਜਿਹੀ ਡੱਡੀ ਅਜੇ ਵੀ ਉਹਦੇ ਮੂੰਹ ਵਿਚ ਫਸੀ ਹੋਈ ਸੀ।

"ਤੇਹਈਆ-ਚਵ੍ਹੀਆ। ਚਵ੍ਹੀਆ-ਪੰਝੀਆ। ਪੰਝੀਆ......।"

ਇਕ ਝੰਡਾ ਆਪਣੇ ਹੱਥੀਂ ਬੋਹਲ ਲੁਟਾ ਰਿਹਾ ਸੀ। ਦੂਜਾ ਝੰਡਾ ਪੈਲੀ ਵਿਚ ਬੀਉਂ ਕੇਰ ਰਿਹਾ ਸੀ। ਕਣਕ ਦੇ ਸੁਨਹਿਰੀ ਦਾਣਿਆਂ ਨੂੰ ਅਮਾਨਤ ਵਜੋਂ ਉਹ ਧਰਤੀ ਦੀ ਹਿੱਕ ਵਿਚ ਦੱਬ ਰਿਹਾ ਸੀ। ਲੋਹੇ ਦੀ ਨਾਲੀ ਵਿਚ ਖੜਕਦੇ ਦਾਣਿਆਂ ਦਾ ਨਰੋਆ ਰਾਗ ਉਹਦੇ ਜੀਵਨ ਨੂੰ ਨਵਾਂ ਉਤਸ਼ਾਹ ਦੇ ਰਿਹਾ ਸੀ। ਕੁਛ ਚਿਰ ਪਿਛੋਂ ਉਹ ਗੂੜ੍ਹੀ ਕਿਰਮਚੀ ਸਰ੍ਹੋਂ ਦੇ ਓਰੇ ਮਾਰ ਰਿਹਾ ਸੀ।......ਫਿਰ ...ਫਿਰ......ਇਕ ਬਲਦ ਪੰਜਾਲੀ ਵਿਚ ਜੁੱਤਾ ਜੁਤਾਂਦਿਆ ਬਹਿ ਗਿਆ ਸੀ। ਦੂਜਾ ਓਸੇ ਤਰ੍ਹਾਂ ਖਲਾ ਉਗਾਲਾ ਕਰ ਰਿਹਾ ਸੀ। ਝੰਡਾ ਕਹੀ ਨਾਲ ਗੁੱਠਾਂ ਗੋਡ ਰਿਹਾ ਸੀ।

"ਪੈਂਤੀਆਂ-ਛੱਤ੍ਹੀਆ। ਛੱਤ੍ਹੀਆ-ਸੈਂਤ੍ਹੀਆ। ਸੈਂਤੀਆ......।"

ਇਕ ਝੰਡਾ ਉਦਾਸ ਅੱਖਾਂ ਨਾਲ ਛਾਬੇ ਭਰੀ ਜਾ ਰਿਹਾ ਸੀ।

ਦੂਜਾ ਝੰਡਾ ਖਾਲ ਵਿਚ ਖਲਾ ਬੰਦੀ ਬੰਨ੍ਹ ਰਿਹਾ ਸੀ। ਸਿਆਲ ਦੀ ਰਾਤ ਭਿੱਜੀ ਹੋਈ ਸੀ। ਸਰਦੀ ਦੀ ਮਾਰੀ ਹਵਾ ਆਪਣੇ ਨਾਲੋਂ ਪਾਣੀ ਨੂੰ ਵੱਖਰਿਆਂ ਕਰ ਰਹੀ ਸੀ। ਘਾਹ ਪੱਤਿਆਂ ਉਤੇ ਤਰੇਲ ਦੇ ਮੋਤੀ ਡੁੱਲ੍ਹ ਰਹੇ ਸਨ। ਭਿੱਜੇ ਹੋਏ ਲੀੜਿਆਂ ਨਾਲ ਝੰਡਾ ਪਾਣੀਓਂ ਬਾਹਰ ਨਿਕਲਿਆ। ਹਵਾ ਦੇ ਬੁੱਲੇ ਨਾਲ ਉਹਦਾ

ਸਾਰਾ ਸਰੀਰ ਕਾਹੀ ਦੇ ਇਕੱਲੇ ਖਲੇ ਕਾਨੇ ਵਾਂਗ ਕੰਬ ਰਿਹਾ ਸੀ। ਉਹਦੇ ਕੰਡਿਆਂ ਨਾਲ ਭਰੇ ਨੰਗੇ ਪੈਰਾਂ ਵਿਚ ਸੁੱਕੀ ਮਿੱਟੀ ਦੀਆਂ ਕੱਚੀਆਂ ਡਲੀਆਂ ਵੀ ਨੁਕੀਲੀਆਂ ਕੱਚ ਦੀਆਂ ਕੰਕਰਾਂ ਵਾਂਗ ਚੁਭ ਰਹੀਆਂ ਸਨ। ਉਹ ਧਰਤੀ ਦਾ ਪੁੱਤਰ ਤੇ ਕੰਮ ਦਾ ਆਸ਼ਕ ਇਹਨਾਂ ਸਾਰੀਆਂ ਪੀੜਾਂ ਨੂੰ ਦਿਲ ਵਿਚ ਸਮੋਈ, ਲੱਕ ਲੱਕ ਜਿੱਡੀਆਂ ਕਣਕਾਂ ਦੀਆਂ ਵੱਟਾਂ ਉਤੇ ਤੁਰਿਆ ਫਿਰਦਾ ਸੀ। ਭੂਕਲੇ ਦੇ ਬੂਟੇ 'ਤੋਂ ਪੈਰ ਤਿਲਕਣ ਨਾਲ ਉਹ ਪਾਣੀ ਵਿਚ ਡਿਗ ਪਿਆ, ਤੇ......।

"ਕਾਹਠੇ-ਬਾਹਠੇ। ਬਾਹਠੇ-ਤਰੇਹਠੇ। ਤਰੇਹਠੇ......।"

ਇਕ ਝੰਡਾ ਅੱਧਿਉਂ ਬਹੁਤਾ ਬੋਹਲ ਡਾਕੂਆਂ ਦੀਆਂ ਬੋਰੀਆਂ ਵਿਚ ਭਰ ਚੁਕਾ ਸੀ।

ਦੂਜਾ ਝੰਡਾ ਪੱਕੀ ਹੋਈ ਕਣਕ ਵੱਢ ਰਿਹਾ ਸੀ। ਸਾਰਾ ਦਿਨ ਦਾਤਰੀ ਪਿਛੇ ਪੱਬਾਂ ਭਾਰ ਰਿੜ੍ਹਦਿਆਂ ਉਹਦੀਆਂ ਖੁੱਚਾਂ ਜੁੜ ਗਈਆਂ ਸਨ। ਹੁਣ ਉਹ ਮੱਕੜੇ ਕੱਠੇ ਕਰ ਰਿਹਾ ਸੀ। ਹੁਣ ਉਹ ਭਰੀਆਂ ਬੰਨ੍ਹ ਰਿਹਾ ਸੀ। ਹੁਣ ਉਹ ਖਲਵਾੜਾ ਲਾ ਰਿਹਾ ਸੀ। ਹੁਣ ਉਹ ਪੈਰੀ ਖਲਾਰ ਰਿਹਾ ਸੀ। ਹੁਣ ਉਹਨੇ ਫਲ੍ਹਾ ਹਿੱਕ ਦਿਤਾ ਸੀ। ਹੁਣ ਉਹ ਪੁੱਟ ਦੇ ਰਿਹਾ ਸੀ। ਹੁਣ ਉਹ ਰੋਲ ਸੁੱਟ ਰਿਹਾ ਸੀ। ਉਹਦਾ ਅੱਠਾਂ ਵਰ੍ਹਿਆਂ ਦਾ ਮੁੰਡਾ ਨੰਗੇ ਪੈਰੀਂ ਗਾਹ ਵਿਚ ਤਿਲਕਦਾ ਡਿਗਦਾ ਫਲ੍ਹਾ ਵਾਹ ਰਿਹਾ ਸੀ। ਉਹਦੀਆਂ ਅੱਖਾਂ ਗਿੱਡ ਨਾਲ ਭਰੀਆਂ ਹੋਈਆਂ ਸਨ। ਉਹਦੇ ਬੁੱਲ੍ਹ ਸੁੱਕੇ ਹੋਏ ਸਨ। ਉਹਦਾ ਫੁੱਲ ਵਰਗਾ ਕੋਮਲ ਚਿਹਰਾ, ਤੰਦੂਰ ਦੀ ਲੰਬ ਵਰਗੀ ਲੋ ਨਾਲ ਝੁਲਸ ਗਿਆ ਸੀ। ਮੁੜ੍ਹਕਾ ਵਗ ਵਗ ਕੇ ਉਹਦੇ ਸਰੀਰ ਦਾ ਪਾਣੀ ਛੱਡਿਆ, ਲਹੂ ਵੀ ਸੁੱਕ ਚਲਿਆ ਸੀ।

"ਤਿਹੱਤਰੇ-ਚੁਹੱਤਰੇ। ਚੁਹੱਤਰੇ-ਪੰਝੱਤਰੇ ਪੰਝੱਤਰੇ......।"

ਇਕ ਝੰਡਾ ਅਜੇ ਵੀ ਦਾਣੇ ਚੜ੍ਹਾ ਰਿਹਾ ਸੀ।

ਦੂਜਾ ਝੰਡਾ ਧੜ ਉਡਾ ਰਿਹਾ ਸੀ। ਉਹਨੇ ਸੈਂਡ ਗਾਹ ਕੇ ਅੰਤ ਛਜਲੀ ਨਾਲ ਦਾਣੇ ਨਿਤਾਰ ਦਿਤੇ। ਸਾਰੇ ਪਿੜ ਵਿਚ ਮਾਂਜਾ ਮਾਰ ਕੇ, ਉਹ ਪੁੱਠੀ ਛਜਲੀ ਨਾਲ ਬੋਹਲ ਨੂੰ ਰੱਖ ਦੇ ਕੇ ਇਕ ਪਾਸੇ ਹੋ ਖਲਾ। ਆਪਣੇ ਉਪਰਲੀ ਇਕੋ ਇਕ ਚਾਦਰ ਲਾਹ ਕੇ ਉਹਨੇ ਬੋਹਲ ਉਤੇ ਪਾ ਦਿਤੀ। ਹੁਣ ਨੰਗੇ ਪਿੰਡੇ ਤੇ ਖਾਲੀ ਢਿੱਡ ਪਾਸੇ 'ਤੇ ਖਲਾ ਉਹ ਅਫ਼ਸੋਸ ਵਿਚ ਹੱਥ ਮਲ ਰਿਹਾ ਸੀ।

ਇਕ ਤਿੱਜਾ ਝੰਡਾ ਹੋਰ ਵੀ ਸੀ, ਬਿਲਕੁਲ ਹੋਰ, ਇਹਨਾਂ ਦੋਹਾਂ ਤੋਂ ਵੱਖਰਾ। ਉਹਦੇ ਅੰਦਰ ਭਾਂਬੜ ਬਲ ਰਹੇ ਸਨ। ਉਹਦਾ ਖ਼ੂਨ ਲਾਵੇ ਵਾਂਗ ਉੱਬਲ ਰਿਹਾ ਸੀ। ਉਹਦੀਆਂ ਅੱਖਾਂ ਲਹੂ ਸੁੱਟ ਰਹੀਆਂ ਸਨ। ਉਹਦੇ ਮੱਥੇ ਉਤੇ ਤਿਉੜੀਆਂ

ਪਈਆ ਹੋਈਆਂ ਸਨ। ਗੁੱਸੇ ਨਾਲ ਉਹਦੀਆਂ ਮੁੱਠਾਂ ਮੀਟੀਆਂ ਹੋਈਆਂ ਸਨ, ਤੇ ਬੁੱਲ੍ਹ ਫ਼ਰਕ ਰਹੇ ਸਨ। ਉਹ ਕੁਛ ਬੋਲਣਾ ਚਾਹੁੰਦਾ ਸੀ, ਪਰ ਅਜੇ......ਅਜੇ... ਕੁਛ......।

"ਲਿਆ ਉਇ ਝੰਡਿਆ, ਬੋਰੀ ਤੂੰ ਵੀ।" ਸੰਤੇ ਨੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਕਿਹਾ।

"ਹਾਂ, ਦੋ ਮਣ ਪੱਕੇ ਇਹਨੂੰ ਪਾ ਦਿਹ।" ਮੁਣਸ਼ੀ ਨੇ ਬੜੇ ਖੁੱਲ੍ਹੇ ਦਿਲ ਨਾਲ ਅਹਿਸਾਨ ਜਤਾਉਂਦਿਆਂ ਕਿਹਾ।

ਝੰਡੇ ਤੋਂ ਪਿਛੋਂ ਇਲਮੇ ਦਾ ਤੇ ਫਿਰ ਸਰਾਜ ਦਾ ਬੋਹਲ ਤੁੱਲਿਆ। ਦੀਨੇ ਦਾ ਬੋਹਲ ਤੁਲਣ ਲੱਗਾ, ਤਾਂ ਉਸ ਤੋਂ ਰਿਹਾ ਗਿਆ। ਉਹਨੇ ਮੱਥੇ 'ਤੇ ਤਿਉੜੀ ਪਾ ਕੇ ਸੰਤੇ ਨੂੰ ਕਿਹਾ, "ਵੇਖ ਉਇ ਸ਼ਾਹ! ਪੂਰੇ ਤੋਲ। ਤੂੰ ਭੋਇੰ ਤੋਂ ਛਾਬਾ ਉਠਣ ਈ ਨਹੀਂ ਦੇਂਦਾ।"

"ਕੋਈ ਹੋਰ ਲੈ ਆ ਪੂਰੇ ਤੋਲਣ ਵਾਲਾ। ਮੈਂ ਮਾਲਕਾਂ ਦਾ ਹੁਕਮ ਮੰਨਾ, ਕਿ ਤੇਰਾ। ਓਥੇ ਜਾ ਕੇ ਘਟ ਗਏ, ਤਾਂ ਫਿਰ ਤੇਰਾ ਪਿਉ ਭਰੇਗਾ?" ਸੰਤੇ ਨੇ ਬੜੇ ਔਖੇ ਹੋ ਕੇ ਕਿਹਾ।

"ਦੀਨਿਆਂ! ਤੇਰੇ ਪੁੱਠੇ ਦਿਨ ਆਏ ਹੋਏ ਨੇ। ਮੈਂ ਰਾਏ ਸਾਹਿਬ ਨੂੰ ਅਰਜ਼ ਕਰਾਂਗਾ, ਕਿ ਉਹ ਤੇਰਾ ਬੋਹਲ ਧਰਮ-ਕੰਡੇ 'ਤੇ ਤੁਲਾਇਆ ਕਰਨ।" ਮੁਣਸ਼ੀ ਨੇ ਅੱਖਾਂ ਤੋਂ ਐਨਕ ਲਾਹ ਕੇ ਗੁੱਸੇ ਵਿਚ ਕੰਬਦਿਆਂ ਕਿਹਾ।

ਫਿਰ ਕਿਸੇ ਦੀ ਹਿੰਮਤ ਨਹੀਂ ਪਈ ਕੁਸਕਣ ਦੀ। ਸਾਰੇ ਬੋਹਲ ਤੁੱਲ ਕੇ ਰਾਏ ਸਾਹਿਬ ਦੇ ਅੰਦਰ ਜਾ ਪਏ। ਤੇ ਸਾਰਾ ਸਾਲ ਕੁੱਸ ਕੁੱਸ ਕੇ ਮਰਨ ਵਾਲਿਆਂ ਕਾਮਿਆਂ ਦੇ ਘਰੀਂ ਰਾਤ ਚੁੱਲ੍ਹੇ ਵੀ ਨਾ ਤਪੇ।

\+ \+ \+ \+

ਮਹੀਨੇ ਪਿੱਛੋਂ ਹਿਸਾਬ ਹੋਇਆ। ਕਿਸੇ ਦਾ ਬਿਆਜ ਪੂਰਾ ਹੋਇਆ ਤੇ ਕਿਸੇ ਦੇ ਉਸ ਵਿਚੋਂ ਵੀ ਪੰਜ-ਦਸ ਟੁੱਟ ਗਏ। ਮਾਲਕ ਦਾ ਮੂਲ ਓਵੇਂ ਦਾ ਓਵੇਂ ਕਾਇਮ ਰਿਹਾ। ਹਾਂ, ਉਹਨਾਂ ਨੇ ਮੁਜ਼ਾਰਿਆਂ ਨੂੰ ਓਸੇ ਦਿਨ ਤੋਂ ਕਰਜ਼ ਦੇਣਾ ਸ਼ੁਰੂ ਕਰ ਦਿਤਾ।

੧੨

ਨਾਜੋ ਆਈ, ਤੇ ਕੁਛ ਦਿਨ ਰਹਿ ਕੇ ਚਲੀ ਗਈ। ਪਰ ਉਹ ਹੈਦਰ ਨੂੰ ਨਵੀਂ ਜ਼ਿੰਦਗੀ ਦੇ ਗਈ। ਨਾਜੋ ਦਾ ਅਨੋਖਾ ਰੂਪ ਕਿਸੇ ਵੇਲੇ ਵੀ ਹੈਦਰ ਨੂੰ ਨਾ

ਭੁੱਲਦਾ। ਨਾਜੋ ਦੀ ਮਨਮੋਹਣੀ ਤਸਵੀਰ ਸੁੱਤਿਆਂ ਜਾਗਦਿਆਂ ਹੈਦਰ ਦੇ ਸੁਪਨਿਆਂ ਤੇ ਫੁਰਨਿਆਂ ਵਿਚ ਸਮਾਈ ਰਹਿੰਦੀ। ਕਦੇ ਕਦੇ ਉਹਨੂੰ ਸਬਜ਼ੀ ਵੇਚਦਿਆਂ ਖ਼ਿਆਲ ਆਉਂਦਾ, ਕਿ ਨਾਜੋ ਘਰ ਛੱਪਰੀ ਥੱਲੇ ਬੈਠੀ ਹੈ। ਉਹ ਉਸਨੂੰ ਵੇਖਣ ਵਾਸਤੇ ਆਪਣੇ ਰੌਂ ਵਿਚ ਛਾਬੜੀ ਚੁਕ ਕੇ ਘਰ ਨੂੰ ਤੁਰ ਪੈਂਦਾ। ਥੋੜੀ ਦੂਰ ਜਾ ਕੇ ਉਹਨੂੰ ਅਸਲੀ ਹਾਲਤ ਦਾ ਗਿਆਨ ਹੁੰਦਾ, ਤਾਂ ਉਹ ਇਕ ਪਲ ਅਝਕ ਕੇ ਕਿਸੇ ਹੋਰ ਗਲੀ ਵੱਲ ਹੋ ਤੁਰਦਾ।

ਹੈਦਰ ਨੇ ਅੱਜ ਤਕ ਸਿਰਫ਼ ਪ੍ਰੇਮ-ਪਿਆਰ ਦੇ ਨਾਵਲ ਹੀ ਪੜ੍ਹੇ ਸਨ। ਉਹਨੇ ਫ਼ਿਲਮਾਂ ਵਿਚ ਬਨਾਉਟੀ ਪ੍ਰੇਮੀ ਤੇ ਪ੍ਰੇਮਕਾ ਨੂੰ ਆਪਸ ਵਿਚ ਪਿਆਰ ਕਰਦਿਆਂ ਵੇਖਿਆ ਸੀ। ਕਿਸੇ ਸੁਰੱਯਾ ਜਾਂ ਮਧੂ-ਬਾਲਾ ਦੇ ਮੂੰਹੋਂ ਸੁਣੇ ਹੋਏ ਵਿਛੋੜੇ ਦੇ ਗੀਤ ਉਹਨੇ ਕਈ ਵਾਰ ਗੁਣਗੁਣਾਏ ਸਨ। ਪਰਦੇ ਉਤੇ, ਕਿਸੇ ਬਿਰਹਣੀ ਨੂੰ ਹਉਕੇ ਭਰਦਿਆਂ ਵੇਖ ਕੇ, ਬਾਕੀ ਮੁੰਡਿਆਂ ਵਾਂਗ ਉਹਨੇ ਵੀ ਦਿਲ 'ਤੇ ਹੱਥ ਧਰਕੇ ਲੰਮੇ ਲੰਮੇ ਸਾਹ ਭਰੇ ਸਨ। ਪਰ ਉਹ ਸਭ ਕੁਛ ਨਾਟਕ ਸੀ, ਸਿਰਫ਼ ਇਕ ਨਾਟਕ। ਤੇ ਹੁਣ: ਕਿਸੇ ਨੇ ਠੀਕ ਕਿਹਾ ਹੈ, 'ਹੱਡੀਂ ਵਾਪਰੀਆਂ ਤਾਂ ਜਾਤਾ, ਪ੍ਰੇਮ ਬੁਰਾ ਹੈ ਰੋਗ।' ਵਿਛੋੜੇ ਸੱਲੇ ਹੈਦਰ ਨੂੰ ਕਿਸੇ ਵੇਲੇ ਵੀ ਨਾਜੋ ਨਾ ਭੁਲਦੀ।

ਹੈਦਰ ਜਾਣਦਾ ਸੀ, ਕਿ ਨਾਜੋ ਉਹਦੀ ਹੈ। ਕੁਛ ਦਿਨਾਂ ਤਕ, ਕੁਛ ਮਹੀਨਿਆਂ ਤਕ, ਜਾਂ ਹੱਦ ਕੁਛ ਸਾਲਾਂ ਤਕ ਨਾਜੋ ਤੇ ਉਹ ਇਕ ਸਾਂਝਾ ਜੀਵਨ ਸ਼ੁਰੂ ਕਰ ਸਕਣਗੇ। ਪਰ ਓਨਾ ਚਿਰ...ਓਨਾ ਚਿਰ ਨਾਜੋ ਨਾਲ ਕੀ ਬੀਤੇਗੀ। ਨਾਜੋ......ਕੰਵਰ ਸਾਹਿਬ......ਰਾਏ ਸਾਹਿਬ......। 'ਬਦਮਾਸ਼......ਪਾਜੀ... ਕਮੀਨੇ......ਮੈਂ......ਮੈਂ ਸਭ ਦਾ ਖ਼ੂਨ......ਇਕ ਇਕ ਤੋਂ ਬਦਲਾ......।" ਜਿਗਰੀ ਗੁਸੇ ਵਿਚ ਹੈਦਰ ਪਾਗਲ ਹੋ ਉਠਦਾ।

ਹੈਦਰ ਦੇ ਦਿਨ ਬੜੇ ਔਖੇ ਬੀਤਣ ਲੱਗੇ। ਰਾਤ ਦਿਨੇ ਉਹ ਇਸ ਦੋ-ਰੰਗੀ ਅੱਗ ਵਿਚ ਸੜਨ ਲੱਗਾ। ਪ੍ਰੇਮ ਅਤੇ ਈਰਖਾ, ਫੁੱਲ ਤੇ ਕੰਡੇ ਵਾਂਗ ਇਕੱਠੇ ਉਹਦੇ ਦਿਲ ਵਿਚ ਵਧਣ ਫੁੱਲਣ ਲੱਗੇ। ਉਸ ਤੋਂ ਰਿਹਾ ਨਾ ਗਿਆ। ਅੰਤ ਮਾਪਿਆਂ ਤੋਂ ਪੁੱਛ ਕੇ ਉਹ ਨਾਜੋ ਨੂੰ ਮਿਲਣ ਵਾਸਤੇ ਤਿਆਰ ਹੋ ਪਿਆ।

ਪਿੰਡੋਂ ਤਾਂਗੇ 'ਤੇ ਚੜ੍ਹ ਕੇ ਕਸੂਰ ਪੁੱਜਾ। ਓਥੇ ਉਹਨੇ ਸਾਢੇ ਬਾਰਾਂ ਵਜੇ ਫ਼ਿਲਮ ਵੇਖੀ। ਬੜੀ ਘਟੀਆ ਫ਼ਿਲਮ, ਨਿਰਾ ਬਾਜ਼ਾਰੀ ਪ੍ਰੇਮ ਦਾ ਭੜਕਾਊ ਜੇਹਾ ਵਿਖਾਲਾ। ਫਿਰ ਕਸੂਰੋਂ ਗੱਡੀ ਚੜ੍ਹ ਕੇ ਉਹ ਰੁੱਖਾਂਵਾਲੇ ਜਾ ਉਤਰਿਆ। ਦਿਨ ਛਿਪਣ 'ਤੇ ਗਿਆ ਹੋਇਆ ਸੀ, ਜਾਂ ਉਹ 'ਕੋਟ ਰਾਏ ਸਾਹਿਬ' ਪੁਜਾ।

ਉਹਨੇ ਛੋਟੇ ਹੁੰਦੇ ਨੇ ਅੱਗੇ ਝੰਡੇ ਦਾ ਘਰ ਵੇਖਿਆ ਸੀ। ਫਿਰ ਵੀ ਉਹਨੂੰ ਘਰ ਲਭਣ ਵਿਚ ਕੋਈ ਔਖਿਆਈ ਨਾ ਹੋਈ। ਬਾਹਰਲੇ ਬੂਹਿਓਂ ਅੰਦਰ ਪੈਰ ਧਰਦਿਆਂ, ਸਭ ਤੋਂ ਪਹਿਲਾਂ ਉਹਦੇ ਉਤੇ ਨਾਜੋ ਦੀ ਨਜ਼ਰ ਪਈ। ਸ਼ਾਇਦ ਉਹ ਪਹਿਲਾਂ ਹੀ ਉਹਦਾ ਰਾਹ ਵੇਖ ਰਹੀ ਸੀ। ਜਦ ਵੀ ਕੋਈ ਕਸੂਰ ਵੱਲੋਂ ਖੜ ਖੜ ਕਰਦੀ ਗੱਡੀ ਰਾਏ ਵਿੰਡ ਨੂੰ ਲੰਘਦੀ, ਨਾਜੋ ਦੀਆਂ ਅੱਖਾਂ ਕਿਸੇ ਦੀ ਵਾਟ ਉਡੀਕਣ ਲਗ ਪੈਂਦੀਆਂ। ਉਹ ਇਸ ਗੱਲ ਦੀ ਆਦੀ ਹੋ ਗਈ ਸੀ।

"ਅਹੁ ਹੈਦ......।" ਕਹਿੰਦੀ ਕਹਿੰਦੀ ਨਾਜੋ ਇਕੋ ਵਾਰ ਚੁੱਪ ਹੋ ਗਈ। ਕੁਆਰੀ ਸ਼ਰਮ ਦੀ ਲਾਲੀ ਉਹਦੇ ਸਾਰੇ ਚਿਹਰੇ ਉਤੇ ਫੈਲ ਗਈ। ਉਠਣ ਲਗੀ ਉਹ ਫਿਰ ਨੀਂਵੀਂ ਪਾ ਕੇ ਬਹਿ ਗਈ।

"ਬਿੱਸਮਿੱਲਾ ! ਮਾਂ ਸਦਕੇ !" ਚਰਾਗੋ ਨੇ ਉਠ ਕੇ ਹੈਦਰ ਨੂੰ ਬਾਂਹੀਂ ਵਿਚ ਲੈ ਲਿਆ। ਮਾਂਵਾਂ ਵਾਲੇ ਤੇਹ ਨਾਲ ਉਹਨੇ ਕੰਡ ਉਤੇ ਹੱਥ ਫੇਰ ਕੇ ਹੈਦਰ ਦਾ ਸਿਰ ਚੁੰਮਿਆਂ।

ਫਿਰ ਤਾਜੋ ਤੇ ਨਿੱਕਾ ਸ਼ਰੀਫ਼ ਵੀ ਬੜੇ ਨਿੱਘੇ ਪਿਆਰ ਨਾਲ ਮਿਲੇ।

ਚਰਾਗੋ ਨੇ ਚੌਂਕੇ ਦੇ ਲਾਗੇ ਮੰਜਾ ਡਾਹ ਦਿਤਾ। ਹੈਦਰ ਮੰਜੇ ਉਤੇ ਬਹਿ ਕੇ ਛੋਟੇ ਜਿਹੇ ਸਾਫੇ ਨਾਲ ਪੈਰ ਝਾੜਨ ਲੱਗ ਪਿਆ। ਸ਼ਰੀਫ਼ ਉਹਦੀ ਪੈਂਦ ਵੱਲੇ ਬਹਿ ਕੇ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਰੁਝ ਗਿਆ। ਤਾਜੋ ਨੇ ਹੱਟੀਓਂ ਉਧਾਰ ਖੰਡ ਲਿਆ ਕੇ ਹੈਦਰ ਨੂੰ ਮਿੱਠਾ ਪਾਣੀ ਪਿਆਇਆ। ਏਨੇ ਚਿਰ ਨੂੰ ਝੰਡਾ ਵੀ ਬਾਹਰੋਂ ਆ ਗਿਆ। ਉਹ ਬੜਾ ਘੱਟ ਬੋਲਣ ਵਾਲਾ ਬੰਦਾ ਸੀ। ਰਸਮੀ ਤੌਰ 'ਤੇ ਹੈਦਰ ਦੇ ਮਾਂ ਪਿਉ ਦੀ ਸੁਖ ਸਾਂਦ ਪੁੱਛ ਕੇ ਉਹ ਛੇਤੀ ਹੀ ਚੁੱਪ ਕਰ ਗਿਆ।

ਸਾਰਿਆਂ ਰਲਕੇ ਰੋਟੀ ਖਾਧੀ ਤੇ ਵਿਹੜੇ ਵਿਚ ਮੰਜੇ ਡਾਹ ਕੇ ਸੌਂ ਗਏ। ਹੈਦਰ ਤੇ ਨਾਜੋ ਨਿਵੇਕਲੇ ਬਹਿ ਕੇ ਗੱਲਾਂ ਕਰਨਾ ਚਾਹੁੰਦੇ ਸਨ, ਪਰ ਉਹਨਾਂ ਨੂੰ ਰਾਹ ਕੋਈ ਨਹੀਂ ਸੀ ਲਭਦਾ। ਅੰਤ ਦੋਹਾਂ ਨੇ ਪਾਸੇ ਪਰਤਦਿਆਂ ਹੀ ਰਾਤ ਕੱਟੀ।

ਹੈਦਰ ਤਿੰਨ ਦਿਨ ਓਥੇ ਰਿਹਾ। ਉਹਨੇ ਓਥੋਂ ਦੇ ਬੰਦੇ, ਓਥੋਂ ਦੇ ਖੇਤ, ਓਥੋਂ ਦੇ ਘਰ ਬੜੇ ਧਿਆਨ ਨਾਲ ਵੇਖੇ। ਉਹਨੇ ਬੂਹਿਓਂ ਬਾਹਰ ਖਲੋ ਕੇ ਰਾਏ ਸਾਹਿਬ ਦੀ ਹਵੇਲੀ ਵੀ ਵੇਖੀ। ਉਹਨੂੰ ਆਪਣੇ ਪਿੰਡ ਦੇ ਮਹਿਲਾਂ ਵਾਲੇ ਸਰਦਾਰਾਂ ਦਾ ਚੇਤਾ ਆ ਗਿਆ, ਕਦੇ ਉਹ ਜਿੰਨ੍ਹਾਂ ਦਾ ਮਾਲ ਚਾਰਦਾ ਹੁੰਦਾ ਸੀ। ਪਰ ਉਹਨਾਂ ਸਰਦਾਰਾਂ ਤੇ ਇਹਨਾਂ ਰਾਏ ਸਾਹਿਬਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਉਹਨਾਂ ਸਰਦਾਰਾਂ ਦੇ ਮੁਕਾਬਲੇ ਓਤੇ ਚੱਕੀ ਵਾਲੇ ਸ਼ੇਖ ਦੀਨ ਮੁਹੰਮਦ ਦੇ

ਓਨੇ ਹੀ ਉਚੇ ਮਹਿਲ ਸਨ। ਜਿੱਥੇ ਕਿਸੇ ਆਏ ਗਏ ਅਫ਼ਸਰ ਦੇ ਸਾਮ੍ਹਣੇ ਸ. ਸਰੂਪ ਸਿੰਘ ਕੁਰਸੀ ਉਤੇ ਬਹਿੰਦਾ ਸੀ, ਓਥੇ ਉਹਦੇ ਬਰਾਬਰ ਲਾਲਾ ਕਰਮ ਚੰਦ ਥਾਪਰ ਬਜਾਜ਼ ਤੇ ਸ਼ੇਖ ਦੀਨ ਮੁਹੰਮਦ ਵੀ ਕੁਰਸੀਆਂ ਉਤੇ ਸਜੇ ਹੋਏ ਦਿਸਦੇ ਸਨ। ਓਥੇ ਇਕ 'ਇਕੱਲਾ' ਕੋਈ ਨਹੀਂ ਸੀ। ਓਥੇ ਹਰ 'ਇਕ' ਵਰਗੇ 'ਕੋਈ ਹੋਰ' ਵੀ ਹੈਗੇ ਸਨ। ਪਰ ਏਥੇ ਸੀ ਇਕ ਰਾਏ ਸਾਹਿਬ, ਇਕੱਲਾ, ਵਾਹਿਦ-ਹੂ-ਲਾ-ਸ਼ਰੀਕ। ਜੀਹਦੇ ਬਰਾਬਰ ਹੋਰ ਕੋਈ ਨਹੀਂ ਸੀ।

ਹੈਦਰ ਆਪਣੇ ਪਿੰਡ ਦਾ ਹਰ ਪਾਸਿਓਂ ਏਸ ਪਿੰਡ ਨਾਲ ਟਾਕਰਾ ਕਰਕੇ ਵੇਖਦਾ। ਉਹਦੇ ਪਿੰਡ ਵੀ ਗ਼ਰੀਬ ਹੈ ਗੇ ਸਨ, ਅੱਧ-ਭੁੱਖੇ ਮੁਜ਼ਾਰੇ ਤੇ ਮਜ਼ੂਰ। ਓਥੇ ਵੀ ਪਾਟੀਆਂ ਲੀਰਾਂ ਵਿਚ ਅੱਧ-ਕੱਜੇ ਪਿੰਜਰ ਲੱਤਾਂ ਧੂੰਹਦੇ ਫਿਰਦੇ ਵੇਖੇ ਸਨ। ਪਰ ਏਥੇ ਤਾਂ......। ਓਥੇ ਵੀ ਕੋਈਆਂ ਅੱਧ-ਭੁੱਖੀਆਂ ਦੇਵੀਆਂ ਦੀ ਇੱਜ਼ਤ ਰੱਜ ਖਾਣਿਆਂ ਹੱਥੋਂ.........। ਪਰ ਕੁਛ ਚੋਰੀ, ਦੁਨੀਆਂ ਤੋਂ ਪਰਦੇ ਉਹਲੇ। ਤੇ ਏਥੇ......। ਸੋਚ ਸੋਚ ਕੇ ਹੈਦਰ ਦੇ ਅੰਦਰ ਭਾਂਬੜ ਬਲ ਉਠਦੇ।

ਹੈਦਰ ਓਥੋਂ ਦੇ ਬਹੁਤ ਸਾਰੇ ਬੰਦਿਆਂ ਨੂੰ ਮਿਲਿਆ। ਉਹਨੇ ਉਹਨਾਂ ਨਾਲ ਬੜੀਆਂ ਖੁੱਲ੍ਹ ਕੇ ਗੱਲਾਂ ਕੀਤੀਆਂ। ਉਹਨੇ ਰਾਏ ਸਾਹਿਬ ਤੇ ਕੰਵਰ ਸਾਹਿਬ ਦੀਆਂ ਬਹੁਤ ਸਾਰੀਆਂ ਕਹਾਣੀਆਂ ਸੁਣੀਆਂ। ਕਹਾਣੀਆਂ, ਜਿਨ੍ਹਾਂ ਵਿਚ ਉਹਨਾਂ ਦੀਆਂ ਨੰਗੀਆਂ ਤਸਵੀਰਾਂ ਸਨ।

ਹੈਦਰ, ਦੀਨੇ ਨੂੰ ਵੀ ਮਿਲਿਆ। ਉਹਨਾਂ ਦੋਹਾਂ ਦੇ ਇਕ ਦੂਜੇ ਨੂੰ ਫੋਲ ਕੇ ਵੇਖਿਆ। ਦੋਹਾਂ ਦੇ ਅੰਦਰ ਇਕੋ ਅੱਗ ਸੁਲਘ ਰਹੀ ਸੀ।

ਹੈਦਰ ਨੇ ਨਾਜੋ ਨਾਲ ਵੀ ਇਕੱਲਿਆਂ ਬਹਿ ਕੇ ਗੱਲਾਂ ਕੀਤੀਆਂ। ਪਿਆਰ ਦੀਆਂ ਗੱਲਾਂ, ਦੁਖ ਸੁਖ ਦੀਆਂ ਗੱਲਾਂ, ਬੀਤੇ ਸਮੇਂ ਦੀਆਂ ਗੱਲਾਂ ਤੇ ਆਉਣ ਵਾਲੇ ਜੀਵਨ ਦੀਆਂ ਗੱਲਾਂ। ਨਾਜੋ ਨੇ ਬੜੇ ਸੰਕੋਚਵੇਂ ਸ਼ਬਦਾਂ ਵਿਚ ਕੰਵਰ ਸਾਹਿਬ ਤੇ ਰਾਏ ਸਾਹਿਬ ਦੀਆਂ ਗੱਲਾਂ ਕੀਤੀਆਂ, ਤੇ ਪਿੰਡ ਦੀ ਨਾਮ-ਧਰੀਕ ਮਾਲਕਣ—ਹਾਂ ਹਾਂ, ਕੈਦਣ ਮਾਲਕਣ—ਸਵਰਨ ਲਤਾ ਦੀਆਂ ਗੱਲਾਂ ਵੀ ਕੀਤੀਆਂ।

ਹੈਦਰ ਵਾਪਸ ਆਪਣੇ ਪਿੰਡ ਨੂੰ ਜਾ ਰਿਹਾ ਸੀ। ਉਹ ਇਉਂ ਮਹਿਸੂਸ ਕਰ ਰਿਹਾ ਸੀ, ਜਿਵੇਂ ਏਥੇ ਆ ਕੇ ਉਹਨੂੰ ਨਵਾਂ ਗਿਆਨ ਪ੍ਰਾਪਤ ਹੋਇਆ ਸੀ, ਨਵੀਂ ਦੁਨੀਆਂ ਦਾ ਨਵਾਂ ਅਨੁਭਵ।

੧੩

ਹੈਦਰ ਦੇ ਆਉਣ ਦੀ ਚਰਚਾ ਸਾਰੇ ਪਿੰਡ ਵਿਚ ਖਿੱਲਰ ਗਈ । ਲੋਕੀਂ ਇਹ ਵੀ ਗੱਲਾਂ ਕਰਨ ਲਗ ਪਏ, ਕਿ ਚਰਾਗੋ ਨੇ ਨਾਜੋ ਨੂੰ ਹੈਦਰ ਨਾਲ ਮੰਗ ਦਿਤਾ ਹੈ, ਤੇ ਛੇਤੀ ਹੀ ਨਾਜੋ ਤੇ ਤਾਜੋ ਦਾ ਵਿਆਹ ਹੋ ਜਾਣ ਵਾਲਾ ਹੈ ।

ਰਾਏ ਸਾਹਿਬ ਤੇ ਕੰਵਰ ਸਾਹਿਬ ਦੋਵੇਂ ਉਹਨੀ ਦਿਨੀ ਬਾਹਰ ਗਏ ਹੋਏ ਸਨ । ਰਾਏ ਸਾਹਿਬ ਵਾਪਸ ਪਿੰਡ ਆਇਆ, ਤਾਂ ਮੰਮੂਦੂ ਨੇ ਹੈਦਰ ਤੇ ਨਾਜੋ ਦੀਆਂ ਗੱਲਾਂ ਬੜੇ ਮਸਾਲੇ ਲਾ ਲਾ ਕੇ ਸੁਣਾਈਆਂ । ਬੇਗਾਨੀ ਧੀ ਦੀਆਂ ਗੱਲਾਂ ਕਰਨ ਵਿਚ ਕਾਹਦੀ ਲੱਜ-ਸ਼ਰਮ ।

ਰਾਏ ਸਾਹਿਬ ਨੂੰ ਸੁਣਕੇ ਅੱਗ ਲੱਗ ਉਠੀ । ਉਹਨੇ ਓਸੇ ਵੇਲੇ ਚਰਾਗੋ ਨੂੰ ਪੇਸ਼ ਕਰਨ ਦਾ ਹੁਕਮ ਦਿਤਾ । ਉਹਦੇ ਆਉਣ ਤਕ ਉਹ ਇਕੱਲਾ ਬੈਠਾ ਫ਼ਨੀਅਰ ਸੱਪ ਵਾਂਗ ਵਿੱਸ ਘੋਲਦਾ ਰਿਹਾ ।

ਧੜਕਦੇ ਦਿਲ ਨਾਲ ਚਰਾਗੋ ਬੈਠਕ ਵਿਚ ਦਾਖ਼ਲ ਹੋਈ । ਉਹਨੇ ਰਵਾਜ ਮੁਤਾਬਕ ਝੁਕ ਕੇ ਸਲਾਮ ਕੀਤਾ । ਅੱਗੇ ਰਾਏ ਸਾਹਿਬ ਕੁਰਸੀ 'ਤੇ ਬੈਠਾ ਕਤਾਬ ਪੜ੍ਹਨ ਦਾ ਬਹਾਨਾ ਕਰ ਰਿਹਾ ਸੀ । ਉਹਨੇ ਚਰਾਗੋ ਆਈ ਨੂੰ ਵੇਖ ਕੇ ਵੀ ਉਹਦੇ ਵੱਲ ਧਿਆਨ ਨਾ ਦਿਤਾ । ਮਿੰਟ ਮਿੰਟ ਪਿਛੋਂ ਉਹ ਕਤਾਬ ਦੇ ਵਰਕੇ ਉਲਟਣ ਲੱਗ ਪੈਂਦਾ, ਜਿਵੇਂ ਉਹਦੇ ਵਿਚੋਂ ਉਹ ਖ਼ਾਸ ਖ਼ਾਸ ਗੱਲਾਂ ਵੇਖ ਰਿਹਾ ਹੋਵੇ । ਚਰਾਗੋ ਓਸੇ ਤਰ੍ਹਾਂ ਖਲੀ ਮਾਲਕ ਦਾ ਹੁਕਮ ਉਡੀਕਦੀ ਰਹੀ । ਪੰਦਰਾਂ ਮਿੰਟ ਦੀ ਉਡੀਕ ਪਿੱਛੋਂ ਉਹਨੇ ਹੌਸਲਾ ਕਰਕੇ ਧੀਮੀ ਜੇਹੀ ਵਾਜ ਵਿਚ ਕਿਹਾ, "ਰਾਏ ਸਾਹਬ ! ਤੁਸਾਂ......।"

"ਬਕ ਨਹੀਂ । ਉੱਲੂ ਦੀ ਪੱਠੀ, ਕਾਹਲੀ ਵੱਡੀ ।" ਰਾਏ ਸਾਹਿਬ ਨੇ ਓਸੇ ਤਰ੍ਹਾਂ ਕਤਾਬ ਉਤੇ ਨਿਗ੍ਹਾ ਟਿਕਾਈ, ਮੱਥੇ ਦੀਆਂ ਤਿਉੜੀਆਂ ਡੂੰਘੀਆਂ ਕਰਕੇ ਕਿਹਾ ।

ਚਰਾਗੋ ਫਿਰ ਨਹੀਂ ਕੁਸਕੀ । ਜਾਲ ਫਸੀ ਹਰਨੀ ਵਾਂਗ ਉਹ ਸ਼ਕਾਰੀ ਵੱਲ ਵੇਖਦੀ ਰਹੀ । ਪੂਰਾ ਇਕ ਘੰਟਾ ਬੀਤ ਗਿਆ । ਰਾਏ ਸਾਹਿਬ ਨੇ ਕਿਤਾਬ ਠੱਪ ਕੇ ਇਕ ਪਾਸੇ ਰਖ ਦਿਤੀ । ਫਿਰ ਉਹਨੇ ਗਰਜਵੀਂ ਸੁਰ ਵਿਚ ਜ਼ਬਾਨ ਮੁਬਾਰਕ ਤੋਂ ਫ਼ੁਰਮਾਇਆ, "ਓ ਹਰਾਮਜ਼ਾਦੀ ! ਚੋਰੀ ਚੋਰੀ ਕੀ ਸਾਜ਼ਸ਼ਾਂ ਕਰ ਰਹੀ ਏਂ ? ਸਮੁੰਦਰ ਵਿਚ ਰਹਿ ਕੇ ਮਗਰ-ਮੱਛ ਨਾਲ ਵੈਰ ? ਮੈਂ ਬੈਂਤ ਮਾਰ ਮਾਰ ਚਮੜੀ ਉਧੇੜ ਦਿਆਂਗਾ ।"

"ਰਾਏ ਸਾਹਬ ! ਮੈਂ ਗਰੀਬ......।"

"ਬਕ ਨਹੀਂ । ਕੁੱਤੀ, ਕਮੰਜਾਤ । ਵੇਖਾਂਗਾ ਮੈਂ ਤੂੰ ਓਸ ਹੁਸਨ-ਬਾਨੋ ਦਾ ਕਿਵੇਂ ਚੋਰੀ ਚੋਰੀ ਵਿਆਹ ਕਰ ਲੈਂਦੀ ਏਂ । ਇਹਨਾਂ ਗੱਲਾਂ 'ਤੇ ਆਈ ਏਂ, ਤਾਂ ਤੈਨੂੰ ਉਹਦਾ ਇਕ ਲੂੰ ਵੀ ਭਾਲਿਆ ਨਹੀਂ ਮਿਲੇਗਾ ।"

"ਰਾਏ ਸਾਹਬ ! ਸਾਡੀ... ..।"

"ਚੁੱਪ ਰਹੋ ! ਹਰਾਮਣ, ਮੁਸ਼ਟੰਡੀ । ਰਾਤ ਨੂੰ ਉਹ ਆਰਾਮ ਗਾਹ ਵਿਚ ਨਾ ਆਈ, ਤਾਂ ਕੱਲ੍ਹ ਦੀ ਸ਼ਾਮ ਪੈਣ ਤੋਂ ਪਹਿਲਾਂ......।" ਵਾਕ ਪੂਰਾ ਕੀਤੇ ਬਿਨਾਂ ਹੀ ਰਾਏ ਸਾਹਿਬ ਫ਼ਰਸ਼ ਉਤੇ ਬੂਟਾਂ ਵਾਲੇ ਪੈਰ ਪਟਕਦੇ ਦੂਜੇ ਬੂਹੇ ਰਾਹੀਂ ਅੰਦਰ ਨੂੰ ਚਲੇ ਗਏ ।

ਪੰਜ ਮਿੰਟ ਤਕ ਸੁੰਞੀ ਬੈਠਕ ਵਿਚ ਚਰਾਗੋ ਓਵੇਂ ਬੁੱਤ ਬਣੀ ਖਲੀ ਰਹੀ । "ਹੇ ਅੱਲਾ ! ਰੱਬ ਕਰਕੇ ਗਰੀਬ ਤਾਂ ਜੰਮੇ ਈ ਨਾ ।" ਲੰਮਾਂ ਸਾਰਾ ਹਉਕਾ ਲੈ ਕੇ, ਉਹ ਅੱਖਾਂ ਪੂੰਝਦੀ ਘਰ ਨੂੰ ਚਲੀ ਗਈ ।

ਸ਼ਾਮ ਨੂੰ ਚਰਾਗੋ ਨੇ ਫਿਰ ਆ ਕੇ ਰਾਏ ਸਾਹਿਬ ਦੀ ਸਰਦਲ ਉਤੇ ਮੱਥਾ ਰਗੜਿਆ । ਤਾਜੋ ਨੇ ਵੀ ਹਾਜ਼ਰ ਹੋ ਕੇ ਆਪਣੀ ਲੁਟੀ ਹੋਈ ਜਵਾਨੀ ਦਾ ਵਾਸਤਾ ਪਾਇਆ । ਪਰ ਪੱਥਰ ਦਾ ਦੇਵਤਾ ਨਾ ਹੀ ਪਸੀਜਿਆ । ਅੰਤ ਰੋਂਦੀ ਕੁਰਲਾਉਂਦੀ ਨਾਜੋ ਨੂੰ ਹੀ ਕੁਰਬਾਨੀ ਦਾ ਬੱਕਰਾ ਬਣਨਾ ਪਿਆ ।

ਸਾਰੀ ਰਾਤ ਤਿੰਨਾਂ ਮਾਂਵਾਂ ਧੀਆਂ ਨੇ ਰੋਂਦੀਆਂ ਕੱਟੀ । ਅਗਲੀ ਰਾਤ ਫਿਰ ਤੇ ਅਗਲੇਰੀ ਫਿਰ ਉਹਨਾਂ ਵਾਸਤੇ ਦੋਜ਼ਖ਼ ਦੀ ਹੀ ਆਈ । ਅਗਲੇਰੇ ਦਿਨ ਰਾਏ ਸਾਹਿਬ ਲਾਹੌਰ ਨੂੰ ਚਲਾ ਗਿਆ ।

ਰਾਏ ਸਾਹਿਬ ਗਿਆ, ਤਾਂ ਕੰਵਰ ਸਾਹਿਬ ਆ ਗਿਆ । ਕਈ ਵਾਰ ਹਲਾਲ ਹੋਈ ਹੋਈ ਨਿਤਾਣੀ ਜਵਾਨੀ ਨੂੰ ਫਿਰ ਹਲਾਲ ਹੋਣਾ ਪਿਆ ।

"ਹੇ ਅੱਲਾ ! ਇਹ ਸਾਡਾ ਜਿਉਂਣ ਏਂ ? ਏਸ ਜਿਉਂਣ ਨਾਲੋਂ ਤਾਂ......।" ਕਦੇ ਕਦੇ ਮਾਸੂਮ ਨਾਜੋ ਦੇ ਅੰਦਰੋਂ ਕ੍ਰੋਧ ਨਾਲ ਲੰਬਾਂ ਨਿਕਲਣ ਲਗ ਪੈਂਦੀਆਂ ।

੧੪

ਤੁਲਸਾਂ ਰਾਹੀਂ ਸਾਰੀਆਂ ਗੱਲਾਂ ਸਵਰਨ ਲਤਾ ਦੇ ਕੰਨਾਂ ਤਕ ਪਹੁੰਚ ਗਈਆਂ । ਸਾਰੀ ਰਾਤ ਸਵਰਨ ਲਤਾ ਨੇ ਸੂਲੀ 'ਤੇ ਕੱਟੀ । ਦਿਨ ਚੜ੍ਹਦੇ ਨਾਲ ਹੀ ਉਹਨੇ ਚਰਾਗੋ ਤੇ ਨਾਜੋ ਦੋਹਾਂ ਨੂੰ ਬੁਲਾ ਲਿਆ । ਤੁਲਸਾਂ ਦਾ ਇਸ਼ਾਰਾ ਪਾ ਕੇ ਦੋਵੇਂ ਮਾਂਵਾਂ ਧੀਆਂ ਬੂਹੇ ਦਾ ਰੇਸ਼ਮੀ ਪਰਦਾ ਹਟਾ ਕੇ ਅੰਦਰ ਲੰਘੀਆਂ । ਅੱਗੇ

ਸਵਰਨ ਲਤਾ ਪਲੰਘ ਉਤੇ ਲੱਤਾਂ ਲਮਕਾਈ ਬੈਠੀ ਸੀ। ਚਰਾਗ਼ੋ ਨੇ ਝੁਕ ਕੇ ਉਹਦੇ ਪੈਰੀਂ ਹੱਥ ਲਾਇਆ। ਫਿਰ ਨਾਜੋ ਨੇ ਓਸੇ ਤਰ੍ਹਾਂ ਨਿਉਂ ਕੇ ਮਾਲਕਣ ਨੂੰ ਮੱਥਾ ਟੇਕਿਆ।

ਸਵਰਨ ਲਤਾ ਨੇ ਚਰਾਗ਼ੋ ਵੱਲ ਬੜੇ ਪਿਆਰ ਨਾਲ ਤੱਕਿਆ। ਫਿਰ ਉਹਦੀਆਂ ਉਨੀਂਦਰੇ ਨਾਲ ਲਾਲ ਹੋਈਆਂ ਹੋਈਆਂ ਅੱਖਾਂ ਨਾਜੋ ਦੇ ਵਲੂੰਧਰੇ ਹੋਏ ਸੁਹਲ ਚਿਹਰੇ ਉਤੇ ਟਿਕ ਗਈਆਂ। ਉਹ ਕਿੰਨਾਂ ਚਿਰ ਇਕ-ਟਕ ਵੇਖਦੀ ਰਹੀ। ਉਹਦੀਆਂ ਸਰੀਰਕ ਅੱਖਾਂ ਭਾਵੇਂ ਨਾਜੋ ਦੇ ਹੱਡ ਚੰਮ ਦੇ ਸਰੀਰ ਤਕ ਹੀ ਅਟਕੀਆਂ ਹੋਈਆਂ ਸਨ, ਪਰ ਉਹਦੀ ਖ਼ਿਆਲੀ ਨਿਗ੍ਹਾ ਬਹੁਤ ਦੂਰ ਪਹੁੰਚੀ ਹੋਈ ਸੀ। ਉਹ ਬਹੁਤ ਕੁਛ ਵੇਖ ਰਹੀ ਸੀ, ਜੋ ਏਨਾ ਭਿਆਨਕ ਸੀ, ਕਿ ਉਸ ਉਤੇ ਯਕੀਨ ਕਰਨ ਲਈ ਉਹਦਾ ਦਿਲ ਨਹੀਂ ਸੀ ਮੰਨਦਾ।

ਇਕੇ ਵਾਰ ਸਵਰਨ ਲਤਾ ਓਧਰੋਂ ਹਟ ਕੇ ਚਰਾਗੋ ਦੇ ਉਦਾਸੇ ਹੋਏ ਮੂੰਹ ਵੱਲ ਵੇਖਣ ਲੱਗ ਪਈ। ਐਵੇਂ ਪਲ ਦਾ ਪਲ ਨਿਗ੍ਹਾ ਮਿਲਣ ਪਿੱਛੋਂ ਚਰਾਗੋ ਦੀਆਂ ਅੱਖਾਂ ਨੀਂਵੀਂਆਂ ਹੋ ਗਈਆਂ। ਇਹ ਜਾਣਦਿਆਂ ਹੋਇਆਂ ਵੀ, ਕਿ ਮਾਲਕਣ ਰਹਿਮ-ਦਿਲ ਤੇ ਹਮਦਰਦ ਹੈ, ਚਰਾਗੋ ਦਾ ਦਿਲ ਧੜਕਣ ਲੱਗ ਪਿਆ। ਉਹਦੇ ਚਿਹਰੇ ਦੀ ਬਦਲਦੀ ਰੰਗਤ ਨੂੰ ਸਵਰਨ ਲਤਾ ਬੜੇ ਧਿਆਨ ਨਾਲ ਪੜ੍ਹਨ ਦਾ ਯਤਨ ਕਰ ਰਹੀ ਸੀ।

"ਚਰਾਗੋ!" ਸਵਰਨ ਲਤਾ ਨੇ ਦਰਦ ਭਰੀ ਸੁਰ ਵਿਚ ਕਿਹਾ।

"ਜੀ, ਬੀਬੀ ਜੀ!" ਚਰਾਗੋ ਦੀ ਵਾਜ ਉਸ ਕੁਦਰਤੀ ਸਹਿਮ ਨਾਲ ਕੰਬ ਰਹੀ ਸੀ, ਜੋ ਮਾਲਕ ਤੇ ਮੁਜ਼ਾਰੇ ਵਿਚ ਦੁੱਗਾਂ ਤੋਂ ਚਲਿਆ ਆ ਰਿਹਾ ਹੈ।

"ਕੀ ਇਹ ਸਭ ਕੁਛ ਠੀਕ ਏ, ਜੋ ਮੈਂ ਸੁਣਿਆਂ ਏ?"

"ਹਾਂ, ਸਰਕਾਰ!" ਚਰਾਗੋ ਨੇ ਥੋੜਾ ਜਿਹਾ ਉਪਰ ਝਾਕ ਕੇ ਫਿਰ ਸਿਰ ਝੁਕਾ ਲਿਆ।

"ਕੰਵਰ ਵੀ ਤੇ ਰਾਏ ਸਾਹਿਬ ਵੀ?"

"ਹਾਂ ਜੀ!" ਕਹਿੰਦਿਆਂ ਕਹਿੰਦਿਆਂ ਚਰਾਗੋ ਦੇ ਹੰਝੂ ਡਿਗ ਪਏ ਤੇ ਉਹ ਸਿਰ ਦੇ ਮੈਲੇ ਜੇਹੇ ਲੀੜੇ ਨਾਲ ਅੱਖਾਂ ਪੂੰਝਣ ਲੱਗ ਪਈ।

ਅਸਹਿ ਗ਼ਮ ਤੇ ਲੱਜਿਆ ਦੇ ਭਾਰ ਨਾਲ ਸਵਰਨ ਲਤਾ ਦੀਆਂ ਵੀ ਅੱਖਾਂ ਝੁਕ ਗਈਆਂ। ਉਹ ਹੇਠਾਂ ਪੈਰਾਂ ਦੇ ਸੰਨ੍ਹ ਵਿਚਦੀ ਨਜ਼ਰ ਆ ਰਹੇ ਫ਼ਰਸ਼ ਉਤੇ ਵਿਛੇ ਹੋਏ ਗ਼ਲੀਚੇ ਵੱਲ ਵੇਖੀ ਜਾ ਰਹੀ ਸੀ। ਓਥੇ ਇਕ ਫੜ ਫੜਾਉ ਦੇ ਪਰਾਂ ਵਾਲੀ ਛੋਟੀ ਜਿਹੀ ਚਿੜੀ ਦੀ ਤਸਵੀਰ ਸੀ, ਜਿਸਦੇ ਪਿਛੇ ਇਕ ਵੱਡਾ ਸਾਰਾ

ਸੱਪ ਮੂੰਹ ਅੱਡੀ ਆ ਰਹੀ ਸੀ । ਸਵਰਨ ਲਤਾ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਹਦੇ ਵਿਹੰਦਿਆਂ ਵਿਹੰਦਿਆਂ ਉਹ ਜਰਵਾਣਾ ਸੱਪ ਉਸ ਨਿਤਾਣੀ ਚਿੜੀ ਨੂੰ ਸਣੇ ਖੰਭਾਂ ਨਿਗਲ ਜਾਏਗਾ । ਸਵਰਨ ਲਤਾ ਦਾ ਦਿਲ ਕੰਬ ਉਠਿਆ । ਇਹ ਭਿਆਨਕ ਦ੍ਰਿਸ਼ ਵੇਖ ਕੇ ਉਹ ਘਬਰਾ ਗਈ । ਏਹਾ ਦ੍ਰਿਸ਼ ਉਹਨੇ ਹਜ਼ਾਰ ਵਾਰ ਅੱਗੇ ਵੇਖਿਆ ਸੀ । ਕੇਈ ਵਾਰ ਉਹ ਇਹਨੂੰ ਵੇਖ ਕੇ ਮੁਸਕਰਾਈ ਸੀ । ਕੇਈ ਵਾਰ ਉਹਨੇ ਕਾਰੀ-ਗਰ ਦੇ ਹੁਨਰ ਦੀ ਤਾਰੀਫ਼ ਵੀ ਕੀਤੀ ਸੀ । ਕਦੇ ਕਦਾਈਂ ਇਸ ਤੇ ਝਾਤੀ ਪੈਂਦਿਆਂ ਉਹ ਗੰਭੀਰ ਵੀ ਹੋ ਗਈ ਸੀ । ਪਰ ਅੱਜ ਤਾਂ......।

ਸਿਰ ਨੂੰ ਥੋੜਾ ਜਿਹਾ ਝਟਕਾ ਦੇ ਕੇ ਉਹਨੇ ਨਾਜੋ ਵੱਲ ਤਕਿਆ । ਨਾਜੋ ਉਹਦੇ ਸਾਮ੍ਹਣੇ ਖਲੀ ਰੋ ਰਹੀ ਸੀ । ਉਹਦੇ ਹੰਝੂ ਪਰਲ ਪਰਲ ਵਹਿ ਰਹੇ ਸਨ । ਉਹਦੇ ਬੁੱਲ੍ਹ ਥੋੜੇ ਥੋੜੇ ਕੰਬ ਰਹੇ ਸਨ । ਉਹਦੇ ਸਾਰੇ ਸਰੀਰ ਉਤੇ ਸ਼ਰਮ ਦੀ ਤਰੇਲੀ ਆਈ ਹੋਈ ਸੀ । ਉਹ ਮਾਂ ਤੇ ਮਾਲਕਣ ਦੀਆਂ ਗੱਲਾਂ ਦੇ ਅਰਥ ਸਮਝ ਗਈ ਸੀ । ਉਹ ਇਉਂ ਅਨਭਵ ਕਰ ਰਹੀ ਸੀ, ਜਿਵੇਂ ਮਾਂ ਤੇ ਮਾਲਕਣ ਦੇ ਸਾਮ੍ਹਣੇ ਹੀ ਰਾਇ ਸਾਹਿਬ ਨੇ ਉਹਦੇ ਸਰੀਰ ਉਤੋਂ ਸਾਰੇ ਕੱਪੜੇ ਪਾੜ ਕੇ ਧੂਹ ਲਏ ਹੋਣ । ਉਹ ਸ਼ਰਮ ਦੀ ਮਾਰੀ ਧਰਤੀ ਦੇ ਵਿਚ ਨਿੱਘਰ ਜਾਣਾ ਚਾਹੁੰਦੀ ਸੀ ।

ਸਵਰਨ ਲਤਾ ਤੋਂ ਵੇਖ ਕੇ ਸਹਾਰਿਆ ਨਾ ਗਿਆ । ਉਹਦਾ ਕਲੇਜਾ ਪਾਟ ਗਿਆ । ਉਹਨੇ ਬਾਂਹੋਂ ਫੜ ਕੇ ਖਿੱਚ ਕੇ ਨਾਜੋ ਨੂੰ ਹਿੱਕ ਨਾਲ ਲਾ ਲਿਆ । ਸਾਹ-ਸਤ ਹੀਣ ਨਾਜੋ ਬਾਲਾਂ ਵਾਂਗ ਮਾਲਕਣ ਦੀਆਂ ਬਾਂਹੀਂ ਵਿਚ ਉੱਲਰ ਪਈ । ਸਵਰਨ ਲਤਾ ਨੇ ਕਲੇਜੇ ਦੀ ਬੋਟੀ ਵਾਂਗ ਉਹਨੂੰ ਗੋਦੀ ਵਿਚ ਲੈ ਲਿਆ । ਉਹਦੀ ਗੱਲ੍ਹ ਨਾਲ ਗੱਲ੍ਹ ਜੋੜ ਕੇ ਸਵਰਨ ਲਤਾ ਵੀ ਹੁਭਕੀਂ ਹੁਭਕੀਂ ਰੋਣ ਲੱਗ ਪਈ ।

"ਬੀਬੀ ਜੀ ! ਬੀਬੀ ਜੀ ! ਸਾਡੇ ਗ਼ਰੀਬਾਂ ਬਦਲੇ ਤੁਸੀਂ ਨਾ ਦੁਖੀ ਹੋਵੋ । ਸਾਡਾ ਕੀ ਏ ? ਧੀਰਜ ਕਰੋ ।" ਚਰਾਗੋ ਨੇ ਸਵਰਨ ਲਤਾ ਦੇ ਪੈਰਾਂ ਕੋਲ ਬਹਿ ਕੇ ਉਹਦੇ ਗੋਡੇ ਦੱਬਦਿਆਂ ਕਿਹਾ ।

ਅੰਦਰ ਦਾ ਝੱਖੜ ਕੁਛ ਥੰਮ੍ਹਿਆਂ, ਤਾਂ ਸਵਰਨ ਲਤਾ ਅੱਖਾਂ ਪੂੰਝ ਕੇ ਜ਼ਰਾ ਸਿੱਧੀ ਹੋ ਬੈਠੀ । ਉਹਨੇ ਬੜੇ ਯਤਨ ਨਾਲ ਆਪਣੇ ਆਪ 'ਤੇ ਕਾਬੂ ਪਾਇਆ । "ਚੁੱਪ ਕਰ ਨਾਜੋ ! ਤੂੰ ਮੇਰੀ.........ਤੂੰ ਮੇਰੀ.........।" ਛੇਤੀ ਛੇਤੀ ਸਵਰਨ ਲਤਾ ਫ਼ੈਸਲਾ ਨਾ ਕਰ ਸਕੀ, ਕਿ ਉਹਨੂੰ ਉਹ ਆਪਣੀ ਕੀ ਕਹਿ ਕੇ ਬੁਲਾਵੇ ।

ਅੱਖਾਂ ਪੂੰਝਦੀ ਨਾਜੋ, ਮਾਲਕਣ ਦੀ ਗੋਦੀ ਵਿਚੋਂ ਉਠ ਬੈਠੀ । ਉਹ ਹੇਠਾਂ ਭੋਇੰ 'ਤੇ ਬੈਠਣ ਦੇ ਇਰਾਦੇ ਨਾਲ ਪਲੰਘ ਉਤੋਂ ਉਠਣ ਲੱਗੀ, ਪਰ

ਸਵਰਨ ਲਤਾ ਨੇ ਉਹਦੇ ਉਦਾਲੇ ਆਪਣੀ ਖੱਬੀ ਬਾਂਹ ਵਲ ਕੇ ਉਹਨੂੰ ਵੱਖੀ ਨਾਲ ਘੁੱਟ ਲਿਆ ।

"ਚਰਾਗੋ !" ਕੁਛ ਚਿਰ ਪਿੱਛੋਂ ਸਵਰਨ ਲਤਾ ਨੇ ਬੜੀ ਧੀਰਜ ਨਾਲ ਫਿਰ ਗੱਲ ਤੋਰੀ ।

"ਜੀ ਸਰਕਾਰ !"

"ਜੋ ਮੈਂ ਤੈਨੂੰ ਪੱਕੀ ਕੀਤੀ ਸੀ ।"

"ਚੇਤਾ ਏ ਜੀ !"

'ਫਿਰ ਇਹਦੇ ਵਾਸਤੇ ਘਰ ਲਭਿਆ ਏ ਕੋਈ ?"

"ਜੀ, ਵਰ ਘਰ ਤਾਂ ਸਭ ਕੁਛ ਠੀਕ ਏ......।" ਚਰਾਗੋ ਨੇ ਇਸ ਢੰਗ ਨਾਲ ਕਿਹਾ, ਜਿਵੇਂ ਅੱਗੇ ਵਾਕ ਪੂਰਾ ਨਾ ਹੋਇਆ ਹੋਵੇ ।

"ਮੁੰਡਾ ਕੇਹੋ ਜੇਹਾ ਏ ?" ਸਵਰਨ ਲਤਾ ਨੇ ਇਸ ਉਤਸੁਕਤਾ ਨਾਲ ਪੁਛਿਆ, ਜਿਵੇਂ ਉਹ ਕਿਸੇ ਆਪਣੀ ਸਕੀ ਸੋਦਰੀ ਦਾ ਰਿਸ਼ਤਾ ਕਰਨ ਲਗੀ ਹੋਵੇ ।

"ਜੀ, ਮੁੰਡਾ ਤਾਂ ਵਾਹਵਾ ਮੂੰਹ ਮੱਥੇ ਲਗਦਾ ਏ । ਮੇਰੀ ਭੈਣ ਦਾ ਪੁੱਤ ਏ ।"

"ਫਿਰ ਵਿਆਹ ਵਿਚ ਕੀ ਦੇਰੀ ਏ । ਪੈਸੇ ਚਾਹੀਦੇ ਨੇ ?"

"ਸਾਡੇ ਵੱਲੋਂ ਤਾਂ ਕੋਈ ਡੇਰ ਨਹੀਂ ਜੀ, ਪਰ......।"

"ਪਰ ਕੀ ?"

"ਰਾਏ ਸਾਹਬ ਨਹੀਂ ਮੰਨਦੇ ।"

"ਰਾਏ ਸਾਹਿਬ ਦਾ ਇਸ ਕੰਮ ਵਿਚ ਕੀ ਦਖ਼ਲ ?" ਸਵਰਨ ਲਤਾ ਨੇ ਜ਼ਰਾ ਤਲਖ਼ ਸੁਰ ਵਿਚ ਪੁਛਿਆ ।

"ਬੀਬੀ ਜੀ, ਤੁਸੀਂ ਸਾਡੀ ਹਾਲਤ ਨੂੰ ਨਹੀਂ ਸਮਝ ਸਕਦੇ । ਰਾਏ ਸਾਹਿਬ ਦੀ 'ਜਾਜਤ ਬਿਨਾਂ ਕੁਛ ਨਹੀਂ ਹੋ ਸਕਦਾ । ਸਾਡੀ ਰੋਟੀ ਜੁ ਉਹਨਾਂ ਦੇ ਹੱਥ ਹੋਈ । ਭਲਾ ਮੇਰਾ ਵੱਸ ਚਲਦਾ, ਤਾਂ ਅਜੇ ਤਕ ਤਾਜੋ ਈ ਕਿਉਂ ਬੈਠੀ ਹੁੰਦੀ । ਤੁਸੀਂ ਨਹੀਂ ਜਾਣਦੇ, ਇਸ ਵਾਰ ਰਾਏ ਸਾਹਬ ਨੇ ਮੇਰੀ ਕੀ ਬਾਬ ਕੀਤੀ ਏ ।" ਚਰਾਗੋ ਦੀਆਂ ਅੱਖਾਂ ਵਿਚੋਂ ਫਿਰ ਮਜਬੂਰੀ ਦੇ ਹੰਝੂ ਵਹਿ ਪਏ, ਜੋ ਉਹਨੇ ਛੇਤੀ ਨਾਲ ਪੂੰਝ ਲਏ ।

"ਹੱਛਾ !" ਸਵਰਨ ਲਤਾ ਨੇ ਕੁਛ ਚਿਰ ਸੋਚ ਕੇ ਬੜੀ ਗੰਭੀਰਤਾ ਨਾਲ ਕਿਹਾ । "ਮੈਂ......।" ਕਹਿੰਦੀ ਕਹਿੰਦੀ ਸਵਰਨ ਲਤਾ ਕੁਛ ਸੋਚ ਕੇ ਰੁਕ ਗਈ ।

ਕੁਛ ਚਿਰ ਕਮਰੇ ਵਿਚ ਮੌਤ ਵਰਗੀ ਚੁੱਪ ਛਾਈ ਰਹੀ । ਤਿੰਨਾਂ ਜਣੀਆਂ ਨੇ

ਜਿਵੇਂ ਆਪਣੇ ਸਾਹ ਵੀ ਅੰਦਰੇ ਰੋਕ ਲਏ ਸਨ।

"ਨਾਜ਼ੋ !" ਸਵਰਨ ਲਤਾ ਨੇ ਤੇਹ ਨਾਲ ਉਹਦੀਆਂ ਮੌਰਾਂ ਥਾਪੜਦਿਆਂ ਕਿਹਾ, "ਮੈਂ ਤੇਰਾ ਦੁੱਖ ਨਹੀਂ ਸਹਾਰ ਸਕਦੀ। ਜੋ ਮੈਥੋਂ ਹੋਵੇਗਾ, ਮੈਂ ਕਰਾਂਗੀ। ਹੱਛਾ ਤੂੰ ਬਾਹਰ ਚੱਲ ਜ਼ਰਾ।"

ਨਾਜ਼ੋ ਸਹਿਜ ਨਾਲ ਉਠ ਕੇ ਤੇ ਸਵਰਨ ਲਤਾ ਦੇ ਪੈਰਾਂ 'ਤੇ ਮੱਥਾ ਟੇਕ ਕੇ ਬਾਹਰ ਚਲੀ ਗਈ।

"ਚਰਾਗੋ ! ਉਤਾਂਹ ਮੇਰੇ ਵੱਲੇ ਵੇਖ।" ਕੁਛ ਚਿਰ ਪਿਛੋਂ ਸਵਰਨ ਲਤਾ ਨੇ ਬੜੀ ਦ੍ਰਿੜ੍ਹ ਵਾਜ ਵਿਚ ਕਿਹਾ।

"ਜੀ, ਸਰਕਾਰ।" ਚਰਾਗੋ ਨੇ ਅੱਖਾਂ ਪੂੰਝ ਕੇ ਮਾਲਕਣ ਵੱਲ ਤਕਿਆ।

'ਜੋ ਕੁਛ ਪੁਛਾਂਗੀ, ਈਮਾਨ ਨਾਲ ਸੱਚ ਸੱਚ ਦਸੇਂਗੀ ?"

"ਬੀਬੀ ਜੀ ! ਅਸੀਂ ਅੱਲਾ ਅੱਗੇ ਝੂਠ ਮਾਰ ਸਕਦੇ ਆਂ, ਪਰ ਤੁਹਾਡੇ ਅੱਗੇ ਨਹੀਂ।" ਚਰਾਗੋ ਦੀਆਂ ਅੱਖਾਂ ਵਿਚ ਸੁਚਾਈ ਝਲਕ ਰਹੀ ਸੀ।

"ਸੱਚ ਮੁਚ ਨਾਜ਼ੋ ਵੱਡੇ ਰਾਏ ਸਾਹਿਬ ਦਾ ਲਹੂ ਏ ?"

"ਹਾਂ, ਸਰਕਾਰ !" ਸ਼ਰਮ ਨਾਲ ਚਰਾਗੋ ਦੇ ਮੱਥੇ 'ਤੇ ਕੱਚੀ ਤਰੇਲੀ ਆ ਗਈ।

"ਇਕ ਗੱਲ ਹੋਰ ਵੀ ਦੱਸ ਦਿਹ। ਕੀ ਰਾਏ ਸਾਹਿਬ ਵੀ ਤੇਰੇ ਨਾਲ...?"

"ਹਾਂ। ਪਰ ਬੀਬੀ ਜੀ ! ਮੇਰਾ ਇਸ ਵਿਚ ਕੋਈ ਕਸੂਰ ਨਹੀਂ ਜੇ। ਮੈਂ... ਮੈਂ...ਮਜਬੂਰ ਸਾਂ।" ਜ਼ੋਰਾਵਰਾਂ ਦੇ ਧੱਕੋ ਜ਼ੋਰੀ ਮੜ੍ਹੇ ਹੋਏ ਗੁਨਾਹਾਂ ਦੇ ਭਾਰ ਨਾਲ ਚਰਾਗੋ ਦਾ ਸਿਰ ਧਰਤੀ ਤਕ ਝੁਕ ਗਿਆ।

"ਕਲਜੁਗ, ਘੋਰ ਅਨਰਥ। ਦੁਨੀਆਂ ਗ਼ਰਕ ਕਿਉਂ ਨਾ ਜਾਵੇਗੀ। ਚਰਾਗੋ !" ਸਵਰਨ ਲਤਾ ਨੇ ਡਾਢੇ ਦੁੱਖ ਨਾਲ ਚੀਕ ਕੇ ਕਿਹਾ। "ਇਕ ਦਿਨ ਸਾਨੂੰ ਇਹਨਾਂ ਪਾਪਾਂ ਦਾ ਫਲ ਭੋਗਣਾ ਪਵੇਗਾ। ਇਹਨਾਂ ਮਹਿਲਾਂ ਵਿਚ ਭੂਤਨੇ ਨੱਚਣਗੇ। ਮੈਨੂੰ ਲੋਕੀਂ ਵਾਲਾਂ ਤੋਂ ਫੜ ਕੇ ਗਲੀਆਂ ਵਿਚ ਧੂਹੀ ਫਿਰਨਗੇ।"

"ਬੀਬੀ ਜੀ ! ਇਉਂ ਨਾ ਆਖੋ। ਤੁਹਾਡਾ ਕੀ ਗੁਨਾਂਹ ? ਤੁਸੀਂ ਤਾਂ ਕੋਈ ਫਰਿਸ਼ਤਾ-ਰੂਹ ਓ, ਬੀਬੀ ਫਾਤਮਾ ਵਰਗੀ ਪਾਕ। ਸਾਡੇ ਗਰੀਬਾਂ ਬਦਲੇ ਤੁਸੀਂ ਨਾ......।" ਚਰਾਗੋ ਮਾਲਕਣ ਦੇ ਪੈਰਾਂ 'ਤੇ ਸਿਰ ਰਖ ਕੇ ਰੋਣ ਲੱਗ ਪਈ।

"ਨਹੀਂ, ਚਰਾਗੋ ! ਇਸ ਘਰ ਦਾ ਕੋਈ ਵੀ ਬਖਸ਼ਿਆ ਨਹੀਂ ਜਾਇਗਾ। ਪਤੀ ਦੇ ਕੁਕਰਮਾਂ ਦਾ ਫਲ ਇਸਤਰੀ ਨੂੰ ਵੀ ਭੁਗਤਣਾ ਪੈਂਦਾ ਏ।" ਸਵਰਨ ਲਤਾ ਪਾਗਲਾਂ ਵਾਂਗ ਉਠ ਕੇ ਕਮਰੇ ਵਿਚ ਟਹਿਲਣ ਲੱਗ ਪਈ। ਉਹਦੀ ਸੁਰਤ

ਦੂਰ ਤਕ ਭਟਕ ਰਹੀ ਸੀ । ਭਵਿਖ ਉਹਦੀਆਂ ਖ਼ਿਆਲੀ ਅੱਖਾਂ ਦੇ ਸਾਮ੍ਹਣੇ ਨੱਚ ਰਿਹਾ ਸੀ । ਭਵਿੱਖ, ਬੜਾ ਕੌੜਾ ਤੇ ਭਿਆਨਕ ਭਵਿੱਖ । ਧਰਮ ਰਾਜ ਕੀਤੇ ਕਰਮਾਂ ਦਾ ਵਹੀ-ਖਾਤਾ ਖੁਹਲੀ ਉਹਦੇ ਸਾਮ੍ਹਣੇ ਖਲਾ ਸੀ । ਚਰਾਗੋ, ਤਾਜੋ, ਨਾਜੋ, ਤੇ ਉਹਨਾਂ ਵਰਗੀਆਂ ਹੋਰ ਕੇਈ ਗਵਾਹਾਂ ਦੇ ਰੂਪ ਵਿਚ ਖਲੀਆਂ ਕੁਰਲਾ ਰਹੀਆਂ ਸਨ । 'ਇਨਸਾਫ਼, ਇਨਸਾਫ਼ । ਖ਼ੂਨ ਦਾ ਬਦਲਾ ਖ਼ੂਨ, ਤੇ ਇੱਜਤ ਦਾ ਬਦਲਾ ਇੱਜਤ ।' ਡਰਾਉਣੇ ਸ਼ਬਦ ਉਹਦੇ ਕੰਨਾਂ ਵਿਚ ਗੂੰਜ ਰਹੇ ਸਨ । ਫ਼ੈਸਲਾ ਸੁਣਾ ਦਿਤਾ ਗਿਆ । 'ਇਹਨਾਂ ਦੇ ਬਦਲੇ ਰਾਏ ਸਾਹਿਬ ਦੀ ਪਤਨੀ ।' ਇਸ ਖ਼ਿਆਲ ਨੇ ਸਵਰਨ ਲਤਾ ਨੂੰ ਸਿਰ ਤੋਂ ਪੈਰਾਂ ਤਕ ਕੰਬਾਂ ਦਿਤਾ । ਉਹ ਚਰਾਗੋ ਦੇ ਸਾਮ੍ਹਣੇ ਖਲੋ ਕੇ ਕਿੰਨਾ ਚਿਰ ਉਹਦੇ ਚਿਹਰੇ ਵੱਲ ਵੇਖਦੀ ਰਹੀ । ਫਿਰ ਇਕ ਲੰਮਾ ਸਾਰਾ ਸਾਹ ਖਿਚ ਕੇ ਉਹਨੇ ਉਦਾਸ ਸੁਰ ਵਿਚ ਕਿਹਾ, "ਹੱਛਾ ! ਹੁਣ ਤੂੰ ਜਾਹ । ਦੂੱਜੇ ਚੌਥੇ ਦਿਨ ਮੈਨੂੰ ਮਿਲਦੀ ਰਿਹਾ ਕਰ । ਹਾਂ ਸੱਚ, ਜਿੱਦਣ ਤੇਰਾ ਭਣੇਂਵਾਂ ਏਥੇ ਆਵੇ, ਮੈਨੂੰ ਵਿਖਾਈਂ ।......ਇਕ ਗੱਲ ਹੋਰ ਵੀ ਸੁਣ, ਜਿਸ ਦਿਨ ਉਹਨਾਂ ਦੋਹਾਂ ਭਰਾਵਾਂ ਵਿਚੋਂ ਕੋਈ ਘਰ ਹੋਵੇ । ਸਮਝ ਗਈ ਏਂ ਨਾਂ । ਓਦਣ ਨਾਜੋ ਨੂੰ ਮੇਰੇ ਕੋਲ ਭੇਜ ਦਿਆ ਕਰ । ਫਿਰ ਮੈਂ ਆਪੇ ਨਜਿੱਠ ਲਵਾਂਗੀ । ਹਾਂ, ਜਾਹ ਹੁਣ ਤੂੰ ।"

ਚਰਾਗੋ ਇਕ ਵਾਰ ਫਿਰ ਪੈਰੀਂ ਹੱਥ ਲਾ ਕੇ ਚਲੀ ਗਈ ।

ਕਿਹਾ ਨਹੀਂ ਜਾ ਸਕਦਾ, ਪਿਛੋਂ ਸਵਰਨ ਲਤਾ ਕਿੰਨਾਂ ਚਿਰ ਏਸ ਅੱਗ ਵਿਚ ਸੜਦੀ ਤੜਪਦੀ ਰਹੀ ।

੧੫

ਮਾਪਿਆਂ ਦੇ ਹਟਕਦਿਆਂ ਵਰਜਦਿਆਂ ਹੈਦਰ ਲਾਹੌਰ ਨੂੰ ਤੁਰ ਗਿਆ । ਸੁਲਤਾਨ ਦੀ ਸਰਾਂ ਵਿਚ ਲਾਰੀਓਂ ਉਤਰ ਕੇ ਉਹਨੇ ਪਾਸੇ ਦੀ ਜੇਬ ਵਿਚੋਂ ਛੋਟੀ ਜੇਹੀ ਕਾਪੀ ਕੱਢੀ । ਦੋ ਚਾਰ ਵਰਕੇ ਫੋਲ ਕੇ ਉਹਨੇ ਉਸ ਵਿਚੋਂ ਲਿਖਿਆ ਹੋਇਆ ਕੋਈ ਪਤਾ ਵੇਖਿਆ । ਕਾਪੀ ਉਹਨੇ ਫਿਰ ਜੇਬ ਵਿਚ ਪਾ ਲਈ ਤੇ ਇਕ ਮਜ਼ੂਰ ਕੋਲੋਂ ਥਾਂ ਟਿਕਾਣਾ ਪੁੱਛ ਕੇ ਉਹ ਆਪਣੇ ਰਾਹ ਪੈ ਗਿਆ । ਸੜਕ ਦੇ ਦੋਹੀਂ ਪਾਸੀਂ ਉਹ ਬੜੇ ਧਿਆਨ ਨਾਲ ਵੇਖਦਾ ਜਾ ਰਿਹਾ ਸੀ । ਉਹਨੇ ਇਕ ਵਾਰ ਅੱਗੇ ਵੀ ਲਾਹੌਰ ਵੇਖਿਆ ਸੀ । ਏਸੇ ਸੜਕ ਉਹ ਅਨਾਰਕਲੀ ਤਕ ਗਿਆ ਸੀ । ਪਰ ਉਹਦੇ ਅੱਜ ਦੇ ਵੇਖਣ ਵਿਚ ਪਹਿਲਾਂ ਨਾਲੋਂ ਬਹੁਤ ਫ਼ਰਕ ਸੀ । ਅਜ ਉਹਨੂੰ ਸਭ ਕੁਛ ਵੱਟਿਆ ਵੱਟਿਆ ਤੇ ਹੋਰ ਹੋਰ ਨਜ਼ਰ ਆ ਰਿਹਾ ਸੀ ।

ਸ਼ਾਹਾਲਮੀ ਦਰਵਾਜ਼ੇ ਅਗੇ ਪਹੁੰਚ ਕੇ ਉਹਨੇ ਇਕਵਾਰ ਫਿਰ ਕਾਪੀ ਕਢ ਕੇ ਵੇਖੀ। ਚੌਂਕ ਵਿਚ ਖਲੋ ਕੇ ਉਹਨੇ ਚੁਫੇਰੇ ਦੂਰ ਤਕ ਝਾਤੀ ਮਾਰੀ। ਦਰਵਾਜ਼ੇ ਦੀ ਸਾਮ੍ਹਣੀ ਸੜਕ ਉਤੇ ਕੋਈ ਪੰਜਾਹ ਗਜ਼ ਦੀ ਵਿੱਥ 'ਤੇ ਉਹਨੂੰ ਲਾਲ ਜੇਹੀ ਟਾਕੀ ਹਿਲਦੀ ਦਿਸੀ। ਉਹ ਓਸੇ ਪਾਸੇ ਤਰ ਪਿਆ। ਨੇੜੇ ਪਹੁੰਚ ਕੇ ਉਹਨੇ ਦਾਤਰੀ-ਹਥੌੜੇ ਵਾਲਾ ਛੋਟਾ ਜਿਹਾ ਝੰਡਾ ਲਹਿਰਾਉਂਦਾ ਵੇਖਿਆ। ਹੇਠਾਂ ਤਕਣ ਨਾਲ ਉਹਨੂੰ ਛੋਟਾ ਜਿਹਾ ਬੋਰਡ ਵੀ ਨਜ਼ਰੀਂ ਪਿਆ। ਉਹਦੀ ਤਸੱਲੀ ਹੋ ਗਈ, ਤਾਂ ਉਹ ਰਵਾਂ ਰਵੀਂ ਪੌੜੀਆਂ ਚੜ੍ਹਨ ਲਗ ਪਿਆ। ਚੁਬਾਰੇ ਦਾ ਢੁੱਕਾ ਹੋਇਆ ਬੂਹਾ ਉਹਨੇ ਸਹਿਜ ਸਹਿਜ ਲਾਹਿਆ। ਕਮਰੇ ਵਿਚ ਵਿਛੀ ਹੋਈ ਸਫ਼ ਉਤੇ ਬੈਠਾ ਉਹਨੂੰ ਇਕ ਪਤਲਾ ਜੇਹਾ ਸਿੱਖ ਨਜ਼ਰ ਆਇਆ। ਪੱਗ, ਕੁੜਤਾ ਤੇ ਪਜਾਮਾ, ਉਹਦੇ ਤਿੰਨੇ ਕਪੜੇ ਖ਼ਾਕੀ ਖੱਦਰ ਦੇ ਸਨ। ਚਿਹਰਾ ਉਹਦਾ ਕਾਫ਼ੀ ਗੰਭੀਰ ਸੀ, ਪਰ ਇੰਚ ਇੰਚ ਲਾਪਰੀ ਹੋਈ ਦਾੜ੍ਹੀ ਨੇ ਉਹਦਾ ਰੁਹਬ ਕੁਛ ਘਟਾ ਦਿਤਾ ਜਾਪਦਾ ਸੀ। ਅਖ਼ਬਾਰ ਉਤੋਂ ਅੱਖਾਂ ਹਟਾ ਕੇ ਉਹਨੇ ਇਕ ਪਲ ਆਉਣ ਵਾਲੇ ਵੱਲ ਤਕਿਆ ਤੇ ਫਿਰ ਪਛਾਣ ਕੇ ਇਕੇਵਾਰ ਪੁਕਾਰ ਉਠਿਆ, "ਹੈਲੋ, ਕਾਮਰੇਡ ਹੈਦਰ!" ਤੇ ਉਹਨੇ ਉਠ ਕੇ ਹੈਦਰ ਨੂੰ ਆਪਣੀਆਂ ਬਾਂਹੀਂ ਵਿਚ ਘੁੱਟ ਲਿਆ।

ਇਹ ਕਾਮਰੇਡ ਜਸਵੰਤ ਸਿੰਘ ਸੀ। ਉਮਰ ਉਹਦੀ ਤੀਹ-ਬੱਤੀ ਸਾਲ ਦੀ ਹੋਵੇਗੀ। ਉਹਦਾ ਰੰਗ ਕੁਛ ਸਾਉਲਾ, ਸਰੀਰ ਪਤਲਾ ਤੇ ਕੱਦ ਦਰਮਿਆਨਾ ਸੀ। ਗ਼ਰੀਬ ਘਰ ਦਾ ਜੰਮ-ਪਲ ਹੋਣ ਕਰਕੇ ਸਕੂਲ ਵਿਚ ਉਹ ਬਹੁਤਾ ਨਹੀਂ ਸੀ ਪੜ੍ਹਿਆ। ਪਰ ਪਾਰਟੀ ਦੇ ਵਰਕਰਾਂ ਤੇ ਸਿਆਣੇ ਬੰਦਿਆਂ ਦੀ ਸੰਗਤ ਕਰਕੇ ਆਪਣੀ ਲੋੜ ਜੋਗਾ ਉਹਨੇ ਕਾਫ਼ੀ ਗਿਆਨ ਹਾਸਲ ਕਰ ਲਿਆ ਸੀ। ਸਭ ਤੋਂ ਵੱਡਾ ਗੁਣ ਉਸ ਵਿਚ ਇਹ ਸੀ, ਕਿ ਉਹ ਨਵਿਆਂ ਆਦਮੀਆਂ ਨਾਲ ਬੜੀ ਛੇਤੀ ਸਾਂਝ ਪੈਦਾ ਕਰ ਲੈਂਦਾ ਸ਼ੀ। ਜਿਹੜਾ ਦੋ ਘੜੀਆਂ ਵੀ ਉਹਦੇ ਨਾਲ ਗੱਲਾਂ ਬਾਤਾਂ ਕਰ ਲੈਂਦਾ, ਉਹਦਾ ਅਸਰ ਕਬੂਲੇ ਬਿਨਾਂ ਨਾ ਰਹਿ ਸਕਦਾ। ਉਹ ਹੱਸ ਹੱਸ ਕੇ ਬੜੇ ਨਿਘੇ ਰੌਂ ਵਿਚ ਆਪਣਿਆਂ ਵਾਂਗ ਗੱਲਾਂ ਕਰਦਾ। ਨਾ ਉਹ ਆਪ ਹੀ ਵਾਹ-ਲਗਦੀ ਮਿਲਨ ਵਾਲੇ ਨੂੰ ਭੁਲਦਾ, ਤੇ ਨਾ ਦੂਸਰਾ ਹੀ ਉਸ ਨੂੰ ਭੁਲਾ ਸਕਦਾ।

ਹੈਦਰ ਤੇ ਜਸਵੰਤ ਸਿੰਘ ਚਰਾਗ਼ਾਂ ਦੇ ਮੇਲੇ 'ਤੇ ਮਿਲੇ ਸਨ। ਪੂਰੇ ਅੱਠ ਪਹਿਰ ਕਠਿਆਂ ਰਹਿ ਕੇ ਉਹਨਾਂ ਰੱਜ ਕੇ ਗੱਲਾਂ ਕੀਤੀਆਂ ਸਨ। ਹੈਦਰ ਨੂੰ ਉਹਦੀਆਂ ਸਾਰੀਆਂ ਗੱਲਾਂ ਦੀ ਸਮਝ ਨਹੀਂ ਸੀ ਆਉਂਦੀ। ਉਹ ਸਿਰਫ਼ ਏਨਾ ਹੀ ਸਮਝ ਸਕਿਆ ਸੀ, ਕਿ ਕਾਮਰੇਡ ਜਸਵੰਤ ਸਿੰਘ ਚੰਗਾ ਆਦਮੀ ਹੈ, ਤੇ

ਉਹਦੀ ਪਾਰਟੀ ਗਰੀਬਾਂ ਦੇ ਦੁੱਖ ਦਰਦ ਵੰਡਾਉਣ ਦੀ ਹਾਮੀ ਹੈ । ਜਸਵੰਤ ਸਿੰਘ ਨੇ ਉਹਨੂੰ ਲਾਹੌਰ ਕੋਈ ਕੰਮ ਲੱਭ ਕੇ ਦੇਣ ਦਾ ਲਾਰਾ ਵੀ ਲਾਇਆ ਸੀ । ਏਸੇ ਆਸ ਉਤੇ ਹੈਦਰ ਘਰ ਛਡ ਕੇ ਏਹੋ ਜੇਹੇ ਓਪਰੇ ਸ਼ਹਿਰ ਵਿਚ ਆ ਗਿਆ ਸੀ ।

ਰਸਮੀ ਰਾਜ਼ੀ ਖ਼ੁਸ਼ੀ ਦੀਆਂ ਗੱਲਾਂ ਪਿਛੋਂ ਦੋਵੇਂ ਸਾਥੀ ਓਸੇ ਸਫ ਉਤੇ ਬਹਿ ਗਏ । ਚੁਬਾਰੇ ਦੇ ਦੂਜੇ ਬੂਹੇ ਅੱਗੇ ਵਾਂਸ ਦੀ ਰੰਗਦਾਰ ਚਿਕ ਤਣੀ ਹੋਈ ਸੀ । ਜਸਵੰਤ ਸਿੰਘ ਨੇ ਓਸ ਪਾਸੇ ਮੂੰਹ ਕਰਕੇ ਵਾਜ ਮਾਰੀ, "ਸ਼ੰਮੀ !"

"ਆਇਆ, ਕਾਮਰੇਡ !" ਤੇ ਵਾਜ ਦੇ ਮਗਰ ਮਗਰ ਇੱਕੀ-ਬਾਈ ਸਾਲ ਦਾ ਗਭਰੂ ਚਿਕ ਪਾਸੇ ਕਰਕੇ ਕਮਰੇ ਵਿਚ ਦਾਖ਼ਲ ਹੋਇਆ । ਉਹਦੇ ਤੇੜ ਨਿੱਕਰ-ਕਾਟ ਦਾ ਕੱਛਾ ਤੇ ਗਲ ਬਨੈਣ ਸੀ । ਉਹਦੇ ਕੱਟੇ ਹੋਏ ਵਾਲ, ਪ੍ਰਸਿਧ ਫ਼ਿਲਮ ਐਕਟਰ ਰਾਜ ਕਪੂਰ ਵਾਂਗ ਵਾਹੇ ਹੋਏ ਸਨ । ਇਉਂ ਭਾਸਦਾ ਸੀ, ਜਿਵੇਂ ਉਹ ਹੁਣੇ ਹੁਣੇ ਦਾੜ੍ਹੀ ਮੁੱਛਾਂ ਦੀ ਸਫਾਈ ਕਰਕੇ ਹਟਿਆ ਹੋਵੇ । ਰੰਗ ਉਹਦਾ ਗੋਰਾ ਤੇ ਨਕਸ਼ ਸੁੰਦਰ ਸਨ । ਉਹਦੇ ਰੂਪ ਦਾ ਪਹਿਲਾ ਪ੍ਰਭਾਵ ਕਾਫ਼ੀ ਮਨ-ਮੋਹਣਾ ਸੀ ।

ਉਹਦਾ ਪੂਰਾ ਨਾਂ ਸ਼ਾਮ ਲਾਲ ਕਪੂਰ ਸੀ । ਪਰ ਉਹ 'ਸ਼ੰਮੀ ਕਪੂਰ' ਅਖਵਾ ਕੇ ਬਹੁਤ ਖ਼ੁਸ਼ ਸੀ । ਵਿਹਲੇ ਵੇਲੇ ਉਹ ਕੋਈ ਨਾ ਕੋਈ ਫ਼ਿਲਮੀ ਗੀਤ ਗੁਣਗੁਣਾਉਂਦਾ ਰਹਿੰਦਾ ਸੀ । ਹਰ ਹਫ਼ਤੇ ਉਹ ਦੋ ਚਿੱਠੀਆਂ ਬੰਬਈ ਨੂੰ ਜ਼ਰੂਰ ਲਿਖਦਾ । ਤੇ ਹਰ ਚਿੱਠੀ ਨਾਲ ਉਹ ਆਪਣੀਆਂ ਵਖਰੇ ਵਖਰੇ ਪੋਜ਼ ਦੀਆਂ ਤਿੰਨ ਫ਼ੋਟੋ ਵੀ ਭੇਜਦਾ । ਉਹਨੂੰ ਪੱਕਾ ਭਰੋਸਾ ਸੀ, ਕਿ ਕਦੇ ਨਾ ਕਦੇ ਕੋਈ ਫ਼ਿਲਮ ਕੰਪਨੀ ਉਹਨੂੰ 'ਹੀਰੋ' ਬਣਨ ਵਾਸਤੇ ਜ਼ਰੂਰ ਬੁਲਾ ਲਵੇਗੀ । ਪਾਰਟੀ ਦੀਆਂ ਮੀਟਿੰਗਾਂ ਵਿਚ ਵੀ ਉਹ ਸਦਾ ਏਸੇ ਗੱਲ 'ਤੇ ਜ਼ੋਰ ਦੇਂਦਾ, ਕਿ ਜੇ ਕਮਿਊਨਿਸਟਾਂ ਨੇ ਛੇਤੀ ਤਰੱਕੀ ਕਰਨੀ ਹੈ, ਤਾਂ ਉਹਨਾਂ ਨੂੰ ਫ਼ਿਲਮ ਇੰਡਸਟਰੀ ਉਤੇ ਕਬਜ਼ਾ ਕਰਨਾ ਚਾਹੀਦਾ ਹੈ, ਕਿਉਂਕਿ ਕਿਸੇ ਸਿਧਾਂਤ ਦੇ ਪ੍ਰਚਾਰ ਵਾਸਤੇ ਸਭ ਤੋਂ ਚੰਗਾ ਵਸੀਲਾ ਫ਼ਿਲਮਾਂ ਹੀ ਹਨ ।

"ਇਹ ਕਾਮਰੇਡ ਹੈਦਰ ਹੈ । ਤੇ ਇਹ ਕਾਮਰੇਡ ਸ਼ੰਮੀ ਕਪੂਰ ।" ਜਸਵੰਤ ਸਿੰਘ ਨੇ ਦੋਹਾਂ ਦੀ ਜਾਣ ਪਛਾਣ ਕਰਾਈ ।

"ਮਿਲ ਕੇ ਬਹੁਤ ਖ਼ੁਸ਼ੀ ਹੋਈ ।" ਹੈਦਰ ਨੇ ਉਠ ਕੇ ਹੱਥ ਮਿਲਾਉਂਦਿਆਂ ਕਿਹਾ ।

"ਮੈਂ ਇਕ ਨਵੇਂ ਸਾਥੀ ਨੂੰ ਪਾਰਟੀ ਵਿਚ ਸ਼ਾਮਲ ਹੋਇਆ ਵੇਖ ਕੇ ਬੜਾ ਖ਼ੁਸ਼ ਹੋਵਾਂਗਾ । ਕਾਮਰੇਡ ਸਾਹਿਬ ਨੇ ਤੁਹਾਡੇ ਬਾਰੇ ਬਹੁਤ ਕੁਛ ਦਸਿਆ ਏ ।" ਸ਼ੰਮੀ ਕਪੂਰ ਨੇ ਬੜੀ ਅਦੱਾ ਨਾਲ ਮੁਸਕਰਾ ਕੇ ਕਿਹਾ ।

"ਹਛਾ, ਹੁਣ ਏਸ ਤਕਲਫ਼ ਨੂੰ ਛਡੋ । ਤੂੰ ਹੈਦਰ ਵਾਸਤੇ ਕੁਛ ਚਾਹ ਪਾਣੀ ਲਿਆ ।" । ਜਸਵੰਤ ਸਿੰਘ ਨੇ ਸ਼ੰਮੀ ਨੂੰ ਆਗਿਆ ਦਿਤੀ ।

"ਮੈਂ ਹੁਣੇ ਕਮੀਜ਼ ਪਾ ਕੇ ਜਾਂਦਾਂ ।" ਸ਼ੰਮੀ ਕਪੂਰ ਓਸੇ ਚਿਕ ਵਾਲੇ ਬੂਹੇ ਥਾਣੀ ਵਾਪਸ ਚਲਾ ਗਿਆ ।

ਇਹ ਸੀ ਉਹਨਾਂ ਤਿੰਨਾਂ ਦੀ ਪਹਿਲੀ ਮੁਲਾਕਾਤ । ਇਕ ਦਿਨ ਦੋ ਦਿਨ, ਦਸ ਦਿਨ, ਮਹੀਨਾ ਬੀਤ ਗਿਆ । ਹੈਦਰ ਨੂੰ ਆਪਣਾ ਕੋਈ ਕੰਮ ਸ਼ੁਰੂ ਕਰਨ ਦਾ ਚੇਤਾ ਹੀ ਭੁੱਲ ਗਿਆ । ਉਹ ਅੱਠੇ ਪਹਿਰ ਪਾਰਟੀ ਦੇ ਕੰਮ ਵਿਚ ਰੁੱਝਾ ਰਹਿੰਦਾ । ਇਸ ਸਮੇਂ ਉਹ ਸਾਰੇ ਦਾ ਸਾਰਾ ਜਸਵੰਤ ਸਿੰਘ ਦੇ ਰੰਗ ਵਿਚ ਰੰਗਿਆ ਗਿਆ ਪਰਤੀਤ ਹੁੰਦਾ ਸੀ । ਰਾਤ ਦਿਨੇ ਉਹ ਓਸੇ ਦੀਆਂ ਗਲਾਂ ਮਨ ਵਿਚ ਦੁਹਰਾਉ ਦਾ ਰਹਿੰਦਾ । ਜਿਵੇਂ ਹਰ ਵੇਲੇ ਜਸਵੰਤ ਸਿੰਘ ਉਹਦੇ ਕੰਨਾਂ ਵਿਚ ਕਹਿੰਦਾ ਰਹਿੰਦਾ ਹੋਵੇ, "ਵੇਖ, ਕਾਮਰੇਡ ਹੈਦਰ ! ਸਾਡੀ ਪਾਰਟੀ ਦਾ ਮੁਢਲਾ ਅਸੂਲ ਹੈ, ਕਿ ਕੰਮ ਕਰਨ ਵਾਲਾ ਰੱਜ ਕੇ ਖਾਏ । ਜਿਹੜਾ ਕਮਾਵੇ, ਕਮਾਈ ਉਤੇ ਵਧੇਰੇ ਹੱਕ ਓਸੇ ਦਾ ਹੋਵੇ । ਕਾਰਖ਼ਾਨੇ ਵਿਚ ਮਜ਼ਦੂਰ ਹੱਡ-ਭੰਨ ਕੇ ਕਾਰ ਕਰਦਾ ਏ । ਮਸ਼ੀਨਾਂ ਨਾਲ ਸਿਰ ਮਾਰਦਿਆਂ ਉਹਦੇ ਸਰੀਰ ਦਾ ਲਹੂ ਮੁੜ੍ਹਕਾ ਬਣ ਕੇ ਨੁਚੜਦਾ ਰਹਿੰਦਾ ਏ । ਅੱਠੇ ਪਹਿਰ ਦੀ ਜਾਨ-ਮਾਰੂ ਮਿਹਨਤ ਉਹਦੀ ਉਮਰ ਅੱਧੀ ਕਰ ਦੇਂਦੀ ਏ । ਦੱਸੋ, ਕਾਰਖ਼ਾਨੇ ਦੀ ਪੈਦਾਵਾਰ ਉਤੇ ਉਸ ਮਜ਼ਦੂਰ ਦਾ ਹਕ ਏ, ਜਾਂ ਮਾਲ ਰੋਡ ਉਤੇ ਖਲੀ ਤਿੰਨ ਮੰਜ਼ਲੀ ਕੋਠੀ ਵਿਚ ਵੱਸਣ ਵਾਲੇ ਸੇਠ ਦਾ, ਜਿਹੜਾ ਹਫ਼ਤੇ ਵਿਚ ਇਕ ਵਾਰ ਕਾਰ 'ਤੇ ਚੜ੍ਹ ਕੇ ਕਾਰਖਾਨੇ ਵਿਚ ਜਾਂਦਾ ਏ; ਉਹ ਵੀ ਮਜ਼ਦੂਰਾਂ ਨੂੰ ਝਿੜਕਾਂ ਦੇਣ ਤੇ ਗਾਹਲਾਂ ਕਢਣ ਵਾਸਤੇ । ਦੂੱਜੇ ਪਾਸੇ ਮੁਜ਼ਾਰਾ ਸਾਰਾ ਸਾਲ ਲਹੂ-ਪਾਣੀ ਇਕ ਕਰਕੇ, ਸਪਾਂ ਦੀਆਂ ਸਿਰੀਆਂ ਮਿਧ ਮਿਧ ਕੇ, ਪੋਹ ਮਾਘ ਦੀਆਂ ਰਾਤਾਂ ਜਾਗ ਜਾਗ ਕੇ, ਜੇਠ ਹਾੜ੍ਹ ਦੀਆਂ ਸਾੜਵੀਆਂ ਲੋਆਂ ਵਿਚ ਤਨ ਸੁਕਾ ਕੇ ਅਨਾਜ ਪੈਦਾ ਕਰਦਾ ਏ, ਤੇ ਬੋਹਲ ਦਾ ਮਾਲਕ ਆ ਬਣਦਾ ਏ ਇਕ ਜ਼ਿਮੀਦਾਰ । ਕਿਉਂ ? ਕੀ ਹੱਕ ਏ ਉਹਦਾ ਬੋਹਲ ਉਤੇ ? ਕੀ ਲਗਦਾ ਏ ਉਹ ਪੈਲੀ ਦਾ ? ਸਾਡੀ ਪਾਰਟੀ ਦੇ ਅਸੂਲ ਅਨਸਾਰ ਪੈਲੀ ਉਹਦੀ, ਜਿਹੜਾ ਹਲ ਦੀ ਜੰਘੀ ਫੜ ਕੇ ਵਾਹਵੇ । ਬੋਹਲ ਦਾ ਮਾਲਕ ਉਹ, ਜੀਹਨੇ ਵਾਹੀ, ਬੀਜੀ ਤੇ ਗਾਹੀ ਹੋਵੇ । ਜ਼ਿਮੀਦਾਰ ਦਾ ਕੋਈ ਹੱਕ ਨਹੀਂ । ਉਹ ਦਿਨ ਦੂਰ ਨਹੀਂ, ਜਾਂ ਸਾਰੀ ਜ਼ਮੀਨ ਹਲ ਵਾਹੁਣ ਵਾਲਿਆਂ ਵਿਚ ਵੰਡ ਦਿਤੀ ਜਾਵੇਗੀ । ਅੱਜ ਦੇ ਮੁਜ਼ਾਰੇ ਈ, ਪੈਲੀ ਦੇ ਮਾਲਕ ਹੋਣਗੇ......।'

'ਬਹੁਤ ਠੀਕ ।' ਹੈਦਰ ਦੀ ਸੁਰਤ ਲਾਹੌਰ ਤੋਂ ਕਈ ਕੋਹ ਦੂਰ ਭਟਕਦੀ

ਫਿਰਦੀ। 'ਫਿਰ ਝੰਡਾ, ਦੀਨਾ, ਸਰਾਜ, ਸਾਰੇ ਆਪੋ ਆਪਣੀ ਪੈਲੀ ਦੇ ਮਾਲਕ ਆਪ ਹੋਣਗੇ। ਤੇ ਰਾਏ ਸਾਹਿਬ ? ਸ਼ੈਤਾਨ......ਪਾਜ਼ੀ.........ਬਦਮਾਸ਼...... ਸਭ ਤੋਂ ਬਦਲੇ ਲਵਾਂਗਾ.........ਨਾਜੋ ਨਾਲ ਕੀਤੇ ਜ਼ੁਲਮਾਂ ਦੇ ਬਦਲੇ......। ਉਹਨਾਂ ਦੀਆਂ, ਹਾਂ ਹਾਂ, ਉਹਨਾਂ ਦੀਆਂ......। ਚੰਗੀ ? ....ਕੁਛ ਹੋਵੇ ਭਾਵੇਂ......। ਨਾਜੋ ਚੰਗੀ ਨਹੀਂ ਸੀ ? ਮੈਂ ਜਰੂਰ, ਜ਼ਰੂਰ......ਉਹਨਾਂ ਦੀਆ... ਬਦਲਾ......ਪੀਹੜੀਆਂ ਤਕ ਯਾਦ ਰਖਣਗੇ। ਫੇਰ ਮੇਰੀ ਹਿੱਕ ਠੰਢੀ ਹੋਵੇਗੀ।' ਪਰ ਇਸ ਤਰ੍ਹਾਂ ਜਜ਼ਬਾਤ ਦੇ ਭੜਕ ਉਠਣ ਨਾਲ ਉਹਦੀ ਹਿੱਕ ਸਗੋਂ ਬਲਣ ਲਗ ਪੈਂਦੀ।

੧੯

ਪੂਰੇ ਦੋ ਵਰ੍ਹੇ ਹੈਦਰ ਨੇ ਪਾਰਟੀ ਵਿਚ ਕੰਮ ਕੀਤਾ। ਏਸ ਸਮੇਂ ਅੰਦਰ ਉਹਨੇ ਲਲਿਆਣੀ, ਮੀਰ ਮਾਹਮਦ, ਸੁੱਤੋਕੇ, ਰਾਜਾ ਜੰਗ, ਰੁੱਖਾਂ ਵਾਲਾ ਆਦਿ ਪਿੰਡਾਂ ਵਿਚ ਵੀ ਕੁਛ ਆਪਣੇ ਆਦਮੀ ਬਣਾਏ। ਵਧੇਰੇ ਨੇੜ ਉਹਨੇ ਰੁੱਖਾਂ ਵਾਲੇ ਦੇ ਕਰੀਮ ਬਖ਼ਸ਼ ਤੇ ਨਜ਼ਾਮ ਦੀਨ ਨਾਲ ਪੈਦਾ ਕੀਤਾ। ਉਹ ਵੀ ਦੋਵੇਂ ਵਹੀਕਾਂ ਦੇ ਪੁੱਤਰ ਸਨ। ਪਰ ਉਹ ਝੰਡੇ ਜਾਂ ਸਰਾਜ ਵਾਂਗ ਪਿੰਡ ਦੇ ਇਕੱਲੇ ਮਾਲਕ ਦੇ ਮੁਜ਼ਾਰੇ ਨਹੀਂ ਸਨ। ਉਹਨਾਂ ਉਤੇ ਰਾਏ ਸਾਹਿਬ ਵਰਗੇ ਕਿਸੇ ਮਾਲਕ ਦਾ ਦਬੱਾ ਨਹੀਂ ਸੀ। ਫਿਰ ਵੀ ਉਹ ਮੁਜ਼ਾਰੇ ਤਾਂ ਸਨ। ਤੇ ਉਹ ਵੀ ਆਪਣੀਆਂ ਜ਼ਮੀਨਾਂ ਦੇ ਮਾਲਕ ਬਣਨ ਦੇ ਹੱਕ ਵਿਚ ਸਨ।

ਹੈਦਰ ਦਾ ਉਹਨਾਂ ਨਾਲ ਨੇੜ ਵਧਾਉਣ ਦਾ ਖ਼ਾਸ ਕਾਰਨ ਸੀ। ਉਹ ਕੋਟ ਰਾਏ ਸਾਹਿਬ ਦੇ ਬਿਲਕੁਲ ਨੇੜੇ ਸਨ। ਤੇ ਹੈਦਰ ਦਾ ਨਸ਼ਾਨਾ ਕੇਵਲ ਕੋਟ ਤੇ ਓਥੋਂ ਦਾ ਰਾਏ ਸਾਹਿਬ ਸੀ। ਹੈਦਰ ਦਸੀਂ ਪੰਦਰੀਂ ਦਿਨੀ ਰੁੱਖਾਂ ਵਾਲੇ ਜਾ ਕੇ ਇਕ ਦੋ ਦਿਨ ਜ਼ਰੂਰ ਰਹਿੰਦਾ। ਓਥੋਂ ਸੂੰਹ ਕਢ ਕੇ ਉਹ ਉਸ ਦਿਨ ਕੋਟ ਜਾਂਦਾ, ਜਿੱਦਣ ਰਾਏ ਸਾਹਿਬ ਦੋਵੇਂ ਭਰਾ ਪਿੰਡੋਂ ਗ਼ੈਰ ਹਾਜ਼ਰ ਹੁੰਦੇ।

ਹੈਦਰ ਨਾਜੋ ਨੂੰ ਮਿਲਦਾ। ਉਹ ਦੋ ਘੜੀਆਂ ਕਿਸੇ ਪੱਜ ਬਹਾਨੇ ਨਵੇਕਲੇ ਬਹਿ ਕੇ ਪਿਆਰ ਮੁਹੱਬਤ ਦੀਆਂ ਗੱਲਾਂ ਕਰਦੇ। ਨਾਜੋ ਆਪਣੀ ਮਜਬੂਰ ਅਵਸਥਾ ਵੱਲ ਕੋਈ ਇਸ਼ਾਰਾ ਕਰਦੀ, ਤਾਂ ਹੈਦਰ ਛੇਤੀ ਤੋਂ ਛੇਤੀਂ ਉਹਨੂੰ ਇਸ ਨਰਕ ਵਿਚੋਂ ਕਢਣ ਦਾ ਭਰੋਸਾ ਦੁਆਉਂਦਾ।

ਹੈਦਰ ਤਾਜੋ ਨਾਲ ਵੀ ਕਦੇ ਦਸ ਮਿੰਟ ਮਿੱਠੀਆਂ ਸਲੂਣੀਆਂ ਕਰਦਾ। ਮਾਸੀ ਦੀ ਧੀ ਹੁੰਦਿਆਂ ਹੋਇਆਂ ਵੀ ਹੁਣ ਉਹ ਉਹਦੀ ਸਾਲੀ ਸੀ। ਤੇ ਦੋਹਾਂ

ਜਵਾਨ ਦਿਲਾਂ ਨੂੰ ਮਾਂਵਾਂ ਦੇ ਪੁਰਾਣੇ ਸੰਬੰਧ ਨਾਲੋਂ ਆਪਣਾ ਨਵਾਂ ਰਿਸ਼ਤਾ ਵਧੇਰੇ ਪਸੰਦ ਸੀ ।

ਹੈਦਰ ਆਪਣੇ ਮਾਸੜ ਮਾਸੀ ਨਾਲ ਵੀ ਬਹਿ ਕੇ ਦੁੱਖ ਸੁਖ ਦੀਆਂ ਕਰਦਾ । ਉਹ ਉਹਨਾਂ ਨੂੰ ਸਮਝਾਉਂਦਾ, ਕਿ ਇਕ ਦਿਨ ਦੇਸ ਵਿਚ ਸਾਡੀ ਪਾਰਟੀ ਦਾ ਰਾਜ ਜ਼ਰੂਰ ਆਵੇਗਾ । ਫੇਰ ਜਿੰਨੀ ਪੈਲੀ ਉਹਨਾਂ ਦੇ ਹਲ ਹੇਠ ਹੈ, ਉਹ ਉਸ ਦੇ ਮਾਲਕ ਬਣ ਜਾਣਗੇ । ਉਹਨਾਂ ਨਾਲ ਹੋਏ ਜ਼ੁਲਮਾਂ ਦਾ ਬਦਲਾ ਉਹ ਰਾਏ ਸਾਹਿਬ ਦੇ ਖ਼ਾਨਦਾਨ ਤੋਂ ਜ਼ਰੂਰ ਲਵੇਗਾ ।

ਹੈਦਰ ਪਿੰਡ ਦੇ ਮੁਜ਼ਾਰਿਆਂ ਨੂੰ ਵੀ ਮਿਲਦਾ । ਉਹ ਉਹਨਾਂ ਨੂੰ ਰੂਸ ਦੀਆਂ ਸੁਣੀਆਂ ਸੁਣਾਈਆਂ ਗੱਲਾਂ ਸੁਣਾਉਂਦਾ । ਉਹ ਦਸਦਾ, "ਓਥੇ ਹੁਣ ਕਿਸਾਨਾਂ ਮਜ਼ਦੂਰਾਂ ਦਾ ਰਾਜ ਏ । ਵੱਡੇ ਵੱਡੇ ਜ਼ਿਮੀਦਾਰ ਤੇ ਰਾਜੇ ਮਹਾਰਾਜੇ ਸਭ ਖ਼ਤਮ ਕਰ ਦਿਤੇ ਗਏ ਨੇ । ਹਲ ਵਾਹੁਣ ਵਾਲੇ ਈ ਪੈਲੀ ਦੇ ਮਾਲਕ ਹਨ । ਕੋਈ ਤੀਸਰਾ ਉਹਨਾਂ ਕੋਲੋਂ ਹਿੱਸਾ ਵੰਡਾਉਣ ਵਾਲਾ ਨਹੀਂ । ਓਥੋਂ ਦੇ ਕੰਮ ਕਰਨ ਵਾਲੇ ਗ਼ਰੀਬ ਵੀ ਕਦੇ ਸਾਡੇ ਵਾਂਗ ਭੁੱਖੇ ਮਰਦੇ ਸਨ । ਪਰ ਅੱਜ ਉਹ ਲੋਕ ਮਹਿਲਾਂ ਵਿਚ ਰਹਿੰਦੇ ਤੇ ਰੇਸ਼ਮ ਹੰਡਾਉਂਦੇ ਨੇ । ਸਾਡੀ ਪਾਰਟੀ ਏਸ ਮੁਲਕ ਵਿਚ ਵੀ ਓਹੋ ਜਿਹਾ ਰਾਜ-ਪ੍ਰਬੰਧ ਕਾਇਮ ਕਰਨਾ ਚਾਹੁੰਦੀ ਏ । ਤੁਸੀਂ ਆਪਣੀ ਹਾਲਤ ਉਤੇ ਝਾਤੀ ਮਾਰੋ ਖਾਂ । ਕੀ ਤੁਹਾਡੇ ਜਿਉਣ ਦਾ ਕੋਈ ਹੱਜ ਏ ? ਕਿਹੜਾ ਜ਼ੁਲਮ ਏਂ, ਜੋ ਤੁਹਾਡੇ ਨਾਲ ਨਹੀਂ ਕੀਤਾ ਜਾਂਦਾ ? ਇੱਜ਼ਤ ਆਬਰੂ ਤੁਹਾਡੀ ਕੋਈ ਨਹੀਂ । ਤਨ ਢੱਕਣ ਨੂੰ ਕੱਪੜਾ ਪੂਰਾ ਤੁਹਾਡੇ ਕੋਲ ਨਹੀਂ । ਸਾਰਾ ਸਾਲ ਜਾਨਾਂ ਤੋੜ ਤੋੜ ਮਰਦੇ ਓ, ਤੇ ਢਿੱਡ ਭਰ ਕੇ ਖਾਣ ਨੂੰ ਫਿਰ ਵੀ ਨਹੀਂ ਮਿਲਦਾ । ਕਣਕ ਕਪਾਹ ਪੈਦਾ ਤੁਸੀਂ ਕਰਦੇ ਓ, ਤੇ ਅੰਦਰ ਰਾਏ ਸਾਹਿਬ ਪਾ ਲੈਂਦੇ ਨੇ । ਭਾਦਰੋਂ ਦੇ ਮਹੁੱਸੜ ਵਿਚ ਗੋਡੀਆਂ ਦੇ ਦੇ ਕੇ ਕੋਠੇ ਕੋਠੇ ਜਿੱਡੇ ਕਮਾਦ ਤੁਸਾਂ ਕੀਤੇ ਨੇ, ਪਰ ਪੈਲੀ ਵਿਚੋਂ ਗੰਨਾ ਭੰਨ ਕੇ ਚੂਪਣ ਦੇ ਤੁਸੀਂ ਹੱਕਦਾਰ ਨਹੀਂ । ਇਹ ਆ ਤੁਹਾਡੀ ਜ਼ਿੰਦਗੀ । ਜੇ ਏਸ ਨਰਕ ਵਿਚੋਂ ਨਿਕਲਣਾ ਚਾਹੁੰਦੇ ਓ, ਜੇ ਸਭ ਕਾਸੇ ਦੇ ਆਪ ਮਾਲਕ ਬਣਨਾ ਚਾਹੁੰਦੇ ਓ, ਤਾਂ ਸਾਡੀ ਪਾਰਟੀ ਦਾ ਸਾਥ ਦਿਹੋ ।......।"

ਮੁਜ਼ਾਰੇ ਬੜੇ ਧਿਆਨ ਨਾਲ ਸੁਣਦੇ । ਗੱਲਾਂ ਉਹਨਾਂ ਦੇ ਮਨ ਵੀ ਲਗਦੀਆਂ । ਹੈਦਰ ਦੀ ਪ੍ਰੇਰਨਾ ਉਹਨਾਂ ਅੰਦਰ ਹਲਚਲ ਵੀ ਪੈਦਾ ਕਰ ਦੇਂਦੀ । ਪਰ ਉਹ ਰਾਏ ਸਾਹਿਬ ਤੋਂ ਡਰਦੇ ਹਾਮੀ ਕੋਈ ਨਾ ਭਰਦੇ । 'ਗੱਲ ਤਾਂ ਠੀਕ ਏ, ਪਰ......।' ਉਹਨਾਂ ਦਾ ਹਰ ਵਾਕ 'ਪਰ' ਤੇ ਆ ਕੇ ਰੁਕ ਜਾਂਦਾ । ਕੋਈ ਸਿਰਫ਼ ਹੈਦਰ ਦਾ ਮੂੰਹ ਤਕਦੇ ਹੀ ਰਹਿ ਜਾਂਦੇ । ਇਕ ਦੀਨਾ ਹੀ ਸੀ, ਜਿਹੜਾ ਕਦੇ ਕਦਾਈ ਅੰਦਰ ਦੀ

ਹਵਾੜ੍ਹ ਕਿਸੇ ਟੁੱਟੇ ਫੁੱਟੇ ਸ਼ਬਦ ਰਾਹੀਂ ਬਾਹਰ ਕਢਦਾ। ਉਹ ਹੈਦਰ ਦੀਆਂ ਕੇਈਆਂ ਗੱਲਾਂ ਦੀ ਪ੍ਰੋੜ੍ਹਤਾ ਵੀ ਕਰਦਾ। ਏਸੇ ਵਾਸਤੇ ਸਾਰੇ ਮੁਜ਼ਾਰਿਆਂ ਵਿਚੋਂ ਹੈਦਰ ਦਾ ਓਸੇ ਨਾਲ ਵਧੇਰੇ ਨੇੜ ਸੀ।

ਦੂੱਜਾ ਸੀ ਬੁੱਢਾ ਬਾਬਾ ਪੀਰਾ। ਉਹ ਬਿਨਾਂ ਉਤਰ ਦਿਤੇ ਹੈਦਰ ਦੀਆਂ ਗੱਲਾਂ ਸੁਣਦਾ ਰਹਿੰਦਾ। ਹੈਦਰ ਚਲਾ ਜਾਂਦਾ, ਤਾਂ ਪੀਰਾ ਸਿਰ ਹਿਲਾ ਕੇ ਇਕੋ ਦਲੀਲ ਦੇਂਦਾ, "ਹੈਦਰ ਗੱਲਾਂ ਤਾਂ ਚੰਗੀਆਂ ਕਹਿੰਦਾ ਏ, ਪਰ ਕਮੂਨਿਸਟ ਕਾਫਰ ਹੁੰਦੇ ਨੇ। ਇਹ ਰੱਬ ਨੂੰ ਨਹੀਂ ਮੰਨਦੇ। ਏਸ ਵਾਸਤੇ ਸਾਨੂੰ ਇਹਨਾਂ ਦੇ ਮਗਰ ਨਹੀਂ ਲੱਗਣਾ ਚਾਹੀਦਾ।"

ਅੰਦਰੇ ਅੰਦਰ ਇਹ ਜ਼ਹਿਰ ਸਾਰੇ ਪਿੰਡ ਵਿਚ ਖਿਲਰ ਰਿਹਾ ਸੀ। ਜ਼ਹਿਰ ਹੀ ਤਾਂ ਸੀ ਇਹ, ਸਭ ਕੁਛ ਡਕਾਰ ਜਾਣ ਵਾਲਿਆਂ ਰਾਏ ਸਾਹਿਬਾਂ ਵਾਸਤੇ। ਮੰਮੂਦੂ ਵਰਗੇ ਸੂਹਿਆਂ ਰਾਹੀਂ ਇਹ ਖ਼ਬਰ ਰਾਏ ਸਾਹਿਬ ਦੇ ਕੰਨਾਂ ਤਕ ਵੀ ਪਹੁੰਚ ਗਈ।

"ਉਸ ਸ਼ੁਹਦੇ ਦੀ ਇਹ ਮਜਾਲ ? ਉਹਦੇ ਵਰਗੇ ਲੁੱਚੇ ਲਫੰਗੇ ਵੀ ਮੇਰੇ ਪਿੰਡ ਵਿਚ ਆ ਕੇ ਏਨੀ ਹਿੰਮਤ ਕਰਨ ਲੱਗ ਪਏ ਨੇ ? ਹੱਛਾ, ਵੇਖੀ ਜਾਏਗੀ। ਮੰਮੂਦੁ ! ਉਸ ਕੁੱਤੀ ਦੇ ਪੁੱਤਰ ਦਾ ਪਤਾ ਰੱਖਣਾ ਜ਼ਰਾ।" ਰਾਏ ਸਾਹਿਬ ਚੋਖਾ ਚਿਰ ਵਿਹੁ ਘੋਲਦਾ ਰਿਹਾ।

ਪਹਿਲਾ ਗੁੱਸਾ ਤਾਂ ਉਹਨੇ ਝੰਡੇ ਤੇ ਚਰਾਗੋ ਉਤੇ ਕਢਿਆ। ਉਹਨਾਂ ਦੋਹਾਂ ਜੀਆਂ ਨੂੰ ਬੁਲਾ ਕੇ ਉਹਨੇ ਬਹੁਤ ਗਾਹਲ-ਮੰਦਾ ਕੀਤਾ। ਏਨੇ ਨਾਲ ਗੁੱਸਾ ਨਾ ਉਤਰਿਆ, ਤਾ ਰਾਏ ਸਾਹਿਬ ਨੇ ਉਹਨਾਂ ਤੋਂ ਚੰਗੀ ਜ਼ਮੀਨ ਤਿੰਨ ਕਿੱਲੇ ਖੁਹ ਲਈ। ਫਿਰ ਵਾਰੀ ਆਈ ਦੀਨੇ ਦੀ। ਉਹਨੂੰ ਬੈਠਕ ਵਿਚ ਬੁਲਾ ਕੇ ਚੰਗੀ ਮਾਰ ਕੁਟਾਈ ਕੀਤੀ ਗਈ। ਉਹਦੇ ਕੋਲ ਜ਼ਮੀਨ ਪਹਿਲਾਂ ਹੀ ਮਾੜੀ ਸੀ। ਇਸ ਲਈ ਜ਼ਮੀਨ ਖੋਹਣ ਦੀ ਥਾਂ ਉਹਨੂੰ ਜੁਰਮਾਨਾ ਕਰਨਾ ਠੀਕ ਸਮਝਿਆ ਗਿਆ। ਏਸ ਕ੍ਰੋਧ ਦਾ ਥੋੜਾ ਜਿਹਾ ਸੇਕ ਇਲਮੇ ਤੇ ਸਰਾਜ ਨੂੰ ਵੀ ਲੱਗਾ। ਬੁੱਢੇ ਪੀਰੇ ਨੂੰ ਸਿਰਫ਼ ਝਿੜਕ ਝੰਭ ਕਰਨੀ ਹੀ ਕਾਫ਼ੀ ਸਮਝੀ ਗਈ।

ਇਹ ਸਾਰੀ ਖ਼ਬਰ ਨਜ਼ਾਮਦੀਨ ਰਾਹੀਂ ਹੈਦਰ ਨੂੰ ਵੀ ਪਹੁੰਚ ਗਈ। ਉਹ ਇਕ ਦਿਨ ਸਮਾਂ ਪਾ ਕੇ ਸਾਰਿਆਂ ਨੂੰ ਦਿਲਾਸਾ ਦੇਣ ਆਇਆ। ਇਸ ਵਾਰ ਉਹਨੇ ਰਾਏ ਸਾਹਿਬ ਦੇ ਖ਼ਿਲਾਫ਼ ਲੋਕਾਂ ਨੂੰ ਖੁੱਲ੍ਹ-ਮ-ਖੁੱਲ੍ਹਾ ਭੜਕਾਇਆ। ਲੋਕਾਂ ਦੇ ਸਾਮ੍ਹਣੇ ਉਹਨੇ ਆਪਣੀ ਪਾਰਟੀ ਦੀ ਤਾਕਤ ਦੀਆਂ ਫੜ੍ਹਾਂ ਵੀ ਬੜੀਆਂ ਮਾਰੀਆਂ। ਉਪਰੋਂ ਉਹਨੇ ਬਹੁਤ ਕੁਛ ਕਿਹਾ, ਪਰ ਅੰਦਰੋਂ ਉਹ ਥੋੜਾ ਥੋੜਾ ਭੈ ਵੀ ਮਹਿਸੂਸ ਕਰ

ਰਿਹਾ ਸੀ। ਏਸ ਵਾਸਤੇ ਉਹ ਰਾਤ ਓਥੇ ਨਾ ਰਿਹਾ। ਉਹ ਕਿਸੇ ਜ਼ਰੂਰੀ ਕੰਮ ਦਾ ਬਹਾਨਾ ਲਾ ਕੇ ਥੋੜੇ ਜੇਹੇ ਦਿਨ ਨਾਲ ਰੁੱਖਾਂ ਵਾਲੇ ਨੂੰ ਤੁਰ ਪਿਆ।

ਰਾਏ ਸਾਹਿਬ ਪੰਜ ਦਿਨ ਵਾਸਤੇ ਬਾਹਰ ਗਿਆ ਸੀ। ਏਹਾ ਖ਼ਬਰ ਹੈਦਰ ਨੂੰ ਦਿਤੀ ਗਈ। ਪਰ ਰਾਏ ਸਾਹਿਬ ਅਚਨਦੇਤ ਤਿੱਜੇ ਦਿਨ ਮੁੜ ਆਇਆ। ਰੁੱਖਾਂ ਵਾਲੇ ਸਟੇਸ਼ਨ ਤੋਂ ਚਾਰ-ਪੰਜ ਪੈਲੀਆਂ ਪਿਛਾਂਹ ਹੀ ਉਹਦਾ ਟਾਕਰਾ ਹੈਦਰ ਨਾਲ ਹੋ ਗਿਆ। ਮੰਮੂਦੂ ਨੇ ਦੂਰੋਂ ਦੱਸ ਦਿਤਾ, ਕਿ ਏਹਾ ਆਉਣ ਵਾਲਾ ਹੈਦਰ ਹੈ।

ਹੈਦਰ ਨੇ ਇਕ ਸ਼ਾਹੀ ਠਾਠ ਵਾਲੇ ਘੋੜ-ਅਸਵਾਰ ਨੂੰ ਦੂਰੋਂ ਡਿੱਠਾ। ਉਹਨੇ ਅੱਗੇ ਰਾਏ ਸਾਹਿਬ ਨੂੰ ਵੇਖਿਆ ਨਹੀਂ ਸੀ ਹੋਇਆ। ਇਸ ਲਈ ਉਹ ਆਪਣੇ ਧਿਆਨ ਰਾਹੇ ਰਾਹ ਤੁਰਿਆ ਆਇਆ। ਰਾਏ ਸਾਹਿਬ ਨੇ ਕੋਲ ਆ ਕੇ ਘੋੜਾ ਖਲ੍ਹਾਰ ਲਿਆ। ਉਹਦੇ ਟੁਕੜ-ਬੋਚਾਂ ਨੇ ਦੋਹਾਂ ਪਾਸਿਆਂ ਤੋਂ ਅਗਾਂਹ ਵਧ ਕੇ ਹੈਦਰ ਨੂੰ ਘੇਰੇ ਵਿਚ ਲੈ ਲਿਆ।

"ਕਾਮਰੇਡ ਹੈਦਰ! ਅਸਾਂ ਇਸ ਵੇਲੇ ਤੈਨੂੰ ਆਪਣੇ ਪਿੰਡੋਂ ਨਹੀਂ ਜਾਣ ਦੇਣਾ। ਨਾਲੇ ਹੁਣ ਤੂੰ ਭਲਕੇ ਸਾਰੀ ਜ਼ਮੀਨ ਮੁਜ਼ਾਰਿਆਂ ਦੇ ਨਾਂ ਲਾ ਕੇ ਜਾਈਂ।" ਰਾਏ ਸਾਹਿਬ ਨੇ ਬੜੇ ਵਿਅੰਗ ਨਾਲ ਹੈਦਰ ਨੂੰ ਸੰਬੋਧਤ ਕੀਤਾ।

ਹੈਦਰ ਨੂੰ ਸਮਝਣ ਵਿਚ ਦੇਰ ਨਾ ਲੱਗੀ, ਕਿ ਏਹਾ ਰਾਏ ਸਾਹਿਬ ਹੈ। ਉਹ ਰਾਏ ਸਾਹਿਬ ਦੀਆਂ ਲਹੂ-ਸੁਟਦੀਆਂ ਅੱਖਾਂ ਵੇਖ ਕੇ ਡਰ ਨਾਲ ਕੰਬ ਉਠਿਆ। ਭੈ ਨਾਲ ਉਹਦੇ ਦਿਲ ਦੀ ਧੜਕਣ ਚਾਰ ਗੁਣਾ ਵਧ ਗਈ। "ਮੈਂ......ਮੈਂ...... ਰਾਏ ਸਾਹਿਬ!......।" ਘਬਰਾਏ ਹੋਏ ਹੈਦਰ ਦੇ ਮੂੰਹੋਂ ਗੱਲ ਵੀ ਪੂਰੀ ਨਾ ਨਿਕਲੀ।

"ਰਾਏ ਸਾਹਿਬ ਦੇ ਬੱਚੇ!" ਘੋੜੇ ਨੂੰ ਅਗ੍ਹਾਂ ਵਧਾਉਂਦਾ ਹੋਇਆ ਰਾਏ ਸਾਹਿਬ ਗੁੱਸੇ ਵਿਚ ਭਬਕਿਆ। "ਮੰਮੂਦੂ! ਪਾਓ ਇਸ ਹਰਾਮਜ਼ਾਦੇ ਨੂੰ ਲੰਮਿਆਂ।"

ਮਾਲਕ ਦਾ ਹੁਕਮ ਸੁਣਦਿਆਂ ਮੰਮੂਦੂ ਤੇ ਗੋਰਖੇ ਨੇ ਹੈਦਰ ਨੂੰ ਫੜ ਲਿਆ। ਮੰਮੂਦੂ ਨੇ ਪੱਟਿਆਂ ਤੋਂ ਹੱਥ ਪਾ ਕੇ ਹੈਦਰ ਨੂੰ ਗੋਡਿਆਂ ਭਾਰ ਸੁੱਟ ਲਿਆ। ਗੋਰਖੇ ਨੇ ਟੁੱਟਾ ਹੋਇਆ ਬੂਟ ਲਾਹ ਕੇ ਪਿੱਛੋਂ ਮੌਰਾਂ 'ਚ ਮਾਰਨਾ ਸ਼ੁਰੂ ਕਰ ਦਿਤਾ।

"ਏਸ ਤਰ੍ਹਾਂ ਕੀ ਬਣਨਾ ਏ ਇਹਦਾ।" ਕਹਿੰਦਾ ਹੋਇਆ ਰਾਏ ਸਾਹਿਬ ਛਾਲ ਮਾਰ ਕੇ ਘੋੜੇ ਤੋਂ ਉੱਤਰ ਬੈਠਾ। ਹੱਥ ਵਾਲਾ ਤਿੰਨ ਕੁ ਫੁੱਟਾ ਬੈਂਤ ਉਹਨੇ ਅੰਨ੍ਹੇ ਵਾਹ ਵਰ੍ਹਾਉਣਾ ਸ਼ੁਰੂ ਕਰ ਦਿਤਾ। ਮਾਲਕ ਨੂੰ ਆਪ ਮਾਰਦਿਆਂ ਵੇਖ ਕੇ

ਨੌਕਰਾਂ ਨੇ ਵੀ ਹੱਥ ਤੇਜ਼ ਕਰ ਦਿਤੇ। ਮਿੰਟ-ਕੁ ਤਾਂ ਹੈਦਰ ਨੇ ਜੇਰਾ ਰੱਖਿਆ, ਪਰ ਅੰਤ ਮਾਰ ਦਾ ਮਾਰਿਆ ਉਹ ਕੁਰਲਾ ਉਠਿਆ। ਉਹਦੀਆਂ ਚੀਕਾਂ ਫ਼ਰਿਆਦਾਂ ਵੀ ਡਾਢਿਆਂ ਦੀ ਮਾਰ ਥੱਲੇ ਦਬ ਗਈਆਂ। ਕੁਛ ਚਿਰ ਵਾਸਤੇ ਉਹ ਅਧ-ਬੇਸੁਰਤ ਜਿਹਾ ਹੋ ਕੇ ਪਾਸੇ ਪਰਨੇ ਡਿੱਗ ਪਿਆ।

"ਜਾਣ ਦਿਹੋ ਸੂ ਰਾਏ ਸਾਹਿਬ! ਕਿਤੇ ਹਰਾਮ ਦਾ ਮਰ ਈ ਨਾ ਜਾਂਦਾ ਹੋਵੇ।" ਗੋਰਖੇ ਨੇ ਹੈਦਰ ਦੀ ਖ਼ਰਾਬ ਹਾਲਤ ਨੂੰ ਭਾਂਪਦਿਆਂ ਕਿਹਾ।

"ਮਰਨ ਦਿਹ ਸੂ। ਕੋਈ ਨਹੀਂ ਭੇਡ ਦੇ ਖ਼ੂਨੋ ਪਿੰਡ ਫਾਹੇ ਆ ਚੱਲਿਆ।" ਰਾਏ ਸਾਹਿਬ ਨੇ ਆਖ਼ਰੀ ਸੋਟੀ ਮਾਰਦਿਆਂ ਕਿਹਾ।

ਪਲ ਕੁ ਉਹ ਤਿੰਨੇ ਉਸ ਬੇਹੋਸ਼ ਪਏ ਨੂੰ ਵੇਖਦੇ ਰਹੇ।

"ਹਲੱਾ ਕੇ ਵੇਖ ਸੂ ਖਾਂ ਉਇ।" ਗੋਰਖੇ ਨੇ ਮੰਮ੍ਰਦੂ ਵੱਲ ਇਸ਼ਾਰਾ ਕਰ ਕੇ ਕਿਹਾ।

"ਮੀਆਂ ਹੈਦਰ! ਉ ਹੈਦਰ ਅਲੀ! ਮਾਂ ਸਦਕੇ, ਹੋਸ਼ ਕਰ ਖਾਂ।" ਮੰਮ੍ਰਦੂ ਨੇ ਵਿਅੰਗ ਭਰੀ ਮੁਸਕਰਾਹਟ ਨਾਲ ਹੈਦਰ ਨੂੰ ਹਿਲਾਉਂਦਿਆਂ ਕਿਹਾ।

"ਹਾਇ, ਹਾਇ, ਮਰ ਗਿਆ।" ਹੈਦਰ ਨੇ ਡਾਢੇ ਦੁੱਖ ਨਾਲ ਸਿਰ ਹਿਲਾਉਂਦਿਆਂ ਕਿਹਾ।

ਮੰਮ੍ਰਦੂ ਨੇ ਉਹਨੂੰ ਮੋਢਿਆਂ ਤੋਂ ਫੜ ਕੇ ਉਠਾ ਕੇ ਬਹਾ ਦਿਤਾ।

"ਕਿਉਂ ਪੁੱਤ! ਸੁਣਾ।" ਗੋਰਖੇ ਨੇ ਡਾਢੀ ਨਫ਼ਰਤ ਨਾਲ ਪੁੱਛਿਆ।

"ਹਾਇ! ਹਾਇ!" ਹੈਦਰ ਨੇ ਕੁੜਤੇ ਦੇ ਪੱਲੇ ਨਾਲ ਆਪਣਾ ਮੂੰਹ ਪੂੰਝਿਆ।

"ਹਰਾਮਜ਼ਾਦੇ! ਮੁੜ ਕੇ ਮੈਂ ਤੈਨੂੰ ਆਪਣੇ ਪਿੰਡ ਦੀ ਜੂਹ ਵਿਚ ਵੇਖ ਲਿਆ, ਤਾਂ ਯਾਦ ਰੱਖੀਂ ਫਿਰ।" ਰਾਏ ਸਾਹਿਬ ਨੇ ਉਹਨੂੰ ਹੌਲੀ ਜੇਹੀ ਬੂਟ ਦੀ ਠੋਕਰ ਲਾਉਂਦਿਆਂ ਕਿਹਾ।

ਹੈਦਰ ਨੇ ਇਕ ਵਾਰ ਨਿਗ੍ਹਾ ਭਰ ਕੇ ਰਾਏ ਸਾਹਿਬ ਦੇ ਖ਼ੂਨੀ ਚਿਹਰੇ ਵੱਲ ਵੇਖਿਆ, ਤੇ ਫਿਰ ਅੱਖਾਂ ਨੀਂਵੀਂਆਂ ਕਰ ਲਈਆਂ।

ਰਾਏ ਸਾਹਿਬ ਪਲਾਕੀ ਮਾਰ ਕੇ ਘੋੜੇ 'ਤੇ ਅਸਵਾਰ ਹੋਇਆ। ਗੋਰਖਾ ਮਾਲਕ ਦੇ ਅੱਗੇ ਲੱਗ ਕੇ ਪਿੰਡ ਨੂੰ ਤੁਰ ਪਿਆ।

"ਹੱਛਾ! ਮੀਆਂ ਜੀ, ਸਲਾਮ।" ਮੰਮ੍ਰਦੂ ਵੀ ਮਸ਼ਕਰੀ ਵਜੋਂ ਹੈਦਰ ਨੂੰ ਸਲਾਮ ਕਰ ਕੇ ਮਾਲਕ ਦੇ ਪਿੱਛੇ ਪਿੱਛੇ ਹੋ ਤੁਰਿਆ।

ਹੈਦਰ ਨੂੰ ਮਾਰ ਬੇਓੜਕੀ ਪਈ ਸੀ। ਇਕ ਘੰਟੇ ਪਿੱਛੋਂ ਉਹਨੂੰ ਪੂਰੀ ਹੋਸ਼

ਆਈ। ਲੀੜੇ ਝਾੜ ਕੇ ਉਹ ਗੋਡਿਆਂ 'ਤੇ ਹੱਥ ਧਰ ਕੇ ਉਠਿਆ। ਨਮੋਸ਼ੀ ਦਾ ਮਾਰਿਆ ਉਹ ਰੁੱਖਾਂ ਵਾਲੇ ਪਿੰਡ ਵਿਚ ਨਾ ਗਿਆ। ਸਟੇਸ਼ਨ ਤੋਂ ਰਾਤ ਦੀ ਗੱਡੀ ਚੜ੍ਹ ਕੇ ਉਹ ਸਿੱਧਾ ਲਾਹੌਰ ਜਾ ਪੁੱਜਾ। ਏਸ ਮਾਰ ਦਾ ਮਾਰਿਆ ਉਹ ਦੋ ਮਹੀਨੇ ਪਹਿਲੇ ਤੁੱਲ ਨਾ ਹੋਇਆ।

੧੭

ਤਿੰਨ ਮਹੀਨੇ ਹੈਦਰ ਅੰਦਰੋਂ ਬਾਹਰ ਨਹੀਂ ਨਿਕਲਿਆ। ਕਾਮਰੇਡ ਜਸਵੰਤ ਸਿੰਘ, ਸ਼ੰਮੀ ਕਪੂਰ ਜਾਂ ਹੋਰ ਸਾਥੀ ਪੁਛਦੇ ਵੀ, ਤਾਂ ਹੈਦਰ ਖੁੱਲ੍ਹ ਕੇ ਗੱਲ ਨਾ ਕਰਦਾ। ਉਹਦੇ ਅੰਦਰ ਸਿਰਫ਼ ਇਕੋ ਅੱਗ ਸੀ, ਤੇ ਉਹ ਏਨੀ ਉੱਚੀ ਬਲ ਉੱਠੀ ਸੀ, ਕਿ ਹੋਰ ਸਭ ਕੁਛ ਉਸ ਵਿਚ ਦਫ਼ਨ ਹੋ ਗਿਆ ਸੀ। ਉਸ ਵੇਲੇ ਉਹਦੇ ਸਾਮ੍ਹਣੇ ਨਾ ਕੋਈ ਸਿਧਾਂਤ ਸੀ, ਨਾ ਪਾਰਟੀ-ਪ੍ਰੋਗਰਾਮ, ਨਾ ਗਰੀਬੀ ਦੂਰ ਕਰਨ ਦਾ ਨਸ਼ਾਨਾ, ਸਿਰਫ਼ ਇਕੋ ਚੀਜ਼ ਸੀ : ਬਦਲਾ ਲੈਣ ਦੀ ਅੱਗ। ਉਹ ਪਿਆ ਪਿਆ ਇਕੇਵਾਰ ਅੰਦਰੇ ਅੰਦਰ ਪੁਕਾਰ ਉਠਦਾ, 'ਬਦਲਾ.........ਬਦਲਾ... .....ਹਾਂ, ਨਾਜੋ ਦਾ ਬਦਲਾ.........ਰਾਏ ਸਾਹਿਬਾਂ ਤੋਂ ਬਦਲਾ ਜ਼ਰੂਰ ਲਿਆ ਜਾਵੇਗਾ।' ਮੁਕਦੀ ਗੱਲ, ਉਹਦੀਆਂ ਸਾਰੀਆਂ ਰੁਚੀਆਂ ਇਕ ਸ਼ਬਦ 'ਬਦਲਾ' ਉਤੇ ਆ ਕੇ ਰੁਕ ਗਈਆਂ ਸਨ।

ਇਹਨੀ ਹੀ ਦਿਨੀ ਇਕ ਹੋਰ ਦੁਰਘਟਨਾ ਹੋ ਗਈ। ਉਹ ਸੀ ਕਲਕੱਤੇ ਵਿਚ ਹਿੰਦੂ-ਮੁਸਲਮ ਫ਼ਸਾਦ।

ਦੇਸ ਵਿਚ ਦੋ ਵੱਡੀਆਂ ਪਾਰਟੀਆਂ ਸਨ। ਸਭ ਤੋਂ ਵੱਡੀ ਸੀ ਕਾਂਗਰਸ। ਉਹ ਕਈ ਸਾਲ ਤੋਂ ਦੇਸ ਦੀ ਆਜ਼ਾਦੀ ਬਦਲੇ ਅੰਗਰੇਜ਼ੀ ਸਰਕਾਰ ਨਾਲ ਲੜ ਰਹੀ ਸੀ। ਦੂੱਜੀ ਸਰਬ-ਹਿੰਦ ਪਾਰਟੀ ਸੀ ਮੁਸਲਮਲੀਗ। ਉਹ ਸਿਰਫ਼ ਮੁਸਲਮਾਨਾਂ ਦੀ ਨੁਮਾਇੰਦਾ ਜਮਾਤ ਸੀ। ਉਹ ਮੁਸਲਮਾਨਾਂ ਵਾਸਤੇ ਵੱਖਰਾ ਮੁਲਕ : ਪਾਕਸਤਾਨ ਚਾਹੁੰਦੀ ਸੀ। ਭਾਵ, ਜਿੱਥੇ ਕਾਂਗਰਸ ਸਾਰੇ ਦੇਸ ਨੂੰ ਇਕੋ ਰਖਣਾ ਚਾਹੁੰਦੀ ਸੀ, ਓਥੇ ਮੁਸਲਮਲੀਗ ਦੇਸ ਦੇ ਟੁਕੜੇ ਕਰ ਕੇ ਮੁਸਲਮਾਨਾਂ ਦਾ ਹਿੱਸਾ ਪਾਕਸਤਾਨ ਦੇ ਰੂਪ ਵਿਚ ਵੱਖਰਾ ਲੈਣਾ ਚਾਹੁੰਦੀ ਸੀ।

ਦੁਨੀਆਂ ਦੇ ਬਦਲੇ ਹੋਏ ਹਾਲਾਤ ਤੋਂ ਮਜਬੂਰ ਹੋ ਕੇ ਅੰਗਰੇਜ਼ ਦੇਸ ਦੀ ਆਜ਼ਾਦੀ ਦੀ ਲਹਿਰ ਦੇ ਸਾਮ੍ਹਣੇ ਝੁਕ ਗਿਆ। ਉਹਨੇ ਹਿੰਦ ਨੂੰ ਆਜ਼ਾਦ ਕਰਨਾ ਮੰਨ ਲਿਆ। ੧੯੪੬ ਈ: ਵਿਚ ਸਰਕਾਰ ਬਰਤਾਨੀਆਂ ਨੇ ਕੈਬਨਿਟ ਮਿਸ਼ਨ ਸਕੀਮ ਪੇਸ਼ ਕੀਤੀ। ਇਸ ਸਕੀਮ ਰਾਹੀਂ ਅੰਗਰੇਜ਼ ਨੇ ਹਿੰਦੁਸਤਾਨ ਵਿਚ ਤਿੰਨ

ਵੱਡੀਆਂ ਕੌਮਾਂ (ਭਾਵ ਫ਼ਿਰਕਿਆਂ) ਦੀ ਹੋਂਦ ਪਰਵਾਨ ਕਰ ਲਈ। ਇਹ ਤਿੰਨ ਫ਼ਿਰਕੇ ਸਨ : ਸਿੱਖ, ਮੁਸਲਮਾਨ ਤੇ ਜੈਨਰਲ। ਏਥੇ ਸ਼ਬਦ 'ਜੈਨਰਲ' ਦਾ ਅਰਥ ਸੀ, ਸਿੱਖਾਂ ਤੇ ਮੁਸਲਮਾਨਾਂ ਨੂੰ ਛੱਡ ਕੇ ਬਾਕੀ ਸਾਰੇ। ਉਹਨਾਂ ਵਿਚ ਬਹੁ ਗਿਣਤੀ ਸਵਰਣ ਹਿੰਦੂਆਂ ਦੀ ਸੀ। ਤਿੰਨਾਂ ਫ਼ਿਰਕਿਆਂ ਵਾਸਤੇ ਹੀ ਵੱਖਰੀਆਂ ਚੋਣਾਂ ਤੇ ਵੱਖਰੀਆਂ ਮੈਂਬਰੀਆਂ ਨੀਯਤ ਕਰ ਦਿਤੀਆਂ। ਵੱਡੀ ਕਾਨੂੰਨ-ਘੜਨੀ ਕੌਂਸਲ ਵਾਸਤੇ ਦਸ ਲੱਖ ਬੰਦੇ ਪਿੱਛੇ ਇਕ ਮੈਂਬਰ ਚੁਣਿਆਂ ਜਾਣਾ ਪਰਵਾਨ ਹੋਇਆ। ਤਿੰਨ ਮਹਿਕਮੇ : ਫ਼ੌਜ, ਡਾਕ ਦੇ ਆਉਣ-ਜਾਣ ਦੇ ਵਸੀਲੇ, ਸਾਰੇ ਹਿੰਦੁਸਤਾਨ ਦੇ ਸਾਂਝੇ ਰੱਖੇ ਗਏ। ਵੱਡੀ ਕੌਂਸਲ ਦੇ ਮੈਂਬਰਾਂ ਨੂੰ ਅੱਗੇ ਇਲਾਕੇਵਾਰ ਤਿੰਨਾਂ ਹਿੱਸਿਆਂ ਵਿਚ ਵੰਡਿਆ ਗਿਆ। ਏਸ ਤਰ੍ਹਾਂ ਵੱਡੀ ਕੌਂਸਲ ਦੇ ਥੱਲੇ, ਤਿੰਨ ਕੌਂਸਲਾਂ ਬਣ ਗਈਆਂ, ਜੋ ਉਪਰਲੇ ਤਿੰਨਾਂ ਮਹਿਕਮਿਆਂ ਨੂੰ ਛੱਡ ਕੇ, ਬਾਕੀ ਸਾਰੇ ਕੰਮਾਂ ਵਿਚ ਖ਼ੁਦ-ਮੁਖ਼ਤਿਆਰ ਮੰਨੀਆਂ ਗਈਆਂ ਸਨ। ਏਸ ਢੰਗ ਨਾਲ਼ ਦੇਸ ਦੇ ਤਿੰਨ ਹਿੱਸੇ ਕਰ ਦਿਤੇ ਗਏ। ਇਕ ਹਿੱਸਾ : ਬੰਗਾਲ ਤੇ ਆਸਾਮ। ਇਕ ਹਿੱਸਾ : ਪੰਜਾਬ, ਸਰਹੱਦੀ ਸੂਬਾ, ਸਿੰਧ ਤੇ ਬਲੋਚਸਤਾਨ। ਇਕ ਹਿੱਸਾ (ਰਿਆਸਤਾਂ ਛੱਡ ਕੇ) ਬਾਕੀ ਸਾਰਾ ਦੇਸ। ਇਹਨਾਂ ਪਹਿਲਿਆਂ ਦੋਹਾਂ ਹਿੱਸਿਆਂ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਸੀ, ਤੇ ਤੀਸਰੇ ਵਿਚ ਹਿੰਦੂਆਂ ਦੀ। ਇਸ ਦਾ ਅਰਥ ਸੀ, ਪਹਿਲਿਆਂ ਦੋਹਾਂ ਹਿੱਸਿਆਂ ਵਿਚ ਮੁਸਲਮਾਨਾਂ ਦਾ ਰਾਜ, ਤੇ ਤਿੱਜੇ ਇਲਾਕੇ ਵਿਚ ਹਿੰਦੂਆਂ ਦਾ। ਸਾਰੇ ਦੇਸ ਵਿਚ ਹਿੰਦੂਆਂ ਦੀ ਬਹੁ-ਗਿਣਤੀ ਸੀ। ਏਸ ਕਾਰਨ ਵੱਡੀ ਕੇਂਦਰੀ ਕੌਂਸਲ ਵਿਚ ਹਿੰਦੂ ਮੈਂਬਰ ਹੀ ਵਧੇਰੇ ਹੋਣੇ ਸਨ। ਓਥੇ ਮੁਸਲਮਾਨਾਂ ਨੂੰ ਅੰਗਰੇਜ਼ ਨੇ ਵੀਟੋ (ਕੀਤੀ ਨੂੰ ਰੱਦ ਕਰਨ) ਦਾ ਹੱਕ ਦੇ ਦਿਤਾ। ਏਸ ਸਕੀਮ 'ਤੇ ਮੁਸਲਮਾਨ ਬਹੁਤ ਖ਼ੁਸ਼ ਸਨ।

ਨਵੀਂ ਕਾਨੂੰਨ ਘੜਨੀ ਕੌਂਸਲ ਨੇ ਚੋਣਾਂ ਤੋਂ ਪਿੱਛੋਂ ਰਾਜ ਪ੍ਰਬੰਧ ਸੰਭਾਲਣਾ ਸੀ। ਵਿਚਲੇ ਸਮੇਂ ਵਾਸਤੇ ਅੰਗਰੇਜ਼ ਨੇ ਇਕ ਕੰਮ-ਚਲਾਊ ਸਰਕਾਰ ਬਨਾਉਣ ਦੀ ਤਜਵੀਜ਼ ਰੱਖੀ। ਉਸ ਵਿਚ ਪੰਜ ਵਜ਼ੀਰ ਕਾਂਗਰਸ ਦੇ, ਪੰਜ ਮੁਸਲਮਲੀਗ ਦੇ, ਇਕ ਸਿੱਖਾਂ ਦਾ ਤੇ ਇਚ ਅਛੂਤਾਂ ਦਾ ਬਣਨਾ ਸੀ।

ਮੁਸਲਮਲੀਗ ਨੇ ਇਹ ਸਾਰੀ ਸਕੀਮ ਬੜੀ ਖ਼ੁਸ਼ੀ ਨਾਲ ਪਰਵਾਨ ਕਰ ਲਈ। ਸਿੱਖਾਂ ਨੇ ਸਾਰੀ ਦੀ ਸਾਰੀ ਸਕੀਮ ਰੱਦ ਕਰ ਦਿਤੀ। ਕਾਂਗਰਸ ਨੇ ਕੰਮ ਚਲਾਊ ਸਰਕਾਰ ਵਿਚ ਸ਼ਾਮਲ ਹੋਣਾ ਨਾ ਮੰਨਿਆਂ, ਪਰ ਬਾਕੀ ਸਾਰੀ ਬਣਤਰ ਪਰਵਾਨ ਕਰ ਲਈ। ਕਿਉਂਕਿ ਤਿੰਨੇ ਧੜੇ ਇਕ ਗੱਲ 'ਤੇ ਸਹਿਮਤ ਨਾ ਹੋਏ, ਇਸ ਵਾਸਤੇ ਅੰਗਰੇਜ਼ ਨੇ ੨੯ ਜੂਨ ਨੂੰ ਕੰਮ-ਚਲਾਊ (ਆਰਜ਼ੀ) ਸਰਕਾਰ ਬਨਾਉਣ

ਦੀ ਸਲਾਹ ਹਟਾ ਦਿਤੀ। ਏਸ ਗੱਲ ਤੋਂ ਮੁਸਲਮਲੀਗ ਚਿੜ ਗਈ, ਤੇ ਉਹਨੇ ੨੯ ਜੁਲਾਈ ਨੂੰ ਸਾਰੀ ਸਕੀਮ ਰੱਦ ਕਰ ਦਿਤੀ। ਨਾਲ ਹੀ ਉਹਨੇ ਡਾਇਰੈਕਟ ਐਕਸ਼ਨ (ਸਿੱਧੀ ਟੱਕਰ) ਸ਼ੁਰੂ ਕਰਨ ਦਾ ਐਲਾਨ ਕਰ ਦਿਤਾ।

ਡਾਇਰੈਕਟ ਐਕਸ਼ਨ ਵਾਸਤੇ ਮੁਸਲਮਲੀਗ ਨੇ ੧੬ ਅਗਸਤ, ੧੯੪੬ ਈ. ਦਾ ਦਿਨ ਨੀਯਤ ਕੀਤਾ ਸੀ। ਉਸ ਦਿਨ ਮੁਸਲਮਾਨਾਂ ਨੇ ਮਾਰੂ ਹਥਿਆਰ ਲੈ ਕੇ ਕਲਕੱਤੇ ਵਿਚ ਬੜਾ ਭਾਰਾ ਜਲੂਸ ਕਢਿਆ। ਮੁਸਲਮਲੀਗੀ ਬਾਜ਼ਾਰਾਂ ਵਿਚ ਬੜੇ ਭੜਕਾਊ ਨਾਹਰੇ ਲਾਉਂਦੇ ਫਿਰ ਰਹੇ ਸਨ। ਇਸ ਸਭ ਕਾਸੇ ਦਾ ਨਤੀਜਾ ਕਲਕੱਤੇ ਵਿਚ ਹਿੰਦੂ ਮੁਸਲਮ ਫ਼ਸਾਦ ਹੋ ਗਿਆ। ਦਸ-ਬਾਰਾਂ ਦਿਨਾਂ ਵਿਚ ਕਲਕੱਤੇ ਅੰਦਰ ਲਗਭਗ ਵੀਹ ਹਜ਼ਰ ਆਦਮੀ ਮਾਰੇ ਗਏ ਤੇ ਪੰਜਾਹ-ਸੱਠ ਹਜ਼ਾਰ ਫੱਟੜ ਹੋਏ। ਹਜ਼ਾਰਾਂ ਦੀ ਗਿਣਤੀ ਵਿਚ ਮਕਾਨ ਲੁੱਟੇ ਤੇ ਸਾੜੇ ਗਏ। ਦੇਸ ਦਾ ਸਵਾ-ਕੁ ਅਰਬ ਰੁਪੈ ਦਾ ਨੁਕਸਾਨ ਹੋ ਗਿਆ।

ਦੋਵੇਂ ਫ਼ਿਰਕੇ ਜਿੱਥੇ ਆਪੋ ਆਪਣੀ ਬਹਾਦਰੀ ਦਾ ਢੰਡੋਰਾ ਪਿਟਦੇ ਨਾ ਥੱਕਦੇ, ਓਥੇ ਇਹ ਸਿੱਧ ਕਰਨ ਦਾ ਵੀ ਯਤਨ ਕਰਦੇ, ਕਿ ਦੂੱਜੇ ਫ਼ਿਰਕੇ ਨੇ ਉਹਨਾਂ ਉਤੇ ਬਹੁਤ ਜ਼ੁਲਮ ਕੀਤੇ ਹਨ।

ਮੁਸਲਮਲੀਗ ਨੇ ਸਾਰੇ ਦੇਸ਼ ਵਿਚ ਜਲਸੇ ਕਰ ਕੇ ਬੜੀਆਂ ਭੜਕਾਊ ਤਕਰੀਰਾਂ ਰਾਹੀਂ ਮੁਸਲਮਾਨਾਂ ਦੇ ਦਿਲਾਂ ਅੰਦਰ ਅੱਗ ਬਾਲ ਦਿਤੀ।

ਲੁਹਾਰੀ ਦਰਵਾਜ਼ਿਓਂ ਬਾਹਰ ਮੁਸਲਮਲੀਗ ਦਾ ਜਲਸਾ ਹੋ ਰਿਹਾ ਸੀ। ਲਾਹੌਰ ਦੇ ਹਰ ਤਬਕੇ ਦੇ ਮੁਸਲਮਾਨ ਉਸ ਵਿਚ ਹਾਜ਼ਰ ਸਨ। ਫਿਰਦਾ ਫਿਰਦਾ ਹੈਦਰ ਵੀ ਓਧਰ ਜਾ ਨਿਕਲਿਆ। ਆਦਮੀਆਂ ਦਾ ਇਕੱਠ ਵੇਖ ਕੇ ਉਹ ਵੀ ਨੇੜੇ ਜਾ ਖਲੋਤਾ। ਮੌਲਵੀ ਰਸ਼ੀਦ ਤਕਰੀਰ ਕਰ ਰਿਹਾ ਸੀ। ਉਹ ਕਲਕੱਤੇ ਦੀ ਘਟਨਾ ਨੂੰ ਆਪਣੇ ਢੰਗ ਨਾਲ ਪੇਸ਼ ਕਰ ਰਿਹਾ ਸੀ। ਉਹਦੇ ਜ਼ਹਿਰ-ਬੁਝੇ ਸ਼ਬਦਾਂ ਦਾ ਸਰੋਤਿਆਂ ਉਤੇ ਬੜਾ ਮਾਰੂ ਅਸਰ ਹੋ ਰਿਹਾ ਸੀ। ਜਿਸ ਵੇਲੇ ਉਹ ਇਸਲਾਮ ਦੀ ਦੁਹਾਈ ਦੇ ਕੇ ਕਹਿੰਦਾ, "ਐ ਮੋਮਨੋ! ਤੁਮ ਕਿਆ ਚਾਹਤੇ ਹੋ ?"

"ਪਾਕਸਤਾਨ।" ਸਾਰੇ ਜਲਸੇ ਵਿਚੋਂ ਧੁਨੀ ਗੂੰਜ ਉਠਦੀ।

"ਪਾਕਸਤਾ—ਨ।"

"ਜ਼ਿੰਦਾ ਬਾ—ਦ।"

"ਮੁਸਲਮਲੀ—ਗ।"

"ਜ਼ਿੰਦਾਬਾ—ਦ।"

"ਲੇ ਕੇ ਰਹੇਂਗੇ।"

"ਪਾਕਸਤਾ—ਨ ।"

ਫਿਰ ਓਨਾ ਚਿਰ ਏਸ ਕਿਸਮ ਦੇ ਨਾਹਰੇ ਲਗਦੇ ਰਹਿੰਦੇ, ਜਿੰਨਾ ਚਿਰ ਲੈਕਚਰਾਰ ਹੱਥ ਖਲਾ ਕਰਕੇ ਲੋਕਾਂ ਨੂੰ ਚੁੱਪ ਕਰਨ ਦਾ ਇਸ਼ਾਰਾ ਨਾ ਕਰਦਾ ।

ਰਾਤ ਦੇ ਇਕ ਵਜੇ ਤਕ ਜਲਸੇ ਵਿਚ ਤਕਰੀਰਾਂ ਹੁੰਦੀਆਂ ਰਹੀਆਂ । ਹਰ ਬੋਲਣ ਵਾਲੇ ਨੇ ਆਪ ਤੋਂ ਪਹਿਲੇ ਨਾਲੋਂ ਵਧੇਰੇ ਭੜਕਾਊ ਬੋਲੀ ਵਰਤੀ । ਕਾਂਗਰਸ ਤੇ ਹਿੰਦੂਆਂ ਦੇ ਵਿਰੁੱਧ ਰੱਜ ਕੇ ਜ਼ਹਿਰ ਉਗਲਿਆ ਗਿਆ । ਬਹੁਤ ਜੋਸ਼ੀਲੇ ਤੇ ਭੜਕਾਊ ਨਾਹਰਿਆਂ ਨਾਲ ਜਲਸਾ ਸਮਾਪਤ ਹੋਇਆ । ਉਸ ਵੇਲੇ ਇਉਂ ਪਰਤੀਤ ਹੁੰਦਾ ਸੀ, ਜਿਵੇਂ ਇਹ ਲੋਕ ਦਿਨ ਚੜ੍ਹਨ ਤੋਂ ਪਹਿਲਾਂ ਹੀ ਸਾਰੇ ਹਿੰਦੂਆਂ ਨੂੰ ਖ਼ਤਮ ਕਰ ਦੇਣਗੇ ।

ਐਵੇਂ ਦੋ ਮਿੰਟ ਵੇਖਣ ਦੇ ਇਰਾਦੇ ਨਾਲ ਖਲੋਤਾ ਹੈਦਰ, ਉਸ ਵੇਲੇ ਓਥੋਂ ਤੁਰਿਆ, ਜਦ ਜਲਸਾ ਵਿਝੜ ਗਿਆ । ਕੁਛ ਘੰਟਿਆਂ ਵਿਚ ਹੀ ਉਹਦਾ ਮਨ ਬਦਲ ਗਿਆ । ਇਹ ਹੈਦਰ, ਉਹ ਪਹਿਲਾਂ ਵਾਲਾ ਹੈਦਰ ਨਹੀਂ ਸੀ ਰਿਹਾ । ਇਹ ਉਹਨੂੰ ਆਪ ਨੂੰ ਵੀ ਯਾਦ ਨਹੀਂ, ਕਿ ਉਹਨੇ ਮੁਸਲਮਲੀਗ ਦੇ ਨਾਹਰਿਆਂ ਵਿਚ ਵੀ ਹਿੱਸਾ ਲਿਆ ਸੀ, ਜਾਂ ਨਹੀਂ । ਪਰ ਉਹਦੇ ਦਿਲ ਉਤੇ ਨਵਾਂ ਰੰਗ ਜ਼ਰੂਰ ਚੜ੍ਹ ਗਿਆ ਸੀ ।

ਆਪਣੇ ਟਿਕਾਣੇ ਨੂੰ ਤੁਰਿਆ ਆਉਂਦਾ ਉਹ ਅਚਾਨਕ ਰਾਹ ਵਿਚ ਖਲੋ ਕੇ ਸੋਚਣ ਲੱਗ ਪਿਆ, ਕਿ ਜਸਵੰਤ ਸਿੰਘ ਕੇ ਚੁਬਾਰੇ 'ਤੇ ਜਾਣਾ ਚਾਹੀਦਾ ਹੈ, ਜਾਂ ਨਹੀਂ । ਕੱਲ੍ਹ ਤਕ ਉਹ ਉਹਦਾ ਆਪਣਾ ਚੁਬਾਰਾ ਸੀ, ਉਹਦੀ ਪਾਰਟੀ ਦਾ ਦਫ਼ਤਰ । ਪਰ ਹੁਣ । ਅਖ਼ੀਰ, ਲਾਹੌਰ ਵਿਚ ਹੋਰ ਕੋਈ ਠਾਹਰ ਨਾ ਹੋਣ ਕਰਕੇ ਉਹ ਓਸੇ ਚੁਬਾਰੇ 'ਤੇ ਚਲਾ ਗਿਆ । ਸ਼ੰਮੀ ਕਪੂਰ ਨੇ ਚੁਬਾਰੇ ਦਾ ਬੂਹਾ ਖੋਲ੍ਹਦਿਆਂ ਹੈਦਰ ਪਾਸੋਂ ਦੇਰ ਨਾਲ ਆਉਣ ਦਾ ਕਾਰਨ ਪੁੱਛਿਆ, ਜਿਸਦਾ ਉਹਨੇ ਕੋਈ ਤਸੱਲੀ ਵਾਲਾ ਉੱਤਰ ਨਾ ਦਿਤਾ ।

ਸ਼ੰਮੀ ਕਪੂਰ ਤੇ ਜਸਵੰਤ ਸਿੰਘ ਦੇ ਬਰਾਬਰ ਹੈਦਰ ਲੰਮਾ ਪਿਆ ਹੋਇਆ ਸੀ । ਪਹਿਲੇ ਦੋਵੇਂ ਘੂਕ ਸੁੱਤੇ ਹੋਏ ਸਨ, ਪਰ ਹੈਦਰ ਕੇਵਲ ਲੇਟਿਆ ਹੋਇਆ ਸੀ । ਪਿਆ ਪਿਆ ਉਹ ਸੁਣੀਆਂ ਤਕਰੀਰਾਂ 'ਤੇ ਵਿਚਾਰ ਕਰ ਰਿਹਾ ਸੀ, 'ਯਾ ਅੱਲਾਹ ! ਏਨਾ ਜ਼ੁਲਮ ? ਕੀ ਕਹਿੰਦਾ ਸੀ ਉਹ ਮੌਲਵੀ । ਕਲਕੱਤੇ ਵਿਚ ਮੁਸਲਮਾਨ ਔਰਤਾਂ ਦੀਆਂ ਛਾਤੀਆਂ ਚਾਕੂਆਂ ਨਾਲ ਕੱਟ ਦਿਤੀਆਂ ਗਈਆਂ ਨੇ । ਨਾਬਾਲਗ਼ ਲੜਕੀਆਂ ਨਾਲ ਸਰੇ-ਬਾਜ਼ਾਰ ਬੁਰਾ ਕੀਤਾ ਗਿਆ । ਏਨੀ ਸ਼ੈਤਾਨੀਅਤ? ਹਿੰਦੂ ਹੈ ਹੀ ਸ਼ੈਤਾਨ । ਕੀ ਰਾਏ ਸਾਹਿਬ ਸ਼ੈਤਾਨ ਨਾਲੋਂ ਘੱਟ ਏ ? ਵਿਚਾਰੀ

ਨਾਜੋ ਸਿਰਫ ਬਾਰਾਂ ਵਰ੍ਹਿਆਂ ਦੀ ਸੀ, ਬਾਰਾਂ ਵਰ੍ਹਿਆਂ ਦੀ ਬਾਲੜੀ। ਤੌਬਾ ! ਏਹੋ ਜੇਹੇ ਬੰਦੇ ਨੂੰ ਇਨਸਾਨ ਸਮਝਿਆ ਜਾਏ, ਜਾਂ ਸ਼ੈਤਾਨ ? ਕੀ ਏਹੋ ਜੇਹੇ ਪਾਜੀ ਤੋਂ ਬਦਲਾ ਲੈਣਾ ਸਵਾਬ (ਪੁੰਨ) ਨਹੀਂ ? ਠੀਕ ਆਹੰਦਾ ਸੀ ਉਹ। ਕੀ ਨਾਂ ਸੀ ਉਹਦਾ ਭਲਾ ਜੇਹਾ ? ਅਬਦੁਲ ਰਜ਼ਾਕ ? ਹਾਂ, ਸ਼ਾਇਦ ਏਹਾ। ਬੰਗਾਲ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਏ। ਓਥੇ ਸਾਡੇ ਨਾਲ ਇਹ ਸਲੂਕ ਹੋ ਸਕਦਾ ਏ, ਤਾਂ ਹਿੰਦੂ-ਸੂਬਿਆਂ ਵਿਚ ਕੀ ਹੋਵੇਗਾ ? ......ਪੰਜਾਬ ਵਿਚ ਵੀ ਸਾਡੀ ਬਹੁ-ਗਿਣਤੀ ਏ। ਏਥੇ ਸਾਡੇ ਨਾਲ ਕੀ ਬੀਤ ਰਹੀ ਏ। ਕੋਟ ਰਾਏ ਸਾਹਿਬ ਵਿਚ ਵਧੇਰੇ ਗਿਣਤੀ ਮੁਸਲਮਾਨਾਂ ਦੀ ਈ ਏ। ਸਿਰਫ਼ ਇਕ ਘਰ ਹਿੰਦੂ ਰਾਏ ਸਾਹਿਬ ਦਾ। ਤੇ ਓਥੇ ਮੁਸਲਮਾਨਾਂ ਦੀ ਜ਼ਿੰਦਗੀ। ਹੈ ਕੋਈ ਜਿਉਣ ਦਾ ਹੱਜ ? ਓਥੇ ਕਿਸੇ ਦੀ ਵੀ ਇੱਜ਼ਤ ਬਚੀ ਏ ਉਸ ਜ਼ਾਲਮ ਹੱਥੋਂ ? ਪਾਜ਼ੀ......ਸ਼ੈਤਾਨ......ਦੁਸ਼ਟ...। ਬੱਸ, ਇਹਦਾ ਇਕੋ ਇਲਾਜ ਏ, ਜਿਵੇਂ ਉਹਨੇ ਦੱਸਿਆ ਸੀ। ਐ ਮੁਸਲਮਾਨੋਂ ! ਅਗਰ ਤੁਮ ਚਾਹਤੇ ਹੋ, ਕਿ ਤੁਮ ਜ਼ਿੰਦਾ ਰਹੋ, ਇਸਲਾਮ ਜ਼ਿੰਦਾ ਰਹੇ, ਇਸਲਾਮ ਕੇ ਬਾਨੀ ਹਜ਼ਰਤ ਸਾਹਿਬ ਕਾ ਨਾਮ ਜ਼ਿੰਦਾ ਰਹੇ, ਤੋ ਪਾਕਸਤਾਨ ਹਾਸਲ ਕਰੋ। ਇਸ ਮੁਤਹਿਦ ਮੁਲਕ ਮੇਂ ਹਿੰਦੂ ਤੁਮਹੇਂ ਜ਼ਿੰਦਾ ਨਹੀਂ ਰਹਨੇ ਦੇਗਾ। ਵੁਹ ਤੁਮਹੇਂ ਮਰਨੇ ਭੀ ਨਹੀਂ ਦੇਗਾ। ਵੁਹ ਚਾਹਤਾ ਹੈ, ਤੁਮ ਬੇਇੱਜ਼ਤੀ ਕੀ ਜ਼ਿੰਦਗੀ ਜੀਤੇ ਰਹੋ। ਤੁਮ ਉਸ ਕੇ ਲੀਏ ਮਿਹਨਤ ਮਜ਼ੂਰੀ ਕਰੋ। ਤੁਮ ਉਸ ਕੇ ਐਸ਼ ਉੜਾਨੇ ਕੇ ਲੀਏ ਕਮਾਤੇ ਰਹੋ। ਤੁਮ ਉਸ ਕੇ ਗ਼ੁਲਾਮ ਬਨ ਕਰ ਰਹੋ, ਔਰ ਵੁਹ ਤੁਮ ਪਰ ਹਕੂਮਤ ਕਰਤਾ ਰਹੇ।......ਗੱਲ ਬਿਲਕੁਲ ਠੀਕ ਹੈ। ਇਕ ਰਾਏ ਸਾਹਿਬ ਵੱਲੋ ਈ ਵੇਖ ਲਵੋ ਖਾਂ। ਜੋ ਇਕ ਪਿੰਡ ਦਾ ਹਾਲ, ਓਹਾ ਇਕ ਮੁਲਕ ਦਾ। ਉਸ ਦੂੱਜੇ ਮੌਲਵੀ ਦੀਆਂ ਗੱਲਾਂ ਪਹਿਲੇ ਨਾਲੋਂ ਵੀ ਖਰੀਆਂ ਸਨ। ਤੁਮ ਜ਼ਿੰਦਗੀ ਭਰ ਕਮਾਤੇ ਰਹਤੇ ਹੋ, ਔਰ ਏਕ ਬਨੀਆਂ ਜਾਂ ਹਿੰਦੂ ਜਿਮੀਦਾਰ ਸਭ ਕੁਛ ਲੂਟ ਲੇਤਾ ਹੈ। ਓਥੋਂ ਦੇ ਮੁਸਲਮਾਨ ਮੁਜ਼ਾਰੇ ਸਾਰਾ ਸਾਲ ਕੰਮ ਕਰਦੇ ਮਰਦੇ ਰਹਿੰਦੇ ਨੇ, ਤੇ ਬੋਹਲ ਚੁਕ ਕੇ ਰਾਏ ਸਾਹਿਬ ਅੰਦਰ ਸੁੱਟ ਲੈਂਦਾ ਏ। ਕੀ ਇਸ ਤੋਂ ਵੱਡਾ ਧੱਕਾ ਵੀ ਕੋਈ ਹੋ ਧਕਦਾ ਏ ? ਖਾਣ ਦੇਂਦਾ ਏ ਉਹ ਕਿਸੇ ਨੂੰ ਰੱਜ ਕੇ ਰੋਟੀ ? ਗਰੀਬਾਂ ਦੇ ਮੂੰਹ ਦੇ ਟੁਕੜੇ ਖੋਹ ਲੈਂਦਾ ਏ ਉਹ ਕਸਾਈ। ਤੇ ਉਤੋਂ ਨਾਜੋ ਵਰਗੀਆਂ......ਜ਼ਾਲਮ......ਹਲਕਾ ਕੁੱਤਾ। ਅਜੇਹਿਆਂ ਸਾਰਿਆਂ ਦਾ ਇਲਾਜ ਇਕੋ, ਪਾਕਸਤਾਨ। ਪਾਕਸਤਾਨ ਬਣ ਕੇ ਰਹੇਗਾ !......ਪਾਕਸਤਾਨ ? ਕੇਹੋ ਜੇਹਾ ਹੋਵੇਗਾ ਪਾਕਸਤਾਨ ? ਬੱਸ, ਮੁਸਲਮਾਨਾਂ ਦਾ ਮੁਲਕ। ਰਾਏ ਸਾਹਿਬ ਵਰਗੇ ਸਭ ਕੱਢ ਦਿਤੇ ਜਾਣਗੇ। ਨਹੀਂ ਨਹੀਂ, ਰਾਏ ਸਾਹਿਬ ਨੂੰ ਜਿਉਂਦੇ ਨੂੰ

ਨਹੀਂ ਜਾਣ ਦਿਤਾ ਜਾਵੇਗਾ । ਉਹਨਾਂ ਦਾ ਇਕ ਜੀਅ ਵੀ ਜਿਉਂਦਾ ਨਹੀਂ ਛਡਿਆ ਜਾਵੇਗਾ । ਤੇ ਉਹਦੀ ਮਹਿਲਾਂ ਵਿਚ ਰਹਿਣ ਵਾਲੀ ਔਰਤ ਤੋਂ ਨਾਜੋ ਦਾ ਬਦਲਾ ਲਿਆ ਜਾਵੇਗਾ । ਮਾਸੀ ਆਹੰਦੀ ਸੀ, ਉਹ ਬੜੀ ਨੇਕ ਏ । ਨੇਕ ਏ, ਤਾਂ ਹੋਵੇ ਪਈ । ਨਾਜੋ ਨੇਕ ਨਹੀਂ ਸੀ ? ਰਾਏ ਸਾਹਿਬ ਨੂੰ ਕਿਵੇਂ ਪਤਾ ਲੱਗੂ ।......ਸਭ ਨੂੰ......ਇਕ ਵੱਢਿਓਂ......ਬੱਸ, ਸਫਾਈ ।......ਫਿਰ ਸਾਰੀ ਜਮੀਨ......। ਮੈਂ ਆਪ ਜਾ ਕੇ ਸਾਰਿਆਂ ਨੂੰ ਵੰਡਾਂਗਾ । ਓਸੇ ਬੈਠਕ ਵਿਚ ਬਹਿ ਕੇ, ਓਸੇ ਕਰਸੀ ਉਤੇ ਬਹਿ ਕੇ ਪੁੱਛਾਂਗਾ : ਕਿਉਂ ਰਾਏ ਸਾਹਿਬ ਦੇ ਬੱਚੇ ! ਹਰਾਮਜ਼ਾਦੇ, ਹੁਣ ਸੁਣਾ ।'

ਇਹਨਾਂ ਹੀ ਸੋਚਾਂ ਵਿਚ ਹੈਦਰ ਦੀ ਸਾਰੀ ਰਾਤ ਬੀਤ ਗਈ । ਤੜਕਾ ਹੋ ਗਿਆ । ਕਿਸੇ ਲਾਗੇ ਦੀ ਮਸੀਤ ਵਿਚੋਂ ਮੌਲਵੀ ਦੇ ਬਾਂਗ ਦੇਣ ਦੀ ਵਾਜ ਕੰਨੀ ਪਈ । ਭਾਵੇਂ ਏਥੇ ਰਹਿੰਦਿਆਂ ਉਹਨੂੰ ਮੁੱਦਤ ਹੋ ਗਈ ਸੀ, ਪਰ ਮੌਲਵੀ ਦੀ ਬਾਂਗ ਦੀ ਵਾਜ ਉਹਨੇ ਅੱਜ ਪਹਿਲੇ ਦਿਨ ਹੀ ਸੁਣੀ । ਉਹ ਸਾਥੀਆਂ ਨੂੰ ਸੁੱਤੇ ਛਡ ਕੇ ਬਾਹਰ ਨੂੰ ਤੁਰ ਗਿਆ ।

੧੮

ਹੈਦਰ ਕੁਛ ਚਿਰ ਏਧਰ ਓਧਰ ਸੁੰਞੀਆਂ ਸੜਕਾਂ 'ਤੇ ਭਟਕਦਾ ਰਿਹਾ । ਬਾਜ਼ਾਰਾਂ ਵਿਚ ਰੌਣਕ ਸ਼ੁਰੂ ਹੋ ਗਈ, ਤਾਂ ਉਹ ਪੁਛਦਾ ਦਸਦਾ ਮੁਸਲਮ-ਲੀਗ ਦੇ ਦਫ਼ਤਰ ਜਾ ਪਹੁੰਚਿਆ । ਏਨੇ ਤਕ ਨੌਂ ਵੱਜ ਚੁਕੇ ਸਨ । ਅੱਗੇ ਦਫ਼ਤਰ ਵਿਚ ਦਸ-ਬਾਰਾਂ ਆਦਮੀ ਬੈਠੇ ਸਨ । ਰਾਤ ਵਾਲੇ ਜਲਸੇ ਦੀਆਂ ਗੱਲਾਂ ਹੋ ਰਹੀਆਂ ਸਨ । ਕੁਛ ਚਿਰ ਪਿੱਛੋਂ ਆਉਣ ਵਾਲੇ ਪ੍ਰੋਗਰਾਮ ਬਾਰੇ ਵਿਚਾਰਾਂ ਹੋਣ ਲਗ ਪਈਆਂ । ਇਹ ਸਲਾਹੀਂ ਅੱਤ ਭਿਆਨਕ ਸਨ । ਹੈਦਰ ਨੇ ਸੁਣੀਆਂ, ਤਾਂ ਉਹਦਾ ਦਿਲ ਧੜਕਣ ਲਗ ਪਿਆ । 'ਪਰ ਇਸ ਤੋਂ ਬਿਨਾਂ ਰਾਏ ਸਾਹਿਬ ਵਰਗੇ ਬਦਮਾਸ਼ ਸਿੱਧੇ ਵੀ ਨਹੀਂ ਹੋਣਗੇ ।' ਦਿਲ ਵਿਚ ਸੋਚ ਕੇ ਹੈਦਰ ਨੇ ਆਪਣੇ ਆਪ 'ਤੇ ਕਾਬੂ ਪਾ ਲਿਆ । ਗੱਲਾਂ ਬਾਤਾਂ ਤੋਂ ਉਹਨੇ ਇਹ ਵੀ ਅੰਦਾਜ਼ਾ ਲਾ ਲਿਆ, ਕਿ ਇਹਨਾਂ ਸਾਰਿਆਂ ਦਾ ਲੀਡਰ ਓਹਾ ਹੈ, ਜੋ ਕਮਰੇ ਦੇ ਵਿਚਕਾਰ ਵੱਡੇ ਸਾਰੇ ਸਰ੍ਹਾਣੇ ਨਾਲ ਢੋਹ ਲਾਈ ਬੈਠਾ ਹੈ । ਉਹਦਾ ਇਸ਼ਾਰਾ ਪਾ ਕੇ ਅੱਧੇ ਆਦਮੀ ਕਿਸੇ ਖ਼ਾਸ ਕੰਮ ਵਾਸਤੇ ਉਠ ਕੇ ਚਲੇ ਗਏ । ਹੈਦਰ ਨੇ ਲਾਗੇ ਬੈਠੇ ਇਕ ਗੱਭਰੂ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜੇਹੀ ਪੁੱਛਿਆ, "ਇਹਨਾਂ ਸਾਹਿਬਾਂ ਦਾ ਇਸਮ ਸ਼ਰੀਫ ?"

"ਮੌਲਵੀ ਅਬਦੁਲ ਰਹਿਮਾਨ।" ਉਸ ਗੱਭਰੂ ਨੇ ਸਾਧਾਰਨ ਸੁਰ ਵਿਚ ਉਤਰ ਦਿਤਾ।

"ਕਿਆ ਬਾਤ ਹੈ ?" ਮੌਲਵੀ ਨੇ ਆਪਣਾ ਨਾਮ ਸੁਣ ਕੇ ਪੁਛਿਆ।

"ਜਿਹ ਸਾਹਿਬ, ਆਪ ਕਾ ਨਾਮ ਪੂਛਤੇ ਹੈਂ।" ਉਸ ਗਭਰੂ ਨੇ ਮੌਲਵੀ ਦੀ ਰੀਸ ਨਾਲ ਉਰਦੂ ਵਿਚ ਕਿਹਾ।

"ਆਈਏ ਨੌਜਵਾਨ !" ਮੌਲਵੀ ਨੇ ਹੈਦਰ ਵੱਲੇ ਧਿਆਨ ਕਰਕੇ ਕੁਛ ਆਦਰ ਦਾ ਭਾਵ ਪਰਗਟ ਕਰਦਿਆਂ ਕਿਹਾ।

"ਸਾਹਿਬ ! ਮੈਂ ਆਪ ਸੇ ਕੁਛ ਬਾਤੇਂ ਕਰਨਾ ਚਾਹਤਾ ਹੂੰ।" ਹੈਦਰ ਨੇ ਸਤਕਾਰ ਵਜੋਂ ਥੋੜਾ ਜਿਹਾ ਸਿਰ ਝੁਕਾਉਂਦਿਆਂ ਕਿਹਾ।

"ਤੋ ਨਜ਼ਦੀਕ ਆ ਜਾਈਏ ਨਾਂ !" ਮੌਲਵੀ ਨੇ ਦਰੀ ਉਤੇ ਹੱਥ ਨਾਲ ਜਗ੍ਹਾ ਦਿਖਾਉਂਦਿਆਂ ਕਿਹਾ।

ਰਾਹ ਵਿਚ ਬੈਠੇ ਦੋ ਗਭਰੂ ਪਾਸੇ ਹੋ ਗਏ। ਹੈਦਰ ਸਰਕ ਕੇ ਮੌਲਵੀ ਦੇ ਨੇੜੇ ਹੋ ਗਿਆ।

"ਕਹੀਏ !" ਮੌਲਵੀ ਨੇ ਅਪਣੱਤ ਭਰੀ ਮੁਸਕਰਾਹਟ ਨਾਲ ਕਿਹਾ।

"ਮੈਂ ਨੇ ਆਪ ਕਾ ਰਾਤ ਵਾਲਾ ਜਲਸਾ ਸੁਨਾ ਹੈ। ਮੈਂ ਆਪਣਾ ਆਪ ਛਿਪਾਤਾ ਨਹੀਂ। ਕੱਲ ਤਕ ਮੈਂ ਕਮਿਉਨਿਸਟ ਥਾ।"

"ਔਰ ਆਜ ?" ਮੌਲਵੀ ਨੇ ਹੈਦਰ ਦੀ ਗੱਲ ਟੋਕ ਕੇ ਸਵਾਲ ਕੀਤਾ।

"ਆਜ ? ਆਜ ਤੋ ਮੁਸਲਮਾਨ ਮਾਲੂਮ ਹੋਤਾ ਹੂੰ।" ਆਪਣੇ ਜਵਾਬ ਉਤੇ ਹੈਦਰ ਆਪ ਹੀ ਮੁਸਕਰਾ ਪਿਆ।

"ਹਾਂ, ਸਿਰਫ਼ ਮਾਲੂਮ ਹੋਤੇ ਹੋ। ਪੱਕੇ ਮੁਸਲਮਾਨ ਉਸੀ ਰੋਜ਼ ਬਨ ਸਕੋਗੇ, ਜਬ ਪਾਕਸਤਾਨ ਕੋ ਅਪਨਾ ਨਸਬੁਲਐਨ (ਨਸ਼ਾਨਾ) ਬਨਾ ਕਰ ਮੁਸਲਮਲੀਗ ਮੇਂ ਸ਼ਾਮਲ ਹੋ ਜਾਉਗੇ। ਨੌਜਵਾਨ ! ਆਜ ਕੀ ਸਿਆਸਤ ਮੇਂ ਮੁਸਲਮਲੀਗ ਔਰ ਮੁਸਲਮਾਨ ਏਕ ਹੀ ਮਾਨੇ ਰਖਨੇ ਵਾਲੇ ਦੋ ਅਲਫ਼ਾਜ਼ ਹੈਂ। ਸਮਝੇ ?" ਮੌਲਵੀ ਦੇ ਕਹਿਣ-ਢੰਗ ਵਿਚ ਦਿਲ 'ਤੇ ਡੂੰਘਾ ਅਸਰ ਪਾਉਣ ਵਾਲੀ ਪ੍ਰੇਰਨਾ ਸੀ।

"ਅਗਰ ਆਪ ਸਮਝਾਨੇ ਕੀ ਤਕਲੀਫ਼ ਕਰੇਂਗੇ, ਤੋ ਜ਼ਰੂਰ ਸਮਝ ਜਾਊਂਗਾ।" ਹੈਦਰ ਨੇ ਓਸੇ ਤਰ੍ਹਾਂ ਮੁਸਕਰਾਉਂਦਿਆਂ ਕਿਹਾ।

"ਤੋ ਫਿਰ ਕਬ ਸਮਝੋਗੇ ? ਵਕਤ ਜਾ ਰੁਹਾ ਹੈ। ਬਹੁਤ ਕਮ ਮੁਹਲਤ ਹੈ। ਆਜ ਹੀ ਮੁਸਲਮਲੀਗ ਮੇਂ ਸ਼ਾਮਲ ਹੋ ਜਾਉ।"

"ਮੈਂ ਹਾਜ਼ਰ ਹੂੰ। ਮਗਰ ਏਕ ਦੋ ਸਵਾਲ ਪੂਛਨਾ ਚਾਹਤਾ ਹੂੰ।"

"ਹਾਂ ਹਾਂ, ਜ਼ਰੂਰ ਪੂਛੀਏ।"

"ਯਿਹ ਮੈਂ ਕਿਸੀ ਏਤਰਾਜ਼ ਕੇ ਤੌਰ ਪਰ ਨਹੀਂ, ਵਾਕਫੀਅਤ ਹਾਸਲ ਕਰਨੇ ਕੇ ਲੀਏ ਪੂਛਨਾ ਚਾਹਤਾ ਹੂੰ। ਆਪ ਨਾਰਾਜ਼......।"

"ਅਰੇ, ਨਾਰਾਜ਼ਗੀ ਕੀ ਕੌਨਸੀ ਬਾਤ ਹੈ। ਆਪ ਬਿਨਾਂ ਤਕੱਲਫ਼ ਪੂਛੀਏ।"

"ਏਕ ਤੋ ਯਿਹ, ਕਿ ਪਾਕਸਤਾਨ ਕਾ ਮੁਤਾਲਬਾ ਕਿਉਂ ਕੀਆ ਗਿਆ ? ਔਰ ਦੂਸਰਾ, ਇਸ ਸੇ ਮੁਸਲਮਾਨੋਂ ਕੋ ਕਿਆ ਫ਼ਾਇਦਾ ਹੋਗਾ ?" ਹੈਦਰ ਨੇ ਝਿਜਕਦਿਆਂ ਝਿਜਕਦਿਆਂ ਸ਼ੰਕਾ ਪਰਗਟ ਕਰ ਦਿਤਾ।

"ਯਿਹ ਤੋਂ ਸੀਧੀ ਬਾਤ ਹੈ। ਆਪ ਕਾ ਨਾਮ ਕਿਆ ਹੈ ?" ਗੱਲ ਕਰਦਿਆਂ ਕਰਦਿਆਂ ਵਿਚੋਂ ਹੀ ਮੌਲਵੀ ਨੇ ਪੁਛਿਆ।

"ਜੀ, ਹੈਦਰ।"

"ਮੀਆਂ ਹੈਦਰ ! ਪਾਕਸਤਾਨ ਕਾ ਮੁਤਾਲਬਾ ਤੋ ਬਿਲਕੁਲ ਸੀਧੀ ਬਾਤ ਹੈ। ਹਿੰਦੁਸਤਾਨ ਮੇਂ ਹਿੰਦੂਓਂ ਕੀ ਭਾਰੀ ਅਕਸਰੀਅਤ (ਬਹੁ-ਗਿਣਤੀ) ਹੈ। ਜਮਹੂਰੀਅਤ ਕੇ ਤਰਜ਼ੇ ਹਕੂਮਤ ਮੇਂ ਅਕਸਰੀਅਤ ਕਾ ਹੀ ਮੁਲਕ ਮੇਂ ਰਾਜ ਹੋਤਾ ਹੈ। ਮਗਰ ਹਿੰਦੁਸਤਾਨ ਕੀ ਹਾਲਤ ਕੁਛ ਮੁਖ਼ਤਲਿਫ਼ ਹੈ। ਯਿਹ ਬੜਾ ਮੁਲਕ ਕਈ ਸੂਬੋਂ ਮੇਂ ਤਕਸੀਮ ਹੈ। ਉਨ ਮੇਂ ਸੇ ਕੁਛ ਸੂਬੋਂ ਮੇਂ ਮੁਸਲਮਾਨੋਂ ਕੀ ਅਕਸਰੀਅਤ ਹੈ। ਹਮ ਚਾਹਤੇ ਹੈਂ, ਕਿ ਜਹਾਂ ਹਮਾਰੀ ਅਕਸਰੀਅਤ ਹੈ, ਵਹਾਂ ਹਮੇਂ ਹਕੂਮਤ ਕਰਨੇ ਦੋ। ਮਗਰ ਹਿੰਦੂ ਹਮਾਰੇ ਇਸ ਕੁਦਰਤੀ ਹੱਕ ਕੋ ਤਸਲੀਮ ਨਹੀਂ ਕਰਤਾ। ਵੋ ਬਿਲਾ ਸ਼ਿਰਕਤ-ਗ਼ੈਰੇ ਤਮਾਮ ਮੁਲਕ ਪਰ ਰਾਜ ਕਰਨਾ ਚਾਹਤਾ ਹੈ। ਜਿਸ ਕੋ ਤੁਮ ਉਸ ਕੇ ਕੁਦਰਤੀ ਹੱਕ ਸੇ ਮਹਿਰੂਮ ਕਰੋਗੇ, ਵੂਹ ਅਲਹਿਦਾ ਹੋਨੇ ਕੀ ਨਹੀਂ ਸੋਚੇਗਾ, ਤੋ ਔਰ ਕਿਆ ਕਰੇਗਾ ? ਯਿਹ ਹੈ ਪਾਕਸਤਾਨ ਕੀ ਸਭ ਸੇ ਬੜੀ ਵਜ੍ਹਾ। ਬਾਕੀ ਸਵਾਲ ਰਹਾ, ਕਿ ਇਸ ਮੇਂ ਮੁਸਲਮਾਨੋ ਕੋ ਕਿਆ ਫ਼ਾਇਦਾ ਹੋਗਾ ? ਇਸ ਵਕਤ ਤਮਾਮ ਮੁਲਕ ਕੇ ਬਿਉਪਾਰ ਪਰ ਹਿੰਦੂ ਕਾ ਕਬਜ਼ਾ ਹੈ। ਇਕਤਸਾਦੀ ਤੌਰ ਪਰ ਮੁਸਲਮਾਨ ਦਿਨ-ਬਦਿਨ ਕਮਜ਼ੋਰ ਹੋਤਾ ਜਾ ਰਹਾ ਹੈ। ਤੁਮ ਦੇਖਤੇ ਨਹੀਂ ? ਗਾਉਂ ਕੀ ਤਮਾਮ ਆਬਾਦੀ ਮੁਸਲਮਾਨ ਹੈ। ਉਸ ਮੇਂ ਏਕ ਘਰ ਹਿੰਦੂ ਬਨੀਏ ਕਾ ਆਬਾਦ ਹੋ ਜਾਤਾ ਹੈ। ਤੋ ਚੰਦ ਸਾਲੋਂ ਮੇਂ ਹੀ ਵੂਹ ਬਨੀਆਂ ਸਾਲਮ ਗਾਉਂ ਕੀ ਦੌਲਤ ਅਪਨੇ ਕਬਜ਼ੇ ਮੇਂ ਲੇ ਲੇਤਾ ਹੈ। ਵੂਹ ਏਕ ਪੈਸੇ ਕੀ ਚੀਜ਼ ਚਾਰ ਪੈਸੇ ਕੋ ਬੇਚਤਾ ਹੈ, ਔਰ ਧੇਲਾ ਉਧਾਰ ਦੇ ਕਰ ਧੇਲੀ ਲਿਖ ਲੇਤਾ ਹੈ। ਫਿਰ ਸੂਦ ਦਰ ਸੂਦ ਲਗਾ ਕਰ ਸਭ ਕੁਛ ਹਜ਼ਮ ਕਰ ਜਾਤਾ ਹੈ। ਵੂਹ

ਅਪਨੀ ਚਾਲਾਕੀ ਸੇ ਹਮਾਰੇ ਤਨ ਸੇ ਕੱਪੜਾ ਔਰ ਮੂੰਹ ਸੇ ਰੋਟੀ ਛੀਨ ਲੇਤਾ ਹੈ। ਹਮ ਜੀਨੇ ਕੇ ਲੀਏ ਉਸ ਕੇ ਮੁਹਤਾਜ ਹੋ ਜਾਤੇ ਹੈਂ। ਲਿਹਾਜ਼ਾ ਯਿਹ ਪਾਕਸਤਾਨ ਕਾ ਮੁਤਾਲਬਾ ਹਮਾਰੀ ਰੋਟੀ ਔਰ ਜ਼ਿੰਦਗੀ ਕੀ ਲੜਾਈ ਹੈ।"

"ਏਕ ਬਾਤ ਔਰ ਪੂਛਨਾ ਚਾਹਤਾ ਹੂੰ।"

"ਬੜੇ ਸ਼ੌਕ ਸੇ ਪੂਛੀਏ।"

"ਪਾਕਸਤਾਨ ਬਨਨੇ ਕੇ ਬਾਅਦ ਭੀ ਯਿਹ ਬਨੀਏ ਔਰ ਹਿੰਦੂ ਜ਼ਿਮੀਦਾਰ ਤੋ ਯਹਾਂ ਰਹੇਂਗੇ ਹੀ। ਫਿਰ......।"

"ਅਰੇ ਮੀਆਂ! ਆਪ ਅਭੀ ਬੱਚੇ ਹੈਂ। ਅਗਰ ਉਨ ਮਰਦੂਦੋਂ ਨੇ ਯਹੀਂ ਰਹਿਨਾ ਹੈ, ਤੋ ਹਮਾਰੇ ਪਾਕਸਤਾਨ ਲੇਨੇ ਕਾ ਫ਼ਾਇਦਾ? ਪਾਕਸਤਾਨ ਕਾ ਮਤਲਿਬ ਹੀ ਹੈ, ਕਿ ਸਭ ਬੁਰਾਈਓਂ ਸੇ ਪਾਕ। ਲਿਹਾਜ਼ਾ ਹਕੂਮਤ ਹਾਥ ਮੇਂ ਆਤੇ ਹੀ ਮੁਲਕ ਕੋ ਕਾਫ਼ਰੋਂ ਸੇ ਪਾਕ ਕਰ ਦੀਆ ਜਾਇਗਾ। ਔਰ ਯਹਾਂ ਕੀ ਜ਼ਮੀਨ, ਯਹਾਂ ਕੇ ਮਕਾਨਾਤ, ਯਹਾਂ ਕੀ ਦੌਲਤ, ਸਭ ਤੁਮਹਾਰੀ ਮਲਕੀਅਤ ਹੋਗੀ। ਸਮਝੇ?"

'ਫਿਰ? ਫਿਰ ਕੋਟ ਰਾਏ ਸਾਹਿਬ ਦੀ ਸਾਰੀ ਜ਼ਮੀਨ ਮੁਸਲਮਾਨ ਮੁਜ਼ਾਰਿਆਂ ਦੀ ਹੋਵੇਗੀ। ਰਾਏ ਸਾਹਿਬਾਂ ਦੇ ਮਹਿਲਾਂ ਉਤੇ ਮੁਸਲਮਲੀਗ ਦਾ ਝੰਡਾ ਝੁੱਲੇਗਾ। ਤੇ ਰਾਏ ਸਾਹਿਬਾਂ ਦਾ ਅੰਤ? ਹਾਂ, ਉਹਨਾਂ ਨੂੰ ਮੈਂ ਕਿਸੇ ਹਾਲਤ ਵਿਚ ਵੀ ਮਾਫ਼ ਨਹੀਂ ਕਰਾਂਗਾ। ਉਹਨਾਂ ਤੋਂ ਨਾਜੋ ਦਾ ਬਦਲਾ......।'

"ਕਿਆ ਸੋਚ ਰਹੇ ਹੋ, ਮੀਆਂ ਹੈਦਰ?"

"ਮੈਂ? ਹੈਦਰ ਨੇ ਆਪਣੀ ਸੋਚ ਵਿਚੋਂ ਜਿਵੇਂ ਜਾਗ ਕੇ ਕਿਹਾ। "ਮੈਂ ਸੋਚ ਰਹਾ ਹੂੰ, ਕਿ ਮੈਂ ਰਾਸਤਾ ਭੂਲ ਗਿਆ ਥਾ। ਮੇਰੀ ਅਸਲੀ ਜਗ੍ਹਾ......।"

"ਮੁਸਲਮਲੀਗ ਮੇਂ ਹੈ। ਠੀਕ ਹੈ ਨਾਂ!" ਮੌਲਵੀ ਨੇ ਉਹਦਾ ਅਧੂਰਾ ਛਡਿਆ ਵਾਕ ਪੂਰਾ ਕਰ ਦਿਤਾ।

ਹੈਦਰ ਨੇ 'ਹਾਂ' ਵਿਚ ਸਿਰ ਹਿਲਾ ਦਿਤਾ।

ਹੈਦਰ ਮੁਸਲਮਲੀਗ ਵਿਚ ਸ਼ਾਮਲ ਹੋ ਗਿਆ। ਉਹ ਇਕ ਮਹੀਨਾ ਹੋਰ ਲਾਹੌਰ ਰਿਹਾ। ਮੁਸਲਮਲੀਗੀ ਵਰਕਰਾਂ ਦੀ ਸੰਗਤ ਨਾਲ ਉਹ ਓਹੋ ਜਿਹਾ ਹੀ ਕੱਟੜ ਹੋ ਗਿਆ, ਜੇਹੋ ਜੇਹੇ ਲੀਗੀ ਲੀਡਰ ਆਪਣੇ ਬੰਦਿਆਂ ਨੂੰ ਬਨਾਉਣਾ ਚਾਹੁੰਦੇ ਸਨ।

ਫਿਰ ਹੈਦਰ, ਆਪਣੇ ਕਮਿਊਨਿਸਟ ਮਿੱਤਰਾਂ ਨੂੰ ਮਿਲੇ ਤੋਂ ਬਿਨਾਂ ਹੀ ਪਿੰਡ ਨੂੰ ਚਲਾ ਗਿਆ।

੧੯

ਲਲਿਆਣੀ ਆ ਕੇ ਹੈਦਰ ਮੁਸਲਮਲੀਗੀ ਵਰਕਰਾਂ ਨੂੰ ਮਿਲਿਆ । ਉਹ ਹੈਦਰ ਨੂੰ ਆਪਣੇ ਵਿਚ ਵੇਖ ਕੇ ਬਹੁਤ ਖ਼ੁਸ਼ ਹੋਏ । ਫਿਰ ਹੈਦਰ ਆਪਣੇ ਨਾਮ-ਧਰੀਕ ਕਮਿਊਨਿਸਟ ਮੁਸਲਮਾਨ ਮਿੱਤਰਾਂ ਨੂੰ ਮਿਲਿਆ । ਉਹਨੇ ਜੀਹਨੂੰ ਜੀਹਨੂੰ ਫੋਲ ਕੇ ਵੇਖਿਆ, ਉਹ ਅੰਦਰੋਂ ਪੱਕਾ ਮੁਸਲਮ-ਲੀਗੀ ਨਜ਼ਰ ਆਇਆ । ਹੈਦਰ ਨੇ ਉਹਨਾਂ ਨੂੰ ਆਪਣਾ ਨਵਾਂ ਨਸ਼ਾਨਾ ਦੱਸਿਆ । ਮੁਸਲਮਲੀਗ ਦੀਆਂ ਗੱਲਾਂ ਸੁਣ ਕੇ ਉਹ ਖ਼ੁਸ਼ੀ ਵਿਚ ਪਾਗਲ ਹੋ ਉਠੇ ।

"ਯਾਰ ! ਕਮਿਊਨਿਸਟ ਤਾਂ ਅਸੀਂ ਤੇਰੇ ਲਿਹਾਜ ਕਰ ਕੇ ਸਾਂ । ਨਹੀਂ ਤਾਂ ਮੁਸਲਮਾਨਾਂ ਦਾ ਭਲਾ ਤਾਂ ਮੁਸਲਮਲੀਗ ਵਿਚ ਈ ਏ । ਅੰਤ ਮੁਸਲਮਾਨ, ਮੁਸਲ-ਮਾਨ ਈ ਨੇ ।" ਬਹੁਤੇ ਮਿੱਤਰਾਂ ਕੋਲੋਂ ਹੈਦਰ ਨੂੰ ਏਹਾ ਸੁਨਣਾ ਪਿਆ ।

ਫਿਰ ਹੈਦਰ ਮੀਰ ਮਾਹਮਦ, ਸੂੱਤੋਕੇ, ਰੁੱਖਾਂ ਵਾਲਾ ਆਦਿ ਪਿੰਡਾਂ ਵਿਚ ਫਿਰ ਕੇ ਆਪਣੇ ਜਾਣ ਪਛਾਣ ਵਾਲੇ ਸਾਰੇ ਮੁਸਲਮਾਨਾਂ ਨੂੰ ਮਿਲਿਆ । ਸਾਰੇ ਥਾਂਈਂ ਮੁਸਲਮਲੀਗ ਤੇ ਪਾਕਸਤਾਨ ਦਾ ਹੀ ਚਰਚਾ ਸੀ । ਅਣਡਿੱਠੇ ਬਹਿਸ਼ਤ ਵਾਂਗ ਹਰ ਮੁਸਲਮਾਨ ਦੇ ਅੰਦਰ ਪਾਕਸਤਾਨ ਦੀ ਤੜਪ ਸੀ । ਅੰਦਰਖ਼ਾਨੇ ਉਹਨਾਂ ਨੂੰ ਲੀਗੀ ਬਨਾਉਣ ਵਿਚ ਹੈਦਰ ਨੂੰ ਬਹੁਤ ਸਫਲਤਾ ਹੋਈ । ਉਹ ਇਹ ਵੀ ਮਹਿਸੂਸ ਕਰਦਾ, ਕਿ ਹੁਣ ਲੋਕ ਉਹਦੀ ਪਹਿਲਾਂ ਨਾਲੋਂ ਵਧੇਰੇ ਇੱਜਤ ਕਰਦੇ ਹਨ ।

ਹੈਦਰ ਨੂੰ ਕੋਟ ਰਾਏ ਸਾਹਿਬ ਪਹੁੰਚਣ ਦੀ ਬਹੁਤ ਕਾਹਲੀ ਸੀ । ਰੁੱਖਾਂ ਵਾਲੇ ਬਹਿ ਕੇ ਉਹਨੇ ਕਰੀਮ ਬਖ਼ਸ਼ ਨੂੰ ਪਤਾ ਕਰਨ ਭੇਜਿਆ, ਕਿ ਰਾਏ ਸਾਹਿਬ ਜਾਂ ਕੰਵਰ ਸਾਹਿਬ ਪਿੰਡ ਹਨ, ਜਾਂ ਨਹੀਂ । ਕਰੀਮ ਬਖ਼ਸ਼ ਨੇ ਵਾਪਸ ਆ ਕੇ ਪਤਾ ਦਿਤਾ, ਕਿ ਰਾਏ ਸਾਹਿਬ ਕੱਲ੍ਹ ਦਾ ਗਿਆ ਹੋਇਆ ਹੈ, ਤੇ ਭਲਕੇ ਕੰਵਰ ਸਾਹਿਬ ਵੀ ਚਲਾ ਜਾਵੇਗਾ । ਉਹ ਅੱਠ ਪਹਿਰ ਹੈਦਰ ਨੇ ਬੜੇ ਔਖੇ ਕੱਟੇ । ਉਹ ਉੱਡ ਕੇ ਵੀ ਆਪਣੀ ਨਾਜੋ ਕੋਲ ਪਹੁੰਚਣਾ ਚਾਹੁੰਦਾ ਸੀ । ਅਗਲੀ ਸ਼ਾਮ ਨੂੰ ਦੀਨਾ ਆਪ ਆ ਕੇ ਹੈਦਰ ਨੂੰ ਨਾਲ ਲੈ ਗਿਆ ।

ਉਹ ਦੋਵੇਂ ਹਨ੍ਹੇਰੇ ਹੋਏ ਕੋਟ ਰਾਏ ਸਾਹਿਬ ਪਹੁੰਚੇ । ਪਿੰਡੋਂ ਚੜ੍ਹਦੇ ਪਾਸੇ ਸ਼ਰੀਹਾਂ ਹੇਠ ਸਾਰੇ ਮੁਸਲਮਾਨਾਂ ਨੂੰ ਕੱਠੇ ਕਰਨ ਦੀ ਸਲਾਹ ਹੋਈ । ਦੀਨਾ ਲੋਕਾਂ ਨੂੰ ਘਰਾਂ ਤੋਂ ਬੁਲਾਉਣ ਵਾਸਤੇ ਤੁਰ ਗਿਆ ਤੇ ਹੈਦਰ ਓਨਾ ਚਿਰ ਆਪਣੀ ਮਾਸੀ ਨੂੰ ਮਿਲਣ ਉਹਦੇ ਘਰ ਚਲਾ ਗਿਆ । ਉਹ ਪਰਵਾਰ ਦੇ ਇਕ ਇਕ ਜੀ ਨੂੰ ਬੜੇ ਪਿਆਰ ਨਾਲ ਮਿਲਿਆ । ਤਾਜੋ ਤੇ ਚਰਾਗੋ ਉਹਦੇ ਨਾਲ ਖੁੱਲ੍ਹ ਕੇ ਗੱਲਾਂ ਕਰ

ਰਹੀਆਂ ਸਨ। ਨਾਜੋ ਸੰਗਦੀ ਸੰਗਦੀ ਉਹਦੇ ਸਾਮ੍ਹਣੇ ਆ ਬੈਠੀ। ਕਦੇ ਕਦਾਈਂ ਉਹ ਪਲ ਦਾ ਪਲ ਅੱਖ ਚਕ ਕੇ ਉਹਦੇ ਮੂੰਹ ਵੱਲ ਵੇਖ ਲੈਂਦੀ। ਉਹ ਬਹੁਤ ਕੁਛ ਕਹਿਣਾ ਚਾਹੁੰਦੀ ਸੀ, ਪਰ ਬਾਕੀ ਜੀਆਂ ਦੇ ਸਾਮ੍ਹਣੇ ਬੋਲ ਨਹੀਂ ਸੀ ਸਕਦੀ। ਹੈਦਰ ਨੇ ਗੱਲਾਂ ਕਰਦਿਆਂ ਕਰਦਿਆਂ ਬੜੀ ਦ੍ਰਿੜ੍ਹਤਾ ਨਾਲ ਕਿਹਾ, "ਮਾਸੀ! ਹੌਸਲਾ ਰੱਖੋ। ਉਹ ਦਿਨ ਦੂਰ ਨਹੀਂ, ਜਦ ਤੁਸੀਂ ਅਪਣੀਆਂ ਜ਼ਮੀਨਾਂ ਦੇ ਆਪ ਮਾਲਕ ਹੋਵੋਗੇ। ਤੁਹਾਥੋਂ ਹਿੱਸਾ ਮੰਗਣ ਵਾਲਾ ਕੋਈ ਨਹੀਂ ਹੋਵੇਗਾ। ਤੇ...... ਤੇ ਨਾਜੋ ਦਾ ਬਦਲਾ ਰਾਏ ਸਾਹਿਬਾਂ ਤੋਂ ਜ਼ਰੂਰ ਲਿਆ ਜਾਵੇਗਾ। ਅੱਲਾਹ ਤਾਲਾ ਮੈਨੂੰ ਦੋਜ਼ਖ਼ ਵਿਚ ਵੀ ਢੋਈ ਨਾ ਦੇਵੇ, ਜੇ ਇਹਦਾ ਬਦਲਾ ਨਾ ਲਵਾਂ ਤਾਂ।"

"ਪੁੱਤ! ਹੁਣ ਤੇਰੇ 'ਤੇ ਹੀ ਆਸਾਂ ਅਮੀਦਾਂ ਨੇ।" ਚਰਾਗੋ ਨੇ ਲੰਮਾ ਸਾਰਾ ਸਾਹ ਖਿੱਚ ਕੇ ਕਿਹਾ।

"ਫ਼ਿਕਰ ਨਾ ਕਰੋ, ਮਾਸੀ! ਅਸੀਂ ਹੁਣ ਪਾਕਸਤਾਨ ਹਾਸਲ ਕਰਕੇ ਈ ਦਮ ਲਵਾਂਗੇ। ਹੱਛਾ, ਤੁਸੀਂ ਹੁਣ ਆਰਾਮ ਕਰੋ। ਮੈਂ ਤੇ ਮਾਸੜ ਜ਼ਰਾ ਇਕ ਦੋ ਬੰਦਿਆਂ ਨੂੰ ਮਿਲ ਆਈਏ।" ਗੱਲ ਖ਼ਤਮ ਕਰਕੇ ਹੈਦਰ ਉਠ ਕੇ ਖਲੋ ਗਿਆ।

ਹੈਦਰ ਦੇ ਪਹੁੰਚਣ ਤਕ ਅੱਗੇ ਸ਼ਰੀਹਾਂ ਹੇਠ ਪਿੰਡ ਦੇ ਲਗਭਗ ਸਾਰੇ ਮੁਸਲਮਾਨ ਕੱਠੇ ਹੋਏ ਹੋਏ ਸਨ। ਸਿਰਫ਼ ਮੰਮੂਦੂ ਆਦਿ ਰਾਏ ਸਾਹਿਬ ਦੇ ਕੁਛ ਨਿੱਜੀ ਕਰਿੰਦਿਆਂ ਨੂੰ ਨਹੀਂ ਸੀ ਬੁਲਾਇਆ ਗਿਆ। ਹੈਦਰ ਸਾਰਿਆਂ ਨੂੰ ਸਲਾਮ ਦੁਆ ਕਰ ਕੇ ਇਕ ਵੱਟ ਉਤੇ ਬਹਿ ਗਿਆ। ਦੂਰ ਬੈਠੇ ਲੋਕ ਵੀ ਸਰਕ ਕੇ ਉਹਦੇ ਨੇੜੇ ਹੋ ਗਏ। ਸਭ ਤੋਂ ਪਹਿਲਾਂ ਦੀਨੇ ਨੇ ਗੱਲ ਤੋਰੀ, "ਭਰਾਓ! ਸਾਡਾ ਭਰੱਾ ਹੈਦਰ ਮੁਸਲਮ ਲੀਗ ਵੱਲੋਂ ਸਾਡੇ ਕੋਲ ਆਇਆ ਏ। ਕਮੂਨਿਸਟ ਪਾਰਟੀ ਨੂੰ ਇਹਨੇ ਛੱਡ ਦਿਤਾ ਏ......।"

"ਇਹ ਤਾਂ ਚੰਗਾ ਕੀਤਾ ਸੁ। ਮੁਸਲਮੀਨ ਦੇ ਬੱਚੇ ਨੂੰ ਆਪਣੀ ਸ਼ਰ੍ਹਾ ਵਿਚ ਈ ਰਹਿਣਾ ਚਾਹੀਦਾ ਏ।" ਬਾਬੇ ਪੀਰੇ ਨੇ ਦਿਲੀ ਖ਼ੁਸ਼ੀ ਨਾਲ ਕਿਹਾ। ਉਹਦੇ ਝੁਰੜੀਆਂ ਭਰੇ ਚਿਹਰੇ 'ਤੇ ਵੀ ਇਸ ਖ਼ਬਰ ਨਾਲ ਕੁਛ ਪ੍ਰਸੰਨਤਾ ਦੀ ਲਾਲੀ ਚਮਕ ਆਈ।

"ਹੁਣ ਇਹ ਮੁਸਲਮ ਲੀਗ ਦੇ ਚੰਗੇ ਲੀਡਰਾਂ ਵਿਚੋਂ ਗਿਣਿਆਂ ਜਾਂਦਾ ਏ।" ਦੀਨੇ ਨੇ ਗੱਲ ਸ਼ੁਰੂ ਰੱਖੀ। "ਕਲਕੱਤੇ ਤੇ ਬਿਹਾਰ ਵਿਚ ਮੁਸਲਮਾਨਾਂ ਨਾਲ ਕੀ ਬੀਤੀ ਏ, ਇਹ ਤੁਹਾਨੂੰ ਸਭ ਕੁਛ ਖੋਹਲ ਕੇ ਦੱਸੇਗਾ।"

ਦੀਨੇ ਦੇ ਚੁੱਪ ਕਰਨ ਉਤੇ ਸਾਰਿਆਂ ਦੀਆਂ ਨਜ਼ਰਾਂ ਹੈਦਰ ਉਤੇ ਆ ਟਿਕੀਆਂ। ਹੈਦਰ ਨੇ ਵੀ ਕਲਕੱਤੇ ਤੇ ਬਿਹਾਰ ਦੀਆਂ ਗੱਲਾਂ ਬੜੀਆਂ ਵਧਾ ਚੜ੍ਹਾ

ਕੇ ਸੁਣਾਈਆਂ । ਲਾਹੌਰ ਵਿਚ ਲੀਗੀ ਬੁਲਾਰਿਆਂ ਕੋਲੋਂ ਉਹਨੇ ਏਨਾ ਸਿੱਖ ਲਿਆ ਸੀ, ਕਿ ਅਜੇਹੀਆਂ ਘਟਨਾ ਨੂੰ ਮਜ਼੍ਹਬੀ ਰੰਗ ਚਾੜ੍ਹ ਕੇ ਲੋਕਾਂ ਉਤੇ ਕਿਵੇਂ ਅਸਰ ਪਾਈਦਾ ਹੈ । ਹਿੰਦੂਆਂ ਵੱਲੋਂ ਮੁਸਲਮਾਨਾਂ ਉਤੇ ਕੀਤੇ ਗਏ ਅਸਹਿ ਤੇ ਅਕਹਿ ਜ਼ੁਲਮਾਂ ਦੀ ਕਹਾਣੀ ਸੁਣ ਕੇ ਸਾਰੇ ਮੁਸਲਮਾਨ ਤ੍ਰਾਹ ਤ੍ਰਾਹ ਕਰ ਉਠੇ । ਸਮਾਂ ਪਛਾਣ ਕੇ ਹੈਦਰ ਨੇ ਆਖ਼ਰੀ ਸੱਟ ਮਾਰੀ, "ਵੇਖੋ ਭਰਾਵੋ ! ਜੇ ਇਹਨਾਂ ਸਾਰਿਆਂ ਜ਼ੁਲਮਾਂ ਦਾ ਬਦਲਾ ਲੈਣਾ ਚਾਹੁੰਦੇ ਹੋ, ਤਾਂ ਮੁਸਲਮਲੀਗ ਵਿਚ ਸ਼ਾਮਲ ਹੋ ਜਾਓ । ਪਾਕਸਤਾਨ ਬਣਨ ਉਤੇ ਇਹਨਾਂ ਜ਼ਮੀਨਾਂ ਦੇ ਤੁਸੀਂ ਆਪ ਮਾਲਕ ਹੋਵੋਗੇ, ਜਿਹੜੀਆਂ ਅੱਜ ਤੁਸੀਂ ਵਾਹੁੰਦੇ ਬੀਜਦੇ ਓ । ਫਿਰ ਤੁਹਾਡੀ ਕਮਾਈ ਉਤੇ ਡਾਕਾ ਮਾਰਨ ਵਾਲਾ ਕੋਈ ਨਹੀਂ ਹੋਵੇਗਾ । ਕੋਈ ਰਾਏ ਸਾਹਿਬ ਤੁਹਾਥੋਂ ਹਿੱਸਾ ਵੰਡਾਉਣ ਵਾਲਾ ਨਹੀਂ ਹੋਵੇਗਾ । ਏਹੋ ਜੇਹੇ ਸਭ ਰੜੇ ਰਾਏ ਸਾਹਿਬ ਜਹੰਨਮ (ਨਰਕ) ਪੁਚਾ ਦਿਤੇ ਜਾਣਗੇ । ਪਾਕਸਤਾਨ ਬਣ ਕੇ ਰਹੇਗਾ । ਏਥੇ ਰੱਜ ਕੇ ਖਾਉਗੇ ਤੇ ਰਾਜ ਮਾਣੋਂਗੇ ਅਤੇ ਅੱਗੇ ਇਸਲਾਮ ਦੀ ਖ਼ਿਦਮਤ ਕਰਨ ਵਾਲਿਆਂ ਨੂੰ ਹਜ਼ਰਤ ਸਾਹਿਬ ਬਹਿਸ਼ਤ ਬਖ਼ਸ਼ਣਗੇ ।"

"ਸਾਡਾ ਨਾਂ ਤਾਂ ਭਈ, ਅੱਜ ਤੋਂ ਲਿਖ ਲੈ । ਹਰਾਮ ਦਾ ਹੋਵੇ, ਜਿਹੜਾ ਪਿੱਛੇ ਹਟੇ । ਭਾਵੇਂ ਮੌਤ ਦੇ ਮੂੰਹ ਢੋ ਦੇਈਂ ।" ਇਲਮੇ ਨੇ ਕਾਹਲੇ ਪੈ ਕੇ ਕਿਹਾ ।

"ਉ ਭਈ. ਏਸ ਸਵਾਬ (ਪੁੰਨ) ਦੇ ਕੰਮ ਤੋਂ ਕਿਹੜਾ ਪਿਛੇ ਹਟੇਗਾ । ਮੁਸਲਮਾਨ ਦਾ ਬੱਚਾ ਤਾਂ ਪਾਸਾ ਨਹੀਂ ਵੱਟਣ ਲੱਗਾ ।" ਕੋਲੋਂ ਕੰਮੂੰ ਨੇ ਵੀ ਹਾਮੀ ਭਰੀ ।

"ਵੇਖ ਕਾਕਾ ! ਤੂੰ ਨੇਕੀ ਦੇ ਰਾਹ ਪਿਆ ਏਂ, ਤਾਂ ਅਸੀਂ ਸਾਰੇ ਤੇਰੇ ਮਗਰ ਆਂ । ਉਹ ਕਮਿਉਨਿਸ਼ਟਾਂ ਵਾਲਾ ਸਾਂਗ ਸਾਨੂੰ ਪਸਿੰਦ ਨਹੀਂ ਸੀ ।" ਪੀਰੇ ਨੇ ਬਜ਼ੁਰਗਾਂ ਵਾਲੀ ਸ਼ਰਧਾ ਨਾਲ ਕਿਹਾ ।

"ਬਾਬਾ ! ਅਸਲ ਵਿਚ ਨਾ ਮੈਂ ਕਦੇ ਕਮਿਊਨਿਸਟ ਸਾਂ, ਨਾ ਸੋਸ਼ਲਿਸਟ, ਨਾ ਹੋਰ ਕੁਛ । ਮੇਰੇ ਸਾਮ੍ਹਣੇ ਤਾਂ ਇਕੋ ਨਸ਼ਾਨਾ ਸੀ, ਕਿ ਅਸੀਂ ਰਾਏ ਸਾਹਿਬਾਂ ਵਰਗੇ ਲੁਟੇਰਿਆਂ ਤੋਂ ਖ਼ਲਾਸੀ ਕਿਵੇਂ ਪਾ ਸਕਦੇ ਆਂ । ਜਿਵੇਂ ਸਾਨੂੰ ਵੀ ਇੱਜ਼ਤ ਦਾ ਜਿਉਣਾ ਤੇ ਰੱਜ ਕੇ ਖਾਣਾ ਨਸੀਬ ਹੋਵੇ । ਹੁਣ ਅੱਲਾਹ ਦੇ ਫ਼ਜ਼ਲ ਨਾਲ ਮੁਸਲਮਲੀਗ ਦੇ ਕਾਇਦਾ ਆਜ਼ਮ ਮਿਸਟਰ ਜਿਨਾਹ ਨੇ ਸਾਡੀ ਬਾਂਹ ਫੜੀ ਏ, ਤਾਂ ਅਸੀਂ ਖੁਸ਼ੀ ਨਾਲ ਇਸਲਾਮੀ ਝੰਡੇ ਹੇਠਾਂ ਕੱਠੇ ਹੋ ਰਹੇ ਹਾਂ । ਚਲੋ, ਛੱਡੋ ਪੁਰਾਣੀਆਂ ਗੱਲਾਂ ਨੂੰ । ਹੁਣ ਅਗ੍ਹਾਂ ਦਾ ਪ੍ਰੋਗਰਾਮ ਸੁਣੋ । ਤੁਸੀਂ ਸਾਰੇ ਅੱਜ ਤੋਂ ਆਪਣੇ ਆਪ ਨੂੰ ਮੁਸਲਮਲੀਗ ਦੇ ਮੈਂਬਰ ਸਮਝੋ । ਬਾਕੀ ਮੁਸਲਮਾਨਾਂ ਨੂੰ ਵੀ

ਆਪਣੇ ਨਾਲ ਮਿਲਾਓ। ਪਿੰਡ ਦੀ ਲੀਗ ਕਮੇਟੀ ਬਣਾ ਕੇ ਇਕ ਬੰਦੇ ਨੂੰ ਉਹਦਾ ਸਦਰ (ਪ੍ਰਧਾਨ) ਚੁਣ ਲਵੋ। ਜੇਹੋ ਜੇਹੇ ਹਥਿਆਰ ਮਿਲ ਸਕਣ, ਟਕੂਆ, ਕੁਹਾੜੀ ਛੁਰੀ, ਬਰਛੀ, ਨਹੀਂ ਤਾਂ ਚੰਗਾ ਸੋਟਾ ਈ ਸਹੀ, ਘਰ ਵਿਚ ਲੁਕਾ ਕੇ ਰੱਖੋ। ਵਕਤ ਬੜਾ ਨਜ਼ਦੀਕ ਏ। ਸਮਝ ਗਏ ? ਤੇ ਇਹ ਸਾਰਾ ਕੰਮ ਖ਼ੁਫ਼ੀਆ ਹੀ ਰੱਖਣਾ ਏਂ। ਕਿਸੇ ਓਪਰੇ ਦੇ ਕੰਨੀ ਭਿਣਕ ਨਾ ਪਵੇ। ਹਾਂ, ਇਕ ਮੁਸਲਮਲੀਗ ਦਾ ਹੋਰ ਹੁਕਮ ਸੁਣ ਲਓ। ਪਾਕਸਤਾਨ ਬਣ ਜਾਣ 'ਤੇ ਇਹਨਾਂ ਸਾਰੀਆਂ ਜ਼ਮੀਨਾਂ ਦੇ ਮਾਲਕ ਤੁਸੀਂ ਹੋਵੋਗੇ। ਰਾਇ ਸਾਹਿਬਾਂ ਦੀ ਸਾਰੀ ਜਾਇਦਾਦ ਲੁੱਟ ਕੇ ਤੁਹਾਡੇ ਵਿਚ ਵੰਡ ਦਿਤੀ ਜਾਵੇਗੀ। ਤੇ......।"

"ਤੇ ਜਿਹੜੇ ਕਰਜੇ ਨੇ ਲੋਕਾਂ ਦੇ ਸਿਰ।" ਸਰਾਜ ਨੇ ਬੜੇ ਭੋਲੇ-ਭਾ ਸਵਾਲ ਕੀਤਾ।

"ਉਇ ਉੱਲੂਆ ! ਜਦ ਕਰਜਾ ਲੈਣ ਵਾਲਾ ਈ ਕੋਈ ਨਾ ਰਹੂ, ਤਾਂ ਕਰਜਾ ਕਿੱਥੇ ਰਹਿ ਜਾਊ।" ਦੀਨੇ ਨੇ ਸਰਾਜ ਨੂੰ ਡੌਲਿਓਂ ਫੜ ਕੇ ਹਿਲਾਉਂਦਿਆਂ ਕਿਹਾ।

"ਬੱਚੂ ! ਸਭ ਰਾਜ ਭਾਗ ਹੋਵੇਗਾ ਈ ਤੁਹਾਡਾ।" ਬਾਬੇ ਪੀਰੇ ਨੇ ਪੂਰੇ ਭਰੋਸੇ ਨਾਲ ਕਿਹਾ।

ਪੰਜ ਦਸ ਮਿੰਟ ਹੋਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਫਿਰ ਸਰਬ-ਸੰਮਤੀ ਨਾਲ ਬਾਬੇ ਪੀਰੇ ਨੂੰ ਪਿੰਡ ਦੀ ਲੀਗ ਦਾ ਸਦਰ (ਪ੍ਰਧਾਨ) ਚੁਣ ਲਿਆ ਗਿਆ। ਦੀਨਾ ਤੇ ਇਲਮਾ ਦੋ ਉਹਦੇ ਸਹਾਇਕ ਬਣਾ ਦਿਤੇ ਗਏ। ਕੰਮ ਮੁਕਾ ਕੇ ਸਾਰੇ ਲੋਕ ਘਰਾਂ ਨੂੰ ਚਲੇ ਗਏ। ਜ਼ਮੀਨਾਂ ਦੇ ਮਾਲਕ ਬਣਨ ਦੇ ਚਾਂ ਵਿਚ ਬਹੁਤਿਆਂ ਨੂੰ ਸਾਰੀ ਰਾਤ ਨੀਂਦ ਨਾ ਆਈ।

ਹੈਦਰ ਵੀ ਉਹ ਰਾਤ ਚਰਾਗੋ ਕੇ ਘਰ ਹੀ ਰਿਹਾ। ਪਰ ਉਹ ਦਿਨ ਦਾ ਚਾਨਣ ਹੋਣ ਤੋਂ ਪਹਿਲਾਂ ਹੀ ਓਥੋਂ ਤੁਰ ਗਿਆ।

੨੦

ਦੇਸ ਦੇ ਹਾਲਾਤ ਬੜੀ ਤੇਜ਼ੀ ਨਾਲ ਬਦਲਣ ਲੱਗੇ। ਮੁਸਲਮਲੀਗ ਦੇ ਫ਼ਿਰਕੂ ਪਰਚਾਰ ਨੇ ਭੋਲੇ ਭਾਲੇ ਮੁਸਲਮਾਨਾਂ ਦੇ ਦਿਲ 'ਤੇ ਬੜਾ ਮਾਰੂ ਅਸਰ ਕੀਤਾ। ਬੰਗਾਲ ਤੇ ਬਿਹਾਰ ਵਾਲੀ ਫ਼ਿਰਕੂ ਅੱਗ ਹਜ਼ਾਰੇ ਵਿਚ ਆ ਭੜਕੀ। ਓਥੋਂ ਦੀਆਂ ਧੁਖੀਆਂ ਹੋਈਆਂ ਚੁਆਤੀਆਂ ਨੇ ਪੰਜਾਬ ਵਿਚ ਵੀ ਬਾਲ ਦਿਤੀ। ਸ਼ਹਿਰਾਂ ਤੋਂ ਅਗ੍ਹਾਂ ਵਧ ਕੇ ਪਿੰਡਾਂ ਵਿਚ ਵੀ 'ਪਾਕਸਤਾਨ ਜ਼ਿੰਦਾ ਬਾਦ' ਦੇ ਨਾਹਰੇ ਲੱਗਣ ਲੱਗ

ਪਏ । ਕੇਈਆਂ ਇਲਾਕਿਆਂ ਦੀ ਹਰੀ ਭਰੀ ਧਰਤੀ ਇਨਸਾਨੀ ਲਹੂ ਨਾਲ ਰੰਗੀ ਗਈ । ਇਸ ਸਭ ਕਾਸੇ ਦਾ ਨਤੀਜਾ, ਤਿੰਨ ਜੂਨ, ੧੯੪੭ ਈ. ਨੂੰ ਪਾਕਸਤਾਨ ਦਾ ਐਲਾਨ ਹੋ ਗਿਆ । ਕਾਂਗਰਸ, ਮੁਸਲਮਲੀਗ ਤੇ ਸਰਕਾਰ ਬਰਤਾਨੀਆਂ ਨੇ ਹਿੰਦੁਸਤਾਨ ਦੇ ਟੁਕੜੇ ਕਰਨ ਦਾ ਫ਼ੈਸਲਾ ਕਰ ਲਿਆ । ਇਸ ਦੇ ਨਾਲ ਹੀ ਪੰਜਾਬ ਦੇ ਵੰਡੇ ਜਾਣ ਦਾ ਵੀ ਫ਼ੈਸਲਾ ਹੋ ਗਿਆ ।

ਪੰਜਾਬ ਦੇ ਕੁਛ ਜ਼ਿਲੇ ਪਾਕਸਤਾਨ ਵਿਚ ਤੇ ਕੁਛ ਹਿੰਦੁਸਤਾਨ ਵਿਚ ਜਾਣੇ ਸਨ । ਦੋਹਾਂ ਹਿੱਸਿਆਂ ਦੇ ਵਿਚਲੀ ਹੱਦ ਦਾ ਫ਼ੈਸਲਾ ਕਰਨ ਵਾਸਤੇ 'ਹੱਦ-ਬੰਦੀ ਕਮਿਸ਼ਨ' ਬਣਾਇਆ ਗਿਆ । ਇਹ ਤਾਂ ਸਪਸ਼ਟ ਸੀ, ਕਿ ਬਿਆਸ ਤੋਂ ਚੜ੍ਹਦੇ ਪਾਸੇ ਦਾ ਸਾਰਾ ਇਲਾਕਾ ਤੇ ਲਹਿੰਦੇ ਪਾਸਿਓਂ ਜ਼ਿਲਾ ਅੰਮ੍ਰਿਤਸਰ ਹਰ ਹਾਲ ਭਾਰਤ ਵਿਚ ਰਹੇਗਾ । ਏਸੇ ਤਰ੍ਹਾਂ ਜ਼ਿਲਾ ਮਿੰਟਗੁਮਰੀ ਤੇ ਰਾਵੀ ਤੋਂ ਲਹਿੰਦੇ ਪਾਸੇ ਦੇ ਸਾਰੇ ਜ਼ਿਲੇ ਪਾਕਸਤਾਨ ਵਿਚ ਜਾਣੇ ਅਵੱਸ਼ ਸਨ । ਬਾਕੀ ਝਗੜਾ ਰਹਿ ਜਾਂਦਾ ਸੀ ਜ਼ਿਲਾ ਲਾਹੌਰ ਤੇ ਗੁਰਦਾਸਪੁਰ ਦਾ । ਗੁਰਦਾਸਪੁਰ ਬਾਰੇ ਵੀ ਕੋਈ ਬਹੁਤਾ ਭੁਲੇਖਾ ਨਹੀਂ ਸੀ । ਲੋਕਾਂ ਦਾ ਖ਼ਿਆਲ ਸੀ, ਕਿ ਰਾਵੀ ਤੋਂ ਲਹਿੰਦੇ ਪਾਸੇ ਦਾ ਹਿੱਸਾ ਪਾਕਸਤਾਨ ਵਿਚ ਜਾਏਗਾ, ਤੇ ਬਾਕੀ ਸਾਰਾ ਭਾਰਤ ਵਿਚ ਰਹੇਗਾ । ਵਧੇਰੇ ਝਗੜਾ ਜ਼ਿਲਾ ਲਾਹੌਰ ਦਾ ਸੀ । ਲੋਕਾਂ ਦੀ ਆਮ ਰਾਏ ਸੀ, ਕਿ ਸ਼ਹਿਰ ਲਾਹੌਰ ਪਾਕਸਤਾਨ ਵਿਚ, ਤੇ ਬਾਕੀ ਸਾਰਾ ਜ਼ਿਲਾ ਭਾਰਤ ਵਿਚ ਰਹੇਗਾ । ਹਿੰਦੂ ਸਿੱਖਾਂ ਨੂੰ ਏਸ ਫ਼ੈਸਲੇ 'ਤੇ ਬਹੁਤ ਭਰੋਸਾ ।

ਇਹਨਾਂ ਹੀ ਅਫ਼ਵਾਹਾਂ ਦੇ ਆਧਾਰ 'ਤੇ ਕੋਟ. ਰਾਏ ਸਾਹਿਬ ਦੇ ਮਾਲਕ ਸਮਝਦੇ ਸਨ, ਕਿ ਉਹਨਾਂ ਦਾ ਪਿੰਡ ਭਾਰਤ ਵਿਚ ਹੀ ਰਹੇਗਾ ।

ਦੂੱਜੇ ਪਾਸੇ ਰਾਤ ਬਰਾਤੇ ਹੈਦਰ ਆ ਕੇ ਓਥੋਂ ਦੇ ਮੁਜ਼ਾਰਿਆਂ ਨੂੰ ਪੱਕੀ ਕਰ ਜਾਂਦਾ, ਕਿ ਉਹ ਹਰ ਤਰ੍ਹਾਂ ਤਿਆਰ ਰਹਿਣ । ਪਾਕਸਤਾਨ ਦੀ ਹਕੂਮਤ ਬਣਦਿਆਂ ਸਾਰ ਹੀ ਉਹ ਆਪਣਾ ਸਾਰਾ ਪ੍ਰੋਗਰਾਮ ਪੂਰਾ ਕਰ ਦੇਣ । ਇਸ ਉਪਦੇਸ਼ ਦਾ ਸਦਕਾ ਮੁਜ਼ਾਰਿਆਂ ਦੇ ਦਿਲ ਬਦਲ ਚੁਕ ਸਨ । ਹੁਣ ਜਦ ਉਹ ਪੈਲੀਆਂ ਦੇ ਬੰਨੇ ਬੰਨੇ ਫਿਰਦੇ, ਤਾਂ ਉਹਨਾਂ ਦੇ ਮਨਾਂ ਦੀ ਅਵਸਥਾ ਕੁਛ ਹੋਰ ਹੀ ਹੁੰਦੀ । ਪਿੰਡ ਦੀ ਬਹੁਤੀ ਪੈਲੀ ਮੁਜ਼ਾਰਿਆਂ ਕੋਲ ਸੀ । ਉਸ ਬਾਰੇ ਹਰ ਕੋਈ ਸੰਤੁਸ਼ਟ ਸੀ, ਕਿ ਜੀਹਦੇ ਕਬਜ਼ੇ ਵਿਚ ਜੋ ਹੈ, ਉਸ ਦਾ ਮਾਲਕ ਓਹਾ ਰਹੇਗਾ । ਕੁਛ ਪੈਲੀ ਰਾਏ ਸਾਹਿਬ ਦੀ ਆਪਣੀ ਵਾਹੀ ਥੱਲੇ ਸੀ । ਉਸ ਦੇ ਵੰਡਣ ਬਾਰੇ ਉਹ ਲੋਕ ਆਪਸ ਵਿਚ ਸੋਚਦੇ ਰਹਿੰਦੇ ।

ਮੁਸਲਮਲੀਗ ਦੀ ਚਰਚਾ ਦਾ ਭੇਦ ਸਿਰਫ਼ ਰਾਏ ਸਾਹਿਬ ਦੇ ਕੰਨਾਂ ਤੋਂ ਹੀ

ਲੁਕਿਆ ਰਹਿ ਗਿਆ ਸੀ । ਨਹੀਂ ਤਾਂ ਬਾਕੀ ਸਾਰੇ ਖੁੱਲ੍ਹ-ਮ-ਖੁੱਲ੍ਹਾ ਗੱਲਾਂ ਹੁੰਦੀਆਂ ਸਨ । ਏਥੋਂ ਤਕ, ਕਿ ਰਾਏ ਸਾਹਿਬ ਦੇ ਨਿੱਜੀ ਨੌਕਰ ਮੰਮੂਦੂ ਆਦਿ ਵੀ ਉਹਨਾਂ ਨਾਲ ਅੰਦਰੋ ਅੰਦਰ ਮਿਲ ਗਏ ਸਨ । ਜਿੰਨੇ ਉਹ ਲੋਕ ਅੰਦਰੋਂ ਮਾਲਕਾਂ ਦੇ ਵਿਰੁੱਧ ਹੁੰਦੇ ਜਾਂਦੇ, ਓਨਾ ਹੀ ਉਪਰੋਂ ਵਫ਼ਾਦਾਰੀ ਦਾ ਵਧੇਰੇ ਦਮ ਭਰਦੇ ।

ਸਰਕਾਰ ਵੱਲੋਂ ਇਹ ਐਲਾਨ ਹੋ ਚੁੱਕਾ ਸੀ, ਕਿ ਪੰਦਰਾਂ ਅਗਸਤ ਨੂੰ ਭਾਰਤ ਤੇ ਪਾਕਸਤਾਨ ਨੂੰ ਵੱਖ ਵੱਖ ਰਾਜਸੀ ਅਖ਼ਤਿਆਰ ਮਿਲ ਜਾਣਗੇ । ਮੁਸਲਮਲੀਗ ਨੇ ਆਪਣਾ ਪ੍ਰੋਗਰਾਮ ਮੁਕੰਮਲ ਕਰ ਲਿਆ ਸੀ, ਕਿ ਉਸ ਤੋਂ ਪਿੱਛੋਂ ਉਹਨੇ ਕੀ ਕਰਨਾ ਹੈ । ਮੀਰ ਮਾਹਮਦ, ਸੁੱਤੋਕੇ ਤੇ ਰੁੱਖਾਂ ਵਾਲਾ ਵਿਚ ਹੈਦਰ ਨੇ ਆਪਣਾ ਧੜਾ ਤਿਆਰ ਕਰ ਲਿਆ ਸੀ । ਉਹਦੇ ਦਿਲ ਵਿਚ ਸਭ ਤੋਂ ਵਧੇਰੇ ਸਾੜਾ ਸੀ ਰਾਏ ਸਾਹਿਬ ਵਾਸਤੇ । ਇਸ ਸਾਰੀ ਵਿਉਂਤ ਦਾ ਦੀਨੇ ਆਦਿ ਨੂੰ ਵੀ ਪਤਾ ਸੀ ।

ਹੁਣ ਉਹਨਾਂ ਨੂੰ ਏਸ ਗੱਲ ਦੀ ਵਧੇਰੇ ਚਿੰਤਾ ਲੱਗੀ, ਕਿ ਕਿਤੇ ਰਾਏ ਸਾਹਿਬ ਪਹਿਲਾਂ ਪਹਿਲਾਂ ਹੀ ਚੜ੍ਹਦੇ ਨੂੰ ਨਾ ਨੱਸ ਜਾਏ । ਆਮ ਅਫ਼ਵਾਹ ਸੀ, ਕਿ ਉਹਨੇ ਡੇਹਰਾ ਦੂਨ ਕੋਠੀ ਲੈ ਲਈ ਹੈ । ਇਸ ਧੁੜਕੂ ਨੂੰ ਦੂਰ ਕਰਨ ਲਈ ਦੀਨੇ ਦੀ ਪਾਰਟੀ ਨੇ ਇਕ ਹੋਰ ਵਿਉਂਤ ਸੋਚੀ । ਇਕ ਦਿਨ ਉਹ ਸਾਰੇ ਰਲ ਕੇ ਰਾਏ ਸਾਹਿਬ ਕੋਲ ਗਏ । ਉਹਨਾਂ ਨੇ ਕਸਮਾਂ ਖਾ ਕੇ ਵਫ਼ਾਦਾਰ ਰਹਿਣ ਦਾ ਪ੍ਰਣ ਕੀਤਾ, ਤੇ ਨਾਲ ਹੀ ਰਾਏ ਸਾਹਿਬ ਅੱਗੇ ਬੜੀ ਆਜਜ਼ੀ ਨਾਲ ਬੇਨਤੀ ਕੀਤੀ, "ਰਾਏ ਸਾਹਿਬ ! ਸਾਰੀ ਉਮਰ ਤੁਹਾਡਾ ਨਿਮਕ ਖਾਧਾ ਏ । ਅੱਬਲ ਤਾਂ ਆਪਣਾ ਇਲਾਕਾ ਪਾਕਸਤਾਨ ਵਿਚ ਜਾਂਦਾ ਨਹੀਂ । ਤੇ ਜੇ ਭਲਾ ਏਥੇ ਕੋਈ ਗੜਬੜ ਹੋਈ ਵੀ, ਤਾਂ ਅਸੀਂ ਸਾਰੇ ਤੁਹਾਡੀ ਥਾਂ ਅੱਗੇ ਹੋ ਕੇ ਜਾਨਾਂ ਦਿਆਂਗੇ । ਤੇ ਜੇ ਇਹ ਇਲਾਕਾ ਹਿੰਦੁਸਤਾਨ ਵਿਚ ਰਿਹਾ, ਤਾਂ ਫਿਰ ਆਪ ਸਾਡੇ ਮਾਲਕ ਓ । ਤੁਹਾਡੇ ਹੁੰਦਿਆਂ ਸਾਨੂੰ ਕਾਹਦਾ ਡਰ ਏ । ਪਰ ਇਕ ਅਰਜ ਕਰਦੇ ਆਂ, ਕਿ ਹੁਣ ਕਿਸੇ ਓਪਰੇ ਨੂੰ ਪਿੰਡ ਵਿਚ ਨਾ ਵੜਨ ਦਿਆ ਕਰੋ । ਇਹ ਲੀਗੀ ਤੇ ਅਕਾਲੀਏ ਨਿਰੇ ਪੁਰੇ ਅੱਗ ਲਾਊ ਨੇ, ਕਲ੍ਹੇ ਦਾ ਮੁਢ ।"

"ਤੁਸੀਂ ਬਿਲਕੁਲ ਬੇਫ਼ਿਕਰ ਰਹੋ । ਤੁਹਾਡੀ ਵੱਾ ਵੱਲ ਵੀ ਕੋਈ ਨਹੀਂ ਵੇਖੇਗਾ । ਕੋਈ ਓਪਰਾ ਆਦਮੀ ਏਥੇ ਆਵੇ, ਤਾਂ ਫ਼ੌਰਨ ਮੈਨੂੰ ਖ਼ਬਰ ਦਿਹੋ ।" ਰਾਏ ਸਾਹਿਬ ਨੇ ਪੂਰੇ ਠਰੰਮੇ ਨਾਲ ਕਿਹਾ ।

ਰਾਏ ਸਾਹਿਬ ਨੂੰ ਸੁਪਨੇ ਵਿਚ ਵੀ ਕਦੇ ਖ਼ਿਆਲ ਨਹੀਂ ਸੀ ਆਇਆ, ਕਿ ਉਹਦਾ ਪਿੰਡ ਪਾਕਸਤਾਨ ਵਿਚ ਚਲਾ ਜਾਇਗਾ । ਨਾ ਹੀ ਉਹਨੂੰ ਓਥੇ ਕੋਈ ਗੜ-ਬੜ ਹੋਣ ਦੀ ਸੰਭਾਵਨਾ ਸੀ । ਫਿਰ ਵੀ ਉਹਨੇ ਕੁਛ ਖ਼ਬਰਦਾਰ ਰਹਿਣਾ ਠੀਕ

ਸਮਝਿਆ। ਇਕ ਦੁਨਾਲੀ ਬੰਦੂਕ ਤੇ ਇਕ ਪਸਤੌਲ ਉਹਨਾਂ ਕੋਲ ਲਾਈਸੈਂਸ ਦਾ ਹੈ ਗਾ ਸੀ। ਇਕ ਪੱਕੀ ਗੋਲੀ ਵਾਲੀ ਪਠਾਣੀ ਬੰਦੂਕ ਉਹਨੇ ਹੋਰ ਮੰਗਾ ਲਈ। ਪੰਦਰਾਂ ਅਗਸਤ ਨੇੜੇ ਆ ਰਿਹਾ ਸੀ। ਇਸ ਵਾਸਤੇ ਆਪਣੇ ਧਨ ਮਾਲ ਦੀ ਰਾਖੀ ਵਾਸਤੇ ਉਹ ਦੋਵੇਂ ਭਰਾ ਪਿੰਡ ਰਹਿਣ ਲੱਗੇ।

ਅੰਤ ਪੰਦਰਾਂ ਅਗਸਤ ਆ ਗਿਆ। ਦਿਲੀ ਵਿਚ ਕਾਂਗਰਸ ਨੇ ਤੇ ਕਰਾਚੀ ਵਿਚ ਮੁਸਲਮਲੀਗ ਨੇ ਰਾਜਸੀ ਤਾਕਤ ਸੰਭਾਲ ਲਈ। ਹੈਦਰ ਓਸੇ ਦਿਨ ਰੁੱਖਾਂ ਵਾਲੇ ਆ ਬੈਠਾ। ਉਸ ਦਿਨ ਇਹ ਐਲਾਨ ਨਾ ਹੋਇਆ, ਕਿ ਲਾਹੌਰ ਦਾ ਇਲਾਕਾ ਕਿਹੜੇ ਪਾਸੇ ਜਾਵੇਗਾ। ਅਖ਼ੀਰ ਸਤਾਰਾਂ ਅਗਸਤ ਦੀ ਸ਼ਾਮ ਨੂੰ ਇਹ ਨਿਰਨਾ ਵੀ ਹੋ ਗਿਆ। ਰੇਡੀਓ 'ਤੇ ਐਲਾਨ ਕੀਤਾ ਗਿਆ, ਕਿ ਕਸੂਰ ਦੀ ਅੱਧੀ ਤਸੀਲ ਭਾਰਤ ਵਿਚ ਤੇ ਬਾਕੀ ਸਾਰਾ ਜ਼ਿਲਾ ਪਾਕਸਤਾਨ ਵਿਚ ਹੈ। ਖੇਮ ਕਰਨ ਭਾਰਤ ਵਿਕ ਤੇ ਕਸੂਰ ਪਾਕਸਤਾਨ ਵਿਚ। ਹੁਣ ਹੈਦਰ ਦੇ ਦਿਲ ਦੀ ਪੁੱਜੀ! ਉਹਨੇ ਓਸੇ ਵੇਲੇ ਮੀਰ ਮਾਹਮਦ ਤੇ ਸੁੱਤੋ ਕਿਆਂ ਨੂੰ ਆਦਮੀ ਭਜਾ ਦਿਤੇ। ਉਹ ਦੋਵੇਂ ਪਿੰਡ ਨਿਰੋਲ ਮੁਸਲਮਾਨਾਂ ਦੇ ਸਨ।

ਓਧਰ ਮਿਥੀ ਹੋਈ ਗੋਂਦ ਅਨਸਾਰ ਕੋਟ ਰਾਏ ਸਾਹਿਬ ਦੇ ਸਾਰੇ ਮੁਸਲਮਾਨ ਸੋਟੇ ਬਰਛੀਆਂ ਲੈ ਕੇ ਰਾਏ ਸਾਹਿਬ ਦੇ ਰਾਖੇ ਬਹਿ ਗਏ। ਉਪਰੋਂ ਤਾਂ ਉਹ ਇਹ ਪਰਗਟ ਕਰਦੇ, ਕਿ ਉਹ ਸਾਰੇ ਉਸ ਦੇ ਵਫ਼ਾਦਾਰ ਹਨ, ਪਰ ਵਿਚੋਂ ਇਹ ਗੱਲ ਸੀ, ਕਿ ਕਿਤੇ ਰਾਏ ਸਾਹਿਬ ਕੇ ਚੁਪ ਚੁਪੀਤੇ ਹੀ ਨਾ ਖਿਸਕ ਜਾਣ। ਉਹ ਇਕ ਇਕ ਸਾਹੇ ਦਸ ਦਸ ਕਸਮਾਂ ਖਾ ਕੇ ਕਹਿੰਦੇ, "ਰਾਏ ਸਾਹਬ! ਆਪ ਸਾਡੇ ਮਾਲਕ ਓ। ਅਸਾਂ ਤੁਹਾਡਾ ਨਿਮਕ ਖਾਧਾ ਏ। ਜੇ ਕਿਸੇ ਕੈਰੀ ਅੱਖ ਵੀ ਤੁਹਾਡੇ ਵੱਲ ਵੇਖਿਆ, ਤਾਂ ਅਸੀਂ ਸਾਰੇ ਜਾਨਾਂ ਕੁਰਬਾਨ ਕਰ ਦਿਆਂਗੇ।"

ਰਾਏ ਸਾਹਿਬ ਅੰਦਰੋਂ ਕੁਛ ਭੈ-ਭੀਤ ਹੋ ਰਿਹਾ ਸੀ, ਪਰ ਉਪਰੋਂ ਆਪਣਾ ਰੁਹਬ ਨਹੀਂ ਸੀ ਗੁਆਉਣਾ ਚਾਹੁੰਦਾ। ਉਹ ਬੜੇ ਹੌਸਲੇ ਵਿਚ ਗੱਲਾਂ ਕਰ ਰਿਹਾ ਸੀ। ਨਾਲੇ ਉਹ ਆਪਣੇ ਆਪ ਨੂੰ ਹੌਸਲਾ ਦੇਂਦਾ ਸੋਚਦਾ, 'ਪਾਕਸਤਾਨ ਈ ਬਣ ਗਿਆ ਏ ਨਾਂ! ਫ਼ਰਕ ਕੀ ਪਿਆ। ਕੀ ਅਫ਼ਗਾਨਸਤਾਨ ਵਿਚ ਹਿੰਦੂ ਨਹੀਂ ਹਨ? ਹੋਰ ਮੁਸਲਮਾਨ ਮੁਲਕਾਂ ਵਿਚ ਹਿੰਦੂ ਨਹੀਂ ਹਨ? ਤਾਂ ਏਥੇ ਕੀ ਹੋਣ ਲੱਗਾ ਏ। ਐਵੇਂ ਦੋ ਚਾਰ ਦਿਨ ਦਾ ਰੌਲਾ-ਰੱਪਾ ਹੈ। ਸਹਿਜ ਸਹਿਜ ਦੋਵੇਂ ਹਕੂਮਤਾਂ ਅਮਨ ਬਹਾਲ ਕਰ ਲੈਣਗੀਆਂ। ਓਸ ਪਾਸੇ ਹਿੰਦੂਆਂ ਦੀ ਬਹੁ-ਗਿਣਤੀ ਹੋਵੇਗੀ ਤੇ ਏਸ ਪਾਸੇ ਮੁਸਲਮਾਨਾਂ ਦੀ। ਕੀ ਓਸ ਪਾਸੇ ਮੁਸਲਮਾਨ ਨਹੀਂ ਰਹਿਣਗੇ? ਜਾਂ ਇਸ ਪਾਸੇ ਦੇ ਹਿੰਦੂ ਸਿੱਖ ਕਿਧਰੇ ਚਲੇ ਜਾਣਗੇ? ਏਧਰ ਕਿਸੇ ਇਕ ਹਿੰਦੂ ਨੂੰ ਕੋਈ ਕੁਛ

ਆਖੇਗਾ, ਤਾਂ ਓਧਰ ਵੀਹਾਂ ਮੁਸਲਮਾਨਾਂ ਤੋਂ ਉਸ ਦਾ ਬਦਲਾ ਲਿਆ ਜਾਵੇਗਾ। ਕੋਈ ਡਰ ਵਾਲੀ ਗੱਲ ਨਹੀਂ। ਦੋ ਦਿਨ ਦੀ ਹਨ੍ਹੇਰੀ ਹੈ, ਜਿਹੜੀ ਆਪਣੇ ਆਪ ਸ਼ਾਂਤ ਹੋ ਜਾਵੇਗੀ। ਜਿਹੜੀ ਰਾਜਸੀ ਪਾਰਟੀ ਤਾਕਤਵਰ ਹੋਵੇਗੀ, ਓਸੇ ਵਿਚ ਸ਼ਾਮਲ ਹੋ ਜਾਵਾਂਗੇ।'

ਇਹਨਾਂ ਹੀ ਸੋਚਾਂ ਵਿਚ ਦਿਨ ਬੀਤ ਗਿਆ। ਅਠਾਰਾਂ ਦੀ ਸ਼ਾਮ ਅਜੇ ਬਹੁਤ ਹਨ੍ਹੇਰੀ ਨਹੀਂ ਸੀ ਹੋਈ, ਜਾਂ ਹਜ਼ਾਰ-ਬਾਰਾਂ ਸੌ ਮੁਸਲਮਾਨਾਂ ਨੇ ਕੋਟ ਰਾਏ ਸਾਹਿਬ ਨੂੰ ਚੁਫੇਰਿਓਂ ਘੇਰ ਲਿਆ। ਉਹਨਾਂ ਦੇ 'ਅੱਲਾਹੂ ਅਕਬਰ' ਤੇ 'ਪਾਕਸਤਾਨ ਜ਼ਿੰਦਾਬਾਦ' ਦੇ ਨਾਹਰਿਆਂ ਦੀ ਗੂੰਜ ਪਿੰਡ ਤਕ ਪਹੁੰਚਣ ਲੱਗੀ। ਇਹ ਹਾਲ ਵੇਖ ਕੇ ਰਾਏ ਸਾਹਿਬ ਘਬਰਾ ਗਿਆ। ਪਰ ਹੁਣ ਘਬਰਾਇਆਂ ਕੀ ਬਣਦਾ ਸੀ। ਉਹਨੇ ਹਵੇਲੀ ਦੇ ਸਾਰੇ ਬੂਹੇ ਅੰਦਰੋਂ ਬੰਦ ਕਰਵਾ ਦਿਤੇ। ਆਪ ਉਹ ਤਿੰਨਾਂ ਚੌਂਹ ਹਿੰਦੂ ਨੌਕਰਾਂ ਸਣੇ ਵੱਡੇ ਦਰਵਾਜ਼ੇ ਦੀ ਡਿਉਢੀ ਉਤਲੇ ਚੁਬਾਰੇ ਵਿਚ ਬਹਿ ਗਿਆ। ਦੁਨਾਲੀ ਬੰਦੂਕ ਕੰਵਰ ਸਾਹਿਬ ਕੋਲ, ਪਠਾਣੀ ਗੋਰਖੇ ਕੋਲ ਤੇ ਪਸਤੌਲ ਰਾਏ ਸਾਹਿਬ ਕੋਲ ਸੀ। ਮੁਸਲਮਾਨ ਨੌਕਰ ਤੇ ਮੁਜ਼ਾਰੇ ਸਭ ਬੂਹੇ ਅੱਗੇ ਟਕੂਏ ਬਰਛੀਆਂ ਲਈ ਖਲੇ ਸਨ। ਉਹ ਉੱਚੀ ਉੱਚੀ ਨਾਹਰੇ ਲਾਉਂਦੇ ਲਲਕਾਰ ਕੇ ਕਹਿੰਦੇ, "ਮਰ ਮਿਟਾਂਗੇ, ਪਰ ਰਾਏ ਸਾਹਿਬ ਦਾ ਵਾਲ ਵਿੰਗਾ ਨਹੀਂ ਹੋਣ ਦਿਆਂਗੇ।"

ਰਾਏ ਸਾਹਿਬ ਨੂੰ ਉਹਨਾਂ ਉਤੇ ਇਤਬਾਰ ਨਹੀਂ ਸੀ ਰਿਹਾ। ਪਰ ਇਸ ਵੇਲੇ ਬੇਇਤਬਾਰੀ ਕੀਤਿਆਂ ਵੀ ਕੀ ਬਣਦਾ ਸੀ। ਰਾਏ ਸਾਹਿਬ ਨੇ ਜਿੰਨ੍ਹਾਂ ਨੂੰ ਸਾਰੀ ਉਮਰ ਭੁੱਖਿਆਂ ਰੱਖਿਆ ਸੀ, ਅੰਤ ਦੀ ਵਾਰ ਉਹਨਾਂ ਅੱਗੇ ਚੋਗਾ ਸੁੱਟ ਕੇ ਆਪਣੇ ਬਨਾਉਣਾ ਚਾਹਿਆ। ਉਹਨੇ ਉੱਚੀ ਸਾਰੀ ਵਾਜ ਦੇਂਦਿਆਂ ਕਿਹਾ, "ਬਾਬਾ ਪੀਰਿਆ! ਸਭ ਨੂੰ ਸੁਣਾ ਦਿਹ। ਪਾਕਸਤਾਨ ਬਣਨ ਦੀ ਖ਼ੁਸ਼ੀ ਵਿਚ ਸਭ ਮੁਜ਼ਾਰਿਆਂ ਦਾ ਕਰਜ਼ਾ ਮਾਫ਼। ਨਾਲੇ ਜਿਹੜੇ ਮੁਜ਼ਾਰੇ ਵਫ਼ਾਦਾਰ ਰਹਿਣਗੇ, ਉਹਨਾਂ ਤੋਂ ਇਸ ਫ਼ਸਲ ਦਾ ਹਿੱਸਾ ਨਹੀਂ ਲਿਆ ਜਾਵੇਗਾ।"

"ਓ ਸੁਣੋ, ਭਈ ਸੁਣੋ।" ਤੇ ਬਾਬੇ ਪੀਰੇ ਨੇ ਸਾਰ ਜ਼ੋਰ ਨਾਲ ਉੱਚੀ ਉੱਚੀ ਬੋਲ ਕੇ ਰਾਏ ਸਾਹਿਬ ਦੀ ਗੱਲ ਸਾਰਿਆਂ ਦੇ ਕੰਨਾਂ ਤਕ ਪੁਚਾ ਦਿਤੀ।

"ਰਾਏ ਸਾਹਿਬ! ਮੇਰੇ ਨਾਲ ਮੰਮੂਦੂ ਨੂੰ ਘੱਲੋ। ਮੈਂ ਉਹਨਾਂ ਬੇਈਮਾਨਾਂ ਨਾਲ ਗੱਲ ਤਾਂ ਕਰਾਂ, ਪਈ ਸਾਡਾ ਉਹਨਾਂ ਦਾ ਵੱਟ ਵਰੋਧ ਕੀ ਏ? ਪੀੜ੍ਹੀਆਂ ਤੋਂ ਕੱਠੇ ਵਸਦੇ ਆਏ। ਕਿਤੇ ਏਡੇ ਈ ਲਹੂ ਬੱਗੇ ਹੋ ਗਏ ਨੇ?" ਬਾਬੇ ਪੀਰੇ ਨੇ ਨਵੀਂ ਤਜਵੀਜ਼ ਪੇਸ਼ ਕੀਤੀ।

"ਜਾਹ ਭਈ ਮੰਮੂਦੂ! ਬਾਬਾ! ਸਮਝਾ ਨੇ ਜਾ ਕੇ। ਅੰਤ ਆਪਾਂ ਸਾਰਿਆਂ

ਏਥੇ ਕੱਠਿਆਂ ਵੱਸਣਾ ਏਂ।" ਰਾਏ ਸਾਹਿਬ ਨੇ ਆਗਿਆ ਦੇ ਦਿਤੀ।

ਬਾਬਾ ਪੀਰਾ ਤੇ ਮੰਮੂਦੂ ਰੁੱਖਾਂ ਵਾਲੇ ਦੇ ਰਾਹ ਵੱਲ ਤੁਰ ਪਏ। ਉਦਾਲੇ ਦੀ ਭੀੜ ਹੋਰ ਨੇੜੇ, ਹੋਰ ਨੇੜੇ ਤੁਰੀ ਆ ਰਹੀ ਸੀ।

ਅੱਧੇ ਘੰਟੇ ਪਿੱਛੋਂ ਪੀਰਾ ਤੇ ਮੰਮੂਦੂ ਮੁੜੇ। ਉਹਨਾਂ ਚੁਬਾਰੇ ਦੀ ਬਾਰੀ ਥੱਲੇ ਖਲੋ ਕੇ ਦੱਸਿਆ, "ਰਾਏ ਸਾਹਿਬ! ਸਾਰੀ ਕਲ੍ਹੇ ਦਾ ਮੁੱਢ ਹੈਦਰ ਏ। ਦੂੱਜਾ ਉਹਦੇ ਨਾਲ ਰੁੱਖਾਂ ਵਾਲੇ ਵਾਲਾ ਨਜਾਮ ਦੀਨ ਏ'। ਬੜੀਆਂ ਲਾਹਨਤਾਂ ਪਾਈਆਂ ਨੇ ਅਸਾਂ ਉਹਨਾਂ ਨੂੰ। ਉਹ ਤਾਂ ਕੁਛ ਢਿੱਲੇ ਹੋ ਗਏ ਨੇ, ਪਰ ਮੀਰ ਮਾਹਮਦੀਏ ਬਦਮਾਸ਼ ਅਕਬਰ ਹੋਰੀਂ ਬਹੁਤੇ ਭੂਹੇ ਆਏ ਹੋਏ ਨੇ। ਉਹਨਾਂ ਕੋਲ ਤਿੰਨ ਪੱਕੀਆਂ ਰਫ਼ਲਾਂ ਨੇ ਤੇ ਦੋ ਦੁਨਾਲੀਆਂ। ਉਹ ਆਹੰਦੇ ਨੇ, ਜੇ ਰਾਏ ਸਾਹਿਬ ਪੰਜ ਹਜ਼ਾਰ ਰੁਪਈਆਂ ਤੇ ਬੰਦੂਕਾਂ ਦੇ ਦੇਣ, ਤਾਂ ਅਸੀਂ ਮੁੜ ਜਾਵਾਂਗੇ।"

"ਮੈਂ ਪੰਜ ਹਜ਼ਾਰ ਦੀ ਥਾਂ ਦਸ ਹਜ਼ਾਰ ਤੁਹਾਨੂੰ ਦੇ ਦਿਆਂਗਾ, ਪਰ ਉਹਨਾਂ ਬਦਮਾਸ਼ਾਂ ਨੂੰ ਇਕ ਕੌਡੀ ਨਹੀਂ ਦਿਆਂਗਾ।" ਰਾਏ ਸਾਹਿਬ ਨੇ ਗਰਜ ਕੇ ਕਿਹਾ।

"ਸਰਕਾਰ! ਅਸੀਂ ਸਾਰੀ ਉਮਰ ਤੁਹਾਡਾ ਈ ਖਾਂਦੇ ਰਹੇ ਆਂ ਨਾਂ। ਅਸੀਂ ਕੁਛ ਨਹੀਂ ਲੈਂਦੇ। ਤੁਸੀਂ ਉਹਨਾਂ ਦਾ ਮੱਥਾ ਡੰਮ੍ਹੋ ਜਿਵੇਂ ਇਕਵਾਰ ਟਾਲਾ ਹੋ ਜਾਏ।" ਮੰਮੂਦੂ ਨੇ ਉੱਚਾ ਹੱਥ ਕਰਕੇ ਕਿਹਾ।

ਐਨ ਏਸੇ ਵੇਲੇ ਬਾਹਰਲੀ ਧਾੜ ਵਿਚੋਂ ਦੋ ਪੱਕੀਆਂ ਗੋਲੀਆਂ ਚੱਲਣ ਦੀ ਵਾਜ ਆਈ।

"ਵੇਖਿਓ ਰਾਏ ਸਾਹਿਬ! ਤੁਸੀਂ ਨਾ ਚਲਾਇਉ। ਐਵੇਂ ਜਾਹ ਜਾਂਦੀਏ, ਕਿਤੇ ਹਾਸੇ ਭਾਣੇ ਈਂ ਗੱਲ ਵਧ ਜਾਂਦੀ ਹੋਵੇ।" ਪੀਰੇ ਨੇ ਬੜੀ ਘਬਰਾਹਟ ਵਿਚ ਕਿਹਾ। "ਚੱਲ ਉਇ ਮੰਮੂਦੂ, ਫੇਰ ਚੱਲੀਏ। ਇਹ ਕੋਈ ਬੰਦਿਆਂ ਵਾਲੀ ਗੱਲ ਏ? ਜੇ ਨਬੇੜਾ ਕਰਨਾ ਨੇ, ਤਾਂ ਮਰਦਾਂ ਵਾਂਗ ਕਿਸੇ ਇਕ ਜਬਾਨ 'ਤੇ ਖਲੋਣ।" ਮੰਮੂਦੂ ਨੂੰ ਬਾਂਹੋਂ ਫੜ ਕੇ ਪੀਰਾ ਫਿਰ ਬਾਹਰ ਵੱਲ ਤੁਰ ਪਿਆ।

ਰਾਏ ਸਾਹਿਬ ਨੇ ਕੁਛ ਸੋਚ ਕੇ ਅੱਗੋਂ ਜਵਾਬੀ ਗੋਲੀ ਨਾ ਚਲਾਉਣ ਵਿਚ ਹੀ ਬਿਹਤਰੀ ਸਮਝੀ। ਅਸਲ ਵਿਚ ਉਹਦਾ ਦਿਲ ਡੋਲ ਗਿਆ ਸੀ। ਜਮ ਦਾ ਰੂਪ ਧਾਰ ਕੇ ਹੈਦਰ ਉਹਦੀਆਂ ਅੱਖਾਂ ਅੱਗੇ ਫਿਰ ਰਿਹਾ ਸੀ। ਇਸ ਵੇਲੇ ਉਹ ਹੈਦਰ ਨਾਲ ਕੀਤੀ ਵਧੀਕੀ 'ਤੇ ਪਛਤਾ ਰਿਹਾ ਸੀ।

ਸਵਰਨ ਲਤਾ ਆਪਣੇ ਅੰਦਰ ਪਲੰਘ 'ਤੇ ਲੱਤਾਂ ਲਮਕਾ ਕੇ ਚੁੱਪ ਚਾਪ ਪੱਥਰ ਦਾ ਬੁੱਤ ਬਣੀ ਬੈਠੀ ਸੀ। ਤੁਲਸਾਂ ਤੇ ਰਾਧਾਂ ਉਹਦੇ ਪੈਰਾਂ ਕੋਲ ਭੋਇੰ 'ਤੇ ਬੈਠੀਆਂ ਸਹਿਮ ਨਾਲ ਬੁਸਕ ਰਹੀਆਂ ਸਨ। ਬੰਦੂਕਾਂ ਦੀ ਵਾਜ ਸੁਣ ਕੇ ਤੁਲਸਾਂ

ਮਾਲਕਣ ਦੀਆਂ ਲੱਤਾਂ ਨਾਲ ਚੰਬੜ ਗਈ। "ਬੀਬੀ ਜੀ ! ਹੁਣ ਕੀ ਬਣੇਗਾ ?"

"ਬਣਨਾ ਕੀ ਏ, ਤੁਲਸਾਂ ! ਸਾਡੇ ਪਾਪਾਂ ਦੀ ਤਹਿ ਉਘੜਨ ਲੱਗੀ ਏ। ਇਹਨਾਂ ਮਹਿਲਾਂ ਵਿਚ ਬੜੇ ਪਾਪ ਹੋਏ ਨੇ। ਉਹਨਾਂ ਦਾ ਫਲ ਵੀ ਤਾਂ ਮਿਲਨਾ ਸੀ ਨਾਂ।" ਸਵਰਨ ਲਤਾ ਦੀ ਆਤਮਾ ਜਿਵੇਂ ਵਾਪਰਨ ਵਾਲੀ ਭਾਵੀ ਨੂੰ ਜਾਣ ਗਈ ਸੀ।

ਏਨੇ ਨੂੰ ਵਾਹਰ ਪਿੰਡ ਦੀਆਂ ਕੰਧਾਂ ਕੋਲ ਅੱਪੜ ਪਈ। ਪੀਰੇ ਨੇ ਜਾ ਕੇ ਉਹਨਾਂ ਨੂੰ ਓਥੇ ਹੀ ਰੋਕ ਦਿਤਾ। ਉਹਨੇ ਹੈਦਰ ਨੂੰ ਚੇਤਾਵਨੀ ਕਰਾਉਂਦਿਆਂ ਕਿਹਾ, "ਇਸ ਤੋਂ ਅਗਾਂ ਨਾ ਵਧਿਓ ਹੁਣ। ਪਹਿਲਾਂ ਉਹਨਾਂ ਕੋਲੋਂ ਹਥਿਆਰ ਲੈ ਲਈਏ। ਇਕ ਪਸਤੌਲ ਤੇ ਦੋ ਬੰਦੂਕਾਂ ਹੈਨ ਉਹਨਾਂ ਕੋਲ। ਨੇ-ਜਾਣੀਏ, ਕਿਸੇ ਬੰਦੇ ਦਾ ਵਨਾਹ ਹੋ ਜਾਏ। ਸਿਆਣਿਆਂ ਆਖਿਆ ਏ, ਸੱਪ ਵੀ ਮਰ ਜਾਏ, ਤੇ ਸੋਟਾ ਵੀ ਬਚਿਆ ਰਹੇ।"

ਏਸ ਸਲਾਹ ਨੂੰ ਸਾਰਿਆਂ ਪਸੰਦ ਕੀਤਾ। ਮੀਰ ਮਾਹਮਦ ਦੇ ਦੋ ਬੰਦਿਆਂ ਨੂੰ ਨਾਲ ਲੈ ਕੇ ਪੀਰਾ ਤੇ ਮੰਮ੍ਹਦੂ ਫੇਰ ਮੁੜ ਆਏ।

"ਰਾਏ ਸਾਹਿਬ ! ਆਹ ਮੀਰ ਮਾਹਮਦੀਆ ਅਕਬਰ ਆਇਆ ਏ।" ਪੀਰੇ ਨੇ ਅਕਬਰ ਨੂੰ ਥੋੜਾ ਜਿਹਾ ਅਗਾਂ ਕਰਦਿਆਂ ਕਿਹਾ।

"ਵੇਖੋ ਰਾਏ ਸਾਹਬ ! ਅਸੀਂ ਬਦਮਾਸ਼ ਲੋਕ ਜਿਹੜੀ ਜਬਾਨ ਕਰ ਲਈਏ, ਸਿਰ ਚਲਾ ਜਾਏ, ਪਰ ਜਬਾਨੋਂ ਨਹੀਂ ਫਿਰਦੇ। ਦਸ ਹਜ਼ਾਰ ਰੁਪਈਆ ਤੇ ਹਥਿਆਰ ਦੇ ਦਿਹੋ, ਤਾਂ ਅਸੀਂ ਚਲੇ ਜਾਂਦੇ ਆਂ। ਆਖਰ ਅਸਾਂ ਵੀ ਐਨੀ ਖੇਚਲ ਕੀਤੀ ਏ।" ਅਕਬਰ ਨੇ ਇਉਂ ਕਿਹਾ, ਜਿਵੇਂ ਉਹਨਾਂ ਏਥੋਂ ਤਕ ਆਉਣ ਦੀ ਖੇਚਲ ਰਾਏ ਸਾਹਿਬ ਦੇ ਸਿਰ ਅਹਿਸਾਨ ਵਜੋਂ ਕੀਤੀ ਹੈ।

"ਵੇਖ ਅਕਬਰ ! ਮੈਂ ਪੰਜ ਹਜ਼ਾਰ ਮਨਾ ਕੇ ਤੁਰਿਆਂ ਓਥੋਂ ਸਾਰਿਆਂ ਨੂੰ। ਤੂੰ ਫੇਰ ਵਧਦਾ ਜਾਂਦਾ ਏਂ। ਬਹੁਤਾ ਲਾਲਚ ਚੰਗਾ ਨਹੀਂ ਹੁੰਦਾ।" ਪੀਰੇ ਨੇ ਬੜੇ ਢੰਗ ਨਾਲ ਉਹਦੀ ਗੱਲ ਟੋਕੀ।

"ਉਇ ਬਾਬਾ ! ਪੰਜ ਹਜਾਰ ਤਾਂ ਉਹਨਾਂ ਲੈ ਲੈਣਾ ਏਂ, ਤੇ ਮੇਰੇ ਪੱਲੇ ਕੀ ਪਿਆ।" ਅਕਬਰ ਨੇ ਆਪਣਾ ਹੱਕ ਜਤਾਉਂਦਿਆਂ ਕਿਹਾ।

"ਵੇਖ, ਅਕਬਰ ! ਆਪਾਂ ਨਿੱਤ ਵਰਤਣਾ ਏਂ। ਪੰਜ ਹਜ਼ਾਰ ਉਹਨਾਂ ਵਾਸਤੇ ਲੈ ਜਾ, ਤੇ ਤੇਰਾ ਇਕ ਹਜ਼ਾਰ ਵੱਖਰਾ। ਪਰ ਹਥਿਆਰ ਅਸਾਂ ਨਹੀਂ ਦੇਣੇ।" ਰਾਏ ਸਾਹਿਬ ਨੇ ਥੋੜਾ ਜਿਹਾ ਬਾਰੀ ਵਿਚੋਂ ਸਾਮ੍ਹਣੇ ਹੋ ਕੇ ਕਿਹਾ।

"ਰਾਏ ਸਾਹਿਬ ! ਹਥਿਆਰ ਤਾਂ ਸਾਨੂੰ ਜਰੂਰ ਚਾਹੀਦੇ ਨੇ। ਪੈਸੇ ਭਾਵੇਂ

ਸੌ ਘੱਟ ਵੀ ਦੇ ਦਿਹੋ। ਅਸਾਂ ਰਾਤੋ ਰਾਤ ਕਸੂਰ 'ਤੇ ਹਮਲਾ ਕਰਨਾ ਏਂ। ਤੇ ਜੇ ਸਾਡੇ ਉਤੇ ਇਤਬਾਰ ਨਹੀਂ, ਤਾਂ ਤੁਹਾਡੀ ਮਰਜੀ।'' ਅਕਬਰ ਨੇ ਥੋੜਾ ਜੇਹਾ ਮਰੋੜਾ ਦੇਂਦਿਆਂ ਕਿਹਾ।

ਇਕ ਘੰਟਾ ਝਗੜਾ ਹੁੰਦਾ ਰਿਹਾ। ਅੰਤ ਕੋਈ ਚਾਰਾ ਨਾ ਵੇਖ ਕੇ, ਰਾਏ ਸਾਹਿਬ, ਦੋਹਾਂ ਭਰਾਵਾਂ ਨੇ ਸਲਾਹ ਕਰਕੇ ਤਿੰਨੇ ਹਥਿਆਰ ਬਾਰੀ ਵਿਚ ਦੀ ਥੱਲੇ ਸੁੱਟ ਦਿਤੇ। ਦਸਾਂ ਮਿੰਟਾਂ ਪਿੱਛੋਂ ਓਸੇ ਬਾਰੀ ਰਾਹੀਂ ਰਾਏ ਸਾਹਿਬ ਨੇ ਛੇ ਹਜ਼ਾਰ ਦੇ ਨੋਟ ਵੀ ਰੁਮਾਲ ਵਿਚ ਬੰਨ੍ਹ ਕੇ ਹੇਠਾਂ ਵਗਾ ਦਿਤੇ।

ਹਥਿਆਰ ਤੇ ਰੁਪੈ ਲੈ ਕੇ ਅਕਬਰ ਤੇ ਪੀਰਾ ਬਾਹਰ ਨੂੰ ਤੁਰ ਪਏ। ਉਹਨਾਂ ਦੇ ਪਹੁੰਚਣ ਉਤੇ ਰੌਲਾ ਰੱਪਾ ਵੀ ਬੰਦ ਹੋ ਗਿਆ। ਇਉਂ ਮਾਲੂਮ ਹੋ ਰਿਹਾ ਸੀ, ਜਿਵੇਂ ਤੂਫਾਨ ਟਲ ਗਿਆ ਹੋਵੇ। ਪਰ ਵੀਹਾਂ ਕੁ ਮਿੰਟਾਂ ਪਿੱਛੋਂ ਉਹ ਦੋਵੇਂ ਵੀਹਾਂ ਪੰਝੀਆਂ ਬੰਦਿਆਂ ਨੂੰ ਨਾਲ ਲੈ ਕੇ ਫਿਰ ਪਰਤ ਆਏ। ਇਸ ਵਾਰ ਉਹ ਸਾਰੇ ਹੱਥਾਂ ਤੋਂ ਸੱਖਣੇ ਸਨ। ਕਿਸੇ ਦੇ ਕੋਲ ਵੀ ਕੋਈ ਸੋਟਾ ਲੱਕੜ ਜਾਂ ਹਥਿਆਰ ਨਹੀਂ ਸੀ। ਉਹਨਾਂ ਵਿਚ ਹੈਦਰ ਵੀ ਆ ਰਿਹਾ ਸੀ।

ਹੈਦਰ ਨੂੰ ਵੇਖ ਕੇ ਰਾਏ ਸਾਹਿਬ ਦਾ ਦਿਲ ਧੜਕਣ ਲੱਗ ਪਿਆ। ਪਰ ਹੁਣ ਕੀ ਬਣਦਾ ਸੀ। ਉਹਨੇ ਸ਼ਾਂਤ ਰਹਿਣ ਵਿਚ ਹੀ ਬਿਹਤਰੀ ਸਮਝੀ।

"ਰਾਏ ਸਾਹਿਬ!'' ਅਕਬਰ ਨੇ ਨੇੜੇ ਆ ਕੇ ਕਿਹਾ, "ਅਸਾਂ ਸੋਚਿਆ, ਜਦ ਸੁਲ੍ਹਾ ਸਫ਼ਾਈ ਹੋ ਗਈ ਏ, ਤਾਂ ਦਿਲਾਂ ਵਿਚ ਕੋਈ ਮੈਲ ਬਾਕੀ ਨਹੀਂ ਰਹਿਣੀ ਚਾਹੀਦੀ। ਤੁਸਾਂ ਹੈਦਰ ਨਾਲ ਜੁੱਗੋਂ ਬਾਹਰੀ ਕੀਤੀ ਸੀ। ਇਹਨੂੰ ਉਸ ਗੱਲ ਦਾ ਬਹੁਤ ਗੁੱਸਾ ਏ। ਅਸਾਂ ਸਾਰਿਆਂ ਇਹ ਫੈਸਲਾ ਕੀਤਾ ਏ, ਕਿ ਤੁਸੀਂ ਹੈਦਰ ਨੂੰ ਪਰ੍ਹੇ ਵਿਚ ਬਾਂਹੋਂ ਫੜ ਲਉ, ਤੇ ਉਹ ਸਾਰੇ ਪੁਰਾਣੇ ਗੁੱਸੇ ਗਿਲ੍ਹੇ ਜਾਣ ਦੇਵੇ।''

'ਇਹਦੇ ਵਿਚ ਵੀ ਕੋਈ ਧੋਖਾ ਤਾਂ ਨਹੀਂ?' ਰਾਏ ਸਾਹਿਬ ਨੇ ਦਿਲ ਵਿਚ ਸੋਚਿਆ। ਪਰ ਹੁਣ ਫਸੀ ਨੂੰ ਫੜਕਣ ਕੇਹਾ। 'ਕਿਵੇਂ ਮੌਤ ਟਲ ਜਾਵੇ।' ਉਹਦੇ ਸਾਮ੍ਹਣੇ ਇਕੋ ਸਵਾਲ ਸੀ। ਅਣਖ ਤੇ ਆਕੜ ਔਖੇ ਵੇਲੇ ਸਾਥ ਛੱਡ ਗਈਆਂ ਸਨ। ਉਹਨੇ ਓਥੋਂ ਹੀ ਥੋੜਾ ਜਿਹਾ ਝੁਕ ਕੇ ਬੜੀ ਆਜਜ਼ੀ ਨਾਲ ਕਿਹਾ, "ਵੇਖ ਹੈਦਰ! ਇਨਸਾਨ ਤੋਂ ਕਈ ਗ਼ਲਤੀਆਂ ਹੋ ਜਾਂਦੀਆਂ ਨੇ। ਪਰ ਰੱਬ ਸਭ ਨੂੰ ਬਖ਼ਸ਼ ਦੇਂਦਾ ਏ। ਇਕ ਗੁਨਾਂਹ ਤੂੰ ਵੀ ਮੈਨੂੰ ਬਖ਼ਸ਼ ਦਿਹ।''

"ਓਥੇ ਖਲੋਤਿਆਂ ਈਂ? ਇਹ ਤਾਂ ਆਕੜ ਹੋਈ ਰਾਏ ਸਾਹਿਬ, ਮਾਫ਼ੀ ਕਾਹਦੀ ਹੋਈ। ਜੇ ਤੁਹਾਨੂੰ ਸਾਡੇ ਉਤੇ ਇਤਬਾਰ ਈ ਨਹੀਂ, ਤਾਂ ਸਫਾਈ ਕਾਹਦੀ ਹੋਈ। ਅਸੀਂ ਤਾਂ ਸੋਚਿਆ ਸੀ, ਗੱਲ ਮਿਟ ਜਾਂਦੀ, ਪਰ ਤੁਹਾਡੀ ਮਰਜ਼ੀ। ਦਸ

ਹਜ਼ਾਰ ਬੰਦੇ ਨੂੰ ਮਿਨਤਾਂ ਤਰਲੇ ਕਰਕੇ ਰੋਕਿਆ ਸੀ। ਚਲੋ ਭਈ।" ਮਰੋੜਾ ਦੇ ਕੇ ਅਕਬਰ ਨੇ ਪਿਛਾਂਹ ਨੂੰ ਪਾਸਾ ਪਰਤਿਆ।

"ਨਹੀਂ ਅਕਬਰ!" ਰਾਏ ਸਾਹਿਬ ਉਹਦੀ ਧਮਕੀ ਤੋਂ ਕੰਬ ਉਠਿਆ। "ਮੇਰੀ ਕੋਈ ਵਿਹਰ ਏ ਭਰਾਵਾਂ ਅੱਗੇ?" ਉਸ ਵੇਲੇ ਮੁਜ਼ਾਰੇ ਤੇ ਕੰਮੀ ਵੀ ਰਾਏ ਸਾਹਿਬ ਨੂੰ ਭਰਾ ਜਾਪਣ ਲੱਗ ਪਏ ਸਨ। ਆਕੜੀ ਹੋਈ ਧੌਣ ਝੁਕ ਗਈ ਸੀ। "ਲਓ, ਮੈਂ ਤੁਹਾਡੇ ਕਦਮਾਂ ਵਿਚ ਹਾਜ਼ਰ ਹੋ ਜਾਂਦਾਂ। ਅੱਗੇ ਤੁਹਾਡਾ ਮੇਰਾ ਅੱਲਾ ਜ਼ਾਮਨ ਏਂ।" ਹੋਰ ਕੋਈ ਚਾਰਾ ਨਾ ਰਹਿ ਗਿਆ, ਤਾਂ ਰਾਏ ਸਾਹਿਬ ਨੇ ਆਪਣਾ ਆਪ ਦੁਸ਼ਮਣ ਦੇ ਹਵਾਲੇ ਕਰ ਦੇਣ ਦਾ ਫ਼ੈਸਲਾ ਕਰ ਲਿਆ। ਉਹਦਾ ਖ਼ਿਆਲ ਸੀ, ਕਿ ਏਸ ਤਰ੍ਹਾਂ ਪੈਰੀਂ ਢਹਿ ਪੈਣ ਨਾਲ ਸ਼ਾਇਦ ਉਹਨਾਂ ਦੇ ਮਨ ਮੇਹਰ ਪੈ ਜਾਵੇ।

"ਕੰਵਰ ਸਾਹਿਬ ਨੂੰ ਵੀ ਨਾਲ ਲਈ ਆਉਣਾ। ਉਹਨਾਂ ਨਾਲ ਵੀ ਸੁਲ੍ਹਾ ਕਰਾ ਦੇਈਏ।" ਅਕਬਰ ਨੇ ਫਿਰ ਮੂੰਹ ਸਿਧਾ ਕਰ ਕੇ ਕਿਹਾ।

ਡੁੱਬਣ ਲੱਗਾ ਆਦਮੀ, ਕਹਿੰਦੇ ਨੇ, ਰੁੜ੍ਹੇ ਜਾਂਦੇ ਤੀਲਿਆਂ ਦਾ ਵੀ ਸਹਾਰਾ ਟੋਲਦਾ ਹੈ। ਮੌਤ ਨੂੰ ਸਾਮ੍ਹਣੇ ਵੇਖ ਕੇ ਜ਼ਿੰਦਗੀ ਓਸੇ ਦੇ ਪੈਰੀਂ ਢਹਿ ਕੇ ਪ੍ਰਾਣਾਂ ਦੀ ਭਿੱਛਿਆ ਮੰਗਣ ਲੱਗ ਪੈਂਦੀ ਹੈ।

ਚੁਫੇਰੇ ਮੌਤ ਖਲੀ ਵੇਖ ਕੇ, ਮਜਬੂਰ ਹੋ ਕੇ ਰਾਏ ਸਾਹਿਬ ਕੰਵਰ ਨੂੰ ਨਾਲ ਲੈ ਕੇ ਉਤਰ ਆਇਆ। ਹੈਦਰ ਦੇ ਸਾਮ੍ਹਣੇ ਆ ਕੇ ਉਹਨੇ ਨਿਮਾਣਿਆਂ ਵਾਂਗ ਹੱਥ ਜੋੜ ਕੇ ਕਿਹਾ, "ਲੈ ਹੈਦਰ! ਹੁਣ ਤੇਰੇ ਵੱਸ ਆਂ, ਭਾਵੇਂ ਮਾਰ, ਭਾਵੇਂ ਛੱਡ।"

ਇਹ ਗੱਲ ਅਜੇ ਉਹਦੇ ਮੂੰਹ ਵਿਚ ਹੀ ਸੀ, ਜਾਂ ਮੰਮੂਦੂ ਨੇ ਪਿਛਲੇ ਪਾਸਿਓਂ ਰਾਏ ਸਾਹਿਬ ਦੇ ਗਲ ਵਿਚ ਸਾਫ਼ਾ ਪਾ ਲਿਆ। ਅਕਬਰ ਨੇ ਕੰਵਰ ਸਾਹਿਬ ਨੂੰ ਪਟਿਆਂ ਤੋਂ ਫੜ ਲਿਆ, "ਲੈ ਉਇ ਹੈਦਰ! ਲਾਹ ਲੈ ਰੀਝਾਂ।" ਅਕਬਰ ਨੇ ਉਹਦੀ ਅਣਖ ਨੂੰ ਵੰਗਾਰਿਆ।

ਹੈਦਰ ਇਲਮੇ ਕੋਲੋਂ ਬਰਛੀ ਫੜ ਕੇ ਅਗ੍ਹਾਂ ਵਧਣ ਹੀ ਲੱਗਾ ਸੀ, ਜਾਂ ਪਿੱਛੋਂ ਇਸਤਰੀ-ਗਲੇ ਦੀ ਚੀਕਵੀਂ ਵਾਜ ਆਈ, "ਖਲੋਵੀਂ, ਮੈਂ...ਮੈਂ...।"

ਭੀੜ ਨੂੰ ਚੀਰਦੀ ਹੋਈ ਨਾਜੋ ਬਿਜਲੀ ਵਾਂਗ ਅੱਗੇ ਵਧੀ। ਵੈਰੀ ਤੋਂ ਬਦਲਾ ਲੈਣ ਵਾਸਤੇ ਉਹ ਚੰਡਕਾ ਦਾ ਰੂਪ ਧਾਰੀ ਆ ਰਹੀ ਸੀ। ਉਹਦੇ ਅੰਦਰ ਬਲਦੀਆਂ ਲਾਟਾਂ ਉਹਦੀਆਂ ਅੱਖਾਂ ਰਾਹੀਂ ਬਾਹਰ ਨਿਕਲ ਰਹੀਆਂ ਸਨ। ਉਹਦੇ ਸਿਰ ਤੋਂ ਚੁੰਨੀ ਲੱਥੀ ਹੋਈ ਸੀ, ਤੇ ਵਾਲ ਕੁਛ ਕੁਛ ਖਿਲਰੇ ਹੋਏ। ਉਹਦੇ ਸੱਜੇ ਹੱਥ ਵਿਚ ਚਮਕਦੀ ਛੁਰੀ ਸੀ, ਜਿਸ ਨਾਲ ਬਕਰੀਦ ਦੇ ਦਿਨ ਉਹ ਕੋਈ ਛੋਟੀ

ਮੋਟੀ ਪਠੋਰੀ ਹਲਾਲ ਕਰਿਆ ਕਰਦੇ ਸਨ। ਓਥੇ ਖਲਿਆਂ ਸਾਰਿਆਂ ਦਾ ਧਿਆਨ ਓਸੇ ਵੱਲ ਖਿੱਚਿਆ ਗਿਆ।

"ਰਾਏ ਸਾਹਿਬ! ਉਹ ਵੇਲਾ ਯਾਦ ਕਰ ਲਵੋ।" ਨਾਜੋ ਨੇ ਜਿਵੇਂ ਚੀਕ ਕੇ ਕਿਹਾ।

"ਨਾਜੋ! ਤੂੰ ਮੇਰੀ ਭੈਣ ਏਂ, ਭੈਣ! ਰਹਿਮ ਕਰੀਂ।" ਰਾਏ ਸਾਹਿਬ ਨੂੰ ਚਰਾਗੋ ਦੀ ਕਹੀ ਹੋਈ ਸਚਾਈ ਉਤੇ ਕੁਵੇਲੇ ਇਤਬਾਰ ਆਇਆ।

"ਭੈਣ? ਤਾਂ ਆਹ ਲੈ ਭੈਣ ਦਾ......।" ਨਾਜੋ ਨੇ ਰਾਏ ਸਾਹਿਬ ਦੀ ਹਿੱਕ ਵਿਚ ਛੁਰੀ ਖੋਭ ਦਿਤੀ।

"ਹਾਇ!" ਰਾਏ ਸਾਹਿਬ ਦੇ ਮੂੰਹੋਂ ਆਖ਼ਰੀ ਵਾਜ ਨਿਕਲੀ ਤੇ ਉਹ ਓਥੇ ਹੀ ਢੇਰੀ ਹੋ ਗਿਆ।

ਨਾਜੋ ਉਹਦੀ ਹਿੱਕ ਉਤੇ ਚੜ੍ਹ ਕੇ ਅੰਨ੍ਹੇ ਵਾਹ ਛੁਰੀਆਂ ਵਾਹੁਣ ਲੱਗ ਪਈ। ਪਤਾ ਨਹੀਂ, ਉਹਨੇ ਡਿੱਗੇ ਪਏ ਰਾਏ ਸਾਹਿਬ ਉਤੇ ਕਿੰਨੇ-ਕੁ ਵਾਰ ਕੀਤੇ।

ਹੈਦਰ ਨੇ ਰਾਏ ਸਾਹਿਬ ਵੱਲ ਉਲਾਰੀ ਹੋਈ ਬਰਛੀ, ਥੋੜਾ ਜਿਹਾ ਪੈਂਤੜਾ ਬਦਲ ਕੇ ਕੰਵਰ ਸਾਹਿਬ ਦੀ ਹਿੱਕ ਵਿਚ ਧਸਾ ਦਿਤੀ। ਅੱਖ ਪਲਕਾਰੇ ਵਿਚ ਪਿੰਡ ਦੇ ਮਾਲਕ ਮਿੱਟੀ ਦਾ ਢੇਰ ਹੋ ਗਏ। ਏਧਰੋਂ ਵਿਹਲੇ ਹੋ ਕੇ ਸਾਰੇ ਹਵੇਲੀ ਵੱਲ ਵਧੇ।

"ਓਇ ਗੋਰਖੇ! ਜਾਨ ਲੋੜੀਦੀ ਊ, ਤਾਂ ਬੰਦਾ ਬਣ ਕੇ ਬੂਹਾ ਖੋਲ੍ਹ ਦਿਹ।" ਮੰਮੂਦੂ ਨੇ ਹਾਕਮਾਨਾ ਰੁਹਬ ਨਾਲ ਕਿਹਾ।

ਮੌਤ-ਭੈ ਚੁਫੇਰੇ ਛਾਇਆ ਹੋਇਆ ਸੀ। ਕੰਬਦਿਆਂ ਹੱਥਾਂ ਨਾਲ ਗੋਰਖੇ ਨੇ ਬੂਹਾ ਖੋਲ੍ਹ ਦਿਤਾ। ਭੀੜ ਤੂਫ਼ਾਨ ਵਾਂਗ ਅੱਗੇ ਵਧੀ।

"ਹਾਏ ਮਰ ਗਈ। ਬੀਬੀ ਜੀ ਨੂੰ......।" ਨਾਜੋ ਪਾਗਲਾਂ ਵਾਂਗ ਅੰਦਰ ਨੂੰ ਭੱਜ ਉੱਠੀ।

ਬੂਹੇ ਅੱਗੇ ਰੌਲਾ ਸੁਣ ਕੇ ਤੁਲਸਾਂ ਤੇ ਰਾਧਾਂ ਭੱਜ ਕੇ ਬਾਲਣ ਵਾਲੇ ਅੰਦਰ ਜਾ ਲੁਕੀਆਂ। ਸਵਰਨ ਲਤਾ ਅਧ-ਬੇਹੋਸ਼ ਜੇਹੀ ਓਸੇ ਤਰ੍ਹਾਂ ਪਲੰਘ 'ਤੇ ਬੈਠੀ ਰਹੀ। ਕਮਰੇ ਦਾ ਬੂਹਾ ਚੁਫਾਲ ਖੁੱਲ੍ਹਾ ਸੀ।

"ਐਧਰ!" ਮੰਮੂਦੂ ਨੇ ਕਮਰੇ ਵਿਚ ਚਾਨਣ ਵੇਖ ਕੇ ਇਸ਼ਾਰਾ ਕੀਤਾ।

"ਨਾਜੋ ਦਾ ਬਦਲਾ।" ਕ੍ਰੋਧ ਵਿਚ ਪਾਗਲ ਹੋਇਆ ਹੈਦਰ ਕਮਰੇ ਵਿਚ ਦਾਖ਼ਲ ਹੋਇਆ।

ਸਵਰਨ ਲਤਾ ਅਜੇ ਵੀ ਪੱਥਰ ਦੀ ਮੂਰਤੀ ਵਾਂਗ ਅੱਖਾਂ ਬੰਦ ਕਰਕੇ ਬੈਠੀ

ਹੋਈ ਸੀ। ਆਪਣੀ ਅਵਸਥਾ ਤੇ ਵਾਪਰ ਰਹੀ ਘਟਨਾ ਦਾ ਜਿਵੇਂ ਉਹਨੂੰ ਗਿਆਨ ਹੀ ਨਹੀਂ ਸੀ। ਹੈਦਰ ਨੇ ਜਾਂਦਿਆਂ ਹੀ ਉਹਨੂੰ ਵਾਲਾਂ ਤੋਂ ਫੜ ਕੇ ਧੂਹ ਲਿਆ। ਦੂੱਜੇ ਹੱਥ ਨਾਲ ਉਹਨੇ ਗਲਮੇ ਕੋਲੋਂ ਹੱਥ ਪਾ ਕੇ ਉਹਦੀ ਕਮੀਜ਼ ਤੇ ਹੇਠਲੀ ਬੰਡੀ ਦੇ ਲੰਗਾਹ ਲਾਹ ਸੁੱਟੇ। ਸੁਰਤ-ਹੀਣ ਸਵਰਨ ਲਤਾ ਦੀਆਂ ਛਾਤੀਆਂ ਨੰਗੀਆਂ ਹੋ ਗਈਆਂ। ਓਸ ਹਾਲਤ ਵਿਚ ਉਹ ਉਹਨੂੰ ਧੂਹ ਕੇ ਕਮਰਿਓਂ ਬਾਹਰ ਲੈ ਆਇਆ। ਏਨੇ ਨੂੰ ਨਾਜੋ ਵੀ ਪਹੁੰਚ ਪਈ। ਉਹ ਪਾਗਲਾਂ ਵਾਂਗ ਚੀਕੀ, "ਹੈਦਰ, ਹੈਦਰ! ਛਡ ਦਿਹ ਇਹਨੂੰ। ਨਹੀਂ ਤਾਂ ਮੈਂ......।"

"ਹਟ ਜਾਹ ਪਰ੍ਹਾਂ। ਤੇਰਾ ਬਦਲਾ ਏਸੇ ਤੋਂ ਲਿਆ ਜਾਵੇਗਾ।" ਨਾਜੋ ਨੂੰ ਪਿਛਾਂਹ ਧੱਕਾ ਦੇਂਦਾ ਹੋਇਆ ਹੈਦਰ, ਸਵਰਨ ਲਤਾ ਦਾ ਤੇੜ ਦਾ ਕੱਪੜਾ ਖਿਚਣ ਲੱਗਾ।

"ਖਬਰਦਾਰ!" ਨਾਜੋ ਡਿਗਦੀ ਡਿਗਦੀ ਸੰਭਲ ਕੇ ਬੋਲੀ। ਉਹਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਸੀ। ਉਹਦੀ ਸ਼ਕਲ ਪਾਗਲਾਂ ਵਰਗੀ ਡਰਾਉਣੀ ਬਣੀ ਹੋਈ ਸੀ। "ਛਡ ਦੇ ਇਹਨੂੰ। ਨਹੀਂ ਤਾਂ ਮੈਂ ਆਪ ਛੁਰੀ ਮਾਰ ਕੇ ਮਰ ਜਾਵਾਂਗੀ। ਇਹ ਮੇਰੀ ਮਾਂ ਏਂ।"

ਹੈਦਰ ਨਾਜੋ ਵੱਲੇ ਵੇਖ ਕੇ ਠਠੰਬਰ ਗਿਆ। ਨਾਜੋ ਦੀ ਆਪਣੀ ਹਿੱਕ ਵੱਲੇ ਤਣੀ ਹੋਈ ਛੁਰੀ ਵੇਖ ਕੇ ਹੈਦਰ ਦੇ ਹੱਥ ਢਿੱਲੇ ਹੋ ਗਏ।

"ਵੇਖੀਂ ਹੈਦਰ! ਇਹ ਗੁਨਾਂਹ ਨਾ ਕਰੀਂ। ਬੀਬੀ ਜੀ ਤਾਂ ਬੀਬੀ ਫ਼ਾਤਮਾ ਵਰਗੀ ਨੇਕ ਈ। ਇਹਦੇ ਨਾਲ ਕੀਤਾ ਗੁਨਾਂਹ ਅੱਲਾ ਨੇ ਵੀ ਨਹੀਓਂ ਬਖਸ਼ਣਾ।" ਘਾਬਰੀ ਹੋਈ ਚਰਾਗੋ ਸਵਰਨ ਲਤਾ ਦੇ ਉਤੇ ਆ ਡਿਗੀ।

"ਦੂਰ ਹਟ ਜੋ।" ਨਾਜੋ ਨੇ ਫਿਰ ਗਰਜ ਕੇ ਕਿਹਾ।

ਹੈਦਰ ਘਬਰਾ ਕੇ ਦੋ ਕਦਮ ਪਿੱਛੇ ਹਟ ਗਿਆ। ਉਹਦੇ ਵੱਲੇ ਵੇਖ ਕੇ ਬਾਕੀ ਸਾਰੇ ਵੀ ਥੋੜਾ ਥੋੜਾ ਪਿਛਾਂਹ ਹੋ ਗਏ। ਨਾਜੋ ਛੁਰੀ ਸੁੱਟ ਕੇ ਸਵਰਨ ਲਤਾ ਦੇ ਪੈਰਾਂ ਨੂੰ ਚੰਬੜ ਗਈ।

"ਉਠ ਨੀ! ਚੁੱਕ ਔਂਧਰੋਂ।" ਚਰਾਗੋ ਨੇ ਨਾਜੋ ਨੂੰ ਬਾਂਹੋਂ ਫੜ ਕੇ ਉਠਾਉਂਦਿਆਂ ਕਿਹਾ।

ਦੋਵੇਂ ਮਾਂਵਾਂ ਧੀਆਂ ਬੇਹੋਸ਼ ਪਈ ਸਵਰਨ ਲਤਾ ਨੂੰ ਚੁੱਕ ਕੇ ਆਪਣੇ ਘਰ ਲੈ ਗਈਆਂ।

ਅਗਲੇ ਦਿਨ ਝੰਡਾ, ਚਰਾਗੋ ਤੇ ਨਾਜੋ ਖੇਮ ਕਰਨ ਵਾਲੀ ਸਰਹੱਦ ਉਤੇ ਸਵਰਨ ਲਤਾ ਨੂੰ ਵਿਦਿਆ ਕਰ ਰਹੇ ਸਨ। ਸਵਰਨ ਲਤਾ ਦੇ ਚਿਹਰੇ ਉਤੇ

ਪਾਗਲਾਂ ਵਰਗੀ ਨਿਰਾਸਤਾ ਛਾਈ ਹੋਈ ਸੀ । ਉਹਦੇ ਹੰਝੂ ਅੱਖਾਂ ਦੇ ਵਿਚੇ ਵਿਚ ਸੁੱਕ ਕੇ ਦਮ ਤੋੜ ਗਏ ਸਨ । ਚਰਾਗੋ ਨੇ ਭਰੀਆਂ ਅੱਖਾਂ ਨਾਲ ਆਖ਼ਰੀ ਵਾਰ ਮਾਲਕਣ ਦੇ ਪੈਰੀਂ ਹੱਥ ਲਾਇਆ । ਫਿਰ ਨਾਜੋ ਪੈਰਾਂ 'ਤੇ ਝੁਕੀ, ਤਾਂ ਸਵਰਨ ਲਤਾ ਨੇ ਉਹਨੂੰ ਫੜ ਕੇ ਹਿੱਕ ਨਾਲ ਲਾ ਲਿਆ । ਨਾਜੋ ਦਾ ਮੱਥਾ ਚੁੰਮਦਿਆਂ ਉਹਦੀਆਂ ਅੱਖਾਂ ਵੀ ਕੁਛ ਗਿੱਲੀਆਂ ਹੋ ਗਈਆਂ । ਬਿਨਾਂ ਮੂੰਹੋਂ ਬੋਲੇ ਉਹ ਨਾਜੋ ਨੂੰ ਛਡ ਕੇ ਤੁਰ ਪਈ ।

ਜਿੱਥੇ ਦੋ ਮੁਲਕਾਂ ਦੀਆਂ ਹੱਦਾਂ ਮਿਲਦੀਆਂ ਸਨ, ਓਥੇ ਦੋ ਦਰਦ ਵਾਲੀਆਂ ਰੂਹਾਂ ਵਿਛੜ ਰਹੀਆਂ ਸਨ ।

ਲੁਧਿਆਣਾ — ਸੋਹਣ ਸਿੰਘ

੨੪. ੫. ੫੯ — "ਸੀਤਲ"

ਕਹਾਣੀਆਂ

ਕਦਰਾਂ ਬਦਲ ਗਈਆਂ

ਉਮਰਾਂ ਜਿੱਡੇ ਲੰਮੇ ਪੰਧ ਪੈਰਾਂ ਥੱਲੇ ਲਤਾੜਦਾ ਹੋਇਆ, ਮੈਂ ਥੱਕ ਟੁੱਟ ਕੇ ਸ਼ਾਮ ਨੂੰ ਘਰ ਪੁੱਜਾ। ਅੱਗੇ ਮੇਰੀ ਪਤਨੀ, ਆਪਣੇ ਚੌਂਹੁ ਬੱਚਿਆਂ ਵਿਚ ਘਿਰੀ ਬੈਠੀ ਸੀ। ਉਹਨੇ ਮੇਰੇ ਉਤੇ ਇਕ ਸਾਧਾਰਨ ਜੇਹੀ ਮੁਸਕਰਾਹਟ ਸੁਟਦਿਆਂ ਕਿਹਾ, "ਬਹਿ ਕੇ ਸਾਹ ਲਵੋ ਜ਼ਰਾ। ਮੈਂ ਪਹਿਲਾਂ ਅਹਿਨਾਂ ਸੱਜਰਿਆਂ ਹਾਕਮਾਂ ਦੀ ਆਉ-ਭਗਤ ਵੱਲੋਂ ਵਿਹਲੀ ਹੋ ਲਵਾਂ।"

ਉਜਾੜ ਵਿਚ ਗੁੰਮ ਹੋ ਗਏ ਰਾਹੀ ਵਾਂਗ, ਇਕ ਮਿੰਟ ਮੈਂ ਉਦਾਸਿਆ ਖਲਾ ਰਿਹਾ, ਤੇ ਫਿਰ ਮੰਜੇ 'ਤੇ ਬਹਿ ਕੇ ਸੋਚਾਂ ਦੇ ਵਹਿਣ ਵਿਚ ਪੈ ਗਿਆ। ਮੈਂ ਕਈ ਦਿਨਾਂ ਦੇ ਵਿਛੋੜੇ ਪਿੱਛੋਂ ਪੰਧ ਦਾ ਭੰਨਿਆਂ ਹੋਇਆ ਘਰ ਪਰਤਿਆ ਸਾਂ। ਮੇਰਾ ਦਿਲ ਪ੍ਰੇਮ-ਮਿਲਨੀ ਦੀਆਂ ਰੀਝਾਂ ਨਾਲ ਭਰਿਆ ਪਿਆ ਸੀ। ਤੇ ਸਾਰੇ ਚਾਵਾਂ ਬਦਲੇ ਮਿਲਿਆ ਕੀ ? ਇਕ ਸਾਧਾਰਨ ਜੇਹੀ ਮੁਸਕਰਾਹਟ, ਜਿਸ ਵਿਚ ਬੇ-ਧਿਆਨੀ ਤੇ ਲਾ-ਪਰਵਾਹੀ ਮਿਲੀ ਹੋਈ ਸੀ। ਰਹਿ ਰਹਿ ਕੇ ਮੈਨੂੰ ਸਿਰੀ ਮਿਤੀ ਦਾ ਵਾਕ ਯਾਦ ਆਉਂਦਾ, 'ਮੈਂ ਪਹਿਲਾਂ ਅਹਿਨਾਂ ਸੱਜਰਿਆਂ ਹਾਕਮਾਂ ਦੀ ਆਉ-ਭਗਤ ਵੱਲੋਂ ਵਿਹਲੀ ਹੋ ਲਵਾਂ।' ਠੀਕ ਹੀ ਸੱਜਰੇ ਹਾਕਮ, ਪੁਰਾਣੇ ਹਾਕਮਾਂ ਨਾਲੋਂ ਆਉ-ਭਗਤ ਦੇ ਵਧੇਰੇ ਹੱਕਦਾਰ ਹੁੰਦੇ ਹਨ।

ਪਰ ਇਸਤਰੀ ਦਾ ਹਾਕਮ ਹੁੰਦਾ ਕੌਣ ਏਂ ?

ਮੈਨੂੰ ਯਾਦ ਆਇਆ, ਪਿਛਲੇ ਸਾਲ ਸਾਡੇ ਗਵਾਂਢ ਇਕ ਮੁਟਿਆਰ ਦਾ ਪਤੀ ਸੁਰਗਵਾਸ ਹੋ ਗਿਆ ਸੀ। ਉਹ ਵੈਣ ਪਾਉਂਦੀ ਕਹਿੰਦੀ ਸੀ, 'ਕਾਹਨੂੰ ਕੱਲ੍ਹੀ ਛੱਡ ਕੇ ਤੁਰ ਪਿਓਂ ਵੇ, ਮੇਰਿਆ ਹਾਕਮਾਂ।' ਕੀ ਇਸਤਰੀ ਦੀ ਬੋਲੀ ਵਿਚ 'ਹਾਕਮ' ਦਾ ਅਰਥ......? ਤੇ ਇਹ ਚਾਰੇ ਵੀ ਇਹਦੀ ਦੁਨੀਆਂ ਵਿਚ ਹਾਕਮ ਦਾ ਦਰਜਾ ਰਖਦੇ ਹਨ ? ਤਾਂ ਕਿਉਂ ਨਾ ਫਿਰ ਉਹ, ਇਸ ਪੁਰਾਣੇ ਹਾਕਮ ਨਾਲੋਂ ਉਹਨਾਂ ਸੱਜਰਿਆਂ ਹਾਕਮਾਂ ਦੀ ਆਉ-ਭਗਤ ਪਹਿਲਾਂ ਕਰੇ ? ਮੈਨੂੰ ਉਹ ਦਿਨ ਯਾਦ ਆ ਗਏ, ਜਦ ਮੈਂ ਵੀ ਸੱਜਰਾ ਹਾਕਮ ਹੁੰਦਾ ਸਾਂ।

ਚੋਖਾ ਚਿਰ ਮੈਂ ਏਸੇ ਘੁੰਮਣਘੇਰ ਵਿਚ ਚੱਕਰ ਖਾਂਦਾ ਰਿਹਾ । ਰਹਿ ਰਹਿ ਕੇ ਮੈਨੂੰ ਆਪਣੀ ਹਾਲਤ ਉਤੇ ਤਰਸ ਆ ਰਿਹਾ ਸੀ । ਏਨੇ ਨੂੰ ਸਿਰੀ ਮਤੀ ਮੰਜੇ 'ਤੇ ਲੰਮੀ ਪੈ ਕੇ ਨਿੱਕੇ ਕਾਕੇ ਨੂੰ ਥਾਪੜਨ ਲੱਗ ਪਈ । 'ਵਾਹ-ਵਾ, ਅਰਰ-ਰੇ' ਦੀ ਮੁਹਾਰਨੀ ਅਧਵਾਟੇ ਛੱਡ ਕੇ, ਉਹਨੇ ਮੇਰੇ ਵੱਲ ਤੱਕ ਕੇ ਆਗਿਆ ਕੀਤੀ, "ਮੈਂ ਆਖਿਆ, ਤੁਸੀਂ ਉਠ ਕੇ ਨ੍ਹਾ ਧੋ ਲਵੋ । ਮੈਂ ਏਸ ਡਾਢੇ ਨੂੰ ਸੁਆ ਲਵਾਂ ਜ਼ਰਾ ।"

ਬਿਨਾਂ ਹੂੰ-ਚਰਾਂ ਕੀਤੇ ਮੈਂ ਗੜਵੀ ਬਾਲਟੀ ਫੜ ਕੇ ਨਲਕੇ ਉਦਾਲੇ ਜਾ ਹੋਇਆ । ਭਰੀ ਹੋਈ ਬਾਲਟੀ ਵਿਚੋਂ ਗੜਵੀ ਭਰਨ ਲਗਿਆਂ, ਬੁਲਬੁਲੇ ਪੈਦਾ ਹੋ ਕੇ ਮੇਰੀ ਸੁਰਤ ਨੂੰ ਖਿੱਚ ਰਹੇ ਸਨ । ਓਧਰ ਸਿਰੀ ਮਤੀ ਨੇ ਖਿਝ ਕੇ ਇਕ ਵਡੇਰਾ ਧੱਫਾ ਮਾਰਦਿਆਂ ਕਿਹਾ, "ਸੌਂ ਜਾ ਵੇ, ਮੇਰਿਆ ਨਿੱਕਿਆ ਖਸਮਾ !"

ਇਹ ਵਾਕ ਮੇਰੇ ਦਿਲ 'ਤੇ ਚੋਟ ਵਾਂਗ ਵੱਜਾ । ਭਰੀ ਹੋਈ ਗੜਵੀ ਮੇਰੇ ਹੱਥੋਂ ਨਿਕਲ ਕੇ ਬਾਲਟੀ ਵਿਚ ਜਾ ਪਈ । ਮੇਰੇ ਧੁਰ ਅੰਦਰੋਂ ਵਾਜ ਆਈ, 'ਹੁਣ ਪਾਂਡਵਾਂ ਵਾਂਗ ਵੰਡਵਾਂ ਪਿਆਰ ਹੀ ਮਿਲਿਆ ਕਰੇਗਾ ।'

'ਪਾਂਡੋ' ਸ਼ਬਦ ਦੇ ਨਾਲ ਹੀ, ਪਾਂਡਵਾਂ ਦੀ ਕਹਾਣੀ, ਸੁਰਤ ਦੀਆਂ ਅੱਖਾਂ ਅੱਗੇ ਫਿਰ ਗਈ । ਹਿਮਾਲਾ ਦੀਆਂ ਬਰਫ਼-ਢੱਕੀਆਂ ਚੋਟੀਆਂ 'ਤੇ ਚੜ੍ਹਦਿਆਂ, ਦਰੋਪਦੀ ਦੇ ਡਿੱਗਣ ਦਾ ਕਾਰਨ ਦਸਦਿਆਂ ਯੁਧਸ਼ਟਰ ਨੇ ਹਉਕਾ ਭਰ ਕੇ ਕਿਹਾ ਸੀ, 'ਇਹ ਸਾਡੀ ਪੰਜਾਂ ਦੀ ਪਤਨੀ ਸੀ । ਪਰ ਅਰਜਨ ਨੂੰ ਇਹ ਦੂੱਜਿਆਂ ਨਾਲੋਂ ਵਧੇਰੇ ਪਿਆਰ ਕਰਦੀ ਸੀ ।'

ਯੁਧਸ਼ਟਰ ਦਾ ਇਕ ਹਉਕਾ, ਮੇਰੇ ਅੰਦਰੋਂ ਹਉਕਿਆਂ ਦੀ ਲੜੀ ਬਣ ਕੇ ਨਿਕਲ ਤੁਰਿਆ । ਮੈਂ ਸੋਚਾਂ ਦੇ ਵਹਿਣ ਵਿਚ ਰੁੜ੍ਹਦਾ ਜਾ ਰਿਹਾ ਸਾਂ, 'ਜੇ ਦਰੋਪਦੀ ਵਰਗੀ ਸਤਿਜੁਗੀ ਇਸਤਰੀ ਵੀ ਵੱਡੇ ਨਾਲੋਂ ਛੋਟੇ ਨੂੰ ਵਧੇਰੇ ਪਿਆਰ ਕਰਦੀ ਸੀ, ਤਾਂ ਇਹ ਤਾਂ ਕਲਜੁਗੀ ਇਸਤਰੀ ਏ । ਏਥੇ ਵੱਡੇ ਨੂੰ ਛੋਟਿਆਂ ਦੇ ਬਰਾਬਰ ਇਨਸਾਫ਼ ਦੀ ਆਸ ਕਿਵੇਂ ਹੋ ਸਕਦੀ ਏ ?'

ਅੱਧ-ਗਿੱਲੇ ਪਿੰਡੇ ਨੂੰ ਹੀ ਪੂੰਝ ਕੇ ਮੈਂ ਮੰਜੇ 'ਤੇ ਬਹਿ ਗਿਆ । ਸਿਰੀ ਮਤੀ ਨੇ ਕਾਕੇ ਨੂੰ ਮੇਰੀ ਗੱਦ ਵਿਚ ਪਾਉਂਦਿਆਂ ਕਿਹਾ, "ਇਹਦੀ ਵੀ ਤੁਹਾਡੇ ਨਾਲ ਈ ਜਿਦ ਏ । ਅੱਗੇ ਤਾਂ ਐਸ ਵੇਲੇ ਨੂੰ ਕਦੋ ਦਾ ਸੌਂ ਜਾਂਦਾ ਸੀ । ਫੜੋ, ਮੈਂ ਤੁਹਾਡੇ ਵਾਸਤੇ ਰੋਟੀ ਲਿਆਵਾਂ ।"

ਮੇਰੇ ਦਿਲ ਵਿਚੋਂ ਹੂਕ ਉੱਠੀ, 'ਮੇਰੇ ਨਾਲ ਜਿਦ ਕਰੇ ਕਿਉਂ ਨਾ ? ਮੇਰਾ ਸ਼ਰੀਕ ਜੁ ਹੋਇਆ ।' ਤੇ ਏਸ ਤੋਂ ਵੱਡਾ ਸ਼ਰੀਕ ਵੀ ਹੋ ਸਕਦਾ ਏ, ਜਿਹੜਾ ਅਰਧ-ਸਰੀਰੀ ਨਾਰ ਦੇ ਪਿਆਰ ਉਤੇ ਮੱਲ ਮਾਰ ਬਹੇ । ਫਿਰ ਹਨ੍ਹੇਰ ਇਹ, ਕਿ ਇਸ

ਕਬਜ਼ੇ ਦੇ ਖ਼ਿਲਾਫ਼ ਦਾਦ ਫ਼ਰਯਾਦ ਵੀ ਕੋਈ ਨਹੀਂ ਹੋ ਸਕਦੀ।

ਮੇਰਾ ਸ਼ਰੀਕ, ਮੇਰੀ ਗੱਦ ਵਿਚ ਪਿਆ ਚਾਂਭਲਾਂ ਮਾਰ ਰਿਹਾ ਸੀ। ਨਿੱਕੇ ਨਿੱਕੇ ਹੱਥ ਮੇਰੇ ਵੱਲ ਉਠਾ ਕੇ ਉਹ ਮੇਰੀ ਹਾਰ ਦਾ ਹੱਸਾ ਉਡਾ ਰਿਹਾ ਸੀ। ਕਦੇ ਪਹਿਲਵਾਨਾਂ ਵਾਂਗ ਪੱਟ ਉਤੇ ਥਾਪੀ ਮਾਰ ਕੇ ਉਹ ਮੇਰੀ ਅਣਖ ਨੂੰ ਵੰਗਾਰਨ ਲੱਗ ਪੈਂਦਾ ਸੀ। ਪਰ ਮੈਂ ਹੈਰਾਨ ਸਾਂ, ਕਿ ਫਿਰ ਵੀ ਮੈਨੂੰ ਉਹਦੇ ਉਤੇ ਗੁੱਸਾ ਨਹੀਂ ਸੀ ਆਉਂਦਾ। ਸਗੋਂ ਉਲਟਾ ਮੈਂ ਆਪਣੇ ਆਪ ਉਤੇ ਖਿਝ ਰਿਹਾ ਸਾਂ। ਕੀ ਮਰਦ ਦੀ ਐਸੀ ਹਾਲਤ ਤਰਸਯੋਗ ਨਹੀਂ, ਜਦ ਉਹ ਚਾਹੁੰਦਾ ਹੋਵੇ, ਕਿ ਉਹਨੂੰ ਗੁੱਸਾ ਆਵੇ, ਪਰ ਗੁੱਸਾ ਉਹਦਾ ਸਾਥ ਨਾ ਦੇਵੇ ?

ਚਲੋ ਛੱਡੋ ਇਸ ਵਾਧੂ ਝੇੜੇ ਨੂੰ। ਜੇਹੋ ਜੇਹੀ ਰੋਟੀ ਮਿਲੀ, ਖਾ ਕੇ ਮੈਂ ਕੋਠੇ 'ਤੇ ਜਾ ਲੰਮਾ ਪਿਆ। ਘਰਾਂ ਵਿਚ ਜਗਦੇ ਦੀਵੇ ਬੁਝਦੇ ਜਾ ਰਹੇ ਸਨ। ਅਸਮਾਨ ਦੀ ਲਹਿੰਦੀ ਨੁਕਰੇ ਅਜੇ ਅਰਸ਼ੀ ਦੀਵਾ ਜਗ ਰਿਹਾ ਸੀ। ਕਿੰਨਾ ਫ਼ਰਕ ਹੈ ਇਹਨਾਂ ਦੀਵਿਆਂ ਵਿਚ ਤੇ ਉਸ ਵਿਚ। ਇਹ ਉੱਚੀਆਂ ਕੰਧਾਂ ਦੇ ਵਲਗਣ ਵਿਚ ਘਿਰੇ ਹੋਏ ਹਨ। ਇਹਨਾਂ ਦਾ ਚਾਨਣ ਕੰਜੂਸ ਦੀ ਦੌਲਤ ਵਾਂਗ ਕੇਵਲ ਆਪਣੇ ਵਾਸਤੇ ਹੈ। ਗਵਾਂਢੀ ਦੇ ਘਰ ਵਿਚ ਤਾਂ ਇਹ ਕੰਧਾਂ ਦੇ ਪਰਛਾਂਵੇਂ ਸੁੱਟ ਕੇ ਹਨ੍ਹੇਰੇ ਨੂੰ ਸਗੋਂ ਗੂੜ੍ਹਾ ਕਰ ਦੇਂਦੇ ਹਨ। ਤੇ ਉਹ ਅਰਸ਼ੀ ਦੀਵਾ ? ਜਿਨ੍ਹਾਂ ਘਰਾਂ ਦਾ ਚਾਨਣ ਪੈਸਾ-ਪਤੀ ਖੁਹ ਲੈਂਦਾ ਹੈ, ਉਹ ਉਹਨਾਂ ਵਿਚ ਵੀ ਚਾਂਦੀ-ਰੰਗੀਆਂ ਰਿਸ਼ਮਾਂ ਖਿਲਾਰ ਦੇਂਦਾ ਹੈ। ਜਿਨ੍ਹਾਂ ਢਾਰਿਆਂ ਨੂੰ ਉਚੀਆਂ ਅਟਾਰੀਆਂ ਦੇ ਪਰਛਾਂਵਿਆਂ ਨੇ ਢੱਕ ਲਿਆ ਹੁੰਦਾ ਹੈ, ਉਹਨਾਂ ਵਿਚ ਉਹਨੂੰ ਜ਼ਰਾ ਝੁਕ ਕੇ ਝਾਤ ਕਰਨੀ ਪੈਂਦੀ ਹੈ।

ਮੈਂ ਇਕ-ਟਕ ਚੰਦ ਉਤੇ ਨਜ਼ਰ ਜਮਾਈ ਕੁਛ ਸੋਚ ਰਿਹਾ ਸਾਂ। ਵੱਡੇ ਬੱਚੇ ਆਪੋ ਆਪਣੇ ਮੰਜਿਆਂ ਉਤੇ ਸੌਂ ਗਏ ਸਨ। ਸਿਰੀ ਮਤੀ ਦੇ ਪੌੜੀਆਂ ਚੜ੍ਹਨ ਦੀ ਵਾਜ ਆਈ। ਮੇਰੇ ਦਿਲ ਵਿਚ ਸੁੱਤੀ ਰੀਝ ਨੇ ਅੰਗੜਾਈ ਲਈ, 'ਸ਼ਾਇਦ ਕੋਈ ਰਹਿਮ ਕਰ ਕੇ ਪੰਧ ਦੀਆਂ ਭੰਨੀਆਂ ਲੱਤਾਂ ਨੂੰ ਜ਼ਰਾ ਨੱਪ ਘੁੱਟ ਦੇਵੇ।'

ਨਿੱਕਾ ਕਾਕਾ ਅਜੇ ਜਾਗ ਰਿਹਾ ਸੀ। ਸਿਰੀ ਮਤੀ ਆਪਣੇ ਮੰਜੇ 'ਤੇ ਲੇਟ ਗਈ। ਛੋਟਾ ਹਾਕਮ, ਜੇਤੂ ਜਰਨੈਲ ਵਾਂਗ ਉਹਦੀ ਹਿੱਕ ਉਤੇ ਭੁੜਕਣ ਲੱਗ ਪਿਆ। ਸਿਰੀ ਮਤੀ ਨੇ ਮੇਰੇ ਵੱਲ ਥੋੜਾ ਜਿਹਾ ਮੂੰਹ ਫੇਰ ਕੇ ਕਿਹਾ, "ਇਹ ਨਹੀਂ ਸੌਂਦਾ ਅੱਜ। ਮੈਨੂੰ ਤਾਂ ਤੁਸਾਂ ਇਹਨਾਂ ਕੋਲ ਵੇਚ ਛੱਡਿਆ ਏ।"

ਮੇਰੇ ਦਿਲ ਵਿਚੋਂ ਇਕ ਹੋਰ ਹੂਕ ਉੱਠੀ, 'ਕੀ ਇਹਦੀ ਮੁਹੱਬਤ ਵੀ ਮੇਰੇ ਵਾਂਗ ਮਿੱਠੀਆਂ ਜ਼ੰਜੀਰਾਂ ਵਿਚ ਜਕੜੀ ਤੜਪ ਰਹੀ ਏ ?'......ਪਰ ਇਸ ਮਜਬੂਰੀ ਵਿਚ ਵੀ ਕਿੰਨਾ ਸੁਆਦ ਤੇ ਮਾਨਸਿਕ ਸ਼ਾਂਤੀ ਸੀ।

ਪਤਾ ਨਹੀਂ, ਅੱਜ ਮੇਰੀ ਸੁਰਤ ਕਿਉਂ ਏਨੀ ਚੰਚਲ ਹੋਈ ਹੋਈ ਸੀ। ਉਹ ਛੋਟੇ ਜੇਹੇ ਨੁਕਤੇ ਤੋਂ ਤਿਲਕ ਕੇ ਲੰਮੇ ਰਾਹੇ ਪੈ ਜਾਂਦੀ ਸੀ।

ਜਾਣੀ ਪਛਾਣੀ ਮਿੱਠੀ ਜੇਹੀ ਵਾਜ ਨੇ ਮੇਰੀ ਸੋਚ ਸ਼ਕਤੀ ਨੂੰ ਆਪਣੇ ਵੱਲ ਖਿੱਚ ਲਿਆ। ਸਿਰੀ ਮਤੀ ਛੋਟੇ ਕਾਕੇ ਨੂੰ ਪੈਰਾਂ 'ਤੇ ਬਿਠਾ ਕੇ, ਤੇ ਗੋਡੇ ਉਚੇ ਕਰ ਕੇ ਹੂਟੇ ਦੇਂਦੀ ਕਹਿ ਰਹੀ ਸੀ,

"ਹੂਟੇ, ਮਾਟੇ,
ਸੋਨੇ ਦੀ ਗੱਡ ਘੜ੍ਹਾ ਕੇ,
ਉਤੇ ਛਿੰਦੇ ਨੂੰ ਬ੍ਹਾ ਕੇ,
ਮਾਈਓ, ਬੁਢੀਓ,
ਭਾਂਡਾ ਟੀਂਡਾ ਸਾਂਭ ਲੈਣਾ,
ਮੇਰੇ ਛਿੰਦੇ ਦੀ ਗੱਡ ਆਈਓ ਜੇ-ਇ-ਇ!"

'ਜੇ-ਇ-ਇ!' ਦੀ ਲੰਮੀ ਹੇਕ ਨੇ ਜਵਾਨੀ ਨੂੰ ਚੁੱਕ ਕੇ ਬਚਪਨ ਦੇ ਰਾਜ ਵਿਚ ਜਾ ਪਟਕਿਆ। ਮੈਂ ਅਨਭਵ ਕਰ ਰਿਹਾ ਸਾਂ, ਜਿਵੇਂ ਮਮਤਾ ਭਰੀ ਮਾਂ ਮੈਨੂੰ ਪੈਰਾਂ ਦੇ ਪੰਘੂੜੇ 'ਤੇ ਬਿਠਾਈ 'ਹੂਟੇ ਮਾਟੇ' ਕਰ ਰਹੀ ਹੈ। ਕੋਲ ਖਲੀ ਵੱਡੀ ਭੈਣ ਮੇਰੇ ਵੱਲੇ ਬਾਂਹੀਂ ਫੈਲਾਈ ਕਹਿ ਰਹੀ ਸੀ, 'ਛਿੰਦੇ! ਮੈਂ ਭੰਡਾਰ ਕੱਤਣ ਚੱਲੀ ਆਂ।' ਤੇ ਮੇਰੀ ਲਾਲਚੀ ਨਿਗ੍ਹਾ ਭੈਣ ਦੀ ਲਾਡਾਂ ਭਰੀ ਢਾਕ 'ਤੇ ਟਿਕੀ ਹੋਈ ਸੀ।

ਸ਼ਕਾਰੀ ਦੀ ਅੱਖ ਵਾਂਗ ਅੱਜ ਸੁਰਤ ਬਹੁਤੀਆਂ ਝਾਤੀਆਂ 'ਤੇ ਭਟਕ ਰਹੀ ਸੀ। ਕਦੇ ਮਾਂ ਦੀ ਮਮਤਾ ਭਰੀ ਗੋਦ ਤੇ ਲਾਡਾਂ ਭਰੀ ਭੈਣ ਦੀ ਢਾਕ ਨਾਲੋਂ, ਚੌਂਹ ਦਿਨਾਂ ਦੀ ਸਾਂਝ ਵਾਲੀ ਇਕ ਓਪਰੀ ਮੁਟਿਆਰ ਦੀ ਨਿੱਘਾਂ ਭਰੀ ਛਾਤੀ ਮੈਨੂੰ ਸੁਖਾਵੀਂ ਜਾਪੀ ਸੀ। ਪਰ ਅੱਜ? ਅੱਜ ਮੈਂ ਸੋਚ ਰਿਹਾ ਸਾਂ, 'ਪਿਆਰ ਦੀ ਨਜ਼ਰ ਵਿਚ ਜਵਾਨੀ ਦਾ ਵਧੇਰੇ ਮੁੱਲ ਹੈ, ਜਾਂ ਬਚਪਨ ਦਾ?' ਜਵਾਨੀ ਤੇ ਬਚਪਨ ਦੀਆਂ ਬਦਲੀਆਂ ਹੋਈਆਂ ਕਦਰਾਂ ਕੀਮਤਾਂ ਮੇਰੇ ਸਾਮ੍ਹਣੇ ਸਨ। ਮੇਰਾ ਦਿਲ ਲਲਚਾ ਰਿਹਾ ਸੀ, 'ਜਿਹੜੀ ਪਿਆਰਾਂ ਭਰੀ ਹਿੱਕੜੀ, ਮੈਂ ਜਵਾਨ ਹੁੰਦਾ ਹੋਇਆ ਖੁਹਾ ਬੈਠਾ ਹਾਂ, ਕਾਸ਼, ਮੈਂ ਬੱਚਾ ਬਣ ਕੇ ਉਸ ਉਤੇ ਕਬਜ਼ਾ ਜਮਾ ਸਕਦਾ।'

੬-੫-੫੪

.....ਪਰ ਅਰਥ ਬਦਲ ਜਾਂਦੇ ਨੇ

ਸਾਡੇ ਵਿਹੜੇ ਵਿਚ ਸੰਙੂਣੀ ਛਤਰੀ ਵਾਲੀ ਨਿੰਮ ਹੈ। ਚਿੜੀਆਂ ਹਰ ਵੇਲੇ ਉਸ ਉਤੇ ਮੇੱਲੇ ਵਰਗੀ ਰੌਣਕ ਲਾਈ ਰਖਦੀਆਂ ਹਨ। ਮੈਂ ਜ਼ਿੰਦਗੀ ਦੀ ਉਸ਼ੇਰ ਤੋਂ ਲੈ ਕੇ, ਰੀਝਾਂ ਦੀ ਸ਼ਾਮ ਤਕ ਉਹਨਾਂ ਦੇ ਗੀਤ ਸੁਣਦਾ ਆ ਰਿਹਾ ਹਾਂ।

ਮਾਂ ਨੂੰ ਕੰਮ ਪਿਆਰਾ ਹੁੰਦਾ ਹੈ, ਤੇ ਬੱਚੇ ਨੂੰ ਮਾਂ ਦੀ ਗੋਦੀ। ਸਿਆਣੀ ਉਮਰ ਅਕਸਰ ਬਚਪਨ ਨੂੰ ਭੁਲੇਖਾ ਦੇ ਸਕਿਆ ਕਰਦੀ ਹੈ। ਮਾਂ ਨੇ ਮੇਰਾ ਪੰਘੂੜਾ ਨਿੰਮ ਹੇਠ ਡਾਹ ਕੇ, ਮੈਨੂੰ ਹੂਟਾ ਦੇਂਦਿਆਂ ਕਹਿਣਾ, "ਵੇਖ, ਕਾਕਾ! ਨਿੰਮ 'ਤੇ ਬੈਠੀਆਂ ਚਿੜੀਆਂ ਤੇਰੀ ਲੋਰੀ ਗਾ ਰਹੀਆਂ ਨੇ।"

ਪੰਘੂੜੇ ਦਾ ਹੁਲਾਰਾ ਤੇ ਚਿੜੀਆਂ ਦੀ ਚੀਂ ਚੀਂ, ਬਚਪਨ ਨੇ ਏਨੇ ਨਾਲ ਹੀ ਪਰਚ ਜਾਣਾ। ਮੈਨੂੰ ਇਉਂ ਮਹਿਸੂਸ ਹੋਣਾ, ਜਿਵੇਂ ਮਾਂ ਵਰਗੀ ਮਿੱਠੀ ਤੇ ਰੀਝਾਂ ਭਰੀ ਸੁਰ ਵਿਚ ਚਿੜੀਆਂ ਲੋਰੀ ਗਾ ਰਹੀਆਂ ਹਨ, "ਕਾਕਾ ਸਾਡਾ ਬੀਬਾ ਰਾਣਾ,......।"

ਬਦਲਦੀ ਉਮਰ ਨਾਲ ਅਸੀਂ ਅਨਭਵ ਨਹੀਂ ਕਰ ਸਕਦੇ, ਕਿ ਅਸੀਂ ਵਡੇਰੇ ਹੋ ਰਹੇ ਹਾਂ, ਜਾਂ ਦੁਨੀਆਂ ਹੀ ਸਿਆਣੀ ਹੋ ਰਹੀ ਹੈ। ਦਿਨਾਂ, ਮਹੀਨਿਆਂ ਤੇ ਸਾਲਾਂ ਬੀਤਦਿਆਂ ਦਾ ਪਤਾ ਨਾ ਲੱਗਾ, ਜਾਂ ਮੈਂ ਬਾਲਪਨ ਤੇ ਜਵਾਨੀ ਦੇ ਦੁਮੇਲ ਉਤੇ ਜਾ ਪੁੱਜਾ। ਓਸੇ ਨਿੰਮ ਦੀ ਛਾਂਵੇਂ ਬੈਠਿਆਂ ਮੰਗਣੀ ਦੀਆਂ ਗੱਲਾਂ ਹੋਣ ਲੱਗੀਆਂ। ਚਰਖਾ ਕੱਤਦੀ ਭਰਜਾਈ ਨੇ ਕਿਹਾ, "ਸੁਰਿੰਦਰ! ਤੇਰੀ ਵਹੁਟੀ ਬੜੀ ਸੋਹਣੀ ਦੱਸੀਦੀ ਏ। ਪਰ ਉਹਦੀਆਂ ਸਹੇਲੀਆਂ ਬੜੀਆਂ ਖਰੂਦੀ ਨੇ। ਓਥੋਂ ਦੀਆਂ ਕੁੜੀਆਂ ਡਾਢੀਆਂ ਸ਼ੋਖ਼ ਸੁਣੀ ਦੀਆਂ ਨੇ। ਤੈਨੂੰ ਬੜੀਆਂ ਸਿਠਣੀਆਂ ਦਿਆ ਕਰਨ ਗੀਆਂ। ਬੱਸ, ਅਹਿਨਾਂ ਚਿੜੀਆਂ ਵਾਂਗ ਤੇਰੇ ਉਦਾਲੇ ਚਚੋਲੜ ਪਾ ਛਡਿਆ ਕਰਨ ਗੀਆਂ।

ਮੈਂ ਮੰਜੇ 'ਤੇ ਲੰਮਾ ਪਿਆ ਇਹ ਗੱਲਾਂ ਸੁਣ ਰਿਹਾ ਸਾਂ। ਨੀਂਦ ਆਈ ਤੋਂ

ਬਿਨਾਂ ਈ ਮੈਂ ਦੁਪੱਟੇ ਵਿਚ ਮੂੰਹ ਲੁਕਾ ਕੇ ਸੌਣ ਦਾ ਸਾਂਗ ਭਰਨ ਲੱਗਾ। ਹੌਲੀ ਹੌਲੀ ਭਰਜਾਈ ਦੇ ਚਰਖੇ ਦੀ ਘੂਕਰ, ਚਿੜੀਆਂ ਦੀ ਚੀਂ ਚੀਂ ਵਿਚ ਗੁੰਮ ਹੋ ਗਈ। ਨਿੰਮ ਦੀਆਂ ਸਾਵੀਆਂ ਟਾਹਣੀਆਂ ਵਿਚ ਲੁਕੀਆਂ ਚਿੜੀਆਂ ਮੈਨੂੰ ਇਉਂ ਭਾਸ ਰਹੀਆਂ ਸਨ, ਜਿਵੇਂ ਘੁੱਗੀ-ਰੰਗੀਆਂ ਚੁੰਨੀਆਂ ਲੈ ਕੇ ਸਾਲੀਆਂ ਹਰੀਆਂ ਕਣਕਾਂ ਵਿਚ ਲੁਕਣ-ਮੀਟੀ ਖੇਡ ਰਹੀਆਂ ਹੋਣ। ਮੈਨੂੰ ਉਹਨਾਂ ਦੇ ਕੁਆਰੇ ਗੀਤਾਂ ਵਿਚੋਂ ਸਿਠਣੀਆਂ ਵਰਗਾ ਸੁਆਦ ਆ ਰਿਹਾ ਸੀ।

ਚਿੜੀਆਂ ਦੀ ਬੇਅਰਥ ਚੀਂ ਚੀਂ ਵਿਚੋਂ ਮੈਨੂੰ ਕੋਈ ਅਕਹਿ ਰਸ ਆਉਂਦਾ। ਗਰਮੀਆਂ ਛੱਡੀਆਂ, ਮੈਂ ਸਰਦੀਆਂ ਦੀ ਦੁਪਹਿਰ ਨੂੰ ਵੀ ਨਿੰਮ ਹੇਠਾਂ ਮੰਜਾ ਡਾਹ ਕੇ ਸੌਂ ਜਾਂਦਾ; ਤੇ ਚਿੜੀਆਂ ਦੇ ਸ਼ੋਖ਼ ਗੀਤਾਂ ਵਿਚ ਆਪਣੇ ਆਪ ਨੂੰ ਭੁੱਲ ਜਾਂਦਾ। ਕਦੇ ਕਦੇ ਤਾਂ ਇਉ ਭਾਸਣ ਲੱਗ ਪੈਂਦਾ, ਜਿਵੇਂ ਮੈਂ ਤੀਆਂ ਦੀ ਬਹਾਰ ਵਿਚ ਸਾਲੀਆਂ ਦਾ ਗਿੱਧਾ ਸੁਣ ਰਿਹਾ ਹੁੰਦਾ ਹਾਂ।

ਇਕਵਾਰ ਮੇਰੇ ਬਿਰਧ ਨਾਨਾ ਜੀ ਆਏ। ਗਰਮੀ ਦੀ ਰੁੱਤ ਸੀ। ਮੈਂ ਉਹਨਾਂ ਦਾ ਮੰਜਾ ਵੀ ਆਪਣੇ ਲਾਗੇ ਨਿੰਮ ਦੀ ਛਾਂਵੇਂ ਡਾਹ ਦਿਤਾ। ਭਾਵੇਂ ਇਹ ਮੈਨੂੰ ਚੰਗਾ ਨਹੀਂ ਸੀ ਲੱਗ ਰਿਹਾ। ਮੇਰੇ ਦਿਲ ਵਿਚ ਸੀ, ਕਿ ਬਿਰਧ ਨਾਨੇ ਦੀ ਹੋਂਦ, ਸਾਲੀਆਂ ਦੇ ਝੁਰਮਟ ਵਿਚ ਹੱਸਣ ਖੇਡਣ ਦੇ ਸੁਆਦ ਨੂੰ ਕਿਰਕਰਾ ਕਰ ਦੇਵੇਗੀ। ਪਰ ਚਿੜੀਆਂ ਦੇ ਰੂਹ ਵਿਚ ਮਸਤੀ ਲਿਆਉਣ ਵਾਲੇ ਗੀਤ ਸ਼ੁਰੂ ਹੁੰਦਿਆਂ ਹੀ, ਮੈਂ ਸਭ ਕੁਛ ਭੁੱਲ ਗਿਆ। ਮੈਨੂੰ ਤਾਹੀਏਂ ਹੋਸ਼ ਆਈ, ਜਾਂ ਨਾਨਾ ਜੀ ਨੇ ਨਿੰਮ 'ਤੇ ਢੀਮ੍ਹ ਮਾਰਦਿਆਂ ਕਿਹਾ, "ਉੱਡ ਜੋ ਮਰਨੀਓਂ! ਕੇਹੀ ਚਿੜ-ਚਿੜ ਲਾਈ ਜੇ। ਸਹੁਰੀਆਂ ਕਿਵੇਂ ਲੱਗੀਆਂ ਹੋਈਆਂ ਨੇ ਇਕ ਦੂਜੀ ਦੀਆਂ ਗੁੱਤਾਂ ਖੁਹਣ। ਪਤਾ ਨਹੀਂ, ਇਹਨਾਂ ਲੜ ਕੇ ਕੀ ਵੰਡਣਾ ਏਂ। ਸਾਰੀ ਦਿਹਾੜੀ ਚਿੜ ਚਿੜ, ਚਿੜ ਚਿੜ।"

ਇਹ ਸੁਣ ਕੇ ਮੈਂ ਇਕੇਵਾਰ ਤ੍ਰਭਕ ਉਠਿਆ। ਮੈਂ ਕਿੰਨਾ ਚਿਰ ਸੋਚਦਾ ਰਿਹਾ, 'ਇਹ ਚਿੜਚਿੜਾ-ਪਨ ਚਿੜੀਆਂ ਦੀ ਚੀਂ ਚੀਂ ਵਿਚ ਹੈ, ਜਾਂ ਜ਼ਿੰਦਗੀ ਦੀ ਦੌੜ ਅੰਦਰ ਹੰਭੇ ਹੋਏ ਬੁਢਾਪੇ ਦੇ ਸੁਭੱਾ ਵਿਚ।

ਉਹ ਵੀ ਦਿਨ ਆਇਆ, ਜਦ ਓਸੇ ਨਿੰਮ ਦੀ ਛਾਂਵੇਂ ਮੈਨੂੰ ਖਾਰੇ 'ਤੇ ਬਹਾ ਕੇ ਭਰਜਾਈਆਂ ਨੇ ਵਟਣਾ ਮਲਿਆ ਤੇ ਭੈਣਾਂ ਨੇ ਘੋੜੀਆਂ ਗਾਵੀਆਂ। ਚਿੜੀਆਂ ਓਦੋਂ ਵੀ ਨਿੰਮ 'ਤੇ ਬੋਲ ਰਹੀਆਂ ਸਨ। ਮੈਨੂੰ ਇਉਂ ਪ੍ਰਤੀਤ ਹੋ ਰਿਹਾ ਸੀ, ਜਿਵੇਂ ਮਾਂ-ਪਿਓ ਜਾਈਆਂ ਭੈਣਾਂ ਨਾਲ ਮਿਲ ਕੇ, ਉਹ ਮੇਰੀਆਂ ਅੰਗ-ਸਹੇਲੀਆਂ ਵੀ ਘੋੜੀਆਂ ਗਾ ਰਹੀਆਂ ਹਨ।

ਅਗਲੇ ਘਰ ਫੇਰਿਆਂ 'ਤੇ ਬੈਠਿਆਂ, ਮੇਰੀ ਅਣ-ਡਿੱਠੀ ਸਾਥਣ ਦੀਆਂ ਹਾਣ ਸਹੇਲੀਆਂ ਬਨੇਰਿਆਂ 'ਤੇ ਉੱਲਰੀਆਂ ਸਿਠਣੀਆਂ ਦੇ ਰਹੀਆਂ ਸਨ। ਉਸ ਵੇਲੇ ਵੀ ਮੇਰੇ ਕੰਨਾਂ ਵਿਚ ਉਹਨਾਂ ਚਿੜੀਆਂ ਦੀਆਂ ਮਿੱਠੀਆਂ ਸੁਰਾਂ ਸਤਾਰ ਦੀਆਂ ਤਰਬਾਂ ਵਾਂਗ ਗੂੰਜ ਰਹੀਆਂ ਸਨ।

ਵਿਆਹ ਹੋ ਗਿਆ। ਮੁਕਲਾਵਾ ਵੀ ਆ ਗਿਆ। ਫੱਗਣ ਦੇ ਆਖ਼ਰੀ ਦਿਨ ਸਨ। ਮਿੱਠੀ ਮਿੱਠੀ ਠੰਢ ਬੜੀ ਚੰਗੀ ਲਗਦੀ ਸੀ। ਘਰ ਦਿਆਂ ਬਾਕੀ ਜੀਆਂ ਤੋਂ ਜਰਾ ਦੁਰੇਡੇ, ਅਸੀਂ ਨਿੰਮ ਦੇ ਪਰਛਾਂਵੇਂ ਦੀ ਓਟ ਮੰਜੇ ਡਾਹ ਲੈਂਦੇ। ਜਦ ਚਿੜੀਆਂ ਸੌਂ ਜਾਂਦੀਆਂ, ਰੂਪ ਨਿੰਮ੍ਹੀ ਨਿੰਮ੍ਹੀ ਸੁਰ ਵਿਚ ਗੀਤ ਸੁਨਾਉਣ ਲੱਗ ਪੈਂਦੀ। ਪਹੁ-ਫੁਟਾਲੇ ਨਾਲ ਰੂਪ ਚੁੱਪ ਕਰਦੀ, ਤਾਂ ਉਹਦੇ ਛੱਡੇ ਹੋਏ ਗੀਤ ਚਿੜੀਆਂ ਛੂਹ ਲੈਂਦੀਆਂ। ਰਾਤ ਭਰ ਦੇ ਸੁਣੇ ਹੋਏ ਟੱਪੇ ਉਹ ਸਾਰਾ ਦਿਨ ਦੁਹਰਾਉਂਦੀਆਂ ਰਹਿੰਦੀਆਂ। ਕਈ ਵਾਰ ਮੈਨੂੰ ਉਹਨਾਂ ਦੀ ਚੀਂਚੀਂ ਵਿਚ ਘੁਲੀ ਮਿਲੀ ਰੂਪ ਦੀ ਵਾਜ ਦਾ ਭੁਲੇਖਾ ਪੈਣ ਲੱਗ ਪੈਂਦਾ।

ਇਕ ਹਫ਼ਤਾ ਰਹਿ ਕੇ, ਉਹ ਮਨ-ਹਰਨੀ ਫਿਰ ਪੇਕੇ ਚਲੀ ਗਈ। ਉਹਦੀ ਯਾਦ ਮੇਰੇ ਦਿਲ ਵਿਚ ਸੂਲਾਂ ਵਾਂਗ ਚੁਭਣ ਲੱਗੀ। ਵਿਛੋੜੇ ਵਿਚ ਤੜਪਦੇ ਦਾ ਮੇਰਾ ਜੀ ਪਰਚਾਉਣ ਵਾਸਤੇ, ਚਿੜੀਆਂ ਹੁਣ ਵੀ ਨਿੰਮ ਉਤੇ ਗਾਉਂਦੀਆਂ। ਪਰ ਉਹਨਾਂ ਦੇ ਗੀਤ ਸਾਰੇ ਹੀ ਬਿਰਹੋਂ ਦੇ ਸੱਦ ਹੁੰਦੇ, ਜੋ ਜੁਦਾਈ ਦੀ ਅੱਗ ਨੂੰ ਹੋਰ ਤੇਜ਼ ਕਰਨ ਵਿਚ ਸਹਾਈ ਹੁੰਦੇ।

ਸਦੀਆਂ ਜਿੱਡੇ ਲੰਮੇ ਚਾਰ ਮਹੀਨੇ ਜੁਦਾਈ ਦੇ ਬੀਤਣ ਪਿੱਛੋਂ, ਮੇਰੀ ਜ਼ਿੰਦਗੀ ਦੀ ਰੌਣਕ ਫਿਰ ਆ ਗਈ। ਉਹਨੇ ਨਿੰਮ ਦੀ ਛਾਂਵੇਂ ਰੰਗਲਾ ਪੀਹੜਾ ਡਾਹ ਕੇ ਮਿਲਾਪ ਦੇ ਗੀਤ ਛੋਹੇ, ਤਾਂ ਚਿੜੀਆਂ ਵੀ ਉਹਦੀ ਸੁਰ ਨਾਲ ਸੁਰ ਮਿਲਾ ਕੇ ਪੁਨਰ-ਮਿਲਨ ਦੇ ਗੀਤ ਗਾਉਣ ਲੱਗ ਪਈਆਂ।

ਦੋ ਸਾਲ, ਨਿੰਮ ਉਤੇ ਵੱਜ ਰਹੀ ਜਿਉਂਦੀ ਸਤਾਰ ਦੀਆਂ ਤਰਬਾਂ ਨਾਲ ਮਿਲ ਕੇ ਰੂਪ ਦੇ ਗੀਤ ਵਿਹੜੇ ਵਿਚ ਹਾਸੇ ਖਿਲਾਰਦੇ ਰਹੇ। ਉਹਦੇ ਚੂੜੇ ਦੀ ਛਣਕਾਰ ਤੇ ਚਿੜੀਆਂ ਦੇ ਖੰਭਾਂ ਦੀ ਫੜਫੜ ਉਹਨਾਂ ਗੀਤਾਂ ਨਾਲ ਤਾਲ ਭਰਦੀ ਰਹੀ।

ਕਹਿੰਦੇ ਹਨ, ਬਾਗ਼ ਵਿਚ ਬਿਜਲੀ ਪੈਂਦੀ ਹੈ, ਤਾਂ ਪਹਿਲਾਂ ਬੁਲਬੁਲ ਦਾ ਆਲ੍ਹਣਾ ਹੀ ਸੜਦਾ ਹੈ। ਓਸੇ ਨਿੰਮ ਹੇਠ ਸਗਨਾਂ ਦਾ ਪਲੰਘ ਡੱਠਾ ਹੋਇਆ ਸੀ। ਵਰੀ ਦੀ ਚੁੰਨੀ ਤਾਣ ਕੇ ਰੂਪ ਸਦਾ ਦੀ ਨੀਂਦੇ ਸੁੱਤੀ ਪਈ ਸੀ। ਉਹਦੇ ਹੱਥਾਂ ਦੀ ਮਹਿੰਦੀ ਦਾ ਅਜੇ ਰੰਗ ਵੀ ਫਿੱਕਾ ਨਹੀਂ ਸੀ ਹੋਇਆ, ਜਾਂ ਮੇਰੇ ਅਰਮਾਨਾਂ ਦਾ

ਖ਼ੂਨ ਹੋ ਗਿਆ। ਮੇਰੀਆਂ ਕੁੱਠੀਆਂ ਰੀਝਾਂ ਹਉਕੇ ਬਣ ਕੇ ਸਿਰ ਨੂੰ ਚੜ੍ਹ ਰਹੀਆਂ ਸਨ। ਰੂਪ ਦੀ ਲੋਥ ਦੇ ਉਦਾਲੇ ਆਪਣੀਆਂ ਬੇਗਾਨੀਆਂ ਸੰਦਲੇ ਬੰਨ੍ਹ ਕੇ ਪਿੱਟ ਰਹੀਆਂ ਸਨ। ਵਿਚ ਵਿਚ ਕਿਸੇ ਚਿੜੀ ਦੀ ਚੀਂ'ਚੀਂ, ਅੱਲ੍ਹੜ ਦੀ ਹੂਕ ਵਾਂਗ ਚੀਕ ਉਠਦੀ, ਜੋ ਤਪਦੀ ਸਲਾਈ ਵਾਂਗ ਮੇਰੇ ਕੰਨਾਂ ਵਿਚ ਧਸ ਜਾਂਦੀ।

ਰੂਪ ਚਲੀ ਗਈ। ਮੇਰੇ ਜੀਵਨ ਦਾ ਅੰਙਣ ਸੁੰਞਾ ਕਰ ਗਈ।

ਹੁਣ ਵੀ ਮੈਂ ਓਸੇ ਨਿੰਮ ਹੇਠ ਮੰਜਾ ਡਾਹ ਕੇ ਬਹਿੰਦਾ ਹਾਂ। ਚਿੜੀਆਂ ਦਾ ਝੁੰਡ ਮੈਨੂੰ ਕੁਆਉਣ ਵਾਸਤੇ ਕੱਠਾ ਹੋ ਜਾਂਦਾ ਹੈ। ਸਾਰਾ ਸਾਰਾ ਦਿਨ ਉਹ ਰੂਪ ਦੇ ਸੋਗ ਵਿਚ ਵੈਣ ਪਾਉਂਦੀਆਂ ਰਹਿੰਦੀਆਂ ਹਨ।

ਘਰ ਓਹਾ ਹੈ, ਮੈਂ ਓਹਾ ਹਾਂ, ਨਿੰਮ ਓਹਾ ਹੈ, ਚਿੜੀਆਂ ਓਹਾ ਹਨ, ਉਹਨਾਂ ਦੀ ਚੀਂ'ਚੀਂ ਓਹਾ ਹੈ, ਪਰ ਸਮਾਂ ਉਹ ਨਹੀਂ ਰਿਹਾ। ਜਿਸ ਚੀਂ'ਚੀਂ ਵਿਚੋਂ ਕਦੇ ਗਿੱਧੇ ਤੇ ਗੀਤਾਂ ਦੀ ਧੁਨ ਆਉਂਦੀ ਸੀ, ਅੱਜ ਸਿਆਪਾ ਤੇ ਵੈਣ ਸੁਣੀ ਦੇ ਹਨ। ਮੈਂ ਕੇਈ ਵਾਰ ਸੋਚਿਆ ਕਰਦਾ ਹਾਂ, "ਵਾਜਾਂ ਓਹਾ ਰਹਿੰਦੀਆਂ ਹਨ, ਪਰ ਅਰਥ ਬਦਲ ਜਾਂਦੇ ਨੇ।"

੨-੮-੫੩

ਜੇਬ ਕੱਟੀ ਗਈ

ਪਹਿਲੀ ਉਮਰੇ ਮੈਂ ਧਰਮ ਦਾ ਕੁਛ ਵਧੇਰੇ ਹੀ ਸ਼ਰਧਾਲੂ ਹੁੰਦਾ ਸਾਂ। 'ਸਾਂ' ਦਾ ਅਰਥ ਇਹ ਨਹੀਂ, ਕਿ ਹੁਣ ਮੈਂ ਨਾਸਤਕ ਹੋ ਗਿਆ ਹਾਂ। ਮੈਂ ਰੱਬ ਨੂੰ ਮੰਨਦਾ ਹਾਂ। ਕੋਈ ਭਾਵੇਂ ਕੁਛ ਸਮਝੇ, ਮੈਂ ਆਪਣੇ ਆਪ ਵਿਚ ਆਸਤਕ ਹਾਂ। ਪਰ ਹੁਣ ਮੇਰੀ ਨਜ਼ਰ ਵਿਚ ਧਰਮ ਦੇ ਅਰਥ ਬਦਲ ਗਏ ਹਨ। ਓਦੋਂ ਮੇਰਾ ਰੱਬ ਸ਼ਾਹੀ ਮਹਿਲਾਂ ਵਿਚ ਵਸਦਾ ਸੀ। ਅੱਜ ਕਦੇ ਕਦੇ ਕਿਸੇ ਕੱਖਾਂ ਦੀ ਕੁੱਲੀ ਵਿਚ ਹੀ ਉਹਦਾ ਝਾਉਲਾ ਪੈਂਦਾ ਹੈ। ਓਦੋਂ ਉਹ ਰੇਸ਼ਮੀ ਪੁਸ਼ਾਕ ਵਿਚ ਮੁਸਕਰਾਉਂਦਾ ਦਿਸਦਾ ਸੀ। ਅੱਜ ਕਿਸੇ ਦੇ ਫਟੇ ਹੋਏ ਲੰਗਾਰਾਂ ਵਿਚੋਂ ਹਉਕੇ ਭਰਦਾ ਮਹਿਸੂਸ ਹੁੰਦਾ ਹੈ। ਓਦੋਂ ਉਹ ਕਿਸੇ ਮਹਾਤਮਾ ਦੀ ਮਾਲਾ ਵਿਚੋਂ ਲਭਦਾ ਸੀ। ਅੱਜ ਕਿਸੇ ਮਜ਼ਦੂਰ ਦੇ ਚੋਂਦੇ ਮੁੜ੍ਹਕੇ ਵਿਚੋਂ ਉਹਦਾ ਝਲਕਾਰਾ ਪੈਂਦਾ ਹੈ। ਓਦੋਂ ਉਹ ਮੰਦਰ ਦੀਆਂ ਟੱਲੀਆਂ 'ਤੇ ਰੀਝਦਾ ਸੀ। ਅੱਜ ਹਾਲੀ ਦੀ 'ਤੱਤਾ-ਤੱਤਾ' ਉਹਦਾ ਮਨ ਭਾਉਂਦਾ ਰਾਗ ਹੈ।

ਕਈ ਵਾਰ ਐਵੇਂ ਕਿਸੇ ਘਟਨਾ ਤੋਂ ਜੀਵਨ ਦੀਆਂ ਸੇਧਾਂ, ਨਸ਼ਾਨੇ ਤੇ ਅਰਥ ਬਦਲ ਜਾਂਦੇ ਹਨ। ਇਹ ਵੀ ਬੜੀ ਛੋਟੀ ਜੇਹੀ ਕਹਾਣੀ ਹੈ, ਜਿਸ ਕਾਰਨ ਜੀਵਨ-ਪੰਧ ਵਿਚ ਆਏ ਦੋਰਾਹੇ ਤੋਂ, ਮੈਂ ਇਕ ਰਾਹ ਛੱਡ ਕੇ, ਦੂਸਰੇ 'ਤੇ ਪੈ ਗਿਆ।

ਸਾਧਾਂ ਸੰਤਾਂ ਦਾ ਮੈਂ ਬਹੁਤ ਹੀ ਉਪਾਸ਼ਕ ਸਾਂ। ਮੁਕਤੀ ਦਾ ਪ੍ਰਮਿਟ (ਰਾਹਦਾਰੀ) ਮੈਂ ਸਿਰਫ ਸੰਤਾਂ ਕੋਲ ਹੀ ਮੰਨਦਾ ਸਾਂ। ਕੋਈ ਭਗਵੇ ਚੋਲੇ ਵਾਲਾ, ਨਾਂਗਾ ਲੰਗੋਟੀ ਵਾਲਾ, ਲੰਮੀਆਂ ਜਟਾਵਾਂ ਵਾਲਾ, ਘੋਨਾ ਭਬੂਤੀ ਵਾਲਾ, ਟੇਢੀ ਪਗੜੀ ਵਾਲਾ, ਬਹੁਤੀਆਂ ਮਾਲਾਂ ਵਾਲਾ—ਮੁੱਕਦੀ ਗੱਲ, ਜਿਹੜਾ ਬੰਦੇ ਦੀ ਥਾਂ ਕੁਛ ਹੋਰ ਬਣ ਕੇ ਰਹਿਣ ਵਾਲਾ ਹੋਵੇ—ਮੈਨੂੰ ਰੱਬ ਦਾ ਅਵਤਾਰ ਮਾਲੂਮ ਹੁੰਦਾ ਸੀ। ਜਿੱਥੇ ਕਿਸੇ ਸਾਧ ਫ਼ਕੀਰ ਦੀ ਦੱਸ ਪੈਣੀ, ਮੈਂ ਦਰਸ਼ਨਾਂ ਵਾਸਤੇ ਨੰਗੇ ਪੈਰੀਂ

ਪਹੁੰਚਣਾ। ਸਾਰੇ ਰਾਹ ਮੈਂ ਪੜ੍ਹਦੇ ਜਾਣਾ,'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।' ਪਰ ਦਿਲ ਵਿਚ ਏਨਾ ਪ੍ਰੇਮ ਹੁੰਦਿਆਂ ਹੋਇਆਂ ਵੀ, ਮੈਨੂੰ ਕਦੇ ਕਿਸੇ ਪ੍ਰਭੂ ਦੇ ਅਵਤਾਰ ਵੱਲੋਂ ਪਿਆਰ ਸਤਕਾਰ ਨਹੀਂ ਸੀ ਮਿਲਿਆ। ਓਦੋਂ ਤਾਂ ਮੈਂ ਇਸਨੂੰ ਕਰਮਾਂ ਦਾ ਹੀ ਫਲ ਸਮਝਦਾ ਸਾਂ, ਪਰ ਅੱਜ ਇਸ ਬਾਰੇ ਵੀ ਮੇਰੀ ਰਾਏ ਬਦਲ ਗਈ ਹੈ।

ਪੰਜਾਂ ਸੱਤਾਂ ਕੋਹਾਂ ਤਕ, ਜਿੱਥੇ ਕਿਸੇ ਮਹਾਤਮਾ ਦੀ ਦੱਸ ਪੈਣੀ, ਮੈਂ ਸੌ ਕੰਮ ਛੱਡ ਕੇ ਵੀ ਪਹੁੰਚਣਾ। 'ਮਹਾਂ ਪੁਰਸ਼ਾਂ ਦੀ ਹਜ਼ੂਰੀ ਵਿਚ ਖ਼ਾਲੀ ਹੱਥ ਕਦੇ ਵੀ ਨਹੀਂ ਜਾਣਾ ਚਾਹੀਦਾ।' ਇਹ ਵਾਕ ਮੈਂ ਕਈ ਮਹਾਂ ਪੁਰਸ਼ਾਂ ਤੋਂ ਸੁਣਿਆਂ ਸੀ। ਮੈਂ ਜਦ ਜਾਣਾ, ਜ਼ਰੂਰ ਕੁਛ ਨਾ ਕੁਛ ਭੇਟਾ ਵਾਸਤੇ ਲੈ ਕੇ ਜਾਣਾ। ਸਾਡੇ ਖੇਤ ਵਿਚ ਇਕ ਕਾਠੀ ਬੇਰੀ ਸੀ। ਉਹਦੇ ਬੇਰਾਂ ਵਿਚੋਂ ਸੇਆਂ ਵਰਗਾ ਸਵਾਦ ਆਉਂਦਾ ਸੀ। ਜਦ ਮੈਂ ਉਹ ਬੇਰ ਕਿਸੇ 'ਪ੍ਰਭੂ ਅਵਤਾਰ' ਵਾਸਤੇ ਲੈ ਕੇ ਜਾਂਦਾ, ਓਦੋਂ ਆਪਣੇ ਅੰਦਰ ਭੀਲਣੀ ਦੀ ਆਤਮਾ ਮਹਿਸੂਸ ਕਰਦਾ। ਜੇ ਕਦੇ ਗੋਰੀ ਗਾਂ ਦੇ ਦੁੱਧ ਦੀ ਗੜਵੀ ਭਰ ਕੇ ਤੁਰਦਾ, ਤਾਂ ਸਾਰਾ ਰਾਹ ਮੈਂ 'ਕਲਪ ਗਾਇ ਨਾਮੇ ਦੁਹਿ ਆਨੀ' ਪੜ੍ਹਦਾ ਜਾਂਦਾ। ਕਦੇ ਮਕਈ ਦੀਆਂ ਹਰੀਆਂ ਛੱਲੀਆਂ ਲੈ ਕੇ ਜਾਂਦਾ, ਤਾਂ ਸੁਦਾਮੇ ਦੀ ਭਗਤੀ ਤੇ ਭਗਵਾਨ ਕ੍ਰਿਸ਼ਨ ਦੀ ਉਦਾਰਤਾ ਮੇਰੀ ਨਜ਼ਰ ਸਾਮ੍ਹਣੇ ਹੁੰਦੀ। ਪਰ ਵਾਪਸ ਮੁੜਦਿਆਂ ਮੈਨੂੰ ਸਦਾ ਏਹਾ ਸੋਚਣਾ ਪੈਂਦਾ, 'ਅਜੇ ਮੇਰੀ ਸ਼ਰਧਾ ਵਿਚ ਜ਼ਰੂਰ ਕੋਈ ਕਮੀ ਹੈ।'

ਸੰਤਾਂ ਦੇ ਦਰਸ਼ਨ ਮੈਂ ਸਦਾ ਬਾਹਰ ਜਾ ਕੇ ਹੀ ਕਰਦਾ ਹੁੰਦਾ ਸਾਂ। ਕਿਸੇ 'ਬਖ਼ਸ਼ੇ ਹੋਏ' ਦੇ ਘਰ ਚਰਨ ਪੁਆਉਣ ਦੀ ਰੀਝ ਤਾਂ ਬੜੀ ਸੀ, ਪਰ ਸਮਰੱਥਾ ਨਹੀਂ ਸੀ। ਏਸ ਲਈ, ਹਰ ਗ਼ਰੀਬ ਵਾਂਗ, ਮੈਂ ਆਪਣੀਆਂ ਸੱਧਰਾਂ ਉਤੇ ਸਬਰ ਸੰਤੋਖ ਦੇ ਦਾਬੂ ਧਰ ਕੇ, ਉਹਨਾਂ ਨੂੰ ਚੁੱਪ ਕਰਾਈ ਰੱਖਦਾ। ਪਹਿਲੀ ਔਕੜ ਤਾਂ ਇਹ ਸੀ, ਕਿ ਮੈਂ ਸੰਤਾਂ ਨੂੰ ਲਿਆਵਾਂ ਕਿਵੇਂ? ਮਹਾ ਪੁਰਸ਼ਾਂ ਨੂੰ ਤੋਰ ਕੇ ਲਿਆਉਣਾ ਪਾਪ ਸੀ, ਤੇ ਅਸਵਾਰੀ ਮੇਰੇ ਕੋਲ ਹੈ ਕੋਈ ਨਹੀਂ ਸੀ। 'ਜੇ ਕੋਈ ਮਹਾਤਮਾ ਮੰਨ ਜਾਣ, ਤਾਂ ਮੈਂ ਕੰਧਾੜੇ ਚੁਕ ਕੇ ਲਿਆ ਸਕਦਾ ਹਾਂ!' ਇਹ ਗੱਲ ਕੇਈ ਵਾਰ ਮੈਂ ਦਿਲ ਵਿਚ ਸੋਚਣੀ, ਪਰ ਮੂੰਹੋਂ ਕਹਿਣ ਦੀ ਹਿੰਮਤ ਨਾ ਪੈਣੀ। ਦੂਜੀ ਥੁੜ ਇਹ ਸੀ, ਕਿ ਜੇ ਕੋਈ ਮਹਾਂਪੁਰਸ਼ ਕੱਖਾਂ ਦੀ ਕੁੱਲੀ ਵਿਚ ਚਰਨ ਪਾਉਣੇ ਮੰਨ ਵੀ ਜਾਣ, ਤਾਂ ਮੈਂ ਘਰ ਲਿਆ ਕੇ ਉਹਨਾਂ ਨੂੰ ਬਿਠਾਵਾਂਗਾ ਕਿਥੇ? ਘਰ ਦੇ ਬੂਹੇ ਅੱਗੇ ਸੰਙਣੀ ਛਤਰੀ ਵਾਲਾ ਇਕ ਤੂਤ ਹੀ ਤੂਤ ਸੀ। ਬੱਸ, ਓਹਾ ਸਾਡੀ ਬੈਠਕ, ਓਹਾ ਮਹਿਮਾਨ ਖ਼ਾਨਾ ਤੇ ਓਹਾ ਡਰਾਇੰਗ ਰੂਮ ਸੀ। ਪਰ ਸਭ ਤੋਂ

ਵੱਡਾ ਡਰ ਮੈਨੂੰ ਇਹ ਸੀ, ਕਿ ਮੇਰੀ ਪੱਕੇ ਰੰਗ ਵਾਲੀ ਅਧਖੜ ਸਵਾਣੀ ਨੂੰ ਮੁੱਠੀਆਂ ਭਰਨ ਦੀ ਜਾਚ ਨਹੀਂ ਆਉਣੀ। ਉਹਦੇ ਹੱਥ ਮਸ਼ੀਨੀ ਟੋਕੇ 'ਤੇ ਪੱਠੇ ਕੁਤਰ ਕੁਤਰ ਕੇ ਪੁਰਾਣੇ ਕਿੱਕਰ ਦੇ ਸੱਕ ਵਰਗੇ ਹੋਏ ਹੋਏ ਸਨ। ਤੇ ਰੱਬ ਦੀ ਗੋਦ ਵਿਚ ਪਲਨ ਵਾਲੇ ਸੰਤਾਂ ਦਾ ਕੋਮਲ ਪਿੰਡਾ। ਕਿਤੇ ਮੁੱਠੀਆਂ ਭਰਦਿਆਂ ਝਰੀਟਾਂ ਆ ਜਾਣ, ਤਾਂ ਨਰਕਾਂ ਦਾ ਭਾਗੀ ਕੌਣ ਬਣੇ ? ਸੋ, ਗ੍ਰਹਿ ਪਵਿੱਤਰ ਕਰਾਉਣ ਵਾਲੀ ਆਸ ਮੈਂ ਲਗਭਗ ਦਿਲੋਂ ਕਢ ਛੱਡੀ ਸੀ।

ਮੇਰੇ ਦਿਲ ਵਿਚ ਬੜੀ ਰੀਝ ਸੀ ਕਿਸੇ ਵੱਡੇ ਤੀਰਥ ਉਤੇ ਜਾ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਦੀ। ਹਜ਼ੂਰ ਸਾਹਿਬ, ਪਟਨਾ ਸਾਹਿਬ, ਜਾਂ ਹਰਿਦੁਆਰ ਜਾਣ ਬਾਰੇ ਤਾਂ ਮੈਂ ਸੋਚ ਵੀ ਨਹੀਂ ਸਾਂ ਸਕਦਾ। ਉਹ ਥਾਂਵਾਂ ਮੇਰੀ ਪਹੁੰਚ ਤੋਂ ਬਾਹਰ ਸਨ। ਹਾਂ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਮੈਂ ਮਨ ਜ਼ਰੂਰ ਬਣਾ ਲਿਆ ਸੀ। ਪਰ ਓਥੇ ਪਹੁੰਚਣ ਵਾਸਤੇ ਮੈਨੂੰ ਕਈ ਸਾਲ ਉਡੀਕ ਕਰਨੀ ਪਈ।

ਦੂਸਰੇ ਮਹਾਂਯੁੱਧ ਵਿਚ ਜਿਨਸਾਂ ਦੇ ਭੱਾ ਬਹੁਤ ਚੜ੍ਹ ਗਏ। ਲੋਕੀਂ ਆਖਣ ਲੱਗ ਪਏ, ਹੁਣ ਜੱਟਾਂ ਦੇ 'ਪੌਂ ਬਾਰਾਂ' ਨੇ। ਹੋਣਗੇ, ਪਰ ਉਹਨਾਂ ਜੱਟਾਂ ਦੇ, ਜਿੰਨ੍ਹਾਂ ਕੋਲ ਲੋੜ ਤੋਂ ਵਧੇਰੀ ਜ਼ਮੀਨ ਹੈ। ਜੀਹਦੇ ਕੋਲ ਇਕ ਹਲ ਦੀ ਵਾਹੀ ਨਾਲੋਂ ਵੀ ਥੋੜੀ ਹੋਵੇ, ਉਹਦੇ ਵਾਸਤੇ ਤਾਂ ਏਹ: ਅਖਾਣ ਢੁਕਦਾ ਹੈ, ਅਖੇ: ਪਿਆ ਕਾਲ, ਤਾਂ ਮੋਏ ਗ਼ਰੀਬ, ਹੋਇਆ ਸੁਕਾਲ, ਤਾਂ ਮੋਏ ਗ਼ਰੀਬ। ਏਹਾ ਹਾਲਤ ਮੇਰੀ ਸੀ। ਇਹਨਾਂ ਮਹਿੰਗਿਆਂ ਭਾਵਾਂ ਵਿਚ ਹੀ ਮੈਨੂੰ ਭੈਣ ਦੀ ਧੀ ਦੇ ਵਿਆਹ ਵਾਸਤੇ ਸਵਾਣੀ ਦੀ ਨੱਥ ਵੇਚਣੀ ਪਈ।

'ਪੌਂ-ਬਾਰਾਂ' ਵਾਲੇ ਦਿਨਾਂ ਵਿਚ ਮੇਰਾ ਹੱਥ ਸਗੋਂ ਤੰਗ ਹੋ ਗਿਆ। ਪਰ ਏਸ ਤੰਗੀ ਕਰਕੇ ਤੀਰਥ-ਯਾਤਰਾ ਦਾ ਇਰਾਦਾ ਤਾਂ ਨਹੀਂ ਸੀ ਬਦਲਿਆ ਜਾ ਸਕਦਾ। ਕਿਵੇਂ ਨਾ ਕਿਵੇਂ ਮੈਂ ਸਾਢੇ ਚਾਰ ਰੁਪੈ ਖ਼ਰਚਾਂ ਤੋਂ ਬਚਾ ਕੇ ਬਾਬੇ ਦੇ ਦਰਸ਼ਨਾਂ ਦੀ ਤਿਆਰੀ ਕਰ ਦਿਤੀ। ਸਾਡੇ ਪਿੰਡੋਂ ਅੰਮ੍ਰਿਤਸਰ ਦਾ ਕਰਾਇਆ ਯਾਰਾਂ ਆਨੇ ਲਗਦਾ ਹੈ। ਸਵਾ ਰੁਪੈ ਦਾ ਗੁਰੂ ਮਹਾਰਾਜ ਦਾ ਪ੍ਰਸ਼ਾਦ ਕਰਾ ਕੇ ਤੇ ਆਉਣ ਜਾਣ ਦਾ ਰੇਲ ਦਾ ਕਰਾਇਆ ਕਢ ਕੇ ਮੇਰੇ ਕੋਲ ਇਕ ਰੁਪਿਆ ਚੌਦਾਂ ਆਨੇ ਬਚਦੇ ਸਨ। ਏਡੀ ਵੱਡੀ ਰਕਮ ਵੇਖ ਕੇ ਪਰਵਾਰ ਦੇ ਹਰ ਜੀ ਦਾ ਕੁਛ ਮੰਗਾਉਣ ਨੂੰ ਦਿਲ ਕਰ ਆਇਆ। ਛਿਆਂ ਵਰ੍ਹਿਆਂ ਦੀ ਰਾਣਾ ਨੇ ਛੋਟੀਆਂ ਛੋਟੀਆਂ ਬਾਂਹੀਂ ਵਿਖਾ ਕੇ ਮੰਗ ਪੇਸ਼ ਕੀਤੀ, "ਪਿਤਾ ਜੀ ! ਰਬੜ ਦੀਆਂ ਰੰਗ ਬਰੰਗੀਆਂ ਚੂੜੀਆਂ, ਵਲਾਂ ਵਾਲੀਆਂ, ਜਿੰਨ੍ਹਾਂ ਵਿਚ ਚਮਕਦਾਰ ਥੇਵੇ ਲੱਗੇ ਹੋਣ, ਲਿਆਉਣੀਆਂ।"

"ਚੁੱਪ।" ਤਿੰਨ ਕੁ ਸਾਲਾਂ ਦੇ ਛਿੰਦੇ ਨੇ ਧੱਫਾ ਮਾਰ ਕੇ ਰਾਣਾ ਨੂੰ ਚੁੱਪ ਕਰਾ ਦਿਤਾ। ਫਿਰ ਉਹਨੇ ਮੇਰੇ ਸਾਮ੍ਹਣੇ ਖਲੋ ਕੇ ਬੜੇ ਹਾਕਮਾਨਾ ਢੰਗ ਨਾਲ ਕਿਹਾ, "ਵਾਜਾ, ਦੱ-ਜੀ! ਵਾਜਾ।" ਨਾਲ ਹੀ ਉਹ ਸੱਜੇ ਹੱਥ ਦਾ ਅੰਗੂਠਾ ਬੁੱਲ੍ਹਾਂ ਨਾਲ ਲਾ ਕੇ, ਵਿਚਲੀਆਂ ਤਿੰਨੇ ਉਂਗਲਾਂ ਉਤਾਂਹ ਖਲੀਆਂ ਕਰਕੇ, ਤੇ ਚੀਚੀ ਖੱਬੇ ਹੱਥ ਦੀ ਮੁੱਠ ਵਿਚ ਘੁੱਟ ਕੇ 'ਤੂ-ਤੂ, ਤੂ-ਤੂ' ਕਰਦਾ ਹੋਇਆ ਫ਼ੌਜੀ ਬੈਂਡ ਵਾਲਿਆਂ ਵਾਂਗ ਪਰੇਡ ਕਰਨ ਲੱਗ ਪਿਆ।

"ਲਿਆਵਾਂਗਾ, ਜੀ ਲਿਆਵਾਂਗਾ।"

"ਨਹੀਂ ਤਾਂ ਲੁੱਸ ਪਊ।" ਨਾਲ ਹੀ ਉਹਨੇ ਕਿਸੇ ਸਿਆਸੀ ਪਾਰਟੀ ਦੇ ਲੀਡਰ ਵਾਂਗ ਸੱਤਿਆ ਗ੍ਰਹਿ ਦੀ ਧਮਕੀ ਦੇ ਦਿਤੀ।

"ਮਖ: ਲਿਆਵਾਂਗਾ ਮਹਾਰਾਜ!"

ਏਨੇ ਨੂੰ ਪਲੰਘੀਰੀ 'ਤੇ ਪਿਆ ਸਭ ਤੋਂ ਛੋਟਾ ਕਾਕਾ ਰੋ ਪਿਆ।

"ਲੌ, ਇਹਨੇ ਸੋਚਿਆ, ਕਿਤੇ ਮੇਰਾ ਚੇਤਾ ਨਾ ਭੁੱਲ ਜਾਏ।" ਕਾਕੇ ਦੀ ਮਾਂ ਨੇ ਉਹਨੂੰ ਚੁਕਦਿਆਂ, ਮੈਨੂੰ ਚੇਤਾਵਨੀ ਕਰਾਈ।

"ਇਹਦਾ ਚੇਤਾ ਭੁੱਲ ਸਕਦਾ ਏ? ਨਾਲੇ ਤੂੰ ਵੀ ਕੁਛ ਦੱਸ ਛੱਡ।" ਮੈਂ ਇਉਂ ਕਿਹਾ, ਜਿਵੇਂ ਜੇਬ ਵਿਚ ਸੌ ਦਾ ਨੋਟ ਹੁੰਦਾ ਹੈ। ਸੌ ਦਾ ਨੋਟ ਭਾਵੇਂ ਅੱਜ ਵੀ ਮੇਰੀ ਜੇਬ ਵਿਚ ਨਹੀਂ, ਪਰ ਹੁਣ ਮੈਂ ਜਾਣ ਗਿਆ ਹਾਂ, ਕਿ ਨੋਟ ਬਣਾਉਂਦੇ ਕੌਣ ਹਨ, ਤੇ ਜਾਂਦੇ ਕਿੱਥੇ ਨੇ।

"ਮੈਂ ਦੱਸਣਾ ਏਂ। ਤੁਸੀਂ ਕਾਕੇ ਵਾਸਤੇ ਲੱਕੜ ਦਾ ਛੋਟਾ ਜੇਹਾ ਛਣਕਣਾ ਲਈ ਆਇਓ। ਜੇ ਕੋਈ ਪੈਸਾ ਬਚ ਜਾਏ, ਤਾਂ ਝੂਠੇ ਸੋਨੇ ਦਾ ਕੋਕਾ ਲਈ ਆਉਣਾ।" ਬੱਚਿਆਂ ਦੀ ਮਾਂ ਨੇ ਨੱਥ ਵਾਲੇ ਖ਼ਾਲੀ ਛੇਕ ਉਤੇ ਖੱਬੇ ਹੱਥ ਦੀ ਪਹਿਲੀ ਉਂਗਲ ਰੱਖ ਕੇ ਕਿਹਾ। "ਆਹੰਦੇ ਨੇ: ਸੁਹਾਗ ਦੀ ਨਸ਼ਾਨੀ ਹੁੰਦੀ ਏ।" ਉਹਦੇ ਦੱਬੇ-ਘੁੱਟੇ ਦਿਲ ਵਿਚ ਸੁਹਾਗ ਦੀ ਵੱਡੀ ਉਮਰ ਵਾਸਤੇ ਪ੍ਰਾਰਥਨਾ ਸੀ।

"ਸਭ ਕੁਛ ਲੈ ਕੇ ਆਵਾਂਗਾ।" ਮੇਰੀ ਨਜ਼ਰ ਖ਼ਰਚ ਤੋਂ ਬਚਦੇ ਇਕ ਰੁਪੈ ਚੌਦਾਂ ਆਨੇ ਵੱਲ ਸੀ।

ਉਹਨੇ ਦੋ ਡੰਗਾਂ ਦੀਆਂ ਰੋਟੀਆਂ ਪੱਲੇ ਬੰਨ੍ਹ ਦਿਤੀਆਂ ਤੇ ਮੈਂ ਸੁੱਖਣਾ ਸੁੱਖਦਾ ਸਟੇਸ਼ਨ ਨੂੰ ਤੁਰ ਪਿਆ।

ਮੈਂ ਰਾਤ ਦੀ ਗੱਡੀ ਅੰਮ੍ਰਿਤਬਰ ਪੁੱਜਾ। ਦਿਨੇ ਪ੍ਰਸਾਦ ਕਰਾਉਣ ਦੀ ਧਾਰਨਾ ਧਾਰ ਕੇ, ਰਾਤ ਮੈਂ ਦੂਰੋਂ ਹੀ ਨਮਸਕਾਰ ਕਰ ਕੇ ਮੰਜੀ ਸਾਹਿਬ ਸੌਂ ਗਿਆ।

ਤੜਕੇ ਜੇਹੇ, ਸੁਪਨੇ ਵਿਚ ਸੁਰਗਾਂ ਦੀ ਸੈਰ ਕਰਦਾ ਕਰਦਾ ਮੈਂ ਜ਼ਰਾ ਕੁਵੇਲੇ ਜਾਗਿਆ। 'ਪਹਿਲਾਂ ਕੌਲਸਰ ਇਸ਼ਨਾਨ ਕਰ ਕੇ ਫਿਰ ਅੰਮ੍ਰਿਤ-ਸਰੋਵਰ ਵਿਚ ਕਰਨਾ ਚਾਹੀਦਾ ਏ।' ਕਿਸੇ ਮਹਾਤਮਾ ਦਾ ਉਪਦੇਸ਼ ਮੈਨੂੰ ਯਾਦ ਆ ਗਿਆ। ਮੈਂ ਕਛਹਿਰਾ ਪਰਨਾ ਸੰਭਾਲ ਕੇ ਕੌਲਸਰ ਵੱਲ ਤੁਰ ਪਿਆ।

ਕੌਲਸਰ ਇਸ਼ਨਾਨ ਕਰ ਕੇ ਮੈਂ ਬਾਬੇ ਅਟੱਲ ਸਾਹਿਬ ਦੀਆਂ ਤਿੰਨ ਪਰਦੱਖਣਾ ਕੀਤੀਆਂ। ਓਥੋਂ ਮੱਥਾ ਟੇਕ ਕੇ ਮੈਂ ਬਾਹਰ ਨਿਕਲਿਆ, ਤਾਂ ਬੂਹੇ ਅੱਗੇ ਇਕ ਮਹਾਤਮਾ ਦੇ ਦਰਸ਼ਨ ਹੋਏ। ਉੱਚਾ ਕੱਦ, ਭਰਵਾਂ ਸਰੀਰ, ਡਲ੍ਹਕਦਾ ਮੱਥਾ, ਗਲ ਵਿਚ ਸੂਫ਼ੀ ਫ਼ਕੀਰਾਂ ਦੀ ਕਫ਼ਨੀ ਵਰਗਾ ਭਗਵਾ ਚੋਲਾ, ਘੋਨੇ ਸਿਰ 'ਤੇ ਡੇਢ-ਕੁ ਹੱਥ ਦਾ ਗੇਰੂਆ ਪਰਨਾ, ਤੀਹਰੀ ਮਾਲਾ ਗਲ ਵਿਚ, ਤੇ ਹੱਥ ਵਿਚ ਸਿਮਰਨਾ, ਮੈਨੂੰ ਉਹ ਸਾਖਸ਼ਾਤ ਭਗਵਾਨ ਦਾ ਰੂਪ ਜਾਪਿਆ। ਉਹ ਬਾਬੇ ਅਟੱਲ ਵੱਲੇ ਮੂੰਹ ਕਰ ਕੇ ਬੜੇ ਨਿਹੋਰੇ ਨਾਲ ਕਹਿ ਰਿਹਾ ਸੀ, "ਓ ਭਗਵਾਨ ! ਮੱਖਨ-ਚੋਰ ! ਅਪਨੇ ਭਗਤ ਕੀ ਭੀ ਕੋਈ ਫ਼ਿਕਰ ਹੈ ?"

ਸੱਚ ਜਾਣੋ, ਮੈਂ ਉਸ ਨੂਰਾਨੀ ਦਰਸ਼ਨ 'ਤੇ ਮੋਹਿਆ ਗਿਆ। ਕਿੰਨਾ ਚਿਰ ਮੈਂ ਉਸ ਤੇਜੱਸਵੀ ਚਿਹਰੇ ਵੱਲ ਵੇਖਦਾ ਰਿਹਾ। ਇਕ ਬਿਰਧ ਪੇਂਡੂ ਨੇ ਸ਼ਰਧਾ ਨਾਲ ਦੁਆਨੀ ਅੱਗੇ ਕਰਦਿਆਂ ਕਿਹਾ, "ਲੌ, ਬਾਬਾ ਜੀ ! ਚਾਹ ਪਾਣੀ ਛਕ ਲੌ।"

"ਅਰੇ, ਤੂ ਨੇ ਹਮੇ ਭਿਖਾਰੀ ਸਮਝਾ ਹੈ ?" ਸੰਤ ਜੀ ਨੇ ਬੜੀ ਬੇ-ਪਰਵਾਹੀ ਨਾਲ ਕਿਹਾ।

ਗਰੀਬ ਪੇਂਡੂ ਛੇਤੀ ਨਾਲ ਦੁਆਨੀ ਜੇਬ ਵਿਚ ਪਾ ਕੇ ਅਗ੍ਹਾਂ ਵਧ ਗਿਆ। ਉਹ ਆਪਣੇ ਆਪ ਵਿਚ ਸ਼ਰਮਸਾਰ ਸੀ। ਉਹਦੀ ਭੇਟਾ ਤੁੱਛ ਸਮਝ ਕੇ ਠੁਕਰਾ ਦਿਤੀ ਗਈ ਸੀ।

ਕੋਲੋਂ ਲੰਘਦੇ ਇਕ ਕੋਟ ਪਤਲੂਨ ਵਾਲੇ ਨੇ ਸੰਤਾਂ ਦੇ ਤਿਆਗ ਤੋਂ ਪ੍ਰੇਰਤ ਹੋ ਕੇ, ਜਾਂ ਸਾਥਣ ਦੇ ਦਿਲ 'ਤੇ ਆਪਣੀ ਅਮੀਰੀ ਦਾ ਰੁਹਬ ਜਮਾਉਣ ਬਦਲੇ, ਜੇਬ ਵਿਚੋਂ ਰੁਪੈ ਦਾ ਨੋਟ ਕੱਢ ਕੇ ਕਿਹਾ, "ਲਉ ਮਹਾਤਮਾ ਜੀ ! ਇਹ ਤੁਛ ਭੇਟਾ।"

"ਬੜਾ ਆਇਆ ਹੈ ਰੁਪੈ ਵਾਲਾ। ਸੰਤੋਂ ਪਰ ਅਮੀਰੀ ਕੀ ਧੌਂਸ ਜਮਾਤਾ ਹੈ ?"

ਉਹ ਜੋੜੀ ਵੀ ਕੰਨ ਵਲ੍ਹੇਟ ਕੇ ਅਗ੍ਹਾਂ ਲੰਘ ਗਈ। ਮੇਰੇ ਦਿਲ 'ਤੇ ਇਸਦਾ ਏਨਾ ਅਸਰ ਪਿਆ, ਕਿ ਮੈਂ ਅੱਗੇ ਵਧ ਕੇ ਸੰਤਾਂ ਦੇ ਚਰਨ ਛੁਹ ਲਏ। ਮਹਾਤਮਾ ਜੀ ਉਸ ਵੇਲੇ ਫਿਰ ਆਪਣੇ ਰੰਗ ਵਿਚ ਰੱਤੇ ਕਹਿ ਰਹੇ ਸਨ, "ਓ ਭਗਵਾਨ !

ਸੁਨਤਾ ਹੈ ? ਆਪ ਤੋ ਦੂਧ ਪੀਤਾ ਹੈ, ਔਰ ਹਮੇ ਆਜ ਲੱਸੀ ਪਿਲਾਨਾ ਭੀ ਭੂਲ ਗਿਆ ?''

'ਏਨੀ ਬੇ-ਪਰਵਾਹੀ ? ਠੀਕ ਹੀ ਭਗਤ ਭਗਵਾਨ ਦੇ ਲਾਡਲੇ ਹੁੰਦੇ ਨੇ।' ਮੇਰੇ ਸ਼ਰਧਾ ਭਰਪੂਰ ਮਨ ਵਿਚੋਂ ਵਾਜ ਆਈ। ਮੈਂ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਇਸ ਦਾਸ 'ਤੇ ਕਿਰਪਾ ਕਰੋ। ਚਲੋ, ਲੱਸੀ ਛਕੋ।'' ਨਾਲ ਹੀ ਮੈਂ ਨੇੜੇ ਦਿਸਦੀ ਹਲਵਾਈ ਦੀ ਦੁਕਾਨ ਵੱਲੇ ਇਸ਼ਾਰਾ ਕਰ ਦਿਤਾ।

"ਹੂੰ ! ਅਬ ਸੁਨ ਲੀਆ ਭਗਵਾਨ ! ਕਭੀ ਕਭੀ ਝਗੜਾ ਕਰ ਕੇ ਲੱਸੀ ਪਿਲਾਤੇ ਹੋ। ਆਓ ਉਸ ਭਗਤ ਕੀ ਦੁਕਾਨ ਪਰ ਚਲੇਂ।''

ਮੈਂ ਸੰਤਾਂ ਦੇ ਮਗਰ ਮਗਰ ਜਾ ਰਿਹਾ ਸਾਂ। ਮੈਂ ਸੋਚ ਰਿਹਾ ਸਾਂ, 'ਬੱਸ, ਅੱਜ ਮਹਾਤਮਾ ਦੇ ਲੱਸੀ ਛਕਣ ਨਾਲ ਹੀ ਨੌਂ ਨਿਧੀਆਂ ਤੇ ਅਠਾਰਾਂ ਸਿੱਧੀਆਂ ਪ੍ਰਾਪਤ ਹੋ ਜਾਣਗੀਆਂ, ਜਿਵੇਂ ਸੁਦਾਮੇ ਦੇ ਦੋ ਮੁੱਠਾਂ ਚੌਲ ਖਾ ਕੇ ਭਗਵਾਨ ਨੇ ਉਹਦੇ ਸਭ ਦਲਿੱਦਰ ਦੂਰ ਕਰ ਦਿਤੇ ਸਨ।'

ਵੀਹ-ਪੰਝੀ ਦੁਕਾਨਾਂ ਛੱਡ ਕੇ ਅਸੀਂ ਮੋੜ ਵਾਲੀ ਦੁਕਾਨ 'ਤੇ ਪੁੱਜੇ। ਦੁਕਾਨਦਾਰ ਨੇ ਗੱਦੀ ਤੋਂ ਉਠ ਕੇ ਸੰਤਾਂ ਦੇ ਚਰਨ ਛੋਹੇ, ਤੇ "ਆਈਏ ਜੀ ਮਹਾਰਾਜ ! ਅੱਜ ਤਾਂ ਕੀੜੀ ਦੇ ਘਰ ਨਰੈਣ ਆਏ ਨੇ।'' ਕਹਿ ਕੇ ਬੜੇ ਸਤਕਾਰ ਨਾਲ ਕੁਰਸੀ 'ਤੇ ਬਿਠਾਇਆ।

"ਭਗਵਾਨ ਨੇ ਅਪਨਾ ਮੋਦੀ ਭੇਜਾ ਹੈ, ਲੱਸੀ ਪਿਲਾਨੇ ਕੇ ਲੀਏ।" ਸੰਤਾਂ ਨੇ ਸਿਰ ਦਾ ਪੱਲਾ ਠੀਕ ਕਰਦਿਆਂ ਮੇਰੇ ਵੱਲ ਇਸ਼ਾਰਾ ਕਰ ਕੇ ਕਿਹਾ।

'ਭਗਵਾਨ ਕਾ ਮੋਦੀ ? ਭਾਵ, ਖ਼ਜ਼ਾਨੇ ਦਾ ਮਾਲਕ। ਵਾਹ ! ਭਗਵਾਨ ! ਤੇਰੀ ਲੀਲ੍ਹਾ। ਲੱਸੀ ਦੇ ਇਕ ਗਲਾਸ ਬਦਲੇ ਮੋਦੀ ਦੀ ਪਦਵੀ। ਤੂੰ ਤੁਠਦਾ ਏਂ, ਤਾਂ ਬਿਦਰ ਦੇ ਅਲੂਣੇ ਸਾਗ ਉਤੇ ਰੀਝ ਪੈਂਦਾ ਏਂ।' ਬੇ-ਕਾਬੂ ਹੋ ਰਹੀ ਖ਼ੁਸ਼ੀ ਨੂੰ ਅੰਦਰੇ ਲੁਕਾਉਂਦਿਆਂ ਮੈਂ ਦਿਲ ਵਿਚ ਕਿਹਾ।

"ਬੈਠੋ, ਭਗਤ ਜੀ ! ਕੋਈ ਕਰਮਾਂ ਵਾਲੇ ਜੀਅ ਓ।'' ਦੁਕਾਨਦਾਰ ਨੇ ਮੇਰੇ ਭਾਗਾਂ ਦੀ ਸਲਾਹੁਤ ਕਰਦਿਆਂ ਮੈਨੂੰ ਬੈਠਣ ਲਈ ਇਸ਼ਾਰਾ ਕੀਤਾ।

ਅਸੀਂ ਸਾਰੇ ਥਾਂਓਂ ਥਾਂਈਂ ਬੈਠ ਗਏ। ਦੁਕਾਨਦਾਰ ਨੇ ਦਹੀਂ ਦੇ ਕੂੰਡੇ ਤੋਂ ਜਾਲੀ ਪਿਛਾਂਹ ਕਰਦਿਆਂ ਸੰਤਾਂ ਨੂੰ ਪੁਛਿਆ, "ਲੱਸੀ ਬਣਾਵਾਂ ਮਹਾਰਾਜ।''

ਸੰਤਾਂ ਨੇ ਸਿਰ ਹਿਲਾ ਕੇ ਪਰਵਾਨਗੀ ਦੇ ਦਿਤੀ।

"ਦੋ ਸੇਰ ਦਹੀਂ ਪਾ ਦਿਆਂ ਜੀ !'' ਮੈਥੋਂ ਨਹੀਂ, ਦੁਕਾਨਦਾਰ ਨੇ ਸੰਤਾਂ ਤੋਂ ਪੁਛਿਆ।

ਸੁਣਦੇ ਸਾਰ ਮੇਰਾ ਕਲੇਜਾ ਧੜਕਣ ਲੱਗ ਪਿਆ। 'ਦੋ ਸੇਰ ?' ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਪਾ, ਡੇਢ ਪਾ, ਜਾਂ ਹੱਦ ਅੱਧ ਸੇਰ; ਇਸ ਤੋਂ ਵੱਧ ਦਹੀਂ ਦੀ ਵੀ ਇਕ ਬੰਦੇ ਨੂੰ ਲੋੜ ਹੋ ਸਕਦੀ ਏ ? ਮੈਨੂੰ ਦੁਕਾਨਦਾਰ 'ਤੇ ਗੁੱਸਾ ਆ ਰਿਹਾ ਸੀ। ਮੇਰਾ ਖ਼ਿਆਲ ਸੀ, ਉਹਨੇ ਸੰਤਾਂ ਨਾਲ ਮਸ਼ਕਰੀ ਕੀਤੀ ਏ। ਪਰ ਮੇਰਾ ਹਰਾਸ ਟੁੱਟ ਗਿਆ, ਜਦ ਸੰਤਾਂ ਨੇ ਦੋ ਸੇਰ ਦੀ ਹੀ ਮਨਜ਼ੂਰੀ ਦੇ ਦਿਤੀ।

ਪਿੱਤਲ ਦੇ ਵੱਡੇ ਸਾਰੇ ਗੜਵੇ ਵਿਚ ਦੋ ਸੇਰ ਦਹੀਂ ਪਾ ਕੇ ਦੁਕਾਨਦਾਰ ਰਿੜਕਣ ਲੱਗ ਪਿਆ। ਦੋ ਚਾਰ ਫੇਰ ਦੇ ਕੇ ਉਹਨੇ ਫਿਰ ਸੰਤਾਂ ਨੂੰ ਪੁੱਛਿਆ, "ਮਹਾਰਾਜ ! ਦੋ ਚਾਰ ਖੋਏ ਦੇ ਪੇੜੇ ਪਾ ਦਿਆਂ ?"

"ਭਗਤ ਜੀ ਕੀ ਭਾਵਨਾ ਹੈ।" ਸੰਤਾਂ ਨੇ ਮਾਲਾ ਵਾਲਾ ਹੱਥ ਉੱਚਾ ਕਰ ਕੇ ਕਿਹਾ। "ਅੱਛਾ, ਡਾਲ ਦੋ ਪਾਉ ਭਰ।"

ਮੈਂ ਛਾਤੀ 'ਤੇ ਹੱਥ ਧਰ ਕੇ ਵੇਖਿਆ। ਦਿਲ ਦੀ ਚਾਲ ਦੁੱਗਣ ਤੋਂ ਤਿੱਗੁਣ ਤਕ ਵਧ ਚੁੱਕੀ ਸੀ। ਦਹੀਂ ਵਿਚ ਮਧਾਣੀ ਫਿਰਦੀ ਵੇਖ ਕੇ ਮੇਰੇ ਸਿਰ ਨੂੰ ਚੱਕਰ ਆ ਰਹੇ ਸਨ।

ਮਧਾਣੀ ਚੁੱਕ ਕੇ ਤੇ ਗੜਵਾ ਹਿਲਾ ਕੇ ਵਿਚ ਝਾਤੀ ਮਾਰਦਿਆਂ ਦੁਕਾਨਦਾਰ ਨੇ ਕਿਹਾ, "ਸਵਾਮੀ ਜੀ ! ਇਹ ਤਾਂ ਬਹੁਤ ਸੰਙਣਾ ਹੋ ਗਿਆ ਹੈ। ਪਾਣੀ ਤਾਂ ਆਪ ਪਾਉਗੇ ਨਹੀਂ। ਕਹੋ ਤਾਂ ਕੁਛ......।"

"ਅਰੇ ! ਆਧ ਸੇਰ ਦੂਧ ਡਾਲ ਦੋ।" ਅਧੂਰਾ ਛੱਡਿਆ ਵਾਕ ਸੰਤਾਂ ਨੇ ਪੂਰਾ ਕਰ ਦਿਤਾ।

ਹੁਣ ਤਾਂ ਮੈਂ ਆਪਣੇ ਆਪ ਨੂੰ ਅੱਧ-ਬੇਹੋਸ਼ ਮਹਿਸੂਸ ਕਰ ਰਿਹਾ ਸਾਂ। ਇਉਂ ਅਨਭਵ ਹੋ ਰਿਹਾ ਸੀ, ਜਿਵੇਂ ਸੋਚ ਸ਼ਕਤੀ ਮੇਰਾ ਸਾਥ ਛਡਦੀ ਜਾ ਰਹੀ ਹੈ। ਮਨ ਹੀ ਮਨ ਅੰਦਰ ਮੈਂ ਜੇਬ ਵਿਚਲੇ ਪੈਸੇ ਗਿਣਨ ਲੱਗ ਪਿਆ। 'ਮੈਂ ਸਾਢੇ ਚਾਰ ਰੁਪਏ ਲੈ ਕੇ ਘਰੋਂ ਤੁਰਿਆ ਸਾਂ। ਯਾਰਾਂ ਆਨੇ ਟਿਕਟ ਦੇ ਦਿੱਤੇ, ਦੋ ਪੈਸੇ ਬਾਬਾ ਅਟੱਲ ਮੱਥਾ ਟੇਕਿਆ, ਤੇ ਬਾਕੀ ਰਹੇ...ਬਾਕੀ ਰਹੇ...।' ਮੈਨੂੰ ਪਤਾ ਨਹੀਂ ਸੀ ਲੱਗਦਾ, ਕਿ ਬਾਕੀ ਕਿੰਨੇ ਰਹੇ।

ਦੁਕਾਨਦਾਰ ਨੇ ਤਿੰਨ ਵੱਡੇ ਕੌਲੇ ਭਰ ਕੇ ਸੰਤਾਂ ਦੇ ਅੱਗੇ ਧਰ ਕੇ ਹੱਥ ਜੋੜ-ਦਿਆਂ ਕਿਹਾ; "ਹੋਰ ਹੁਕਮ ? ਕੁਛ ਤਾਜ਼ਾ ਜਲੇਬੀਆਂ......।"

ਸਾਡੀ ਤਿੰਨਾਂ ਦੀ ਨਿਗ੍ਹਾ ਜਲੇਬੀਆਂ ਦੇ ਥਾਲ 'ਤੇ ਜਾ ਟਿਕੀ।

"ਆਠ ਪਹਿਰ ਕੇ ਬਾਅਦ ਹੀ ਫਿਰ ਆਹਾਰ ਕਰੇਂਗੇ। ਅੱਛਾ, ਡੇਢ ਪਾਉ ਦੇ ਦੋ।"

ਸੰਤ ਜੀ ਜਲੇਬੀਆਂ ਖਾ ਰਹੇ ਸਨ। ਤੇ ਮੈਂ ਮੋਢਿਆਂ ਵਾਲੀ ਚਾਦਰ ਲਾਹ ਕੇ, ਗੋਡਿਆਂ 'ਤੇ ਧਰ ਕੇ ਸੋਚ ਰਿਹਾ ਸਾਂ, 'ਜੇ ਦੁਕਾਨਦਾਰ ਨੇ ਇਹ ਅੱਧੋਰਾਣੀ ਚਾਦਰ ਨਾ ਲਈ ਤਾਂ। ਜੇਬ ਵਾਲੇ ਸਾਰੇ ਪੈਸੇ ਦੇ ਕੇ ਇਹਦੇ ਵਧਣਗੇ ਤਾਂ ਥੋੜੇ ਈ। ਪਰ ਅਜੇ ਕੀ ਪਤਾ ? ਅਜੇ ਕਿਹੜੇ ਸੰਤ ਦੁਕਾਨ ਤੋਂ ਉਠ ਕੇ ਚਲੇ ਗਏ ਨੇ। ਜੇ ਇਹ ਚਾਦਰ ਲੈ ਕੇ ਨਾ ਮੰਨਿਆਂ, ਤਾਂ ਬਾਜ਼ਾਰ ਵਿਚ ਰੌਲਾ ਪੈ ਜਾਇਗਾ। ਲੋਕ ਕੱਠੇ ਹੋ ਜਾਣਗੇ। ਸ਼ਹਿਰੀਏ ਹੁੰਦੇ ਵੀ ਬੜੇ ਬੇ-ਲਿਹਾਜ਼ ਨੇ। ਕੀ ਬਣੇਗਾ ? ਕਿੰਨੀ ਬੇ-ਇੱਜ਼ਤੀ ਹੋਵੇਗੀ ? ਬੇ-ਇੱਜ਼ਦੀ ਦੀ ਤਾਂ ਖ਼ੈਰ ਏ, ਪਰ ਜੇ......ਜੇ...... ਜੇ......।'

ਸੰਤ ਜੀ ਸਭ ਕੁਛ ਸਮੇਟ ਕੇ 'ਓਮ' ਦਾ ਲੰਮਾ ਸਾਰਾ ਡਕਾਰ ਲੈਂਦੇ ਉਠੇ, ਤੇ 'ਆਜ ਭਗਵਾਨ ਨੇ ਸਭ ਕੁਛ ਲੁਟਾ ਦੀਆ।' ਕਹਿੰਦੇ ਹੋਏ ਰਾਹੇ ਪੈ ਗਏ। ਮੈਂ ਜੇਬ ਵਾਲੇ ਸਾਰੇ ਪੈਸੇ ਦੁਕਾਨਦਾਰ ਅੱਗੇ ਪਲਟ ਕੇ—ਬਿਨਾਂ ਇਕ ਅੱਖਰ ਮੂੰਹੋਂ ਬੋਲੇ—ਚਾਦਰ ਵਾਲਾ ਹੱਥ ਅਗ੍ਹਾਂ ਵਧਾ ਦਿਤਾ। ਬੋਲਣਾ ਮੈਂ ਕੀ ਸੀ ? ਬੋਲਣ ਦੀ ਸੱਤਿਆ ਹੀ ਨਹੀਂ ਸੀ ਉਸ ਵੇਲੇ।

ਚਾਦਰ ਵੱਲੇ ਬਿਨਾਂ ਧਿਆਨ ਬਿੱਤੇ, ਦੁਕਾਨਦਾਰ ਪੈਸੇ ਗਿਣਦਾ ਰਿਹਾ। ਉਹ ਚੁੱਪ ਸੀ, ਪਰ ਮੇਰੇ ਕੰਨਾਂ ਵਿਚ ਵਾਜ ਆ ਰਹੀ ਸੀ, 'ਹੋਰ ਲਿਆ, ਹੋਰ ਲਿਆ।' ਭਲਾ ਹੋਵੇ ਉਸ ਨੇਕ ਬਖ਼ਤ ਦਾ, ਉਹਨੇ ਸਾਰੇ ਪੈਸੇ ਗਿਣ ਗਿਣਾ ਕੇ, ਵਿਚੋਂ ਪੰਜ ਪੈਸੇ ਮੈਨੂੰ ਮੋੜ ਦਿਤੇ ਤੇ ਬਾਕੀ ਗੱਲੇ ਵਿਚ ਰੱਖ ਲਏ।

ਉਹ ਪੰਜ ਪੈਸੇ ਮੁੱਠ ਵਿਚ ਘੁੱਟੀ ਮੈਂ ਹਰਿਮੰਦਰ ਸਾਹਿਬ ਵੱਲ ਤੁਰ ਪਿਆ। ਮੈਂ ਦਰਸ਼ਨੀ ਡਿਉਢੀ ਦੇ ਬੂਹੇ ਅੱਗੇ ਪਹੁੰਚਾ। ਇਕ ਪਾਸੇ ਵਾਲੇ ਕਮਰੇ ਦੇ ਬੂਹੇ ਉਤੇ ਲਿਖਿਆ ਹੋਇਆ ਸੀ, 'ਕੜਾਹ ਪ੍ਰਸਾਦ'। ਮੈਂ ਉਹ ਫੱਟਾ ਪੜ੍ਹਿਆ ਤੇ ਹੱਥ ਵਾਲੇ ਪੰਜਾਂ ਪੈਸਿਆਂ ਵੱਲ ਵੇਖ ਕੇ ਅਗ੍ਹਾਂ ਲੰਘ ਗਿਆ। ਓਹਾ ਪੰਜ ਪੈਸੇ ਧਰ ਕੇ ਮੈਂ ਦਰਬਾਰ ਸਾਹਿਬ ਅੱਗੇ ਮੱਥਾ ਜਾ ਟੇਕਿਆ। ਚੇਤਾ ਨਹੀਂ ਰਿਹਾ, ਕਿ ਮੈਂ ਸਿਰ ਝੁਕਾਉਣ ਲਗਿਆਂ ਕੀ ਅਰਦਾਸ ਕੀਤੀ।

ਪੰਧ ਦੁਰੇਡਾ ਤੇ ਜੇਬ ਖ਼ਾਲੀ, ਮੈਂ ਪੈਦਲ ਹੀ ਪਿੰਡ ਨੂੰ ਤੁਰ ਪਿਆ। ਡਾਢੇ ਹਨ੍ਹੇਰੇ ਹੋਏ ਮੈਂ ਘਰ ਪਹੁੰਚਿਆ। ਰਾਣਾ ਅੱਗੇ ਜਾਗਦੀ ਪਈ ਸੀ। ਵੇਖਦਿਆਂ ਸਾਰ ਉਹਨੇ ਮੇਰੇ ਗਲ ਨੂੰ ਚੰਬੜ ਕੇ ਪੁੱਛਿਆ, "ਮੇਰੀਆਂ ਚੂੜੀਆਂ।"

"ਦੱਾ-ਜੀ ! ਵਾਜਾ।" ਭੈਣ ਦੀ ਵਾਜ ਸੁਣ ਕੇ ਅੱਖਾਂ ਮਲਦੇ ਛਿੰਦੇ ਨੇ ਉਠਦਿਆਂ ਸਾਰ ਕਿਹਾ।

"ਚੂੜੀਆਂ ਤੇ ਵਾਜੇ ਦੇ ਚਾਅ ਵਿਚ ਇਹਨਾਂ ਨੂੰ ਅੱਜ ਨੀਂਦ ਈ ਨਹੀਂ

ਆਈ।" ਛੋਟੇ ਕਾਕੇ ਨੂੰ ਥਾਪੜਦੀ, ਉਹਨਾਂ ਦੀ ਮਾਂ ਬੋਲੀ।

ਮੈਂ ਦੋਹਾਂ ਬੱਚਿਆਂ ਦੇ ਮੂੰਹ ਚੁੰਮਦਿਆਂ ਕਾਬੂ ਆਏ ਗੁਨਾਹਗਾਰ ਵਾਂਗ ਕਿਹਾ, "ਬੱਲੇ ! ਕੁਛ ਨਹੀਂ ਲਿਆਇਆ ਮੈਂ।"

"ਕਿਉਂ ?" ਦੋਹਾਂ ਦੀ ਵਾਜ ਵਿਚ ਰੁਸੇਵਾਂ ਸੀ।

"ਜੇਬ ਕੱਟੀ ਗਈ ਸੀ।" ਮੇਰਾ ਸਿਰ ਮੁਜਰਮ ਵਾਂਗ ਝੁਕ ਗਿਆ।

ਬੱਚਿਆਂ ਦੀਆਂ ਬਾਂਹੀਂ ਆਪਣੇ ਆਪ ਢਿੱਲੀਆਂ ਹੋ ਗਈਆਂ। ਚੋਰ ਅੱਖ ਨਾਲ ਮੈਂ ਬੱਚਿਆਂ ਦੀ ਮਾਂ ਵੱਲ ਵੇਖਿਆ, ਤਾਂ ਉਹਦੇ ਖੱਬੇ ਹੱਥ ਦੀ ਪਹਿਲੀ ਉਂਗਲ, ਨੱਥ ਤੋਂ ਖ਼ਾਲੀ ਹੋਏ ਨੱਕ ਦੇ ਛੇਕ 'ਤੇ ਟਿਕੀ ਹੋਈ ਸੀ।

੨੩-੫-੫੪

ਅਜੇ ਦੀਵਾ ਬਲ ਰਿਹਾ ਸੀ

ਸ਼ਾਮ ਨੂੰ ਘਰ ਘਰ ਦੀਵੇ ਜਗਦੇ ਹਨ। ਕੋਈ ਘੜੀ ਪਹਿਲਾਂ, ਕੋਈ ਘੜੀ ਪਿੱਛੋਂ, ਆਪੋ ਆਪਣੀ ਨੌਕਰੀ ਭੁਗਤਾ ਕੇ ਵੱਡੇ ਹੋ ਜਾਂਦੇ ਹਨ। ਕਿਸੇ ਕਿਸੇ ਘਰ ਵਿਚ ਜ਼ਿੰਦਗੀ ਦਾ ਵਹਾਉ ਜ਼ਰਾ ਨਿਰਾਲਾ ਹੁੰਦਾ ਹੈ। ਓਥੇ ਦੀਵੇ ਨੂੰ ਸਾਰੀ ਰਾਤ ਜਾਗ ਕੇ ਪਹਿਰਾ ਦੇਣਾ ਪੈਂਦਾ ਹੈ।

ਲੱਕੜ ਦੀ ਦੀਵਟ ਉਤੇ ਪਿਆ ਮਿੱਟੀ ਦਾ ਦੀਵਾ ਬਲ ਰਿਹਾ ਸੀ। ਸਾਮ੍ਹਣੇ ਰੰਗੀਲ ਪੀੜ੍ਹੇ 'ਤੇ ਬੈਠੀ ਬਾਹੀਆਂ ਵਰ੍ਹਿਆਂ ਦੀ ਮੁਟਿਆਰ ਚਿੱਠੀ ਪੜ੍ਹ ਰਹੀ ਸੀ। ਤਿੰਨ ਵਰ੍ਹੇ ਹੋਏ, ਇਹ ਚਿੱਠੀ ਉਹਨੂੰ ਉਹਦੇ ਫ਼ੌਜੀ ਪਤੀ ਵੱਲੋਂ ਆਈ ਸੀ। ਉਹਨੇ ਅੰਦਰ ਬਹਿ ਕੇ ਆਪਣੇ ਦਸਾਂ ਵਰ੍ਹਿਆਂ ਦੇ ਦਿਉਰ ਕੋਲੋਂ ਪੜ੍ਹਾਈ ਸੀ। ਇਕ ਵਾਰ ਸੁਣਨ ਨਾਲ ਉਹਦੀ ਪਿਆਸ ਮਿਟੀ ਨਹੀਂ ਸੀ। ਜਦੋਂ ਵੀ ਉਹਨੂੰ ਵਿਹਲ ਮਿਲਦਾ, ਉਹ ਛੋਟੇ ਦਿਉਰ ਨੂੰ ਅੰਦਰ ਲੈ ਜਾਂਦੀ ਤੇ ਬੜੇ ਲਾਡ ਨਾਲ ਉਹਨੂੰ ਬਾਂਹੀਂ 'ਚ ਲੈ ਕੇ ਕਹਿੰਦੀ, "ਬੀਬਾ ਵੀਰ ! ਮੈਂ ਤੇਰੀ ਪੱਗ ਨੂੰ ਮਾਇਆ ਲਾ ਦੇਊਂ। ਮੈਨੂੰ ਇਕ ਵਾਰ ਚਿੱਠੀ ਸੁਣਾ ਦਿਹ। ਮੇਰਾ ਦਿਉਰ ਬੜਾ ਚੰਗਾ ਏ।......ਹਾਂ, ਆਹ ਕੀ ਲਿਖਿਆ ਏ ?"

ਉਹ ਇਕ ਇਕ ਅੱਖਰ ਉਤੇ ਉਂਗਲ ਰੱਖ ਕੇ ਪੁੱਛਦੀ ਤੇ ਉਹਦਾ ਭੋਲਾ ਭਾਲਾ ਦਿਉਰ ਪੜ੍ਹ ਕੇ ਦਸਦਾ ਜਾਂਦਾ। ਏਨੀ ਵਾਰ ਉਹਨੇ ਚਿੱਠੀ ਸੁਣੀ, ਕਿ ਉਸਦਾ ਅੱਖਰ ਅੱਖਰ ਉਹਨੂੰ ਯਾਦ ਹੋ ਗਿਆ। ਉਹ ਬਹੁਤੀ ਪੜ੍ਹੀ ਹੋਈ ਨਹੀਂ ਸੀ। ਉਹਨੂੰ ਅੱਖਰਾਂ ਦੀ ਬੜੀ ਮਾਮੂਲੀ ਪਛਾਣ ਸੀ। ਪਰ ਆਪਣੇ ਪਤੀ ਦੀ ਚਿੱਠੀ ਦੀਆਂ ਸਤਰਾਂ ਤੋਂ ਉਹ ਜਾਣੂ ਹੋ ਗਈ ਸੀ। ਉਹਨੂੰ ਪਤਾ ਸੀ, ਕਿ ਇਸ ਪਾਲ ਵਿਚ ਆਹ ਕੁਛ ਲਿਖਿਆ ਹੋਇਆ ਹੈ।

ਜਿੰਨੀ ਵਾਰ ਉਹਨੇ ਚਿੱਠੀ ਸੁਣੀ ਸੀ, ਉਸ ਤੋਂ ਕਈ ਵਾਰ ਵੱਧ ਉਹਨੇ ਦਿਲ ਵਿਚ ਦੁਹਰਾਈ ਸੀ। ਦਿਉਰ ਇਕ ਵਾਰ ਚਿੱਠੀ ਸੁਣਾ ਕੇ ਬਾਹਰ ਚਲਾ ਜਾਂਦਾ। ਉਹ ਪਿੱਛੋਂ ਓਨਾ ਚਿਰ ਪਾਲਾਂ 'ਤੇ ਉਂਗਲ ਫੇਰ ਫੇਰ ਕੇ ਦੁਹਰਾਉਂਦੀ ਰਹਿੰਦੀ, ਜਿੰਨਾ ਚਿਰ ਸੱਸ ਬਾਹਰੋਂ ਵਾਜ ਮਾਰ ਕੇ ਕਿਸੇ ਕੰਮ ਵਾਸਤੇ ਸੱਦ ਨਾ ਲੈਂਦੀ। ਕੰਮ ਕਰਦਿਆਂ ਵੀ ਉਹਦੀ ਸੁਰਤ ਚਿੱਠੀ ਵਿਚ ਹੀ ਰਹਿੰਦੀ। ਉਹ ਰਾਤੀਂ ਸੌਂਦੀ, ਤਾਂ ਪੱਕੇ ਨਿੱਤ-ਨੇਮੀ ਵਾਂਗ ਚਿੱਠੀ ਦਾ ਪਾਠ ਕਰ ਕੇ; ਤੇ ਸਵੇਰੇ

ਉਠਦੀ, ਤਾਂ ਸ਼ਰਧਾਲੂ ਭਗਤ ਵਾਂਗ ਉਹਦੀ ਜ਼ਬਾਨ 'ਤੇ ਚਿੱਠੀ ਦਾ ਹੀ ਕੋਈ ਵਾਕ ਹੁੰਦਾ। ਸੁੱਤਿਆਂ ਪਿਆਂ ਸੁਪਨੇ ਵਿਚ ਉਹ ਚਿੱਠੀ ਹੀ ਪੜ੍ਹ ਰਹੀ ਹੁੰਦੀ। ਉਸਦੇ ਵਾਕ, ਉਸਦੇ ਸ਼ਬਦ, ਉਸਦੇ ਅੱਖਰ ਨਵੀਆਂ ਨਵੀਆਂ ਸ਼ਕਲਾਂ ਧਾਰ ਕੇ ਉਹਦੇ ਸਾਮ੍ਹਣੇ ਆ ਜਾਂਦੇ। ਸੁਪਨੇ ਵਿਚ ਉਹਦੀਆਂ ਅੱਖਾਂ ਭਰ ਆਉਂਦੀਆਂ, ਤਾਂ ਉਹ ਡਰਦੀ ਵਿਚੇ ਵਿਚ ਹੰਝੂ ਪੀ ਲੈਂਦੀ; ਮਤਾਂ ਕੋਈ ਬੂੰਦ ਕਾਗਦ 'ਤੇ ਡਿਗ ਕੇ ਉਹਦੇ ਪਤੀ ਦੀ ਚਿੱਠੀ ਦਾ ਕੋਈ ਅੱਖਰ ਧੋ ਸੁੱਟੇ।

ਮੰਦਰ ਦੀ ਜੋਤ ਵਾਂਗ ਦੀਵਾ ਬਲ ਰਿਹਾ ਸੀ। ਪੁਜਾਰਨ ਸਾਮ੍ਹਣੇ ਰੰਗੀਲ ਪੀੜ੍ਹੇ 'ਤੇ ਬੈਠੀ ਸੀ। ਉਹਦੇ ਗੋਡੇ 'ਤੇ ਓਹਾ ਚਿੱਠੀ ਖੁਲ੍ਹੀ ਪਈ ਸੀ। ਉਹਦੇ ਸੱਜੇ ਹੱਥ ਦੀ ਪਹਿਲੀ ਉਂਗਲ ਚਿੱਠੀ ਦੀ ਪਹਿਲੀ ਪਾਲ ਉਤੇ ਟਿਕੀ ਹੋਈ ਸੀ। ਉਹ ਪੜ੍ਹ ਰਹੀ ਸੀ :—

"ਲਿਖਤੁਮ ਹੌਲਦਾਰ ਪਿਆਰਾ ਸਿੰਘ, ਪੜਤੁਮ ਹੌਲਦਾਰਨੀ ਦਲੀਪ ਕੌਰ......।"

"ਊਂਹ! ਨਾ ਕਵੈਦ ਕੀਤੀ, ਨਾ ਬੰਦੂਕ ਚੁੱਕੀ, ਤੇ ਦਲੀਪ ਕੌਰ ਘਰੇ ਬੈਠੀ ਹੌਲਦਾਰਨੀ ਬਣ ਗਈ।" ਉਹਦੇ ਦਿਉਰ ਨੇ ਇਕ ਦਿਨ ਚਿੱਠੀ ਪੜ੍ਹਦਿਆਂ ਉਹਨੂੰ ਚਿੜਾਉਣ ਵਾਸਤੇ ਉਹਦੇ ਮੂੰਹ ਵੱਲ ਹੱਥ ਕਰਕੇ ਕਿਹਾ ਸੀ। ਉਪਰੋਕਤ ਵਾਕ ਇਸ ਵੇਲੇ ਉਹਦੇ ਕੰਨਾਂ ਵਿਚ ਗੂੰਜ ਰਿਹਾ ਸੀ। ਉਹ ਮਨ ਹੀ ਮਨ ਵਿਚ ਦਿਉਰ ਨੂੰ ਕਹਿ ਰਹੀ ਸੀ, 'ਤਾਰਿਆ! ਬੱਲੀ, ਕੀ ਮੈਂ ਐਵੇਂ ਹੌਲਦਾਰਨੀ ਬਣ ਗਈ ਆਂ? ਮੈਂ ਹੌਲਦਾਰਨੀ ਬਣਨ ਵਾਸਤੇ ਕੋਈ ਮੁੱਲ ਨਹੀਂ ਤਾਰਿਆ? ਮੇਰੇ ਡੋਲੇ ਦੇ ਕਹਾਰਾਂ ਦੀਆਂ ਪੈੜਾਂ ਵੀ ਅਜੇ ਰਾਹਾਂ ਵਿਚੋਂ ਨਹੀਂ ਸਨ ਮਿਟੀਆਂ, ਜਦ ਮੈਂ ਉਹਨਾਂ ਨੂੰ ਘਰੋਂ ਤੋਰਿਆ ਸੀ। ਮੇਰੇ ਨਾਨਕਿਆਂ ਦੇ ਚੂੜੇ ਦੀਆਂ ਅੱਧੀਆਂ ਚੂੜੀਆਂ ਆਪਸ ਵਿਚ ਖਹਿਬੜ ਕੇ ਹੀ ਟੁੱਟ ਗਈਆਂ, ਪਰ ਕਿਸੇ ਵੀਣੀ ਫੜ ਕੇ ਇਹਨਾਂ ਦਾ ਸਮਝੌਤਾ ਨਾ ਕਰਾਇਆ। ਮੈਂ ਵਿਚੇ ਵਿਚ ਝੂਰਦੀ ਆਂ, ਕਿ ਜੇ ਇਹਨਾਂ ਟੁੱਟਣਾ ਹੀ ਸੀ, ਤਾਂ ਕਿਸੇ ਕਰੜੇ ਹੱਥ ਦੀ ਕੱਸ ਵਿਚ ਆਣਕੇ ਟੁਟਦੀਆਂ। ਮੈਂ ਅਗਲੇ ਦਿਨ ਪਿਆਰ ਕੱਢ ਕੇ ਤਾਂ ਵੇਖ ਲੈਂਦੀ? ਤੂੰ ਆਹੰਦਾ ਏਂ, ਮੈਂ ਐਵੇਂ ਹੌਲਦਾਰਨੀ ਬਣ ਗਈ। ਮੈਂ ਕਦੇ ਕਵੈਦ ਨਹੀਂ ਕੀਤੀ। ਤਾਂ ਮੇਰੇ ਪੈਰਾਂ 'ਤੇ ਛਾਲੇ ਐਵੇਂ ਪੈ ਗਏ ਨੇ? ਤੇਰਾ ਭਰੱਾ ਸੜਦੀਆਂ ਰੇਤਾਂ ਵਿਚ ਫ਼ੌਜੀ ਬੂਟ ਪਾ ਕੇ ਕਵੈਦ ਕਰਦਾ ਏ, ਤੇ ਮੈਂ ਸੱਸੀ ਵਾਂਗ ਨੰਗੇ ਪੈਰੀਂ ਮਗਰ ਮਗਰ ਖੁਰਾ ਕਢਦੀ ਫਿਰਦੀ ਆਂ। ਮੇਰਾ ਸਰੀਰ ਏਥੇ ਹੁੰਦਾ ਏ, ਪਰ ਮੈਂ ਦੇਸਾਂ ਪਰਦੇਸਾਂ ਵਿਚ ਉਹਦੇ ਪਿੱਛੇ ਭਟਕਦੀ ਫਿਰਦੀ ਆਂ। ਮੇਰੇ ਜਵਾਨੀ ਦੇ ਗੀਤ ਹਉਕੇ ਬਣ ਗਏ

ਨੇ। ਹੱਥਾਂ ਦੀ ਮਹਿੰਦੀ ਵਾਂਗ ਮਥੇ ਦੀ ਲਾਲੀ ਦਿਨੋ ਦਿਨ ਫਿੱਕੀ ਪੈਂਦੀ ਜਾਂਦੀ ਏ। ਦੱਸ, ਅਜੇ ਮੈਂ ਹੌਲਦਾਰਨੀ ਬਣਨ ਦਾ ਮੁੱਲ ਨਹੀਂ ਤਾਰਿਆ ?'

ਉਹਨੇ ਮੋਢਿਆਂ ਨੂੰ ਹਲੂਣਿਆਂ ਤੇ ਫੇਰ ਮੁੱਢੋਂ ਚਿੱਠੀ ਪੜ੍ਹਨੀ ਸ਼ੁਰੂ ਕੀਤੀ :-

"ਲਿਖਤੁਮ ਹੌਲਦਾਰ ਪਿਆਰਾ ਸਿੰਘ, ਪੜ੍ਹਤੁਮ ਹੌਲਦਾਰਨੀ ਦਲੀਪ ਕੌਰ। ਹਮ ਰਾਜੀ ਖੁਛੀ ਹੈ। ਤੁਮਾਰੀ ਰਾਜੀ ਖੁਛੀ ਵਾਹਿਗੁਰੂ ਪਾਸੋਂ ਨੇਕ ਮਾਂਗਤਾ ਹੈ। ਏਥੇ ਫ਼ੌਜ ਵਿਚ ਆ ਕੇ ਹਮ ਲੋਕ ਬਹੁਤ ਲਿਖ ਪੜ੍ਹ ਗਿਆ ਹੈ। ਇਹ ਚਿੱਠੀ ਹਮ ਅਪਨੇ ਖਾਸ ਹਥ ਸੇ ਲਿਖ ਰਿਹਾ ਹੈ। ਅੱਜ ਹਮ ਕੋ ਪਰੇਡ ਸੇ ਛੁੱਟੀ ਹੈ। ਹਮ ਤੁਮ ਕੋ ਯਾਦ ਕਰ ਕੇ ਚਿੱਠੀ ਲਿਖ ਰਿਹਾ ਹੈ। ਪਿਆਰੀ ਹੌਲਦਾਰਨੀ, ਰਾਤ ਹਮ ਕੋ ਸੁਪਨਾ ਆਇਆ। ਹਮ ਨੇ ਬਹੁਤ ਬਹਾਦਰੀ ਕਾ ਕਾਮ ਕੀਆ। ਹਮ ਵੱਡੇ ਸਾਹਬ ਕੇ ਬੰਗਲੇ ਚਲਾ ਗਿਆ। ਅੱਗੇ ਸਾਹਬ ਔਰ ਉਸਕਾ ਮੇਮ ਸਾਹਬ ਔਰ ਬਾਵਾਲੋਕ ਬੈਠੇ ਚਾਹ ਪੀ ਰਹੇ ਥੇ। ਹਮ ਜਾ ਕੇ ਦਹਿਨੇ ਹੱਥ ਸੇ ਸਲਊਟ ਮਾਰਾ। ਸਾਹਬ ਬੋਲਾ, 'ਵੈੱਲ ਜੁਆਨ ! ਕਿਆ ਮਾਂਗਟਾ ਹੈ ?' ਹਮ ਨੇ ਫੌਰਨ ਜਬਾਬ ਦੀਆ, "ਸਾਹਬ ਹਮ ਛੁੱਟੀ ਮਾਂਗਤਾ ਹੈ। ਹਮਾਰਾ ਜੀ ਨਹੀਂ ਲਗਤਾ। ਹਮ ਅਪਨੀ ਮੇਮ-ਸਾਹਬ ਕੋ ਦੇਖਨਾ ਮਾਂਗਤਾ ਹੈ।..... "

ਉਹਨੂੰ ਫਿਰ ਦਿਉਰ ਦੀ ਗੱਲ ਯਾਦ ਆਈ, "ਬੱਲੇ ਨੀ ਮੇਮ ਸਾਹਬੇ !" ਤਾਰੇ ਨੇ ਮੂੰਹ ਵਿੰਗਾ ਕਰਕੇ ਕਿਹਾ ਸੀ। "ਮੇਮ ਸਾਹਬ ਦਾ ਮੂੰਹ ਤਾਂ ਵੇਖੋ ! ਸਿਰ ਵਾਹਿਆਂ ਖੌਰੇ ਵਰ੍ਹਾ ਹੋ ਚੱਲਿਆ ਏ। ਗਲ ਵਿਚ ਖੁੱਲ੍ਹੀਆਂ ਬੂਦਾਂ ਵੇਖ ਕੇ ਗਲੀ ਦੇ ਅੰਞਾਣੇ ਡਰਦੇ ਨੇ, ਤੇ ਉਞ ਇਹ ਹੌਲਦਾਰ ਦੀ ਮੇਮ ਸਾਹਬ ਜੇ।"

ਗੁੱਤ ਜਿੱਡਾ ਲੰਮਾਂ ਹਉਕਾ ਲੈ ਕੇ ਉਹਨੇ ਮਨ ਵਿਚ ਕਿਹਾ, 'ਤਾਰਿਆ ! ਤੂੰ ਕੀ ਜਾਣੇ, ਕਿ ਮੈਂ ਕਿਉਂ ਦਿਨੇਂ ਸਿਰ ਨਹੀਂ ਵਾਹੁੰਦੀ ? ਸਾਰੀ ਜਵਾਨੀ ਵਿਚ ਮੈਂ ਸਿਰਫ਼ ਦਸ ਦਿਨ ਸਿਰ ਵਾਹਿਆ ਸੀ। ਤੌੜੀਆਂ ਵੇਲੇ ਮੈਂ ਸ਼ੀਸ਼ੇ ਸਾਮ੍ਹਣੇ ਬਹਿ ਕੇ ਪਟੀਆਂ ਸੁਆਰਦੀ ਸਾਂ। ਮੇਰੀ ਚੀਰਨੀ ਦਾ ਸੰਧੂਰ ਸ਼ਾਮ ਦੇ ਹਨੇਰਿਆਂ ਵਾਸਤੇ ਕਾਹਲਾ ਪੈਣ ਲੱਗ ਪੈਂਦਾ ਸੀ। ਜਵਾਨੀ ਦੀਆਂ ਦਸ ਰਾਤਾਂ—ਸਿਰਫ਼ ਦਸ —ਅਸਾਂ ਜਾਗਕੇ ਮਾਣੀਆਂ ਸਨ। ਆਹ ਬਲਦਾ ਦੀਵਾ ਉਗਾਹ ਏ। ਇਹਨੂੰ ਸੌਂਹ ਦੇ ਕੇ ਪੁੱਛ,ਜੇ ਉਹ ਦਸ ਰਾਤਾਂ ਮੈਂ ਅੱਖ ਵੀ ਝਮਕੀ ਹੋਵੇ ਤਾਂ। ਉਹ ਕਿਸੇ ਵੇਲੇ ਸੌਂ ਵੀ ਜਾਂਦੇ ਸਨ, ਪਰ ਮੈਂ ਉਹਨਾਂ ਦੇ ਸਡੋਲ ਅੰਗਾਂ ਵੱਲੇ ਵੇਖ ਵੇਖ ਰੱਜਦੀ ਰਹਿੰਦੀ ਸਾਂ। ਮੈਂ ਗਾਉਂਦੀ ਰਹਿੰਦੀ ਸਾਂ: 'ਜੇ ਤੁਰ ਚੱਲਿਓਂ ਨੌਕਰੀ ਵੇ, ਮਾਹੀਆ ! ਸਾਨੂੰ ਤਾਂ ਲੈ ਚੱਲ ਨਾਲ।' ਉਹ ! ਮੇਰੇ ਗੀਤ ਅਜੇ ਮੁੱਕੇ ਨਹੀਂ ਸਨ, ਪਰ ਉਹਨਾਂ ਦੀ ਛੁੱਟੀ ਮੁਕ ਗਈ। ਓਦੋਂ ਮੈਂ ਸਿਰ ਵਾਹੁੰਦੀ ਸਾਂ। ਮੇਰੇ ਸ਼ਾਮ ਦੇ ਵਾਹੇ ਵਾਲ

ਰਾਤੀਂ ਉਹਨਾਂ ਦੇ ਖਰ੍ਹਵੇ ਹੱਥਾਂ ਨਾਲ ਉਲਝ ਜਾਂਦੇ ਸਨ। ਮੈਂ ਜਠਾਣੀਆਂ ਤੇ ਨਨਾਣਾਂ ਤੋਂ ਡਰਦੀ, ਉਹਨਾਂ ਦੇ ਜਾਗਣ ਤੋਂ ਪਹਿਲਾਂ ਹੀ ਫਿਰ ਠੀਕ ਕਰ ਲੈਂਦੀ ਸਾਂ। ਇਕ ਦਿਨ ਮੇਰੀਆਂ ਦੋ-ਕੁ ਲਿਟਾਂ ਅਣ-ਸੁਆਰੀਆਂ ਰਹਿ ਗਈਆਂ ਸਨ। ਉਹ ਸਾਰਾ ਦਿਨ ਕੁੜੀਆਂ ਮੇਰਾ ਖਹਿੜਾ ਨਹੀਂ ਸੀ ਛੱਡਿਆ। ਉਹ ਮੇਰੀਆਂ ਉਲਝੀਆਂ ਲਿਟਾਂ ਫੜ ਕੇ ਹਿਲਾਉਂਦੀਆਂ ਤੇ ਵੰਨ ਸੁਵੰਨੀਆਂ ਬੋਲੀਆਂ ਪਾ ਪਾ ਕੇ ਛੇੜਦੀਆਂ। ਕਿੰਨੀਆਂ ਚੰਗੀਆਂ ਲਗਦੀਆਂ ਸਨ ਉਹਨਾਂ ਦੀਆਂ ਛੇੜ-ਖਾਨੀਆਂ ? ਮੈਂ ਉਤੋਂ ਉਤੋਂ ਖਿਝਦੀ ਸਾਂ ਤੇ ਅੰਦਰੋਂ ਖ਼ੁਸ਼ ਹੁੰਦੀ ਸਾਂ। ਉਹਨਾਂ ਦੀਆਂ ਬੋਲੀਆਂ ਤੇ ਮਿਹਣੇ ਮੈਨੂੰ ਵਧਾਈਆਂ ਨਾਲੋਂ ਚੰਗੇ ਲਗਦੇ ਸਨ। ਸਾਡੇ ਵਾਸਤੇ ਤਾਂ ਉਹ ਦਿਨ ਸੁਪਨਾ ਈ ਹੋ ਗਏ। ਹੁਣ ਵੀ ਮੈਂ ਕਦੇ ਕਦੇ ਵਾਲ ਵਾਹੁੰਦੀ ਆਂ, ਪਰ ਕਿਸੇ ਦੇ ਸਾਮ੍ਹਣੇ ਨਹੀਂ, ਲੋਕਾਂ ਦੇ ਸੁੱਤਿਆਂ ਰਾਤ ਚੋਰੀ ਚੋਰੀ। ਦਿਨ ਚੜ੍ਹਦੇ ਨੂੰ ਪਟੀਆਂ ਓਵੇਂ ਦੀਆਂ ਓਵੇਂ ਸਾਫ਼ ਹੁੰਦੀਆਂ ਨੇ। ਮੇਰੇ ਕੂਲੇ ਹੱਥਾਂ ਨਾਲ ਕਿਵੇਂ ਉਲਝਣ ਉਹ ? ਇਕ ਦਿਨ ਤੇਰੀ ਮਾਂ ਨੇ ਵੇਖ ਲਿਆ, ਤਾਂ ਸੌ ਸੌ ਮਿਹਣੇ ਦਿੱਤੇ: ਹੈਂ ਨੀ ! ਕੀਹਨੂੰ ਵਿਖਾਉਣ ਵਾਸਤੇ ਰਾਤ ਪਟੀਆਂ ਸੁਆਰਦੀ ਰਹਿੰਦੀ ਏਂ ? ਓਸ ਦਿਨ ਤੋਂ ਪਿੱਛੋਂ ਜੇ ਕਿਤੇ ਭੁੱਲ ਕੇ ਵਾਹ ਵੀ ਲਵਾਂ, ਤਾਂ ਲੋਕਾਂ ਦੇ ਮੱਥੇ ਲੱਗਣ ਤੋਂ ਪਹਿਲਾਂ ਹੀ ਫੇਰ ਵਿਝੋਲ ਲੈਂਦੀ ਆਂ। ਆਪਣੇ ਹੱਥਾਂ ਨਾਲ ਤਾਂ ਮੈਂ ਕੇਈ ਵਾਰ ਪਾਗਲ ਹੋਈ ਹੋਈ ਅੱਧੇ ਵਾਲ ਈ ਖੋਹ ਘੱਤਦੀ ਆਂ। ਵੇਖ ਖਾਂ, ਮੇਰੇ ਵਾਲ ਪਹਿਲਾਂ ਜਿੰਨੇ ਲੰਮੇ ਰਹਿ ਗਏ ਨੇ ?' ਜ਼ਹਿਰੀਲੀ ਸਪਣੀ ਵਰਗੀ ਗੁੱਤ ਉਹਦੇ ਖੱਬੇ ਹੱਥ ਵਿਚ ਸੀ। 'ਵਰ੍ਹੇ ਪਿੱਛੋਂ ਅੱਜ ਫੇਰ ਵਾਹੇ ਨੇ। ਜੇ...ਜੇ...ਅੱਜ ਵੀ ਆਪ ਹੀ ਵਿਝੋਲਣੇ ਪਏ, ਤਾਂ ਮੈਂ ਰੁੱਗਾਂ ਨਾਲ ਪੁੱਟ ਘੱਤਣੇ ਨੇ। ਸੂਰਜ ਦੀ ਲਾਲੀ ਤੋਂ ਪਹਿਲਾਂ ਹੀ ਇਹ ਹਨੇਰੇ ਸਮਲਚੋਂ ਉਡਾ ਦੇਣੇ ਨੇ। ਅੱਜ ਦੇ ਦਿਨ, ਹਾਂ, ਅੱਜ ਦੀ ਰਾਤ ਮੇਰੀ ਸੁਹਾਗਰਾਤ ਸੀ। ਐਸੇ ਪੀੜ੍ਹੇ ਤੇ ਬੈਠੀ ਸਾਂ, ਜਦ ਉਹਨਾਂ ਮੇਰੇ ਮੂੰਹ ਤੋਂ ਪਹਿਲੀ ਵਾਰ ਘੁੰਡ ਚੁਕਿਆ ਸੀ।'

ਬੇ-ਧਿਆਨੇ ਹੀ ਉਹਨੇ ਘੁੰਡ ਕਢ ਲਿਆ। ਉਹਨੂੰ ਤਦ ਪਤਾ ਲੱਗਾ, ਜਦ ਪੱਲੇ ਦੇ ਹਨੇਰੇ ਵਿਚ ਉਹਦੀਆਂ ਅੱਖਾਂ ਕਾਹਲੀਆਂ ਪੈਣ ਲੱਗ ਪਈਆਂ। ਹੁਣ ਘੁੰਡ ਚੁੱਕੇ ਕੌਣ ? ਏਸ ਅਵਸਥਾ ਵਿਚ ਆਪਣੇ ਹੱਥੀਂ ਘੁੰਡ ਚੁੱਕਣਾ, ਗਲ ਵਿਚ ਫਾਂਸੀ ਦਾ ਰੱਸਾ ਪਾਉਣ ਨਾਲੋਂ ਵੀ ਔਖਾ ਹੁੰਦਾ ਹੈ। ਆਤਮਘਾਤ ਕਰਨ ਵਾਲਿਆਂ ਵਾਸਤੇ ਲੋਕਾਂ ਕੋਲ 'ਤਰਸ' ਹੈ। ਉਹਨਾਂ ਦੀ ਅਣਆਈ ਮੌਤ ਉੱਤੇ ਦੁਨੀਆਂ ਅਫ਼ਸੋਸ ਕਰਦੀ ਹੈ। ਪਰ ਜੁਆਨੀ ਦੀਆਂ ਉਹਨਾਂ ਰੀਝਾਂ ਵਾਸਤੇ ਕਿਸੇ ਵੀ ਦਿਲ ਵਿਚ 'ਤਰਸ' ਨਹੀਂ, ਜੋ ਸਾਰੀ ਉਮਰ ਦਮ ਘੁੱਟ ਘੁੱਟ ਕੇ ਮਰਦੀਆਂ

ਰਹਿੰਦੀਆਂ ਹਨ ।

ਵਿਛੋੜੇ ਦੀ ਰਾਤ ਜਿੱਡਾ ਲੰਮਾ ਹਉਕਾ ਲੈ ਕੇ ਉਹਨੇ ਘੁੰਡ ਚੁਕਦਿਆਂ ਕਿਹਾ, "ਜਾਹ ਨੀ ਕਿਸਮਤੇ ! ਏਸ ਬਲਦੇ ਦੀਵੇ ਦੇ ਸਾਮ੍ਹਣੇ ਮਾਣ ਨਾਲ ਕਢਿਆ ਹੋਇਆ ਘੁੰਡ ਚੁੱਕਣਾ ਵੀ ਇਹਨਾਂ ਹੱਥਾਂ ਦੇ ਲੇਖਾਂ ਵਿਚ ਹੀ ਲਿਖਿਆ ਸੀ ।"

ਦੁਪੱਟੇ ਦੇ ਪੱਲੇ ਨਾਲ ਅੱਖਾਂ ਪੂੰਝ ਕੇ ਉਹਨੇ ਫਿਰ ਚਿੱਠੀ ਪੜ੍ਹਨੀ ਸ਼ੁਰੂ ਕਰ ਦਿਤੀ । "ਸਾਹਬ ਇਸ ਦਲੇਰੀ ਪਰ ਬਹੁਤ ਖੁਛ ਹੂਆ । ਉਹ ਹੱਸ ਕਰ ਬੋਲਾ, 'ਵੈੱਲ ਜੁਆਨ ! ਤੁਮਾਰਾ ਬੀਸ ਦਿਨ ਕਾ ਛੁੱਟੀ ਮਨਜ਼ੂਰ ਹੈ । ਤੁਮ ਆਜ ਹੀ ਘਰ ਜਾ ਸਕਦਾ ਹੈ ।' ਖੁਛੀ ਸੇ, ਬਗੈਰ ਖਾਨਾ ਖਾਏ ਹਮਲੋਕ ਸਟੇਸ਼ਨ ਕੀ ਤਰਫ ਦੌੜ ਪੜਾ । ਦੇਸ ਕੋ ਆਨੇ ਵਾਲਾ ਗਾੜੀ ਤਿਆਰ ਥਾ । ਹਮ ਸਵਾਰ ਹੋ ਕਰ ਰਾਤ ਕੇ ਬਾਰਾਂ ਬਜੇ ਅਪਨੇ ਸਟੇਸ਼ਨ ਪਰ ਆ ਉਤਰਾ । ਹਮ ਆਧੀ ਰਾਤ ਹੀ ਘਰ ਕੋ ਚਲ ਪੜਾ । ਜਬ ਹਮਲੋਕ ਘਰ ਪਹੁੰਚਾ, ਤੁਮ ਦਰਵਾਜੇ ਪਰ ਖੜੀ ਉਡੀਕ ਕਰ ਰਹੀ ਥੀ । ਤੁਮਾਰੇ ਕੁਛੜ ਛੋਟਾ ਜਿਹਾ ਬੱਚਾ ਥਾ, ਬਿਲਕੁਲ ਕੁਲਦੀਪ ਦੇ ਕਾਕੇ ਜੈਸਾ ।......।"

"ਕਾਕਾ ? ਮੇਰੇ ਕੁਛੜ ?" ਉਹਨੇ ਇਕ ਹੋਰ ਠੰਢਾ ਸਾਹ ਭਰਿਆ । ਉਹਨੂੰ ਉਹ ਦਿਨ ਯਾਦ ਆ ਗਿਆ, ਜਦ ਪਿਆਰਾ ਸਿੰਘ ਉਹਨੂੰ ਲੈਣ ਗਿਆ ਸੀ । ਉਹਦੀ ਵੱਡੀ ਭੈਣ ਕੁਲਦੀਪ ਕੌਰ ਵੀ ਪੇਕੇ ਆਈ ਹੋਈ ਸੀ । ਉਹਦੇ ਛੋਟੇ ਜੇਹੇ ਕਾਕੇ ਨੂੰ ਦਲੀਪ ਕੌਰ ਹਰ ਵੇਲੇ ਕੁੱਛੜ ਚੁੱਕ ਕੇ ਖਿਡਾਉਂਦੀ ਫਿਰਦੀ । ਜਦ ਕਾਕੇ ਨੂੰ ਭੁੱਖ ਲਗਦੀ, ਉਹ ਦਲੀਪ ਕੌਰ ਦੀ ਗੋਲ ਠੋਡੀ, ਜਾਂ ਤਿੱਖਾ ਨੱਕ ਮੂੰਹ ਵਿਚ ਪਾ ਕੇ ਚੂਪਣ ਲੱਗ ਪੈਂਦਾ । ਏਸਤਰ੍ਹਾਂ ਮਾਸੀ ਭਣੇਵਾਂ ਦੋਵੇਂ ਆਪੋ ਆਪਣੀ ਕੁਦਰਤੀ ਭੁੱਖ ਨੂੰ ਧੋਖਾ ਦੇ ਕੇ ਵਰਚਾਉਣ ਦਾ ਯਤਨ ਕਰਦੇ । ਕਾਕੇ ਦਾ ਰੰਗ ਰੂਪ ਮਾਂ ਨਾਲੋਂ ਮਾਸੀ ਨਾਲ ਵਧੇਰੇ ਮਿਲਦਾ ਸੀ । ਇਕ ਦਿਨ ਪਿਆਰਾ ਸਿੰਘ ਨੇ ਹਾਸੇ ਨਾਲ ਕਿਹਾ ਸੀ, "ਕੁਲਦੀਪ ! ਵੇਖਲੈ, ਕਾਕੇ ਦਾ ਮੁਹਾਂਦਰਾ ਤੇਰੇ ਨਾਲੋਂ ਸਾਡੇ ਨਾਲ ਵਧੇਰ ਮਿਲਦਾ ਈ । ਤੂੰ ਇਹ ਕਾਕਾ ਸਾਨੂੰ ਈਂ ਦੇ ਦੇ । ਨਾਲੇ ਪਿੱਛੋਂ ਤੇਰੀ ਭੈਣ ਦਾ ਜੀਅ ਲਗਾ ਰਹੇਗਾ ।"

ਅੱਗੋਂ ਕੁਲਦੀਪ ਨੇ ਗੁੱਝੀ ਚੋਟ ਕਰਦਿਆਂ ਮੁਸਕਰਾ ਕੇ ਕਿਹਾ ਸੀ, "ਨਾ ਭਈ ! ਇਹ ਸੌਦਾ ਨਹੀਂ ਪੁੱਜਦਾ । ਤੁਸੀਂ ਹੁਣ ਆਪ ਈ ਰੱਬ ਕੋਲੋਂ ਕਾਕਾ ਮੰਗੋ ।"

ਇਹ ਸੁਣ ਕੇ ਦਲੀਪ ਕੌਰ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ ਸੀ । ਉਹ ਕਾਕੇ ਨੂੰ ਕੁਲਦੀਪ ਦੀ ਗੋਦ ਵਿਚ ਪਾ ਕੇ ਕੋਲੋਂ ਚਲੀ ਗਈ ਸੀ ।

ਫਿਰ ਉਹਨੂੰ ਉਹ ਸਮਾਂ ਯਾਦ ਆਇਆ, ਜਦ ਏਸੇ ਅੰਦਰ ਉਹਨੇ ਤੇ ਪਿਆਰਾ ਸਿੰਘ ਨੇ ਦਸ ਰਾਤਾਂ ਜਾਗ ਕੇ ਮਾਣੀਆਂ ਸਨ। ਉਹਦੀ ਤਿੰਨਾਂ ਵਰ੍ਹਿਆਂ ਦੀ ਨਨ'ਨ ਛੋਟੇ ਜੇਹੇ ਸਰ੍ਹਾਣੇ ਨੂੰ ਹਰ ਵੇਲੇ ਮੋਢੇ ਨਾਲ ਲਾਈ ਫਿਰਦੀ ਸੀ। ਕੁੜੀਆਂ ਦੇ ਪੁਛਣ 'ਤੇ ਉਹ ਭੋਲੇ-ਭਾਅ ਕਹਿੰਦੀ, 'ਇਹ ਸਾਡਾ ਭੋਲੂ ਕਾਕਾ ਏ।' ਇਕ ਰਾਤ ਦਲੀਪ ਕੌਰ ਪਲੰਘ ਉਤੇ ਪਾਸੇ ਪਰਨੇ ਲੇਟੀ ਹੋਈ ਸੀ। ਅਜੇ ਦੀਵਾ ਬਲ ਰਿਹਾ ਸੀ। ਪਿਆਰਾ ਸਿੰਘ ਨੇ ਉਹਦੇ ਮਾਇਆ ਵਾਲੇ ਦੁਪੱਟੇ ਨੂੰ ਸਰ੍ਹਾਣੇ ਵਾਂਗ ਗੋਲ ਕਰਕੇ ਉਹਦੀ ਵੱਖੀ ਨਾਲ ਪਾ ਕੇ ਕਿਹਾ ਸੀ, "ਲੈ, ਭੋਲੂ ਕਾਕੇ ਨੂੰ ਦੁੱਧੂ ਦੇਹ, ਰੋਂਦਾ ਪਿਆ ਈ। ਯਾਦ ਰੱਖੀਂ, ਮੇਰੇ ਦੂਜੀ ਵਾਰ ਛੁਟੀ ਆਉਂਦਿਆਂ ਤਕ ਇਹ ਭੱਜਾ ਫਿਰਦਾ ਹੋਵੇ। ਅਸਾਂ ਇਹਨੂੰ ਕੁਲਦੀਪ ਦੇ ਕਾਕੇ ਨਾਲ ਘੁਲਾਉਣਾ ਏਂ।"

ਓਦੋਂ ਦਲੀਪ ਕੌਰ ਨੇ ਸ਼ਰਮਾਈ ਹੋਈ ਮੁਸਕਰਾਹਟ ਤੋਂ ਬਿਨਾਂ ਕੋਈ ਉੱਤਰ ਨਹੀਂ ਸੀ ਦਿਤਾ। ਪਰ ਅੱਜ ? ਜੇ ਸੈ-ਸੁਭਾਅ ਹੀ ਉਹਦਾ ਸੱਜਾ ਹੱਥ ਕਿਤੇ ਸੱਖਣੇ ਖੱਬੇ ਮੋਢੇ 'ਤੇ ਲੱਗ ਜਾਏ, ਤਾਂ ਉਹਦੇ ਅੰਦਰ ਇਉਂ ਤਰਾਟਾਂ ਪੈਣ ਲੱਗ ਪੈਂਦੀਆਂ, ਜਿਵੇਂ ਭਰਿਆ ਹੋਇਆ ਫੋੜਾ ਦੁਖ ਗਿਆ ਹੋਵੇ। ਉਹਦੇ ਤਨ ਮਨ ਵਿਚ ਚੀਸਾਂ ਪੈਂਦੀਆਂ, ਪਰ ਉਹ ਮੂੰਹੋਂ ਉੱਚੀ ਵਾਜ ਨਾ ਕਢ ਸਕਦੀ। ਕਦੇ ਕਦੇ ਉਹਨੂੰ ਇਉਂ ਪਰਤੀਤ ਹੁੰਦਾ, ਜਿਵੇਂ ਉਹਨੂੰ ਵਿਆਹੀ ਨੂੰ ਚਾਰ ਨਹੀਂ, ਚਾਲੀ ਵਰ੍ਹੇ ਹੋ ਗਏ ਹਨ। ਉਹਨੂੰ ਆਪਣਾ ਸਰੀਰ ਥੱਕਿਆ ਥੱਕਿਆ ਮਹਿਸੂਸ ਹੁੰਦਾ। ਸੇਅ ਵਰਗਾ ਸ਼ਰਬਤੀ ਚਿਹਰਾ ਉਹਨੂੰ ਝੁਰੜੀਆਂ ਨਾਲ ਭਰਿਆ ਹੋਇਆ ਭਾਸਣ ਲੱਗ ਪੈਂਦਾ।

ਉਹਦੇ ਅੰਦਰੋਂ ਤਿੱਖੀ ਹੂਕ ਉਠੀ ਤੇ ਇਕ ਪਰਸਿਧ ਲੋਕ-ਗੀਤ ਦੀ ਪੰਗਤੀ ਉਹਦੇ ਬੁੱਲ੍ਹਾਂ ਉੱਤੇ ਸਿਸਕਣ ਲੱਗ ਪਈ, 'ਜੁਲਾਹੇ ਦੀ ਜੁੱਤੀ ਤੇ ਨੌਕਰ ਦੀ ਨਾਰ, ਪਈ ਪੁਰਾਣੀ ਹੋ ਜਾਹ, ਵੇ ਸਿਪਾਹੀਆ ! ਪਈ ਪੁਰਾਣੀ ਹੋ ਜਾਹ।...।'

ਕਿਸੇ ਭਗਤ ਦੇ ਜਾਪ ਵਾਂਗ ਇਹ ਪੰਗਤੀ ਉਹਦੇ ਸਾਹਾਂ ਨਾਲ ਘੁਲ ਮਿਲ ਗਈ। ਉਹਦੇ ਬੁੱਲ੍ਹ ਹੌਲੀ ਹੌਲੀ ਫਰਕ ਰਹੇ ਸਨ। ਉਹਦਾ ਸਿਰ ਉਲਰਦਾ ਉਲਰਦਾ ਪੀੜ੍ਹੇ ਦੀ ਢੋਹ ਨਾਲ ਲੱਗ ਗਿਆ। ਪਤਾ ਨਹੀਂ, ਕਿਹੜੇ ਵੇਲੇ ਉਹਨੂੰ ਨੀਂਦ ਆ ਗਈ।

ਰਾਤ ਦੇ ਬਾਰਾਂ ਵਜੇ ਸਟੇਸ਼ਨ 'ਤੇ ਆ ਕੇ ਗੱਡੀ ਰੁਕੀ। ਗੱਡੀ ਚੀਕ ਮਾਰ ਕੇ ਅਗ੍ਹਾਂ ਤੁਰ ਪਈ। ਫ਼ੌਜੀ ਵਰਦੀ ਵਾਲਾ ਇਕ ਗਭਰੂ ਸਟੇਸ਼ਨ 'ਤੇ ਬਿਸਤਰਾ ਰੱਖ ਕੇ, ਓਸੇ ਵੇਲੇ ਪਿੰਡ ਨੂੰ ਤੁਰ ਪਿਆ। ਪੂਰੇ ਤਿੰਨ ਕੋਹ ਪੈਰਾਂ ਥੱਲੇ ਲਤਾੜ ਕੇ

ਉਹ ਘਰ ਦੇ ਬਾਹਰਲੇ ਬੂਹੇ ਅੱਗੇ ਪੁੱਜਾ। ਉਹਦੇ ਕਮਰੇ ਵਿਚੋਂ ਤਖ਼ਤਿਆਂ ਦੀਆਂ ਝੀਤਾਂ ਥਾਣੀ ਚਾਨਣ ਆ ਰਿਹਾ ਸੀ। ਉਹਦਾ ਦਿਲ ਧੜਕਣ ਲੱਗ ਪਿਆ। ਹਾਸੇ ਠੱਠੇ ਵਿਚ ਕਹੀਆਂ ਹੋਈਆਂ ਸਿਪਾਹੀਆਂ ਦੀਆਂ ਵੰਨ-ਸਵੰਨੀਆਂ ਗੱਲਾਂ ਚੇਤੇ ਆ ਕੇ ਉਹਦੇ ਅੰਦਰ ਤੂਫ਼ਾਨ ਮਚਾਉਣ ਲੱਗ ਪਈਆਂ। 'ਨੌਕਰਾਂ ਦੀਆਂ ਨਾਰਾਂ ਦੇ ਦੋ ਦੋ ਵਿਆਹ ਹੁੰਦੇ ਨੇ, ਇਕ ਆਪਣੇ ਫ਼ੌਜੀ ਪਤੀਆਂ ਨਾਲ ਤੇ ਇਕ...। ਜਦ ਫ਼ੌਜੀ ਹਨੇਰੇ ਅੰਦਰ ਉਹਨਾਂ ਦੀ ਯਾਦ ਵਿਚ ਤੜਪ ਰਹੇ ਹੁੰਦੇ ਨੇ, ਉਹ ਬਲਦੇ ਦੀਵਿਆਂ ਦੇ ਚਾਨਣ......।'

ਇਹ ਖ਼ਿਆਲ ਆਉਂਦਿਆਂ ਹੀ ਉਹਦਾ ਲਹੂ ਤੇਜ਼ਾਬ ਵਾਂਗ ਸੜਨ ਲੱਗ ਪਿਆ। 'ਤਾਂ ਕੀ ਮੇਰੀ ਹੌਲਦਾਰਨੀ ਵੀ ?...ਫਿਰ ਇਸ ਵੇਲੇ ਰਾਤ ਦੇ ਦੋ ਵਜੇ ਅੰਦਰ ਚਾਨਣ ਕਿਉਂ ਏਂ ?...ਮੈਂ ਜਾਣੋ...।'

ਉਹਨੇ ਬੂਹਾ ਖੁਹਲਣ ਵਾਸਤੇ ਕਿਸੇ ਨੂੰ ਵਾਜ ਨਹੀਂ ਮਾਰੀ। ਪੋਲੇ ਪੈਰੀਂ ਕੰਧ ਟੱਪ ਕੇ ਉਹ ਵਿਹੜੇ ਵਿਚ ਆ ਗਿਆ। ਦਸਾਂ ਕਦਮਾਂ ਵਿਚ ਵਿਹੜੇ ਦੀ ਚੌੜਾਈ ਮਿਣਦਾ ਹੋਇਆ ਉਹ ਕਮਰੇ ਦੇ ਬੂਹੇ ਅੱਗੇ ਪਹੁੰਚ ਗਿਆ। ਅੰਦਰੋਂ ਕੁੰਡਾ ਨਹੀਂ ਸੀ ਵੱਜਾ ਹੋਇਆ। ਉਹਨੇ ਸੱਜੇ ਹੱਥ ਨਾਲ ਧੱਕ ਕੇ ਤਖ਼ਤਾ ਲਾਹਿਆ। ਦਲੀਪ ਕੌਰ ਪੀੜ੍ਹ ਨਾਲ ਢੋਹ ਲਾ ਕੇ ਸੁੱਤੀ ਪਈ ਸੀ। ਉਹਦੇ ਮਾਸੂਮ ਚਿਹਰੇ 'ਤੇ ਪਵਿੱਤਰਤਾ ਝਲਕ ਰਹੀ ਸੀ। ਸਿਰ ਦੇ ਦੁਪੱਟੇ ਦਾ 'ਕਾਕਾ' ਬਣਾ ਕੇ ਉਹਨੇ ਛਾਤੀ ਨਾਲ ਲਾਇਆ ਹੋਇਆ ਸੀ। ਉਹਦਾ ਸੱਜਾ ਹੱਥ ਆਪਣੇ 'ਭੋਲੂ' ਦੀ ਸੰਭਾਲ ਕਰ ਰਿਹਾ ਸੀ। ਉਲਰਿਆਂ ਹੋਇਆਂ ਗੋਡਿਆਂ ਉਤੇ ਚਿੱਠੀ ਖੁੱਲ੍ਹੀ ਪਈ ਸੀ ਤੇ ਸਾਮ੍ਹਣੇ ਲੱਕੜ ਦੀ ਦੀਵਟ ਉਤੇ ਅਜੇ ਦੀਵਾ ਬਲ ਰਿਹਾ ਸੀ।

੨੩-੧੨-੫੬

ਸੰਤ ਜੀ

ਮੈਂ ਉਸ ਦਾ ਬਹੁਤ ਸਤਕਾਰ ਕਰਦਾ ਹਾਂ। ਉਹ ਵੀ ਮੈਨੂੰ ਰੱਜਵਾਂ ਪਿਆਰ ਕਰਦੀ ਹੈ। 'ਪਿਆਰ' ਦਾ ਅਰਥ ਕੋਈ ਹੋਰ ਨਾ ਸਮਝ ਲੈਣਾ। ਕਦੇ ਇਹ ਸ਼ਬਦ ਸਾਊਆਂ ਦੀ ਬੋਲੀ ਦਾ ਸ਼ਿੰਗਾਰ ਸੀ; ਪਰ ਅੱਜ ਸ਼ੁਹਦਿਆਂ ਦੇ ਹੱਥੀਂ ਆ ਕੇ, ਨਿਕੰਮੀ ਵਰਤੋਂ ਦੇ ਕਾਰਨ, ਇਹਦੇ ਅਰਥ ਬਹੁਤ ਨੀਵੇਂ ਹੋ ਗਏ ਹਨ।

ਉਹ ਮੇਰੀ ਵੱਡੀ ਸਾਲੀ ਹੈ। ਮੇਰੀ ਸੱਸ ਦੇ ਮਰਨ ਪਿੱਛੋਂ ਮੇਰੀ ਜੀਵਨ ਸਾਥਣ ਨੂੰ ਓਸੇ ਨੇ ਪਾਲਿਆ ਪੋਸਿਆ ਤੇ ਮੰਗਿਆ ਵਿਆਹਿਆ ਹੈ। ਇਹ ਉਹਦੇ ਪਿਆਰ ਦਾ ਪਹਿਲਾ ਸਬੂਤ ਹੈ, ਕਿ ਰਿਸ਼ਤਾ ਕਰਨ ਲੱਗਿਆਂ ਸਾਡੇ ਤਿੰਨਾਂ ਭਰਾਵਾਂ ਵਿਚੋਂ ਉਹਨੇ ਮੈਨੂੰ ਹੀ ਚੁਣਿਆਂ। ਮੇਰੇ ਮਾਤਾ ਪਿਤਾ ਮੈਥੋਂ ਵੱਡੇ ਨੂੰ ਸਾਕ ਕਰਨ ਲਈ ਜ਼ੋਰ ਦੇਂਦੇ ਸਨ, ਪਰ ਉਹ ਨਾ ਮੰਨੀ। ਓਦੋਂ ਤੋਂ ਸਾਡੇ ਪਿਆਰ ਦੀਆਂ ਪੱਕੀਆਂ ਗੰਢਾਂ ਪੈ ਗਈਆਂ। ਪਰ ਸਾਡੇ ਦੋਹਾਂ ਦੇ ਭਾਵਾਂ ਵਿਚ ਥੋੜਾ ਜਿਹਾ ਫ਼ਰਕ ਹੈ। ਉਹਦੇ ਪਿਆਰ ਵਿਚ ਮੋਹ ਵਧੇਰੇ ਹੈ, ਤੇ ਮੇਰੇ ਪਿਆਰ ਵਿਚ ਸ਼ਰਧਾ।

ਸਾਡੀ ਉਮਰ ਵਿਚ ਚੋਖਾ ਫ਼ਰਕ ਹੈ। ਉਹਦਾ ਵੱਡਾ ਲੜਕਾ ਮਸਾਂ ਦੋ ਸਾਲ ਛੋਟਾ ਹੈ ਮੈਥੋਂ। ਮੈਂ ਉਸਨੂੰ 'ਬੀਬੀ ਜੀ' ਕਹਿ ਕੇ ਬੁਲਾਉਂਦਾ ਹਾਂ। ਇਸਦਾ ਕਾਰਨ, ਉਹਦੇ ਬੱਚੇ ਉਸ ਨੂੰ 'ਬੀਬੀ ਜੀ' ਕਹਿੰਦੇ ਹਨ ਤੇ ਮੇਰੀ ਸਿੰਘਣੀ ਵੀ ਏਸੇ ਸ਼ਬਦ ਨਾਲ ਸੰਬੋਧਨ ਕਰਦੀ ਹੈ। ਮੈਂ ਦੋਹਾਂ ਧਿਰਾਂ ਦੀ ਸਾਂਝੀ ਰੀਸ ਨਾਲ 'ਬੀਬੀ ਜੀ' ਕਹਿੰਦਾ ਹਾਂ। ਹੁਣ ਸਾਡੇ ਪਿਆਰ ਦਾ ਅਰਥ ਸੌਖਾ ਸਮਝਿਆ ਜਾ ਸਕੇਗਾ।

ਕਦੇ ਸਾਡੇ ਪਿੰਡਾਂ ਦੀਆਂ ਜੂਹਾਂ ਮਿਲਦੀਆਂ ਸਨ। ਪਰ ਦੇਸ ਦੀ ਵੰਡ ਨੇ ਸਾਡੇ ਅੰਦਰ ਕੋਹਾਂ ਦੀ ਵਿੱਥ ਪਾ ਦਿਤੀ ਹੈ। ਸਾਨੂੰ ਜ਼ਿਲਾ ਗੁਰਦਾਸ ਪੁਰ ਵਿਚ ਜ਼ਮੀਨ ਅਲਾਟ ਹੋਈ ਹੈ, ਤੇ ਉਹਨਾਂ ਨੂੰ ਪੇਪਸੂ ਵਿਚ ਸੰਗਰੂਰ ਦੇ ਨੇੜੇ। ਜਿੱਥੇ ਅਸੀਂ ਇਕ ਦੂੱਜੇ ਨੂੰ ਵੇਖੇ ਬਿਨਾਂ ਦਸ ਦਿਨ ਨਹੀਂ ਸਾਂ ਕੱਟਦੇ, ਓਥੇ ਨਵੇਂ ਹਾਲਾਤ ਵਿਚ ਮੈਂ ਪੂਰੇ ਦੋ ਵਰ੍ਹਿਆਂ ਪਿੱਛੋ ਉਹਨੂੰ ਮਿਲਨ ਗਿਆ। ਰਾਹ ਦੇ ਉਤੇ ਹੀ ਉਹਨਾਂ ਨੂੰ ਨਵਾਂ ਘਰ ਅਲਾਟ ਹੋਇਆ ਹੈ। ਬਾਹਰਲੇ ਬੂਹਿਓਂ ਅੰਦਰ ਪੈਰ ਧਰਦਿਆਂ ਹੀ, ਉਹ ਵਸੋਂ ਵਾਲੇ ਕੋਠੇ ਦੇ ਪਰਛਾਂਵੇਂ ਬੈਠੀ ਕਾਕੇ ਦਾ ਕੁੜਤਾ ਸਿਉਂਦੀ ਮੈਨੂੰ ਨਜ਼ਰੀ ਪਈ। ਮੈਨੂੰ ਵੇਖਦੇ ਸਾਰ ਉਹਦੇ ਅਧਖੜ ਚਿਹਰੇ ਉਤੇ

ਖ਼ੁਸ਼ੀ ਨਾਲ ਸੱਜਰੀ ਭਾਹ ਚਮਕ ਆਈ। ਉਹ ਹੱਥਲਾ ਕਪੜਾ ਪਾਸੇ ਰੱਖ ਕੇ ਉਠਦੀ ਹੋਈ ਦਿਲੀ ਉਤਸ਼ਾਹ ਨਾਲ ਬੋਲੀ, "ਵਾ-ਗੁਰੂ ! ਮੈਂ ਸਦਕੇ ! ਅੜਿਆ ਸੁਖਦੇਵ ! ਐਨਾ ਐਨਾ ਚਿਰ ? ਚੇਤਾ ਨਾ ਆਇਆ ਤੈਨੂੰ ਆਪਣੀ ਬੀਬੀ ਦਾ ?"

"ਸੱਤ ਸ੍ਰੀ ਅਕਾਲ ।" ਸ਼ਰਧਾ ਨਾਲ ਮੇਰੇ ਮੂੰਹੋਂ ਮਸਾਂ ਏਨੇ ਹੀ ਸ਼ਬਦ ਨਿਕਲੇ ।

"ਸੁਖੀ ਵੱਸੇਂ, ਜਵਾਨੀਆਂ ਮਾਣੇ, ਗੁਰੂ ਭਾਗ ਲਾਵੇ ।" ਖੁੱਲ੍ਹੇ ਦਿਲ ਅਸੀਸਾਂ ਦੇਂਦਿਆਂ ਉਹਨੇ ਮੇਰਾ ਸਿਰ ਦੋਹਾਂ ਹੱਥਾਂ ਨਾਲ ਘੁੱਟ ਕੇ ਮੋਢੇ ਨਾਲ ਲਾ ਲਿਆ ।

ਪਿਆਰ ਮਿਲਵੇਂ ਸਤਕਾਰ ਨਾਲ ਮੈਂ ਵਾਹਵਾ ਝੁਕ ਗਿਆ, ਤਾਂ ਜੋ ਮੇਰਾ ਸਿਰ ਉਹਦੇ ਮੋਢੇ ਦੇ ਬਰਾਬਰ ਆ ਜਾਵੇ । ਮੇਰੇ ਏਸਤਰ੍ਹਾਂ ਝੁਕਣ 'ਤੇ ਪਰਸੰਨ ਹੋ ਕੇ ਉਹ ਕਈ ਵਾਰ ਕਿਹਾ ਕਰਦੀ, "ਸੁਖਦੇਵ ! ਤੂੰ ਦਸਾਂ ਬਾਹਰਾਂ ਵਰ੍ਹਿਆਂ ਦਾ ਸੈਂ, ਜਦ ਮੈਂ ਤੈਨੂੰ ਵੇਖਣ ਗਈ ਸਾਂ । ਪਹਿਲੀ ਵਾਰ ਵੇਖਣ 'ਤੇ ਈ ਤੇਰਾ ਭੋਲਾ ਜਿਹਾ ਚਿਹਰਾ ਮੈਨੂੰ ਬੜਾ ਪਿਆਰਾ ਲੱਗਾ ਸੀ । ਓਦੋਂ ਤੂੰ ਅਜੇ ਮੇਰੇ ਮੋਢੇ ਤਕ ਵੀ ਨਹੀਂ ਸੈਂ ਆਉਂਦਾ ।"

"ਹੁਣ ਵੀ ਤਾਂ ਬੀਬੀ ਜੀ ! ਮੈਂ ਤੁਹਾਡੇ ਮੋਢੇ ਤਕ ਈ ਆਉਂਦਾਂ ਮਸ੍ਹਾਂ ।" ਕਹਿੰਦਾ ਹੋਇਆ ਮੈਂ ਥੋੜਾ ਜੇਹਾ ਹੋਰ ਝੁਕ ਜਾਂਦਾ ।

ਬੜਾ ਓਪਰਾ ਲੱਗੇ ਸ਼ਾਇਦ ਕੁਛ ਤੰਗ ਦਿਲ ਬੰਦਿਆਂ ਨੂੰ, ਕਿ ਅਸੀਂ ਸਾਲੀ ਭਣਵਈਆ ਗਲ ਮਿਲ ਰਹੇ ਸਾਂ । ਪਰ ਸਾਡੇ ਵਾਸਤੇ ਇਹ ਅਸਲੋਂ ਸੁਭਾਵਕ ਸੀ । ਮੈਨੂੰ ਉਸ ਵਿਸ਼ਾਲ-ਹਿਰਦਾ ਇਸਤਰੀ ਦੀਆਂ ਅਸੀਸਾਂ ਵਿਚੋਂ ਕਿਸੇ ਮਹਾਂ ਰਿਸ਼ੀ ਦੇ 'ਵਰ' ਵਰਗਾ ਉਤਸ਼ਾਹ ਮਿਲਦਾ ਸੀ ।

ਮੇਰੀ ਵਾਜ ਸੁਣ ਕੇ ਛੋਟੇ ਦੋਵੇਂ ਬੱਚੇ ਵੀ ਅੰਦਰੋਂ ਨਿਕਲ ਆਏ । "ਮਾਸੜ ਜੀ, ਸੱਤ ਸ੍ਰੀ ਅਕਾਲ ।" ਕਹਿੰਦੇ ਹੋਏ ਉਹ ਨਿੱਘ ਭਰੇ ਤੇਹ ਨਾਲ ਮੈਨੂੰ ਚੰਬੜ ਗਏ । ਮੈਂ ਪਿਆਰ ਨਾਲ ਦੋਹਾਂ ਦੇ ਸਿਰ ਪਲੋਸਦਾ ਰਿਹਾ । ਏਨੇ ਨੂੰ ਬੀਬੀ ਜੀ ਨੇ ਪਰਛਾਂਵੇਂ ਇਕ ਹੋਰ ਮੰਜਾ ਡਾਹ ਕੇ ਉਤੇ ਲੀੜਾ ਵਿਛਾ ਦਿਤਾ । ਸਵਰਨੋਂ ਮੇਰੇ ਵਾਸਤੇ ਪਾਣੀ ਬਨਾਉਣ ਚਲੀ ਗਈ । ਅਸੀਂ ਦੋਵੇਂ ਆਮ੍ਹੋ-ਸਾਮ੍ਹਣੇ ਮੰਜਿਆਂ 'ਤੇ ਬਹਿ ਕੇ ਗੱਲਾਂ ਕਰਨ ਲੱਗ ਪਏ ।

ਘਰ ਦੇ ਬਾਕੀ ਜੀਆਂ ਦੀ ਸੁੱਖ ਸਾਂਦ ਤੇ ਕਾਰੋ ਬਾਰ ਦੀਆਂ ਸਾਧਾਰਨ ਗੱਲਾਂ ਕਰਨ ਪਿੱਛੋਂ ਬੀਬੀ ਜੀ ਨੇ ਕਿਹਾ, "ਅੜਿਆ ਸੁਖਦੇਵ ! ਪੰਜਾਂ ਸੱਤਾਂ ਦਿਨਾਂ ਦੀ ਮੈਂ ਤੈਨੂੰ ਬੜਾ ਈ ਯਾਦ ਕਰਦੀ ਸਾਂ । ਜੀ ਵਿਚ ਸੋਚਦੀ ਸਾਂ, ਕਿਤੇ ਹੁਣ ਆ ਜਾਏ, ਤਾਂ ਮੈਂ ਉਹਨੂੰ ਅੱਖੀਂ ਵਖਾਵਾਂ ਸਭ ਕੁਛ । ਕਿਸੇ ਦੀ ਕਹੀ ਤਾਂ ਤੂੰ ਮੰਨਦਾ

ਨਹੀਂ ਨਾਂ ।"

"ਕੀ ਵਿਖਾਉ, ਬੀਬੀ ਜੀ !" ਮੈਂ ਗੱਲ ਦਾ ਭਾਵ ਨਾ ਸਮਝ ਕੇ ਪੁਛਿਆ ।

"ਆਹ ਜਿਹੜਾ ਤੂੰ ਕਿਸੇ ਸੰਤ ਮਹਾਤਮਾ ਨੂੰ ਨਹੀਂ ਮੰਨਦਾ ।" ਉਹਦੇ ਸਾਫ਼ ਦੁੱਧ ਧੋਤੇ ਦਿਲ ਵਿਚ ਸੰਤਾਂ ਲਈ ਬੜਾ ਸਤਕਾਰ ਸੀ ।

"ਸੱਚ ਪੁੱਛੋ, ਤਾਂ ਬੀਬੀ ਜੀ, ਮੈਨੂੰ ਇਹਨਾਂ ਪਖੰਡੀ ਸਾਧਾਂ ਉਤੇ ਕੋਈ ਸ਼ਰਧਾ ਨਹੀਂ ।" ਮੈਂ ਆਤਮਾ ਦੀ ਵਾਜ ਬਿਨਾਂ ਦਬਾਏ ਉਹਦੇ ਅੱਗੇ ਪਰਗਟ ਕਰ ਦਿਤੀ ।

"ਤੈਨੂੰ ਤਾਂ ਸਾਰੇ ਪਖੰਡੀ ਈ ਦੀਹਦੇ ਨੇ । ਫਿਰ ਸਵੇਰੇ ਉਠ ਕੇ ਬਾਣੀ ਕਿਉਂ ਪੜ੍ਹਦਾ ਏਂ ਰੋਜ । ਲੋਕਾਂ ਨੂੰ ਵਿਖਾਉਣ ਵਾਸਤੇ ?"

"ਮੈਂ ਬਾਣੀ ਗੁਰੂ ਮਹਾਰਾਜ ਦੀ ਪੜ੍ਹਦਾਂ, ਇਹਨਾਂ ਭੇਖੀ ਸਾਧਾਂ ਦੀ ਨਹੀਂ ।"

"ਗੁਰੂ ਮਹਾਰਾਜ ਨੇ ਤਾਂ ਸੰਤਾਂ ਦੀ ਏਨੀ ਮਹਿਮਾ ਲਿਖੀ ਏ, ਜੀਹਦਾ ਅੰਤ ਨਹੀਂ ।"

"ਮਹਿਮਾ ਦੇ ਨਾਲ ਨਾਲ ਸੰਤਾਂ ਦੇ ਗੁਣ ਤੇ ਲੱਛਣ ਵੀ ਲਿਖੇ ਨੇ । ਜਿਸ ਵਿਚ ਉਹ ਗੁਣ ਹੋਣ ਈ ਨਾ, ਉਹਨੂੰ ਕੀ ਕਹਾਂ ?"

"ਗੁਣ ਔਗੁਣ ਤਾਂ ਉਹ ਮਾਲਕ ਹੀ ਪਰਖੇ ਨਾਂ । ਅਸੀਂ ਵਿਚਾਰੇ ਕੌਣ ਆਂ ਏਸ ਗੱਲ ਦਾ ਫੈਸਲਾ ਕਰਨ ਵਾਲੇ ?"

"ਅਸਲੀ ਗੱਲ ਏ, ਬੀਬੀ ਜੀ ! ਸਾਧਾਂ ਸੰਤਾਂ ਦਾ ਜ਼ਮਾਨਾ ਚਲਾ ਗਿਆ ਏ । ਹੁਣ ਤਾਂ ਲੋਕ-ਭਲਾਈ ਵਾਸਤੇ ਕੁਛ ਹੱਥੀਂ ਕਰਨ ਵਾਲਿਆਂ ਦਾ ਜੁੱਗ ਏ । ਕਦੇ ਲੋਕ ਮਾਲਾਂ ਫੇਰਨ ਵਾਲਿਆਂ ਦੀ ਪੂਜਾ ਕਰਦੇ ਸਨ, ਹੁਣ ਡਾਕਟਰਾਂ ਤੇ ਇੰਜੀਨੀਅਰਾਂ ਦੀ ਪੂਜਾ ਕਰਨ ਦਾ ਸਮਾਂ ਆ ਗਿਆ ਏ ।"

"ਤੂੰ ਤਾਂ ਕਿਸੇ ਜਨਮ ਦਾ ਸਿੰਘ ਸਭੀਆ ਏਂ ਨਿਰਾ । ਸਭ ਪੁਰਾਣੀਆਂ ਮਰਯਾਦਾ ਉਲਟ ਦੇਵੇਂਗਾ ।"

"ਸ਼ੁਕਰ ਏ, ਬੀਬੀ ਜੀ ! ਤੁਸਾਂ ਮੈਨੂੰ ਸਿਰਫ਼ ਸਿੰਘ ਸਭੀਆ ਈ ਕਿਹਾ ਏ । ਨਹੀਂ ਤਾਂ ਕੋਈ ਕੱਟੜ ਧਰਮੀ ਤਾਂ ਮੈਨੂੰ ਨਾਸਤਕ ਕਹਿਣੋਂ ਵੀ ਨਹੀਂ ਝਿਜਕਦੇ ।"

"ਭਈ ! ਤੁਸੀਂ ਨਵੇਂ ਪੜ੍ਹੇ ਲਿਖੇ ਭਾਵੇਂ ਲੱਖ ਗੱਲਾਂ ਪਏ ਬਣਾਉ, ਪਰ ਜਿੰਨ੍ਹਾਂ ਮਹਾ-ਪੁਰਸ਼ਾ ਨੇ ਬਾਰਾਂ ਬਾਰਾਂ ਸਾਲ ਸਮਾਧੀਆਂ ਲਾ ਕੇ ਤਪ ਕੀਤੇ ਨੇ, ਉਹਨਾਂ ਨੂੰ ਕੌਣ ਪੁੱਜ ਸਕਦਾ ਏ ?"

"'ਬਾਰਾਂ ਸਾਲ' ਸਾਡੀ ਬੋਲੀ ਦਾ ਪੁਰਾਤਨ ਪਰਚਲਤ ਮੁਹਾਵਰਾ ਹੈ । ਬਾਰਾਂ ਸਾਲ ਦਾ ਤਪ, ਬਾਰਾਂ ਸਾਲ ਦਾ ਦੇਸ ਨਿਕਾਲਾ, ਬਾਰਾਂ ਸਾਲ ਦੀ ਬਿਪਤਾ, ਬਾਰਾਂ ਵਰ੍ਹਿਆ ਪਿੱਛੋਂ ਰੂੜੀ ਦੀ ਸੁਣੀ ਜਾਂਦੀ ਏ । ਬਾਰਾਂ ਸਾਲ ਸਾਡੇ ਵਡੇਰਿਆਂ ਨੇ ਕਿਸੇ

ਕਾਰਜ-ਸਿੱਧੀ ਵਾਸਤੇ ਬੜਾ ਵੱਡਾ ਅਰਸਾ ਮੰਨਿਆਂ ਏ, । ਜੇ ਬਾਰਾਂ ਸਾਲ ਮਾਲਾ ਫੇਰਨੀ ਕਠਨ ਕੰਮ ਏ, ਤਾਂ ਡਾਕਟਰ ਬਾਰਾਂ ਡਿਉਢ ਅਠਾਰਾਂ ਸਾਲ ਪੜ੍ਹਾਈ ਕਰਕੇ ਬਣਦਾ ਏ । ਕੀ ਮਾਲਾ ਫੇਰਨ ਨਾਲੋਂ ਪੜ੍ਹਾਈ ਕਰਨੀ ਘੱਟ ਤਪੱਸਿਆ ਏ ?"

"ਮੈਂ ਮੰਨਦੀ ਆਂ, ਪੜ੍ਹਾਈ ਵੀ ਇਕ ਕਿਸਮ ਦਾ ਤਪ ਏ; ਪਰ ਸੰਤਾਂ ਭਗਤਾਂ ਦੀ ਕਰਾਮਾਤ ਨੂੰ ਤਾਂ ਕੋਈ ਨਹੀਂ ਨਾ ਪੁੱਜ ਸਕਦਾ ।"

"ਭਲਾ ਇਹ ਦੱਸੋ, ਬੀਬੀ ਜੀ ! ਕਿਸੇ ਵੱਡੇ ਤੋਂ ਵੱਡੇ ਸੰਤ ਨੇ, ਅੱਜ ਤਕ ਕਿਸੇ ਅੰਨ੍ਹੇ ਨੂੰ ਅੱਖਾਂ ਦਿੱਤੀਆਂ ਨੇ ? ਹਾਂ, ਅਗਲੇ ਜਨਮ ਦੇ ਲਾਰੇ ਹਜ਼ਾਰ ਵਾਰ ਲਾਏ ਹੋਣਗੇ । ਪਰ ਅੱਜ, ਡਾਕਟਰ ਸੁਜਾਖੇ ਮਰੇ ਆਦਮੀ ਦੇ ਡੇਲੇ ਕਢ ਕੇ ਕਿਸੇ ਅੰਨ੍ਹੇ ਦੇ ਅਖਵਾਨਿਆਂ ਵਿਚ ਇਸ ਢੰਗ ਨਾਲ ਟਿਕਾ ਦੇਂਦੇ ਨੇ, ਕਿ ਉਹਨੂੰ ਦਿੱਸਣ ਲੱਗ ਪੈਂਦਾ ਏ ।"

"ਸੱਚੀਂ ?" ਬੀਬੀ ਜੀ ਨੇ ਬੜੀ ਹੈਰਾਨੀ ਨਾਲ ਪੁਛਿਆ, ਜਿਵੇਂ ਇਹ ਕੁਛ ਹੋਣਾ ਉਹਦੇ ਖ਼ਿਆਲ ਵਿਚ ਅਸੰਭਵ ਸੀ ।

"ਅੱਗੇ ਵੀ ਕਦੇ ਮੈ ਤੁਹਾਡੇ ਕੋਲ ਝੂਠ ਮਾਰਿਆ ਏ ? ਅਖ਼ਬਾਰਾਂ ਵਿਚ ਰੋਜ਼ ਅਜੇਹੀਆਂ ਖ਼ਬਰਾਂ ਪੜ੍ਹੀਦੀਆਂ ਨੇ । ਪਿੱਛੇ ਜਹੇ ਇਕ ਖ਼ੂਬਸੂਰਤ ਜਾਪਾਨਣ ਨਾਚੀ ਦਾ ਪਤੀ ਅੰਨ੍ਹਾ ਹੋ ਗਿਆ ਸੀ । ਉਹਨੇ ਆਪਣਾ ਇਕ ਆਨਾ ਕਢਾ ਕੇ ਆਪਣੇ ਪਤੀ ਦੀ ਅੱਖ ਵਿਚ ਪੁਆ ਦਿਤਾ । ਹੁਣ ਉਹ ਦੋਵੇਂ ਜੀ ਇੱਕੋ ਅੱਖ ਨਾਲ ਵਿਹੰਦੇ ਨੇ ਸਾਰੀ ਦੁਨੀਆਂ ਨੂੰ ।"

"ਸੁਖਦੇਵ ! ਇਹ ਤਾਂ ਫਿਰ ਕਰਾਮਾਤ ਨਾਲੋਂ ਘੱਟ ਨਹੀਂ ।"

"ਅਸਲੀ ਕਰਾਮਾਤ ਹੈ ਈ ਏਹਾ । ਹੋਰ, ਮੰਗ-ਖਾਣਿਆਂ ਭੇਖੀ ਸਾਧਾਂ ਵਿਚ ਕਰਾਮਾਤ ਕਿੱਥੇ ? ਇਹ ਤਾਂ ਕੌਮ ਨੂੰ ਨਿਰਾ ਘੁਣ ਲਗੇ ਹੋਏ ਨੇ । ਹੱਥੀਂ ਕਰਨਾ ਕਮਾਉਣਾ ਕੁਛ ਨਾ, ਤੇ ਖਾਣਾ ਗੁਆਉਣਾ ਸਭ ਨਾਲੋਂ ਬਹੁਤਾ ।"

"ਚਲ ਛੱਡ, ਫੇਰ ਵੀ ਆਖ਼ਰ ਇਹ ਰਿਸ਼ੀਆਂ ਮੁਨੀਆਂ ਦਾ ਭੇਸ ਨੇ । ਤੂੰ ਸੰਤਾਂ ਦੀ ਬਹੁਤੀ ਨਿੰਦਿਆ ਨਾ ਕਰਿਆ ਕਰ । ਐਵੇਂ ਕਿਸੇ ਦੇ ਵਿਸ਼ਵਾਸ ਨੂੰ ਠੇਸ ਲਗਦੀ ਏ ।" ਬੀਬੀ ਜੀ ਨੇ ਚਰਚਾ ਖ਼ਤਮ ਕਰਨ ਦੇ ਇਰਾਦੇ ਨਾਲ ਕਿਹਾ । ਅਸਲ ਵਿਚ ਉਹਦੇ ਆਪਣੇ ਵਿਸ਼ਵਾਸ ਨੂੰ ਬੜੀ ਭਾਰੀ ਠੇਸ ਲੱਗੀ ਸੀ ।

ਏਨੇ ਨੂੰ ਸਵਰਨੋ ਦੁੱਧ ਠਾਰ ਕੇ ਲੈ ਆਈ । ਮੈਂ ਦੁੱਧ ਪੀਣ ਲੱਗ ਪਿਆ । ਕੁਛ ਚਿਰ ਵਾਸਤੇ ਸਾਡੀਆਂ ਗੱਲਾਂ ਰੁਕ ਗਈਆਂ । ਮੈਂ ਬੀਬੀ ਜੀ ਦੇ ਚਿਹਰੇ ਵੱਲੇ ਵੇਖ ਰਿਹਾ ਸਾਂ । ਮੇਰੇ ਆਉਂਦਿਆਂ ਉਹਦੇ ਅੰਦਰ ਜੋ ਕੁਛ ਦੱਸਣ ਵਾਸਤੇ

ਉਤਸ਼ਾਹ ਸੀ, ਉਹ ਬਿਲਕੁਲ ਮੱਠਾ ਪੈ ਗਿਆ ਜਾਪਦਾ ਸੀ। ਇਉਂ ਪਰਤੀਤ ਹੁੰਦਾ ਸੀ, ਜਿਵੇਂ ਉਹਦੇ ਭਗਤੀ-ਭਾਵਾਂ 'ਤੇ ਕਾਰੀ ਚੋਟ ਲੱਗੀ ਸੀ। ਮੈਂ ਕਿਸੇ ਕੀਮਤ 'ਤੇ ਵੀ ਉਸ ਚੰਗੀ ਇਸਤਰੀ ਦਾ ਦਿਲ ਦੁਖਾਉਣਾ ਨਹੀਂ ਸਾਂ ਚਾਹੁੰਦਾ। ਕੁਛ ਚਿਰ ਉਡੀਕ ਕੇ ਮੈਂ ਆਪ ਹੀ ਗੱਲ ਛੇੜ ਦਿਤੀ। "ਬੀਬੀ ਜੀ ! ਅਜੇ ਵੀ ਇਹਨਾਂ ਹਜ਼ਾਰਾਂ ਪਖੰਡੀਆਂ ਤੇ ਭੇਖੀਆਂ ਵਿਚ ਕੁਛ ਸੱਚੇ ਸੰਤ ਹੈਨ ਜ਼ਰੂਰ, ਜਿੰਨ੍ਹਾਂ ਦਾ ਮੁੱਖ ਪ੍ਰਯੋਜਨ ਲੋਕ ਭਲਾਈ ਹੈ। ਪਰ ਇਹ ਹੈਨ ਕੋਈ ਵਿਰਲੇ ਹੀ। ਕਿਸੇ ਚੀਜ਼ ਦਾ ਵੀ ਕਦੇ ਸਮੂਲ ਚੋਂ ਤਾਂ ਨਾਸ ਨਹੀਂ ਨਾ ਹੁੰਦਾ ;"

ਉਹਦਾ ਕੁਮਲਾਇਆ ਹੋਇਆ ਉਤਸ਼ਾਹ ਫਿਰ ਟਹਿਕ ਆਇਆ। "ਏਹਾ ਮੈਂ ਦੱਸਣ ਲੱਗੀ ਸਾਂ ਨਾਂ, ਪਈ ਸਾਰੇ ਇਕੋ ਜਹੇ ਨਹੀਂ ਹੁੰਦੇ। ਕੋਈ ਵਿਚੋਂ ਰੱਬ ਦੇ ਪਿਆਰੇ ਵੀ ਹੁੰਦੇ ਨੇ।" ਉਹਦੀ ਵਾਜ ਵਿਚ ਜਿਵੇਂ ਨਵੀਂ ਰੀਝ ਅੰਗੜਾਈ ਲੈ ਰਹੀ ਸੀ।

"ਉਹਨਾਂ ਨੂੰ ਤਾਂ ਮੈਂ ਵੀ ਮੰਨਦਾ ਹਾਂ।" ਏਨੀ ਕਹਿ ਕੇ ਮੈਂ ਉਸਦੇ ਗੱਲ ਕਰਨ ਲਈ ਰਾਹ ਖੁਹਲ ਦਿਤਾ। "ਹਾਂ, ਤੁਸੀਂ ਕੁਛ ਦੱਸਣ ਲਗੇ ਸੀ ;"

"ਏਹਾ ਦੱਸਣ ਲਗੀ ਸਾਂ, ਪਈ ਸਾਡੇ ਪਿੰਡ ਕੁਛ ਦਿਨਾਂ ਤੋਂ ਇਕ ਸੰਤ ਆਏ ਹੋਏ ਨੇ। ਮਸ੍ਹਾਂ ਤੇਰੀ ਉਮਰ ਦੇ ਈ ਨੇ। ਬੜੇ ਭਜਨੀਕ ਤੇ ਕਰਨੀ ਵਾਲੇ। ਮੈਨੂੰ ਤਾਂ ਉਹ ਪੂਰਨ ਬ੍ਰਹਮ-ਗਿਆਨੀ ਜਾਪਦੇ ਨੇ। ਦਰਸ਼ਨ ਕੀਤਿਆਂ ਮਨ ਸ਼ਾਂਤ ਹੁੰਦਾ ਏ। ਵੱਡੇ ਵੱਡੇ ਧਨੀ ਸੇਠ ਤੇ ਰਾਏਜ਼ਾਦੀਆਂ, ਕਾਰਾਂ 'ਤੇ ਚੜ੍ਹ ਕੇ ਉਹਦੇ ਮਗਰ ਆਉਂਦੇ ਨੇ। ਮਾਰ, ਰੌਣਕਾਂ ਲਗੀਆਂ ਹੋਈਆਂ ਨੇ। ਅੱਠੇ ਪਹਿਰ ਲੰਗਰ ਵਰਤਦਾ ਰਹਿੰਦਾ ਏ।"

"ਮੈਂ ਵੀ ਚੱਲਾਂਗਾ ਦਰਸ਼ਨ ਕਰਨ।" ਮੈਂ ਉਹਦਾ ਦਿਲ ਰਖਣ ਵਾਸਤੇ ਕਹਿ ਦਿਤਾ।

"ਪਰ ਓਥੇ ਜਾ ਕੇ ਮੱਥਾ ਟੇਕਣਾ ਪਊਗਾ।" ਉਹਨੇ ਪਹਿਲਾਂ ਹੀ ਮੇਰੇ ਨਾਲ ਸ਼ਰਤ ਪੱਕੀ ਕਰਨ ਦੇ ਇਰਾਦੇ ਨਾਲ ਕਿਹਾ।

"ਮੱਥਾ ਸੰਤਾਂ ਨੂੰ ਟੇਕਣਾ ਹੋਵੇਗਾ, ਜਾਂ ਤੁਹਾਨੂੰ ?" ਮੈਂ ਹਾਸੇ ਦੇ ਰੌਂ ਵਿਚ ਕਿਹਾ।

"ਮੈਨੂੰ ਤੂੰ ਅੱਜ ਨਵਾਂ ਮੱਥਾ ਟੇਕਣਾ ਹੋਣਾ ਏਂ ?"

"ਤੁਹਾਨੂੰ ਮੱਥਾ ਟੇਕਣ ਨਾਲ ਤਾਂ ਬੜਾ ਕੁਛ ਪ੍ਰਾਪਤ ਹੋਇਆ ਏ। ਜੇ ਸੰਤਾਂ ਨੂੰ ਮੱਥਾ ਟੇਕਣ ਨਾਲ ਕੁਛ ਨਾ ਮਿਲਿਆ, ਤਾਂ ਫੇਰ ਕੌਣ ਜ਼ਿੰਮੇਵਾਰ ?"

"ਤੇਰੀ ਸ਼ਰਧਾ ਹੋਊ, ਤਾਂ ਸਭ ਭਉਣੀਆਂ ਪੂਰੀਆਂ ਹੋ ਜਾਣਗੀਆਂ।"

ਏਨੇ ਨੂੰ ਮੇਰਾ ਸਾਂਢੂ ਤੇ ਉਹਦੇ ਦੋਵੇਂ ਵੱਡੇ ਲੜਕੇ ਆ ਗਏ। ਅਸੀਂ ਸਾਰੇ ਬੜੇ ਨਿੱਘੇ ਪਿਆਰ ਨਾਲ ਮਿਲੇ। ਮੇਰਾ ਸਾਂਢੂ ਚੰਗਾ ਕਿਰਤੀ ਸਿੱਖ ਹੈ। ਨਾਮ ਜਪਣਾ, ਵੰਡ ਛਕਣਾ, ਤੇ ਧਰਮ ਦੀ ਕਿਰਤ ਕਰਨੀ, ਇਹ ਸਿੱਖੀ ਅਸੂਲ ਉਹਦੇ ਅਮਲੀ ਜੀਵਨ ਵਿਚ ਘੁਲੇ ਮਿਲੇ ਹੋਏ ਨੇ। ਬੜਾ ਸਾਊ ਸੁਭਾਅ ਤੇ ਵੇਖਣ ਨੂੰ ਸ਼ਾਂਤ ਚਿਹਰਾ। ਮੇਰੇ ਦਿਲ ਵਿਚ ਉਹਦੇ ਵਾਸਤੇ ਬੜੀ ਡੂੰਘੀ ਸ਼ਰਧਾ ਹੈ।

ਕੁਛ ਚਿਰ ਘਰ ਦੀਆਂ ਗੱਲਾਂ ਬਾਤਾਂ ਕਰਨ ਪਿੱਛੋਂ, ਮੁੰਡੇ ਦੋਵੇਂ ਪੱਠੇ ਕੁਤਰਨ ਜਾ ਲੱਗੇ ਤੇ ਸਾਂਢੂ ਮੇਰਾ ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਨ ਲੱਗ ਪਿਆ। ਸੰਤਾਂ ਦੇ ਡੇਰਿਓਂ ਵਾਜੇ ਜੋੜੀ ਦੀ ਗੂੰਜਵੀਂ ਵਾਜ ਕੰਨੀ ਪਈ। ਮੈਂ ਨਿਗ੍ਹਾ ਭਰ ਕੇ ਬੀਬੀ ਜੀ ਵੱਲ ਤਕਿਆ।

"ਪਿਛਲੇ ਪਹਿਰ ਦਾ ਦੀਵਾਨ ਸਜਣ ਲੱਗਾ ਏ। ਚੱਲਣਾ ਈਂ ਫਿਰ ?" ਬੀਬੀ ਜੀ ਨੇ ਮੇਰੇ ਵੱਲ ਵੇਖ ਕੇ ਪੁੱਛਿਆ।

"ਜ਼ਰੂਰ। ਤੁਸੀਂ ਏਨੀ ਸੋਭਾ ਜੁ ਕਰਦੇ ਓ।"

"ਨਿਰੀ ਮੈਂ ਈਂ ਸੋਭਾ ਨਹੀਂ ਕਰਦੀ, ਸੁਖਦੇਵ ! ਸੰਤ ਮਹਾਰਾਜ ਹੈਨ ਈਂ ਸੋਭਾ ਦੇ ਯੋਗ। ਤੂੰ ਦਰਸ਼ਨ ਕਰਕੇ ਆਪੇ ਮੰਨ ਜਾਵੇਂਗਾ।" ਉਹਦਾ ਵਿਸ਼ਵਾਸ ਕਿੰਨਾ ਪੱਕਾ ਸੀ।

ਅਸੀਂ ਦੋਵੇਂ ਸੰਤਾਂ ਦੇ ਡੇਰੇ ਨੂੰ ਤੁਰ ਪਏ। ਸਾਰੇ ਰਾਹ ਬੀਬੀ ਜੀ ਸੰਤਾਂ ਦੀਆਂ ਕਰਨੀਆਂ ਦੇ ਗੁਣ ਗਾਉਂਦੀ ਗਈ। ਪਿੰਡੋਂ ਦੋ ਕੁ ਪੈਲੀਆਂ ਦੂਰ ਦਰਖ਼ਤਾਂ ਦੀ ਸੰਘਣੀ ਝੰਘੀ ਵਿਚ ਛੋਟੀ ਜੇਹੀ ਚਾਨਣੀ ਲੱਗੀ ਹੋਈ ਸੀ। ਏਥੇ ਤਿੰਨ ਰਾਗੀ ਸਿੰਘ ਤੇ ਦਸ ਪੰਦਰਾਂ ਸ਼ਰਧਾਲੂ ਬੈਠੇ ਹੌਲੀ ਹੌਲੀ ਸ਼ਬਦ ਅਲਾਪ ਰਹੇ ਸਨ। ਇਹ ਸੰਤਾਂ ਦਾ ਦੀਵਾਨ ਅਸਥਾਨ ਸੀ। ਸੰਤ ਸਵੇਰੇ ਇਤ੍ਰਵਾਰ ਦੋ-ਕੁ ਘੜੀਆਂ ਦੀਵਾਨ ਵਿਚ ਆਉਂਦੇ ਸਨ। ਉਸ ਥਾਂ ਤੋਂ ਤੀਹ-ਚਾਲੀ ਕਰਮਾਂ ਦੂਰ ਇਕ ਹੋਰ ਚਾਨਣੀ ਲੱਗੀ ਹੋਈ ਸੀ। ਉਸਦੇ ਲਾਗੇ ਚਾਰ ਛੋਲਦਾਰੀਆਂ ਲੱਗੀਆਂ ਹੋਈਆਂ ਸਨ। ਇਹ ਸੰਤਾਂ ਤੇ ਉਹਨਾਂ ਦੇ ਨਿਕਟ ਵਰਤੀਆਂ ਦੇ ਟਿਕਣ ਦੀ ਥਾਂ ਸੀ। ਲਾਗੇ ਹੀ ਦੋ ਕਾਰਾਂ ਖਲੀਆਂ ਸਨ। ਉਹਨਾਂ ਵਿਚੋਂ ਇਕ ਤਾਂ ਸੰਤਾਂ ਦੀ ਸੀ, ਤੇ ਇਕ ਕਿਸੇ ਮੱਥਾ ਟੇਕਣ ਆਏ ਸੇਠ ਦੀ। ਇਸ ਵੇਲੇ ਸੰਤ ਏਸੇ ਚਾਨਣੀ ਹੇਠ ਪੰਜਾਂ ਸੱਤਾਂ ਸ਼ਰਧਾਲੂਆਂ ਵਿਚ ਘਿਰੇ ਬੈਠੇ ਸਨ। ਇਸ ਤੋਂ ਵੀਹ ਪੰਝੀ ਕਰਮਾਂ ਦੂਰ ਦੋ ਹੋਰ ਛੋਲਦਾਰੀਆਂ ਲੱਗੀਆਂ ਹੋਈਆਂ ਸਨ। ਉਹਨਾਂ ਦੇ ਉਦਾਲੇ ਦਸ ਦਸ ਕਰਮਾਂ ਦੂਰ ਥੰਮ੍ਹੀਆਂ ਗੱਡ ਕੇ ਰੱਸੀਆਂ ਵਲੀਆਂ ਹੋਈਆਂ ਸਨ। ਉਹ ਸੰਤਾਂ ਦਾ ਤਪ-ਅਸਥਾਨ ਸੀ। ਸੰਤਾਂ ਦੀ ਖ਼ਾਸ ਆਗਿਆ ਬਿਨਾਂ ਓਥੇ ਹੋਰ ਕੋਈ ਨਹੀਂ ਸੀ ਜਾ ਸਕਦਾ। ਹਾਂ, ਮਾਈ ਅੰਨ-

ਪੂਰਨਾ ਹਰ ਵੇਲੇ ਓਥੇ ਆ ਸਕਦੀ ਸੀ ।

ਨੇੜੇ ਪਹੁੰਚੇ, ਤਾਂ ਮੈਂ ਸੰਤਾਂ ਵੱਲੇ ਵੇਖ ਕੇ ਹੈਰਾਨ ਰਹਿ ਗਿਆ । ਉਹ ਮੇਰਾ ਜਮਾਤੀ ਹਰਬੰਤਾ ਸੀ । ਮੈਨੂੰ ਪਛਾਣ ਕੇ ਸੰਤਾਂ ਦਾ ਰੰਗ ਉੱਡ ਗਿਆ । ਪਰ ਅਸੀਂ ਦੋਵੇਂ ਆਪਣੇ ਆਪ ਤੇ ਕਾਬੂ ਪਾ ਕੇ ਲੋਕਾਂ ਵਾਸਤੇ ਓਪਰੇ ਬਣੇ ਰਹੇ । ਪਹਿਲਾਂ ਬੀਬੀ ਜੀ ਨੇ ਸੰਤਾਂ ਨੂੰ ਮੱਥਾ ਟੇਕਿਆ । ਸੰਤਾਂ ਨੇ ਅੱਗੋਂ ਮਿਣਵੇਂ ਤੋਲਵੇਂ ਸ਼ਬਦਾਂ ਵਿਚ ਵਰ ਦਿਤੇ । ਫਿਰ ਮੈਂ ਅੱਗੇ ਵਧ ਕੇ ਹੱਛੀ ਤਰ੍ਹਾਂ ਸੰਤਾਂ ਦੇ ਪੈਰ ਫੜ ਕੇ ਮੱਥਾ ਟੇਕਿਆ । ਕਿੰਨਾ ਵਿਅੰਗ ਸੀ ਮੇਰੇ ਏਸ ਤਰ੍ਹਾਂ ਮੱਥਾ ਟੇਕਣ ਵਿਚ । ਪਰ ਇਸ ਭੇਤ ਨੂੰ ਕੇਵਲ ਅਸੀਂ ਹੀ ਦੋਵੇਂ ਜਾਣਦੇ ਸਾਂ । ਸੰਤਾਂ ਨੇ ਪੈਰਾਂ ਤੋਂ ਉਠਾਉਣ ਦੇ ਬਹਾਨੇ ਮੇਰਾ ਹੱਥ ਘੁੱਟ ਕੇ ਮੈਨੂੰ ਭੇਤ ਨਾ ਖੁਹਲਣ ਬਾਰੇ ਪੱਕੀ ਕਰ ਦਿਤੀ । ਮੈਂ ਦੋ ਕਦਮ ਪਿੱਛੇ ਹਟ ਕੇ ਪੱਕੇ ਸ਼ਰਧਾਲੂਆਂ ਵਾਂਗ ਹੱਥ ਜੋੜ ਕੇ ਬਹਿ ਗਿਆ । ਦੋ ਮਿੰਟ ਨੇਤਰ ਬੰਦ ਰਖਣ ਪਿੱਛੋਂ ਸੰਤ ਮੇਰੇ ਵੱਲ ਤਕ ਕੇ ਬੋਲੇ, "ਗੁਰਮੁਖੋ ! ਦਿਲ ਵਿਚ ਕੀ ਸ਼ੰਕਾਵਾਂ ਲਈ ਫਿਰਦੇ ਓ ? ਅਸਾਂ ਤੁਹਾਡੇ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ ਨੇ । ਪਿਛਲੇ ਜਨਮ ਅਸੀਂ ਦੋਵੇਂ ਸਹਿਪਾਠੀ ਸਾਂ । ਅਸਾਂ ਤੁਹਾਡਾ ਕਰਜ਼ਾ ਦੇਣਾ ਏਂ । ਇਕ ਦਿਨ ਜਦ ਤੁਸੀਂ ਗੁਰਦੇਵ ਵਾਸਤੇ ਨਦੀ ਤੋਂ ਪਾਣੀ ਲੈਣ ਗਏ ਹੋਏ ਸੀ, ਅਸਾਂ ਚੋਰੀ ਤੁਹਾਡੇ ਭੁੱਜੇ ਹੋਏ ਦਾਣੇ ਚੱਬ ਲਏ ਸੀ । ਉਹ ਕਰਜ਼ਾ ਵਧ ਵਧ ਕੇ ਹੁਣ ਬਹੁਤ ਸਾਰਾ ਹੋ ਗਿਆ ਏ । ਚੰਗਾ ਹੋਇਆ, ਤੁਸੀਂ ਮਿਲ ਪਏ । ਪਿਛਲੇ ਜਨਮ ਤੁਹਾਡਾ ਨਾਮ ਰਿਸ਼ਭ ਸੈਨ ਸੀ ।"

"ਸਿਰੀ ਵਾਹਗੁਰੂ । ਧੰਨ ਮਹਾਰਾਜ, ਧੰਨ ।" ਲਾਗੇ ਬੈਠੇ ਲੋਕ ਹੱਥ ਜੋੜ ਕੇ ਕਹਿ ਰਹੇ ਸਨ ।

"ਪਰ ਤੁਸਾਂ ਇਸ ਜਨਮ ਦਾ ਮੇਰਾ ਨਾਮ ਤਾਂ ਦੱਸਿਆ ਈ ਨਾ, ਮਹਾਰਾਜ !" ਮੈਂ ਉਪਰੋਂ ਗੰਭੀਰ ਹੋ ਕੇ. ਪਰ ਦਿਲੋਂ ਠੱਠੇ ਨਾਲ ਕਿਹਾ ।

"ਸੰਤਾਂ ਦਾ ਇਮਤਿਹਾਨ ਨਹੀਂ ਲਈਦਾ, ਸਰਦਾਰ ਸੁਖਦੇਵ ਸਿੰਘ ਜੀ ! ਅੰਤਰਜਾਮੀ ਇਕ ਵਾਹਿਗੁਰੂ ਹੈ, ਹੋਰ ਕੋਈ ਨਹੀਂ ।" ਜਿਸ ਚਾਤਰੀ ਨਾਲ ਸੰਤਾਂ ਨੇ ਮੇਰਾ ਨਾਮ ਦੱਸਿਆ, ਉਸ ਤੋਂ ਚੌਣੀ ਹਿੰਮਤ ਨਾਲ ਮੈਂ ਆਪਣਾ ਹਾਸਾ ਰੋਕਿਆ ।

ਕੋਲ ਬੈਠੇ ਸ਼ਰਧਾਲੂਆਂ ਦੇ ਮਨ ਦੀ ਕੁਛ ਨਾ ਪੁੱਛੋ । ਕਿਹੜਾ ਸੀ, ਜੋ ਸੰਤਾਂ ਨੂੰ ਅੰਤਰਜਾਮੀ ਤੇ ਸਿੱਧੇ ਵਿਸ਼ਨੂੰ ਦੇ ਅਵਤਾਰ ਮੰਨਣ ਤੋਂ ਨਾਂਹ ਕਰਦਾ । ਮੇਰੇ ਬੀਬੀ ਜੀ ਤਾਂ ਦੂਹਰੀ ਸ਼ਰਧਾ ਨਾਲ ਝੁਕੇ ਜਾ ਰਹੇ ਸਨ: ਇਕ ਸੰਤਾਂ ਦੀ ਜ਼ਾਹਰਾ ਕਰਾਮਾਤ ਵੇਖ ਕੇ, ਦੂੱਜੇ ਮੇਰੇ ਵਰਗੇ ਕੋੜਕੂ ਮੋਠ 'ਤੇ ਸੰਤਾਂ ਦੀ ਕਰਾਮਾਤ ਦਾ ਅਸਰ ਹੁੰਦਾ ਵੇਖਕੇ ।

ਕੁਛ ਚਿਰ ਹੱਥ ਜੋੜ ਕੇ ਬੈਠੀ ਰਹਿਣ ਪਿਛੋਂ ਬੀਬੀ ਜੀ ਨੇ ਪੁੱਛਿਆ, "'ਸੁਖਦੇਵ ! ਤੂੰ ਅਜੇ ਬੈਠਣਾ ਏਂ, ਜਾਂ ਚੱਲਣਾ ਏਂ ਘਰ ਨੂੰ ? ਮੈਂ ਤਾਂ ਲੰਗਰ ਦੀ ਸੇਵਾ ਕਰਕੇ ਆਵਾਂਗੀ । ਅੱਜ ਸਵਰਨੋ ਨਹੀਂ ਆਈ ।"

"ਮਾਤਾ ਜੀ ! ਇਹ ਰਾਤ ਸਾਡੇ ਕੋਲ ਈ ਰਹਿਣਗੇ । ਅਸਾਂ ਇਹਨਾਂ ਨਾਲ ਅੱਜ ਬਹੁਤ ਵਾਰਤਾਲਾਪ ਕਰਨਾ ਏਂ ।" ਮੇਰੀ ਥਾਂ ਸੰਤਾਂ ਨੇ ਹੀ ਜਵਾਬ ਦੇ ਦਿਤਾ ।

ਬੀਬੀ ਜੀ ਲੰਗਰ ਦੀ ਸੇਵਾ ਕਰਕੇ ਘਰ ਨੂੰ ਚਲੇ ਗਏ । ਮੈਂ ਆਪਣੇ ਬਾਲ-ਸਖਾਈ ਨਾਲ ਗੱਲਾਂ ਬਾਤਾਂ ਕਰਨ ਦੇ ਲਾਲਚ ਨੂੰ ਓਥੇ ਹੀ ਰਹਿ ਪਿਆ ।

ਕੀਰਤਨ ਦਾ ਭੋਗ ਪਿਆ । ਸੰਗਤ ਲੰਗਰ ਛਕ ਕੇ ਤੇ ਸੰਤਾਂ ਨੂੰ ਮੱਥਾ ਟੇਕ ਕੇ ਚਲੀ ਗਈ । ਪਿੱਛੇ ਰਹਿ ਗਏ ਪੰਜ ਸੱਤ ਨਿਕਟ-ਵਰਤੀ ਹੀ । ਮਾਈ ਅੰਨ-ਪੂਰਨਾ ਨੇ ਹੱਥ ਜੋੜ ਕੇ ਬੜੀ ਹੀ ਅਧੀਨਗੀ ਨਾਲ ਪੁੱਛਿਆ, "ਮਹਾਰਾਜ ! ਭੋਜਨ ਏਥੇ ਪਾਉਗੇ, ਜਾਂ ਤਪ-ਅਸਥਾਨ 'ਤੇ ਚੱਲ ਕੇ ?"

"ਮਾਈ ਅੰਨ-ਪੂਰਨਾ ! ਇਹ ਸਾਡੇ ਪਿਛਲੇ ਜਨਮ ਦੇ ਗੁਰਭਾਈ ਹੈਨ । ਇਹ ਸਾਡੇ ਨਾਲ ਹੀ ਭੋਜਨ ਪਾਉਣਗੇ । ਤਪ-ਅਸਥਾਨ 'ਤੇ ਲੈ ਆਉ ।" ਇਹ ਕਹਿ ਕੇ ਸੰਤ ਉਠ ਬੈਠੇ ।

ਸੰਤਾਂ ਦੇ ਸਵਾਗਤ ਵਜੋਂ ਅਸੀਂ ਵੀ ਸਾਰੇ ਉਠ ਬੈਠੇ । ਅੱਗੇ ਅੱਗੇ ਸੰਤ ਤੇ ਮਗਰ ਮਗਰ ਮੈਂ, ਤਪ-ਅਸਥਾਨ ਨੂੰ ਤੁਰ ਪਏ । ਉਸ ਇਕਲਵਾਂਜੇ ਛੋਲਦਾਰੀ ਵਿਚ ਪਹੁੰਚ ਕੇ ਮੈਂ ਪੁੱਛਿਆ, "ਕਿਉਂ ਉਇ ਹਰਬੰਤੇ ! ਇਹ ਕੀ ਸਾਂਗ ਬਣਾਇਆ ਈ ?"

ਉਹਦੇ ਏਸ ਸਾਂਗ ਦਾ ਮੇਰੇ ਦਿਲ 'ਤੇ ਕੁਛ ਵੀ ਅਸਰ ਨਾ ਪਿਆ । ਮੈਂ ਉਹਨੂੰ ਚੰਗੀ ਤਰ੍ਹਾਂ ਜਾਣਦਾ ਸਾਂ । ਨੌਂਵੀਂ ਜਮਾਤ ਤਕ ਉਹ ਮੇਰਾ ਜਮਾਤੀ ਰਿਹਾ ਸੀ । ਨਿਰਾ ਜਮਾਤੀ ਹੀ ਨਹੀਂ, ਅਸੀਂ ਦੋਵੇਂ ਇੱਕੋ ਪਿੰਡ ਦੇ ਜੰਮ-ਪਲ ਸਾਂ । ਉਹਦੀ ਕਿਹੜੀ ਆਦਤ ਮੈਥੋਂ ਭੁੱਲੀ ਹੋਈ ਸੀ ? ਬਾਲ-ਸਖਾਈ ਹੋਣ ਦਾ ਮੋਹ ਤਿਆਗਣਾ ਔਖਾ ਹੁੰਦਾ ਹੈ, ਨਹੀਂ ਤਾਂ ਉਹ ਚੰਗਾ ਮੁੰਡਾ ਨਹੀਂ ਸੀ । ਚੋਰੀ ਕਰਨੀ, ਜੇਬ ਕੱਟਣੀ, ਚੁਗਲੀ ਮਾਰਨੀ, ਤੇ......ਤੇ......ਕੀ ਕੀ ਦੱਸਾਂ ? ਇਕ ਨੇਕੀ ਤੋਂ ਬਿਨਾਂ, ਉਹਦੇ ਵਿਚ ਬਾਕੀ ਸਾਰੇ ਗੁਣ ਸਨ । ਜ਼ਰਾ ਵਡੇਰਾ ਹੋਇਆ, ਤਾਂ ਆਦਤਾਂ ਹੋਰ ਵਿਗੜ ਗਈਆਂ । ਪਿੰਡ ਵਿਚੋਂ ਗ਼ਰੀਬਾਂ ਦੀਆਂ ਕੋਈ ਕੁੜੀਆਂ ਉਹਨੇ ਖ਼ਰਾਬ ਕੀਤੀਆਂ । ਉਹ ਜਿੰਨਾ ਰੰਗ-ਰੂਪ ਦਾ ਸੋਹਣਾ ਸੀ, ਓਨਾ ਹੀ ਚਾਲ ਚਲਨ ਦਾ ਭੈੜਾ । ਅਖ਼ੀਰ ਇਕ ਦਿਨ ਪਿੰਡ ਵਿਚ ਮੋਚੀਆਂ ਨਾਲ ਕੁਛ ਗੜ ਬੜ ਹੋ ਗਈ, ਜਿਸ ਕਾਰਨ ਉਹ ਪਿੰਡ ਛੱਡ ਕੇ ਨੱਸ ਗਿਆ । ਤੇ ਓਦਣ ਦਾ

ਵਿਛੜਿਆ ਸੱਤਾਂ ਵਰ੍ਹਿਆਂ ਪਿਛੋਂ ਉਹ ਅੱਜ ਮੱਥੇ ਲੱਗਾ ਸੀ।

ਮੇਰੀ ਟਕੋਰ ਸੁਣ ਕੇ ਉਹਨੇ ਖਚਰੀਆਂ ਅੱਖਾਂ ਨਾਲ ਮੁਸਕਰਾਉਂਦਿਆਂ ਕਿਹਾ, "ਗੁਰਮੁਖੋ ! ਸੰਤਾਂ ਨਾਲ ਇਉਂ ਨਹੀਂ ਬੋਲੀਦਾ। ਸ਼ਰਧਾ ਨਾਲ ਚਰਨੀ ਹੱਥ ਲਾਓ, ਜੇ ਕੁਛ ਫਲ ਪ੍ਰਾਪਤ ਕਰਨਾ ਜੇ ਤਾਂ। ਤੇ ਫਲ ਵੀ ਹੁਣੇ ਤੁਰਤ ਬਤੁਰਤੀ। ਅਸੀਂ ਅਗਲੀ ਦੁਨੀਆਂ ਦਾ ਲਾਰਾ ਲਾਉਣ ਵਾਲੇ ਸੰਤ ਨਹੀਂ।" ਨਾਲ ਹੀ ਉਹਨੇ ਬਚਪਨ ਦੇ ਬੇਲੀ ਹੋਣ ਦੀ ਅਪਣੱਤ ਨਾਲ ਮੈਨੂੰ ਬਾਂਹੀਂ 'ਚ ਘੁੱਟ ਲਿਆ।

ਅਸੀਂ ਕਈ ਵਾਰ ਘੁੱਟ ਘੁੱਟ ਮਿਲਨ ਪਿੱਛੋਂ ਭੋਇੰ 'ਤੇ ਵਿਛੇ ਆਸਣ ਉਤੇ ਆਮ੍ਹੋ-ਸਾਮ੍ਹਣੇ ਬਹਿ ਗਏ। ਮੈਂ ਫਿਰ ਪੁੱਛਿਆ, "ਭਲਾ ਇਹ ਦੱਸ, ਭਈ ਸੰਤ ਬਣ ਕੇ ਨਿੱਕੇ ਹੁੰਦਿਆਂ ਦੀਆਂ ਆਦਤਾਂ ਵੀ ਬਦਲੀਆਂ ਕੁਛ, ਜਾਂ ਨਹੀਂ ?"

"ਤੂੰ ਅਖਾਣ ਨਹੀਂ ਸੁਣਿਆਂ ਕਦੇ ? ਅਖੇ: ਵਾਦੜੀਆਂ ਸਜਾਦੜੀਆਂ, ਜਾਣ ਸਿਰਾਂ ਦੇ ਨਾਲ। ਨਾਲੇ ਜੇ ਆਦਤਾਂ ਈਂ ਛੱਡਣੀਆਂ ਸੀ, ਤਾਂ ਸੰਤ ਬਣਨ ਦੀ ਕੀ ਲੋੜ ਸੀ ? ਘਰ ਦਾ ਹਲ ਨਾ ਵਾਹੁੰਦੇ ਭਲੇ ਮਾਣਸ ਬਣ ਕੇ ?"

ਏਨੇ ਨੂੰ ਮਾਈ ਅੰਨ-ਪੂਰਨਾ ਭੋਜਨ ਲੈ ਕੇ ਆ ਗਈ। ਮੈਂ ਉਸ ਤੋਂ ਸੰਗਦਾ ਥੋੜਾ ਜਿਹਾ ਪਿੱਛੇ ਸਰਕ ਗਿਆ। ਹਰਬੰਤ ਨੇ ਏਸ ਗੱਲ ਨੂੰ ਤਾੜ ਲਿਆ। ਉਹਨੇ ਮੇਰੀ ਝਿਜਕ ਦੂਰ ਕਰਨ ਵਾਸਤੇ ਮੇਰਾ ਹੱਥ ਫੜ ਕੇ ਨੇੜੇ ਖਿਚਦਿਆਂ ਕਿਹਾ, "ਸੁਖਦੇਵ ! ਸੰਗਦਾ ਕੀਹਥੋਂ ਏਂ ? ਇਹ ਤਾਂ ਤੇਰੀ ਭਰਜਾਈ ਏ ਸੁੱਖਾਂ ਲੱਧੀ।"

'ਭਰਜਾਈ' ਸ਼ਬਦ ਸੁਣ ਕੇ ਮੈਂ ਤ੍ਰਭਕ ਉਠਿਆ। ਮਾਈ ਅੰਨ-ਪੂਰਨਾ ਦੇ ਚਿਹਰੇ ਵੱਲ ਇਕ ਝਾਤ ਪਾਉਣ ਤੋਂ ਮੈਂ ਆਪਣੀਆਂ ਅੱਖਾਂ ਨੂੰ ਰੋਕ ਨਾ ਸਕਿਆ। ਉਹ ਵੀ ਮੇਰੀ ਏਸ ਤੱਕਣੀ ਤੋਂ ਥੋੜਾ ਜੇਹਾ ਝੇਪ ਗਈ।

"ਸੁਖਦੇਈ ! ਇਹ ਮੇਰਾ ਬਚਪਨ ਦਾ ਬੇਲੀ ਤੇ ਲੰਗੋਟੀਆ ਯਾਰ ਏ। ਇਸ ਤੋਂ ਸ਼ਰਮਾਉਣ ਦੀ ਲੋੜ ਨਹੀਂ। ਇਸ ਤੋਂ ਮੇਰਾ ਕੋਈ ਭੇਤ ਵੀ ਗੁੱਝਾ ਨਹੀਂ।" ਇਹ ਕਹਿ ਕੇ ਹਰਬੰਤ ਨੇ ਉਹਦੀ ਸੰਗ ਵੀ ਦੂਰ ਕਰ ਦਿਤੀ।

ਸੁਖਦੇਈ ਮੇਰੇ ਵੱਲੇ ਵੇਖ ਕੇ ਮੁਸਕਰਾ ਪਈ। ਉਹਦੀ ਇਸ ਭੇਤ-ਭਰੀ ਮੁਸਕਣੀ ਵਿਚ ਬਹੁਤ ਕੁਛ ਲੁਕਿਆ ਹੋਇਆ ਸੀ, ਜਿਸ ਨੂੰ ਮੈਂ ਪੂਰੀ ਤਰ੍ਹਾਂ ਸਮਝ ਨਾ ਸਕਿਆ। ਉਹ ਸਾਡੇ ਅੱਗੇ ਰੋਟੀ ਰੱਖ ਕੇ ਚਲੀ ਗਈ। ਮੈਥੋਂ ਵਧੇਰੇ ਚੁੱਪ ਨਾ ਰਿਹਾ ਗਿਆ। ਮੈਂ ਚਮਚੇ ਨਾਲ ਗਰਮ ਪ੍ਰਸਾਦ ਹਿਲਾਉਂਦਿਆਂ ਪੁੱਛਿਆ, "ਉਇ ਦੁਸ਼ਟਾ ! ਇਹ ਕੀ ਆਖਿਆ ਈ ? ਕੌਣ ਏਂ ਇਹ ?"

"ਕੰਨ ਬੰਦ ਨੇ ਤੇਰੇ ? ਸਾਫ਼ ਤਾਂ ਦੱਸਿਆ ਏ ਮੈਂ, ਪਈ ਇਹ ਤੇਰੀ ਭਰਜਾਈ ਏ; ਸੰਤਾਂ ਦੀ ਜੇਠੀ ਚੇਲੀ ।"

"ਪਰ ਲੋਕਾਂ ਸਾਮ੍ਹਣੇ ਤਾਂ ਤੂੰ ਇਹਨੂੰ 'ਮਾਈ' ਆਹੰਦਾ ਸੈਂ ।" ਸੋਚ ਸੋਚ ਕੇ ਮੇਰੇ ਸਿਰ ਨੂੰ ਚੱਕਰ ਆ ਰਹੇ ਸਨ ।

"ਇਜੇਹੇ ਸ਼ਬਦੀ ਵਹਿਮ ਕੇਵਲ ਅਗਿਆਨੀ ਪੁਰਸ਼ਾਂ ਨੂੰ ਹੁੰਦੇ ਨੇ । ਸੰਤ ਇਹਨਾਂ ਭਰਮਾਂ ਤੋਂ ਉਚੇਰੇ ਹੁੰਦੇ ਨੇ, ਭੋਲੇ ਨਾਥ ਜੀ !"

ਜੋ ਕੁਛ ਮੈ ਸੁਣ ਰਿਹਾ ਸਾਂ, ਮੇਰੀ ਸਮਝ ਤੋਂ ਪਰੇ ਦੀ ਗੱਲ ਸੀ । ਮੈਂ ਕਿਆਸ ਵੀ ਨਹੀਂ ਸਾਂ ਕਰ ਸਕਦਾ, ਕਿ ਆਦਮੀ ਏਥੋਂ ਤਕ ਗਿਰ ਸਕਦਾ ਹੈ । ਸੁਖਦੇਈ ਤੇ ਹਰਬੰਤ ਦੀ ਉਮਰ ਦਾ ਅੱਧੋ ਅੱਧ ਫ਼ਰਕ ਸੀ। ਠੀਕ ਹੀ ਉਹ ਉਹਦੀ ਮਾਂ ਦੀ ਹਾਨਣ ਸੀ । ਮੈਂ ਚੁੱਪ ਕਰ ਕੇ ਰੋਟੀ ਖਾ ਰਿਹਾ ਸਾਂ, ਪਰ ਬੁਰਕੀ ਮੇਰੇ ਸੰਘ ਵਿਚ ਪਲਚ ਪਲਚ ਜਾਂਦੀ ਸੀ ।

"ਕੀ ਸੋਚਦੇ ਓ, ਗੁਰਮੁਖੋ ! ਕੋਈ ਸ਼ੰਕਾ ਹੈ, ਤਾਂ ਨਵਿਰਤ ਕਰ ਲਓ ।" ਹਰਬੰਤ ਨੇ ਸੰਤਾਂ ਵਾਲੀ ਬੋਲੀ ਵਿਚ ਠੱਠੇ ਨਾਲ ਕਿਹਾ ।

"ਹਰਬੰਤ ! ਤੂੰ ਮੈਨੂੰ ਡੂੰਘੀ ਹੈਰਾਨੀ ਵਿਚ ਪਾ ਦਿਤਾ ਏ । ਮੇਰੀ ਅਕਲ ਕੰਮ ਕਰਨੋ ਬਾਗੀ ਹੋ ਰਹੀ ਹੈ । ਕੀ ਇਨਸਾਨ ਏਥੋਂ ਤਕ ਵੀ...?" ਅੰਦਰ ਪੈਦਾ ਹੋ ਚੁਕੀ ਘਿਰਣਾ ਨੂੰ ਮੈਂ ਲੁਕਾ ਨਾ ਸੱਕਿਆ ।

"ਸੁਖਦੇਵ ! ਤੈਨੂੰ ਆਉਂਦੀਆਂ ਨੇ ਗੱਲਾਂ । ਤੇਰੀ ਦਸ ਘੁਮਾਂ ਹੈਗੀ ਜੁ ਸੀ, ਇਸ ਵਾਸਤੇ । ਤੇਰਾ ਵਿਆਹ ਹੋ ਗਿਆ ਸੀ ਹੋਸ਼ ਸੰਭਾਲਣ ਦੇ ਨਾਲ ਹੀ । ਪਰ ਮੇਰਾ ਤਾਂ ਉਸ ਘਰ ਵਿਚ ਸੱਤ ਵਾਰ ਜੰਮ ਕੇ ਵੀ ਵਿਆਹ ਨਹੀਂ ਸੀ ਹੋਣਾ । ਇਹ ਇਸ ਭੇਖ ਦੀਆਂ ਬਰਕਤਾਂ ਨੇ, ਕਿ ਹੁਣ ਸੱਤੀਂ ਦਿਨੀਂ ਨਵਾਂ ਵਿਆਹ ਕਰਾ ਲਈਦਾ ਏ । ਕਿੱਥੇ ਉਹ ਦਿਨ ਸਨ, ਕਿ ਹਰ ਵੇਲੇ ਰੋਟੀ ਦਾ ਸਹਿੰਸਾ ਜਾਨ ਖਾਂਦਾ ਰਹਿੰਦਾ ਸੀ, ਤੇ ਕਿੱਥੇ ਅੱਜ ਸੋਨੇ ਚਾਂਦੀ ਵਿਚ ਖੇਡ ਰਹੇ ਆਂ ।" ਪਲ-ਕੁ ਚੁੱਪ ਰਹਿ ਕੇ ਉਹਨੇ ਫਿਰ ਬੋਲਣਾ ਸ਼ੁਰੂ ਕਰ ਦਿਤਾ, ਜਿਵੇਂ ਉਹ ਅੱਜ ਸਭ ਪਰਦੇ ਪਾੜ ਕੇ ਮੇਰੇ ਸਾਮ੍ਹਣੇ ਨੰਗਾ ਹੋਣ ਲਈ ਉਤਾਵਲਾ ਹੋਵੇ । "ਇਹ ਮੈਂ ਜਾਣਦਾ ਹਾਂ, ਕਿ ਤੂੰ ਮੈਨੂੰ ਕਿੰਨਾ ਨੀਂਵਾਂ ਸਮਝ ਰਿਹਾ ਏਂ, ਪਰ ਮੈਂ ਹੁਣ ਇਸ ਮਸਲੇ 'ਤੇ ਸੋਚਣਾ ਈਂ ਛੱਡ ਦਿਤਾ ਏ । ਇਹ ਸੁਖਦੇਈ ਦਿੱਲੀ ਦੀ ਇਕ ਅਮੀਰ ਵਿਧਵਾ ਏ । ਇਹ ਪੰਦਰਾਂ ਸਾਲ ਦੀ ਸੀ, ਜਦ ਇਹਦਾ ਵਿਆਹ ਹੋਇਆ । ਇਹਦੇ ਮਾਲਕ ਦੀ ਉਮਰ ਉਸ ਵੇਲੇ ਸੱਠ ਸਾਲ ਦੀ ਸੀ । ਇਹਦੀ ਜਵਾਨੀ ਉਸ ਨਰਕ ਵਿਚ ਕਿਵੇਂ ਗੁਜ਼ਰੀ ? ਕਦੇ ਸੋਚਿਆ ਏ ਕਿਸੇ ? ਸ਼ੁਕਰ ਕੀਤਾ ਇਹਨੇ, ਜਾਂ ਉਹ ਪਰਲੋਕ ਰਵਾਨਾ ਹੋਇਆ।

ਫਿਰ ਇਹਨੇ ਸਾਧਾਂ ਸੰਤਾਂ ਦੀ ਸੇਵਾ ਵਿਚ ਮਨ ਲਾਉਣਾ ਸ਼ੁਰੂ ਕੀਤਾ, ਜਿਵੇਂ ਹਰ ਬਾਲ-ਵਿਧਵਾ ਕਰਿਆ ਕਰਦੀ ਏ। ਅਚਾਨਕ ਸਾਡਾ ਮੇਲ ਹੋ ਗਿਆ। ਜਨਮ ਦੇ ਭੁੱਖੇ ਦੋ ਮਿਲ ਪਏ। ਮਜਬੂਰ ਹੋ ਕੇ ਦੋਹਾਂ ਭੁੱਖਿਆਂ ਨੇ ਆਪਸ ਵਿਚ ਸਮਝੌਤਾ ਕਰ ਲਿਆ। ਇਹ ਮੇਰੀ ਜਵਾਨੀ 'ਤੇ ਭੁੱਲ ਗਈ, ਤੇ ਮੈਂ ਇਹਦੇ ਧਨ ਉਤੇ। ਫਿਰ ਤਾਂ ਅਸਾਂ ਪੁੰਨ ਪਾਪ ਦਾ ਭਰਮ ਹੀ ਮਿਟਾ ਦਿਤਾ। ਬੱਸ, ਚੱਲ ਸੋ ਚੱਲ। ਅਸਾਂ ਹਰ ਮਹੀਨੇ ਤੇ ਹਰ ਹਫ਼ਤੇ ਚੇਲੀਆਂ ਬਦਲੀਆਂ, ਪਰ ਇਸ ਜੇਠੀ ਚੇਲੀ ਦੀ ਬਾਂਹ ਨਹੀਂ ਛੱਡੀ।" ਪਲ ਦਾ ਪਲ ਜਿਹੜੀ ਗੰਭੀਰਤਾ ਉਸ ਵਿਚ ਆਈ ਸੀ, ਏਥੇ ਪਹੁੰਚ ਕੇ ਲੋਪ ਹੋ ਗਈ। ਉਹਨੇ ਬਚਪਨ ਵਾਲੀ ਚੰਚਲਤਾ ਨਾਲ ਕਿਹਾ "ਤੇ ਸੰਤਾਂ ਦੀ ਦੂਜੀ ਚੇਲੀ ਇਕ ਬੁੱਢੇ ਕਾਰਖ਼ਾਨਾਦਾਰ ਦੀ ਮੁਟਿਆਰ ਵਹੁਟੀ ਏ। ਆਹ ਕਾਰ ਓਸੇ ਨੇ ਅਰਦਾਸ ਕਰਾਈ ਏ। ਉਸ ਤੋਂ ਪਿਛੋਂ ਤਾਂ ਚੇਲੀਆਂ ਦੀ ਗਿਣਤੀ ਈ ਨਹੀਂ ਰਹੀ।"

"ਪਰ ਸੰਤ ਜੀ ਮਹਾਰਾਜ! ਇਹ ਅਮੀਰ ਘਰਾਂ ਦੀਆਂ ਦੇਵੀਆਂ ਤੁਹਾਡੇ ਚਰਨਾਂ ਵਿਚ ਏਨਾ ਧਨ ਕਿਉਂ ਲੁਟਾਉਂਦੀਆਂ ਨੇ?" ਮੈਂ ਹੈਰਾਨੀ ਭਰੇ ਵਿਅੰਗ ਨਾਲ ਪੁੱਛਿਆ।

"ਓ ਸੱਜਨ ਪੁਰਸ਼! ਇਹ ਵੀ ਕੋਈ ਔਖਾ ਪ੍ਰਸ਼ਨ ਏਂ? ਜੇ ਅਮੀਰ ਮਰਦ ਐਸ਼ ਵਾਸਤੇ ਹਜ਼ਾਰਾਂ ਰੁਪੈ ਲੁਟਾ ਸਕਦਾ ਏ, ਤਾਂ ਅਮੀਰ ਦੇਵੀਆਂ ਦਾ ਦਿਲ ਓਸੇ ਤਰ੍ਹਾਂ ਖ਼ਰਚ ਕਰ ਕੇ ਖ਼ੁਸ਼ੀਆਂ ਮਾਨਣ ਨੂੰ ਨਹੀਂ ਕਰਦਾ? ਫ਼ਰਕ ਕੇਵਲ ਏਨਾ ਏਂ, ਕਿ ਮਰਦ ਸਭ ਕੁਛ ਖੁੱਲ੍ਹ-ਮ-ਖੁੱਲ੍ਹਾ ਕਰਦਾ ਏ, ਤੇ ਇਸਤਰੀ ਜ਼ਰਾ ਪਰਦਾ ਰੱਖਣ ਲਈ ਮਜਬੂਰ ਏ। ਤੇ ਜਿਹੜੇ ਸੰਤ ਸਾਰੀ ਦੁਨੀਆਂ ਦਾ ਪਰਦਾ ਢੱਕਦੇ ਨੇ, ਕੀ ਆਪਣੀਆਂ ਚੇਲੀਆਂ ਦਾ ਨਹੀਂ ਢੱਕ ਸਕਦੇ?"

ਰੋਟੀ ਚਰੋਕਣੀ ਖਾਧੀ ਜਾ ਚੁਕੀ ਸੀ। ਅਸੀਂ ਦੋਵੇਂ ਭੋਇੰ 'ਤੇ ਵਿਛੇ ਨਰਮ ਬਿਸਤਰਿਆਂ ਉਤੇ ਲੇਟੇ ਅੱਧੀ ਰਾਤ ਤਕ ਗੱਲਾਂ ਕਰਦੇ ਰਹੇ। ਹਰਬੰਤ ਦੇ ਮਿਲਾਪ ਨੇ ਇਕ ਨਵੀਂ ਦੁਨੀਆਂ ਵਿਚ ਮੈਨੂੰ ਝਾਤੀ ਪੁਆਈ, ਭੇਖੀ ਸੰਤਾਂ ਦੀ ਦੁਨੀਆਂ ਵਿਚ। ਜਿੰਨਾ ਮੈਂ ਸਮਝਿਆ ਕਰਦਾ ਸਾਂ, ਉਸ ਤੋਂ ਕਿਤੇ ਵੱਧ ਮੈਨੂੰ ਹਰਬੰਤ ਦੀ ਜੀਵਨ-ਕਥਾ ਵਿਚੋਂ ਦਿਸਿਆ। ਗੱਲਾਂ ਗੱਲਾਂ ਵਿਚ ਮੈਂ ਉਸਨੂੰ ਪੁੱਛਿਆ, "ਇਹ ਦੱਸ, ਕਿ ਅਮੀਰਾਂ ਦੀ ਦੁਨੀਆਂ ਛੱਡ ਕੇ ਸੰਤ ਏਥੇ ਪਿੰਡਾਂ ਦੀ ਗਰੀਬ ਦੁਨੀਆਂ ਵਿਚ ਕਿਵੇਂ ਪਧਾਰੇ ਨੇ?"

"ਸੱਚੀ ਗੱਲ ਪੁਛਦਾ ਏਂ? ਜਿਵੇਂ ਨਿਤ ਚੰਗੇ ਪਦਾਰਥ ਖਾਂਦਿਆਂ ਖਾਂਦਿਆਂ ਆਦਮੀ ਅੱਕ ਜਾਂਦਾ ਏ, ਏਸੇ ਤਰਾਂ ਅਮੀਰਾਂ ਦੇ ਸ਼ਹਿਰੀ ਹੁਸਨ ਤੋਂ ਜੀ ਅੱਕ

ਗਿਆ ਏ। ਸਭ ਕੁਛ ਨਕਲੀ, ਸਭ ਬਨਾਉਟੀ, ਨਿਰਾ ਸੁਰਖੀ ਪਾਊਡਰ ਦਾ ਪਲੇਥਣ। ਪਰ ਪਿੰਡਾਂ ਦਾ ਨਰੋਆ ਰੂਪ ? ਰੱਬ ਵੀ ਵੇਖ ਕੇ ਭਰਮ ਜਾਏ। ਫ਼ਰਕ ਕੇਵਲ ਏਨਾ ਏਂ, ਕਿ ਓਥੇ ਸ਼ਕਾਰ ਆਪਣੇ ਆਪ ਜਾ'ਲ ਵਿਚ ਫਸਦਾ ਏ, ਤੇ ਏਥੇ ਬੜੇ ਜਤਨ ਤੇ ਚਾਤਰੀ ਨਾਲ ਪੰਛੀ ਫਾਹੁਣੇ ਪੈਂਦੇ ਨੇ। ਤੇਰੀ ਸੌਂਹ, ਪਿੰਡਾਂ ਦਾ ਕੁਦਰਤੀ ਸੁਹੱਪਣ...।''

ਮੈਨੂੰ ਨਹੀਂ ਪਤਾ, ਉਹ ਇਸ ਤੋਂ ਅੱਗੇ ਕਿੰਨਾ ਚਿਰ ਤੇ ਕੀ ਕੁਛ ਕਹਿੰਦਾ ਗਿਆ। ਮੈਂ ਉਸ ਪਾਸਿਓਂ ਬਿਲਕੁਲ ਬੇਖ਼ਬਰ ਸਾਂ। ਮੇਰੀ ਸੁਰਤ ਕਿਤੇ ਦੂਰ ਪਹੁੰਚੀ ਹੋਈ ਸੀ। ਮੇਰੀ ਨਿਗ੍ਹਾ ਸਾਮ੍ਹਣੇ, ਆਪਣੇ ਨਾਮ ਤੇ ਰੰਗ ਰੂਪ ਵਰਗੀ ਭੋਲੀ ਭਾਲੀ ਮੁਟਿਆਰ, ਸਵਰਨੋ ਸੰਤਾਂ ਦੇ ਲੰਗਰ ਵਿਚ ਬੈਠੀ ਫੁਲਕੇ ਪਕਾ ਰਹੀ ਸੀ। ਹੌਲ ਨਾਲ ਮੇਰਾ ਸਾਰਾ ਸਰੀਰ ਕੰਬ ਉਠਿਆ। ਮੈਂ...ਮੈਂ...ਪਤਾ ਨਹੀਂ ਫਿਰ ਕੀ ਕੀ ਸੋਚਦਾ ਰਿਹਾ ਮੈਂ। ਹਾਂ, ਬਾਕੀ ਦੀ ਰਾਤ ਮੈਨੂੰ ਨੀਂਦ ਨਾ ਆਈ।

ਸਵੇਰੇ ਉਠੇ, ਤਾਂ ਮੇਰੇ ਚਿਹਰੇ ਉਤੇ ਅਥਾਹ ਘਿਰਣਾ ਦੇ ਚਿੰਨ੍ਹ ਉਘੜੇ ਹੋਏ ਸਨ, ਜਿੰਨ੍ਹਾਂ ਨੂੰ ਯਤਨ ਕਰਕੇ ਵੀ ਮੈਂ ਲੁਕਾ ਨਾ ਸਕਿਆ। ਹਰਬੰਤ ਮੇਰੇ ਵੱਲੇ ਵੇਖ ਕੇ ਘਬਰਾ ਗਿਆ। ਉਹਨੇ ਸਹਿਜ ਨਾਲ ਸਰ੍ਹਾਣੇ ਹੇਠੋਂ ਦੋ ਹਜ਼ਾਰ ਦੇ ਨੋਟ ਕਢ ਕੇ ਮੇਰੀ ਜੇਬ ਵਿਚ ਪਾਉਂਦਿਆਂ ਕਿਹਾ, ''ਸੁਖਦੇਵ ! ਮੇਰੇ ਭਤੀਜੇ ਭਤੀਜੀਆਂ ਦੇ ਝੱਗੇ ਚੁੰਨੀਆਂ ਵਾਸਤੇ। ਤੂੰ ਮੇਰਾ ਬਚਪਨ ਦਾ ਯਾਰ ਏਂ, ਲੋੜ ਪਵੇ, ਤਾਂ ਸੰਗਿਆ ਨਾ ਕਰੀਂ ਕਿਸੇ ਗੱਲੋਂ।''

''ਮਿਹਰਬਾਨੀ, ਹਰਬੰਤ ! ਪਰ ਮੇਰੇ ਬੱਚਿਆਂ ਨੂੰ ਇਹ ਹਰਾਮ ਦੀ ਕਮਾਈ ਪਚਣੀ ਨਹੀਂ।'' ਮੈਂ ਨੋਟ ਕਢ ਕੇ ਉਹਦੇ ਪੱਟ ਉਤੇ ਧਰ ਦਿਤੇ।

''ਹੱਕ ਹਰਾਮ ਦੀ ਸੋਝੀ ਵੀ ਪਹਿਲੀਵਾਰ ਈ ਹੁੰਦੀ ਏ। ਇਕਵਾਰ ਸੰਘੋਂ ਅੰਦਰ ਲੰਘ ਜਾਣ ਪਿੱਛੋਂ ਸਭ ਭਰਮ ਮਿਟ ਜਾਂਦੇ ਨੇ।'' ਆਪਣੇ ਵੱਲੋਂ ਉਹਨੇ ਗੱਲ ਨੂੰ ਫਿਰ ਹਾਸੇ ਵਿਚ ਪਾਉਣਾ ਚਾਹਿਆ, ਪਰ ਉਹ ਸਫਲ ਨਾ ਹੋਇਆ।

ਉਹਦਾ ਨੋਟਾਂ ਵਾਲਾ ਵਧਾਇਆ ਹੋਇਆ ਹੱਥ ਮੈਂ ਰਾਹ ਵਿਚੋਂ ਈਂ ਪਿੱਛੇ ਪਰਤਾ ਦਿਤਾ। ਕੁਛ ਚਿਰ ਅਸੀਂ ਦੋਵੇਂ ਚੁੱਪ ਰਹੇ। ਉਹਨੇ ਮੇਰਾ ਹੱਥ ਫੜ ਕੇ ਆਪਣੇ ਵੱਲ ਖਿਚਦਿਆਂ ਕਿਹਾ, ''ਸਗੋਂ ਕਿਸੇ ਗੱਲੋਂ ਨਾਰਾਜ਼ ਹੋ ਗਿਆ ਏਂ ਮੇਰੇ ਨਾਲ ?''

''ਨਹੀਂ, ਨਾਰਾਜ਼ ਕਿਹੜੀ ਗੱਲੋਂ ਹੋਣਾ ਏਂ ?''

''ਮੇਰੇ ਵੱਲੇ ਵੇਖ ਖਾਂ।''

''ਮੈਂ ਉਹਦੇ ਵੱਲੇ ਵੇਖ ਕੇ ਮੁਸਕਰਾਉਣ ਦਾ ਯਤਨ ਕੀਤਾ। ਪਰ ਏਸ

ਤਰ੍ਹਾਂ ਵੀ ਮੈਂ ਅੰਦਰਲੀ ਨਫਰਤ ਨੂੰ ਲੁਕਾ ਨਾ ਸਕਿਆ।

"ਸੁਖਦੇਵ! ਇਕ ਗੱਲ ਆਖਾਂ? ਬਚਪਨ ਦੀ ਦੋਸਤੀ ਦਾ ਸਦਕਾ ਮੰਨੇਗਾ?" ਲੋਹੜੇ ਦਾ ਤਰਲਾ ਸੀ ਉਹਦੀ ਵਾਜ ਵਿਚ।

"ਦੱਸ।" ਮੈਂ ਛੋਟਾ ਜਿਹਾ ਉੱਤਰ ਦਿਤਾ।

"ਮੇਰਾ ਪੜਦਾ ਬਣਿਆਂ ਰਹਿਣ ਦੇਈਂ। ਕਿਸੇ ਅੱਗੇ ਗੱਲ ਨਾ ਕਰੀਂ।"

"ਇਕ ਸ਼ਰਤ ਉਤੇ।" ਵਾਹਦਾ ਕਰਨ ਲੱਗਿਆਂ ਮੇਰੀਆਂ ਅੱਖਾਂ ਅਗੇ ਫਿਰ ਸਵਰਨੋ ਆ ਗਈ, ਜਿਸਨੂੰ ਮੈਂ ਹਰ ਲਾਲਚੀ ਨਜ਼ਰ ਤੋਂ ਬਚਾਉਣਾ ਚਾਹੁੰਦਾ ਸਾਂ।

"ਹੁਕਮ ਕਰ।" ਉਹਦਾ ਰੰਗ ਉਡਦਾ ਜਾ ਰਿਹਾ ਸੀ।

"ਅੱਜ ਰਾਤ ਪੈਣ ਤੋਂ ਪਹਿਲਾਂ ਪਹਿਲਾਂ ਏਥੋਂ ਚਲੇ ਜਾਓ।" ਮੈਂ ਦਿਲ ਦੀ ਗੱਲ ਸਾਫ਼ ਕਹਿ ਦਿਤੀ।

"ਮੈਂ ਦਿਨ ਚੜ੍ਹਦੇ ਹੀ ਚਲਾ ਜਾਵਾਂਗਾ। ਤੇ ਮੁੜ ਕੇ ਏਧਰ ਕਦੇ ਨਹੀਂ ਆਵਾਂਗਾ। ਪਰ ਤੂੰ......।"

"ਮੇਰੇ ਵੱਲੋਂ ਕੋਈ ਫ਼ਿਕਰ ਨਾ ਕਰ।" ਮੈਂ ਭਰੋਸਾ ਦੁਆਇਆ।

ਦੋ ਮਿੰਟ ਹੋਰ ਬਹਿ ਕੇ ਮੈਂ ਜਾਣ ਵਾਸਤੇ ਉਠ ਬੈਠਾ। ਹਰਬੰਤ ਨੇ ਉਠ ਕੇ ਇਕ ਵਾਰ ਫਿਰ ਮੈਨੂੰ ਬਾਂਹੀਂ ਵਿਚ ਘੁੱਟ ਲਿਆ। ਨਿਖੜਨ ਤੋਂ ਪਹਿਲਾਂ ਉਹਨੇ ਇਕ ਵਾਰ ਫਿਰ ਕਿਹਾ, "ਸੁਖਦੇਵ! ਮੇਰੀ ਦਿਲੀ ਰੀਝ ਏ, ਮੇਰਾ ਮਾਣ ਨਾ ਤੋੜ। ਮੈਂ ਆਪਣੇ ਭਤੀਜਿਆਂ ਵਾਸਤੇ......।"

"ਨਹੀਂ ਨਹੀਂ। ਤੂੰ ਡਰ ਨਾ ਮੈਥੋਂ। ਮੈਂ ਸ਼ਰਤ 'ਤੇ ਪੱਕਾ ਹਾਂ।"

ਅਸੀਂ ਘੁੱਟ ਘੁੱਟ ਮਿਲੇ ਤੇ ਲੋਕਾਂ ਦੇ ਆਉਣ ਤੋਂ ਪਹਿਲਾਂ ਹੀ ਨਿਖੜ ਗਏ। ਮੈਂ ਘਰ ਪੁੱਜਾ। ਅੱਗੇ 'ਬੀਬੀ ਜੀ' ਇਸ਼ਨਾਨ ਕਰ ਕੇ ਪਾਠ ਕਰ ਰਹੇ ਸੀ। ਮੈਨੂੰ ਵੇਖ ਕੇ ਉਹਨੇ ਦਿਲੀ ਪਰਸੰਨਤਾ ਨਾਲ ਕਿਹਾ, "ਕਿਉਂ ਸੁਖਦੇਵ! ਮੈਂ ਕਿਹਾ ਸੀ ਨਾਂ, ਪੂਰੇ ਅੰਤਰਜਾਮੀ ਨੇ ਸੰਤ ਮਹਾਰਾਜ। ਕਿਵੇਂ ਬੁਝ ਲਿਆ ਉਹਨਾਂ ਤੇਰਾ ਨਾਂ, ਜਿਵੇਂ ਪਹਿਲਾਂ ਤੋਂ ਈਂ ਜਾਣਦੇ ਹੋਣ।"

"ਹਾਂ।" ਛੋਟਾ ਜੇਹਾ ਉੱਤਰ ਦਿਤਾ ਮੈਂ।

ਫਿਰ ਅਸੀਂ ਘਰ ਦੀਆਂ ਛੋਟੀਆਂ ਛੋਟੀਆਂ ਗੱਲਾਂ ਕਰਦੇ ਰਹੇ। ਸਵਰਨੋ ਲੰਗਰ ਦੀ ਸੇਵਾ ਵਾਸਤੇ ਤਿਆਰ ਹੋਈ, ਤਾਂ ਮੈਂ ਉਹਨੂੰ ਵੀ ਪੱਜ ਬਹਾਨੇ ਰੋਕ ਲਿਆ। ਮੈਂ ਨਹੀਂ ਸਾਂ ਚਾਹੁੰਦਾ, ਕਿ ਉਹਨਾਂ ਵਿਚੋਂ ਕੋਈ ਵੀ ਸੰਤਾਂ ਦੇ ਡੇਰੇ ਜਾਏ। ਮਿੱਠੀਆਂ ਮਿੱਠੀਆਂ ਗੱਲਾਂ ਕਰਦਿਆਂ ਸਾਡਾ ਤਿੰਨ ਪਹਿਰ ਦਿਨ ਬਤੀਤ ਹੋ ਗਿਆ।

ਏਨੇ ਨੂੰ ਮੇਰਾ ਸਾਂਢੂ ਵੀ ਬਾਹਰੋਂ ਆ ਗਿਆ। ਉਹਨੂੰ ਪਾਣੀ ਦਾ ਗਲਾਸ ਫੜਾਉਂ-ਦਿਆਂ ਬੀਬੀ ਜੀ ਨੇ ਕਿਹਾ, "ਅੱਜ ਮੈਨੂੰ ਸੁਖਦੇਵ ਨੇ ਸੰਤਾਂ ਦੇ ਡੇਰੇ ਵੀ ਨਹੀਂ ਜਾਣ ਦਿਤਾ। ਘਰੇ ਈਂ ਗੱਲੀਂ ਲਾ ਛੱਡਿਆ ਸੁ। ਸ਼ਾਮ ਨੂੰ ਜਾਵਾਂਗੀ ਹੁਣ।"

"ਪਰ ਸੰਤ ਤਾਂ ਚਲੇ ਗਏ ਨੇ, ਬੀਬੀ ਜੀ!" ਸੰਤ ਠੀਕ ਹੀ ਚੁੱਪ ਚਾਪ ਚਲੇ ਗਏ ਸਨ।

"ਸੱਚੀਂ ?" ਬੀਬੀ ਜੀ ਨੇ ਹੈਰਾਨੀ ਨਾਲ ਕਿਹਾ। "ਮੈਂ ਨਿਕਰਮਣ ਮਹਾਂ ਪੁਰਸ਼ਾਂ ਦੇ ਦਰਸ਼ਨ ਵੀ ਨਾ ਕਰ ਸਕੀ।" ਕਿੰਨਾ ਚਿਰ ਉਹ ਭੁਲੇਖੇ ਵਿਚ ਆਪਣੇ ਕਰਮਾਂ ਨੂੰ ਝੂਰਦੀ ਰਹੀ। ਫਿਰ ਉਹਨੇ ਆਪਣੇ ਮਾਲਕ ਨੂੰ ਸੰਬੋਧਨ ਕਰ ਕੇ ਕਿਹਾ, "ਪਰ ਜੀ, ਇਕ ਗੱਲ ਦੀ ਮੈਨੂੰ ਖ਼ੁਸ਼ੀ ਏ। ਸਾਡੇ ਸੁਖਦੇਵ ਦੇ ਤਾਂ ਕੁਛ ਖ਼ਿਆਲ ਬਦਲੇ। ਇਹਦੇ ਪੁੱਛਣ ਉਤੇ ਸੰਤਾਂ ਨੇ ਝੱਟ ਇਹਦਾ ਨਾਂ ਦੱਸ ਦਿਤਾ। ਹੈ ਕਿ ਨਹੀਂ ਕਰਾਮਾਤ ਵਾਲੀ ਗੱਲ।"

"ਬੀਬੀ ਜੀ! ਤੁਸੀਂ ਵਿਚਲੇ ਭੇਤ ਨੂੰ ਕੀ ਜਾਣੋ। ਉਹ ਤਾਂ ਮੇਰਾ ਜਮਾਤੀ ਏ, ਬਚਪਨ ਦਾ ਬੇਲੀ।"

"ਹੈਂ ?" ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। "ਪਰ ਤੁਸੀਂ ਤਾਂ ਬਿਲਕੁਲ ਓਪਰਿਆਂ ਵਾਂਗ ਮਿਲੇ ਸੀ।"

"ਏਹਾ ਤਾਂ ਕਰਾਮਾਤ ਏ ਸੰਤਾਂ ਦੀ।" ਮੈਂ ਹਸਦਿਆਂ ਹਸਦਿਆਂ ਕਿਹਾ।

ਬੀਬੀ ਜੀ ਦੇ ਸ਼ਰਧਾਲੂ ਦਿਲ 'ਤੇ ਬੜੀ ਭਾਰੀ ਚੋਟ ਲੱਗੀ। ਕਿੰਨਾ ਚਿਰ ਉਹ ਹੈਰਾਨ ਹੋਈ ਮੇਰੇ ਵੱਲੇ ਵੇਖਦੀ ਰਹੀ। ਅੰਤ ਉਹ ਸਹਿਜ ਨਾਲ ਬੋਲੀ, "ਉਹਦੀ ਗੱਲ ਛੱਡ। ਤੂੰ ਕਿਸੇ ਸੰਤ ਨੂੰ ਮੰਨਦਾ ਵੀ ਏਂ ਜਾਂ ਨਹੀਂ ?" ਸੰਤਾਂ ਨਾਲੋਂ ਉਹਨੂੰ ਮੇਰਾ ਵਧੇਰੇ ਖ਼ਿਆਲ ਸੀ।

"ਮੰਨਦਾ ਛੱਡ ਕੇ, ਮੈਂ ਤਾਂ ਸੰਤਾਂ ਦੇ ਚਰਨ ਪੂਜਦਾ ਹਾਂ।" ਤੇ ਮੈਂ ਝੁਕ ਕੇ ਉਹਨਾਂ ਦੋਹਾਂ ਜੀਆਂ ਦੇ ਚਰਨੀ ਹੱਥ ਲਾ ਦਿਤਾ। ਸੱਚ ਕਹਿੰਦਾ ਹਾਂ, ਮੇਰੀ ਨਜ਼ਰ ਵਿਚ ਉਹਨਾਂ ਨਾਲੋਂ ਵੱਡਾ ਹੋਰ ਕੋਈ ਸੰਤ ਨਹੀਂ।

੩੦-੯-੫੬

ਖ਼ੁਸ਼-ਕਿਸਮਤ, ਕਿ............

ਖ਼ੁਸ਼ ਕਿਸਮਤ ? ਜਾਣੂ ਦੁਨੀਆਂ ਮੇਰੀ ਬਾਬਤ ਏਹਾ ਕਿਹਾ ਕਰਦੀ ਹੈ । ਕਦੇ ਮੈਂ ਵੀ ਏਹਾ ਸੋਚਿਆ ਕਰਦਾ ਸਾਂ । ਪਰ ਅੱਜ......।

ਉਹ ਮੈਨੂੰ ਪਿਆਰ ਬੇ-ਹੱਦ ਕਰਦੀ ਹੈ, ਇਸ ਵਿਚ ਕੋਈ ਸ਼ੱਕ ਨਹੀਂ । ਇਹ ਵੀ ਠੀਕ ਹੈ, ਕਿ ਉਹਦੀ ਸਾਰੀ ਦੀ ਸਾਰੀ ਮੁਹੱਬਤ ਮੇਰੇ ਵਾਸਤੇ ਹੈ । ਬਚਨ-ਪਾਲਣ ਵਿਚ ਉਹ ਕਿਸੇ ਵੀ ਸੱਸੀ, ਸੋਹਣੀ ਨਾਲੋਂ ਘੱਟ ਨਹੀਂ । ਉਹ ਚੰਗੇ ਦਿਲ ਵਾਲੀ ਇਸਤਰੀ ਹੈ । ਈਸ਼ਵਰ ਨੇ ਉਹਨੂੰ ਬਹੁਤ ਗੁਣ ਬਖ਼ਸ਼ੇ ਨੇ । ਸਭ ਕੁਛ ਠੀਕ ਹੈ, ਪਰ......।

ਉਮਰ ਵਿਚ ਉਹ ਇਕ ਸਾਲ ਵੱਡੀ ਹੈ, ਮੈਥੋਂ । ਪੜ੍ਹਾਈ ਵਿਚ ਵੀ ਉਹ ਇਕ ਸਾਲ ਅੱਗੇ ਸੀ । ਅਸੀਂ ਦੋਵੇਂ ਇਕੋ ਸਕੂਲ ਵਿਚ ਪੜ੍ਹਦੇ ਸਾਂ । ਓਥੇ ਕੁੜੀਆਂ ਮੁੰਡੇ ਕੱਠੇ ਪੜ੍ਹਦੇ ਸਨ । ਉਹ ਹਰ ਰੋਜ਼ ਸਾਡੇ ਬੂਹੇ ਅੱਗੇ ਖਲੋ ਕੇ ਵਾਜ ਮਾਰਦੀ, "ਰੇਂਦ ਜੀ !"

ਵਾਜ ਕੰਨੀ ਪੈਂਦਿਆਂ ਹੀ ਮੈਂ ਗਲ ਵਿਚ ਬਸਤਾ ਪਾ ਕੇ ਭੱਜ ਉਠਦਾ । ਉਹ ਖੱਬੇ ਹੱਥ ਦੀ ਉਂਗਲ ਮੇਰੇ ਹੱਥ ਵਿਚ ਦੇ ਕੇ ਨਾਲ ਲੈ ਤੁਰਦੀ । ਅੱਗੋਂ ਕੋਈ ਰੇੜ੍ਹੀ ਜਾਂ ਤਾਂਗਾ ਆਉਂਦਾ ਵੇਖ ਕੇ ਉਹ ਮੈਨੂੰ ਆਪਣੀ ਵੱਖੀ ਨਾਲ ਘੁੱਟ ਲੈਂਦੀ, ਤੇ ਓਨਾਂ ਚਿਰ ਨਾ ਛੱਡਦੀ, ਜਿੰਨਾ ਚਿਰ ਖ਼ਤਰਾ ਟਲ ਨਾ ਜਾਂਦਾ ।

ਸਕੂਲ ਦੇ ਬੂਹੇ ਅੱਗੇ ਛਾਬੜੀਆਂ ਵਾਲੇ ਸਾਡੇ ਜਾਣ ਤੋਂ ਪਹਿਲਾਂ ਹੀ ਸਜੇ ਹੁੰਦੇ । ਮੈਂ ਕੋਟ ਦੀ ਖੱਬੀ ਜੇਬ 'ਚੋਂ ਪੈਸੇ ਕਢ ਕੇ ਕਹਿੰਦਾ. "ਮੂੰਗਫਲੀ ।"

ਉਹ ਝੱਟ ਸਿਆਣੀ ਖਿਡਾਵੀ ਵਾਂਗ ਮੇਰੀ ਮੰਗ ਨੂੰ ਕੱਟਦੀ ਹੋਈ ਪੂਰੇ ਅਧਿਕਾਰ ਨਾਲ ਕਹਿੰਦੀ, "ਨਹੀਂ, ਖੰਘ ਲੱਗ ਜਾਏਗੀ । ਗਚਕ ਲੈ ਲੈ ।"

ਉਹਦਾ ਹੁਕਮ ਟਾਲਣ ਦੀ ਥਾਂ ਮੈਂ ਉਹਦੀ ਆਗਿਆ ਦਾ ਪਾਲਨ ਕਰਦਾ ਹੋਇਆ ਗਚਕ ਲੈ ਲੈਂਦਾ, ਪਰ ਮੇਰਾ ਮਨ ਫ਼ਿਰ ਵੀ ਮੂੰਗਫਲੀ ਵਿਚ ਹੀ ਉਲਝਿਆ ਰਹਿੰਦਾ । ਅਗਲੇ ਦਿਨ ਮੈਂ ਚੀਜ਼ੀ ਪਸੰਦ ਕਰਨ ਵਾਸਤੇ ਛਾਬੜੀਆਂ ਵੱਲ ਵੇਖਦਾ, ਤਾਂ ਆਪ ਚੋਣ ਕਰਨ ਦੀ ਥਾਂ ਮੈਨੂੰ ਉਹਦਾ ਪਿਛਲੇ ਦਿਨ ਦਾ ਹੁਕਮ ਚੇਤੇ ਆ ਜਾਂਦਾ । ਮੈਂ ਝੱਟ ਕਹਿ ਦੇਂਦਾ, "ਗਚਕ ।" ਅੱਗੋਂ ਰੁਹਬ ਭਰਿਆ ਉੱਤਰ ਮਿਲਦਾ,

"ਨਹੀਂ । ਗਚਕ 'ਤੇ ਗਰਦਾ ਪਿਆ ਹੋਇਆ ਏ । ਕੇਲਾ ਲੈ ਲੈ ।"

ਮੁਕਦੀ ਗੱਲ, ਜੇ ਮੈਂ ਕੇਲਾ ਮੰਗਦਾ, ਤਾਂ ਮੂੰਗਫਲੀ ਕਹਿੰਦਾ, ਤਾਂ ਰਿਉੜੀਆਂ, ਜੇ ਰਿਉੜੀਆਂ ਵੱਲ ਹੱਥ ਕਰਦਾ, ਤਾਂ ਬਿਸਕੁਟ, ਤੇ ਬਿਸਕੁਟ ਮੰਗਣ ਉਤੇ ਫੁੱਲੜੀਆਂ ਖ਼ਰੀਦਣ ਦਾ ਹੁਕਮ ਹੋ ਜਾਂਦਾ । ਬਿਨਾਂ ਉਜ਼ਰ ਮੈਂ ਉਹ ਹੁਕਮ ਮੰਨ ਲੈਂਦਾ । ਇਸ ਆਗਿਆ-ਪਾਲਣ ਵਿਚ ਉਹ ਦਿਲੀ ਖ਼ੁਸ਼ੀ ਮਹਿਸੂਸ ਕਰਦੀ, ਪਰ ਮੇਰੀਆਂ ਬਚਪਨ ਦੀਆਂ ਨਿੱਕੀਆਂ ਨਿੱਕੀਆਂ ਰੀਝਾਂ ਮਸੋਸ ਕੇ ਰਹਿ ਜਾਂਦੀਆਂ !!

ਇਕੋ ਮਹੱਲੇ ਵਿਚ ਸਿਰਫ਼ ਚਾਰ ਮਕਾਨਾਂ ਦੀ ਵਿੱਥ ਉਤੇ ਸਾਡੇ ਘਰ ਸਨ । ਸਾਡੀਆਂ ਮਾਂਵਾਂ ਪੱਕੀਆਂ ਸਹੇਲੀਆਂ ਸਨ, ਤੇ ਪਿਤਾ ਚੰਗੇ ਮਿੱਤਰ । ਏਸੇ ਵਾਸਤੇ ਦਿਨੋ ਦਿਨ ਵਧ ਰਹੇ ਸਾਡੇ ਬਾਲ-ਸਨੇਹ ਵਿਚ ਕੋਈ ਅੜਿੱਚਣ ਪੈਦਾ ਨਾ ਹੋਈ । ਸਗੋਂ ਕੋਈ ਵਾਰ ਅਸੀਂ ਮਾਂਵਾਂ ਨੂੰ ਸਾਡੇ ਰਿਸ਼ਤੇ ਬਾਰੇ ਗੱਲਾਂ ਕਰਦਿਆਂ ਸੁਣਦੇ । ਇਸ ਤਰ੍ਹਾਂ ਸਾਡੇ ਦਿਲ ਹੋਰ ਨੇੜੇ ਨੇੜੇ ਹੋਣ ਲਈ ਤਾਂਘਣ ਲੱਗ ਪਏ ।

ਇਕ ਦਿਨ ਅਸੀਂ ਦੋਵੇਂ ਫ਼ਰਸ਼ 'ਤੇ ਬੈਠੇ ਲਿਖ ਰਹੇ ਸਾਂ । ਸਾਡੀਆਂ ਮਾਂਵਾਂ ਲਾਗੇ ਪਲੰਘ 'ਤੇ ਬੈਠੀਆਂ ਹੱਸ ਹੱਸ ਗੱਲਾਂ ਕਰ ਰਹੀਆਂ ਸਨ । ਉਹਨਾਂ ਦੇ ਖਿੜਿਆਂ ਚਿਹਰਿਆਂ 'ਤੇ ਅਥਾਹ ਖ਼ੁਸ਼ੀ ਝਲਕ ਰਹੀ ਸੀ । ਸਾਡੇ ਕੰਨ ਵੀ ਉਹਨਾਂ ਵੱਲ ਲੱਗੇ ਹੋਏ ਸਨ । ਪ੍ਰਭਾ ਦੀ ਮਾਂ ਨੇ ਸੱਜਾ ਹੱਥ ਵਧਾ ਕੇ ਕਿਹਾ, "ਲੈ ਭੈਣ ! ਹੁਣ ਆਪਣੇ ਬਚਨ ਤੋੜ ਚੜ੍ਹੇ ਸਮਝ । ਰਾਤੀਂ ਮੈਂ ਪ੍ਰਭਾ ਦੇ ਬਾਬੂ ਜੀ ਨੂੰ ਪੁੱਛਿਆ ਸੀ । ਉਹਨਾਂ ਬੜੇ ਖ਼ੁਸ਼ ਹੋ ਕੇ ਕਿਹਾ, 'ਮੇਰੇ ਵੱਲੋਂ ਭਾਵੇਂ ਅੱਜੋ ਕਾਕੇ ਦੇ ਹੱਥ 'ਤੇ ਰੁਪੈ ਧਰ ਦਿਹੋ ।' ਲਉ, ਹੁਣ ਤਾਂ ਪ੍ਰਭਾ ਪੱਕੀ ਤਰ੍ਹਾਂ ਤੁਹਾਡੀ ਹੋ ਗਈ ।"

"ਮੈਂ ਤਾਂ—ਜਿੱਦਣ ਦਾ ਚੰਦ ਜੰਮਿਆਂ ਏਂ—ਓਦਣ ਦੀ ਕੁੜੀ ਮੱਲੀ ਹੋਈ ਏ । ਜੇ ਭਰੱਾ ਜੀ ਵਿਹਰਦੇ ਵੀ, ਤਾਂ ਮੈਂ ਵਿਹਰਨ ਦੇਂਦੀ ਸਾਂ ? ਚੰਗਾ ਹੋਇਆ, ਉਹ ਆਪਣੇ ਆਪ ਹੀ ਮੰਨ ਗਏ । ਸਾਨੂੰ ਬਹੁਤੀਆਂ ਮਿਨਤਾਂ ਨਹੀਂ ਕਰਨੀਆਂ ਪਈਆਂ ।" ਮੇਰੀ ਮਾਂ ਨੇ ਗੂੜ੍ਹੀ ਅਪਣੱਤ ਨਾਲ ਉੱਤਰ ਦਿਤਾ ।

ਗੱਲਾਂ ਤਾਂ ਉਹਨਾਂ ਹੋਰ ਵੀ ਬਥੇਰੀਆਂ ਕੀਤੀਆਂ, ਪਰ ਸਾਡੀ ਤਸੱਲੀ ਵਾਸਤੇ ਏਨੀਆਂ ਹੀ ਬਹੁਤ ਸਨ । ਸਾਨੂੰ ਜਿਵੇਂ ਚਾਵਾਂ ਦੇ ਖੰਭ ਲੱਗ ਗਏ । ਅਸੀਂ ਦੋਵੇਂ ਆਪਣੇ ਆਪ ਹਵਾ ਵਿਚ ਉਡਦੇ ਅਨਭਵ ਕਰਨ ਲੱਗੇ । ਅਗਲੀ ਅਸ਼ਟਮੀ ਦੇ ਸ਼ੁਭ ਦਿਨ ਮੇਰੇ ਹੱਥ 'ਤੇ ਰੁਪੈ ਧਰ ਕੇ ਸਮਾਜਕ ਰਸਮ ਪੂਰੀ ਕਰ ਦਿਤੀ ਗਈ, ਪਰ ਇਸ ਦਾ ਬਹੁਤਾ ਵਿਖਾਵਾ ਨਾ ਕੀਤਾ ਗਿਆ ਤੇ ਨਾ ਹੀ ਸਾਡੇ ਇਕੱਠ ਵਿਚ ਕੋਈ ਵਿਘਨ ਪਾਇਆ ਗਿਆ ।

ਹੁਣ ਪ੍ਰਭਾ ਪਹਿਲਾਂ ਨਾਲੋਂ ਵੀ ਮੇਰਾ ਵਧੇਰੇ ਧਿਆਨ ਰੱਖਣ ਲੱਗ ਪਈ ।

ਮੇਰੇ ਲੀੜੇ-ਕੱਪੜੇ, ਮੇਰੀਆਂ ਕਾਪੀਆਂ ਕਤਾਬਾਂ, ਮੇਰੇ ਬੂਟਾਂ ਦੇ ਤਸਮਿਆਂ ਤੋਂ ਲੈ ਕੇ ਸਿਰ ਦੀ ਚੀਰਨੀ ਤਕ ਸਭ ਕੁਝ ਪ੍ਰਭਾ ਦੀ ਸੁਚੱਜੀ ਨਿਗਰਾਨੀ ਵਿਚ ਹੁੰਦਾ। ਕੱਦ ਵਿਚ ਭਾਵੇਂ ਹੁਣ ਮੈਂ ਉਸ ਨਾਲੋਂ ਉਚੇਰਾ ਲਗਦਾ ਸਾਂ, ਪਰ ਉਹ ਉਮਰ ਤੇ ਪੜ੍ਹਾਈ ਵਿਚ ਮੇਰੇ ਨਾਲੋਂ ਅੱਗੇ ਸੀ। ਨਾਲੇ ਉਹਦੇ ਸਦਾ ਹੁਕਮ ਕਰਨ ਦੇ ਸੁਭਾਂ ਤੇ ਮੇਰੀ ਨਿਤ ਆਗਿਆ-ਪਾਲਣ ਦੀ ਆਦਤ ਦਾ ਸਦਕਾ, ਉਹਦੇ ਸਾਮ੍ਹਣੇ ਮੈਂ ਆਪਣੇ ਆਪ ਨੂੰ ਛੋਟਾ ਛੋਟਾ ਮਹਿਸੂਸ ਕਰਨ ਲੱਗ ਪਿਆ ਸਾਂ।

ਸਮਾਂ ਬੀਤਦਾ ਗਿਆ। ਮੈਂ ਪ੍ਰਭਾ ਦੇ ਸੁਚੱਜੇ ਹੱਥਾਂ ਵਿਚ ਉਸ ਤਰ੍ਹਾਂ ਦਾ ਬਣਦਾ ਗਿਆ, ਜਿਸ ਤਰ੍ਹਾਂ ਦਾ ਉਹ ਚਾਹੁੰਦੀ ਸੀ।

ਸਾਡੇ ਦੋਹਾਂ ਦੇ ਮਾਪੇ ਚੰਗੇ ਖਾਂਦੇ ਪੀਂਦੇ ਸਨ। ਪ੍ਰਭਾ ਦਾ ਪਿਤਾ ਕੱਪੜੇ ਦਾ ਕੰਮ ਕਰਦਾ ਸੀ। ਮੇਰਾ ਪਿਤਾ ਰੂੰ ਦਾ ਬਪਾਰੀ ਸੀ। ਸਮੇਂ ਦਾ ਗੇੜ; ਉਹਨਾਂ ਦਾ ਕੰਮ ਵਧਦਾ ਗਿਆ, ਤੇ ਸਾਨੂੰ ਘਾਟੇ ਉਤੇ ਘਾਟਾ ਪੈਂਦਾ ਗਿਆ। ਅਖ਼ੀਰ ਇਕ ਸੌਦੇ ਵਿਚੋਂ ਸਾਨੂੰ ਅਜੇਹਾ ਘਾਟਾ ਪਿਆ, ਕਿ ਘਰ ਦੀ ਸਾਰੀ ਛੱਲੀ ਪੂਣੀ ਵਿਕ ਗਈ। ਨਵੀਂ ਆਬਾਦੀ ਦੇ ਦੋਵੇਂ ਮਕਾਨ ਵੇਚ ਕੇ ਵੀ ਮੇਰੇ ਪਿਤਾ ਜੀ ਆਪਣੇ ਸ਼ਾਹੂਕਾਰਾਂ ਤੋਂ ਸੁਰਖ਼ਰੂ ਨਾ ਹੋ ਸੱਕੇ। ਅੰਤ ਤੰਗ ਆ ਕੇ ਉਹਨਾਂ ਆਤਮਘਾਤ ਕਰ ਲਿਆ। ਸਿਰਫ਼ ਦੋ ਕਮਰਿਆਂ ਵਾਲਾ ਇਕ ਪੁਰਾਣਾ ਮਕਾਨ ਸਾਡੇ ਕੋਲ ਸਿਰ ਲੁਕਾਉਣ ਜੋਗਾ ਬਾਕੀ ਰਹਿ ਗਿਆ। ਉਹ ਵੀ ਏਸ ਵਾਸਤੇ ਬਚ ਗਿਆ, ਕਿ ਉਹ ਮੇਰੀ ਮਾਂ ਦੇ ਨਾਂ ਸੀ। ਬਾਕੀ ਸਭ ਭਾਂਡੇ, ਮੰਜੇ ਤੇ ਬਿਸਤਰਿਆਂ ਤਕ ਲਹਿਣੇਦਾਰ ਚੁਕ ਕੇ ਲੈ ਗਏ।

ਮੈਂ ਓਦੋਂ ਨੌਂਵੀਂ ਜਮਾਤ 'ਚ ਪੜ੍ਹਦਾ ਸਾਂ। ਇਮਤਿਹਾਨ ਵਿਚ ਇਕ ਮਹੀਨਾ ਬਾਕੀ ਰਹਿੰਦਾ ਸੀ, ਜਦ ਇਹ ਘਟਨਾ ਵਾਪਰੀ। ਉਹ ਮਹੀਨਾ ਸਾਡਾ ਰੋਣ ਪਿਟਣ ਵਿਚ ਲੰਘ ਗਿਆ। ਪ੍ਰਭਾ ਦੇ ਮਾਂ ਪਿਓ ਨੇ ਸਾਡੀ ਮਦਦ ਕਰਨ ਦੀ ਥਾਂ, ਸਗੋਂ ਸਭ ਸਾਂਝਾਂ ਤੋੜ ਲਈਆਂ। ਫਿਰ ਪ੍ਰਭਾ ਤਾਂ ਦਸਵੀਂ ਪਾਸ ਕਰ ਕੇ ਕਾਲਜ ਵਿਚ ਦਾਖ਼ਲ ਹੋ ਗਈ ਤੇ ਮੈਂ ਇਕ ਦਰਜ਼ੀ ਕੋਲ ਸ਼ਾਗਿਰਦ ਬਿਠਾ ਦਿਤਾ ਗਿਆ। ਏਥੋਂ ਸਾਡੀ ਜ਼ਿੰਦਗੀ ਦੇ ਰਾਹ ਵਖਰੇ ਵਖਰੇ ਹੋ ਗਏ।

ਇਕ ਦਿਨ ਮੇਰੀ ਮਾਂ ਪ੍ਰਭਾ ਕੇ ਘਰ ਮਿਲਨ ਗਈ। ਉਹਨੇ ਅਪਣੱਤ ਦੇ ਮਾਣ ਉਤੇ ਪ੍ਰਭਾ ਨੂੰ ਬਾਂਹੀਂ 'ਚ ਲੈ ਕੇ ਉਹਦਾ ਸਿਰ ਚੁੰਮ ਲਿਆ। ਏਸ ਗੱਲੋਂ ਪ੍ਰਭਾ ਦੀ ਮਾਂ ਏਨੀ ਨਾਰਾਜ਼ ਹੋਈ, ਕਿ ਉਹਨੇ ਖੜੇ ਚੁਭਵੇਂ ਤਾਹਨੇ ਮਿਹਣੇ ਦੇ ਕੇ ਮੇਰੀ ਮਾਂ ਨੂੰ ਘਰੋਂ ਕਢਿਆ। ਪ੍ਰਭਾ ਦੇ ਪਿਉ ਨੇ ਵੀ ਬੜੀ ਰੁੱਖੀ ਸੁਰ ਵਿਚ ਕਿਹਾ, ਕਿ ਜਦ ਹਰ ਤਰਾਂ ਦਾ ਸੰਬੰਧ ਟੁੱਟ ਗਿਆ ਹੈ, ਤਾਂ ਹੁਣ ਅਜੇਹਾ ਮੇਲ ਮਿਲਾਪ

ਉਹਨਾਂ ਨੂੰ ਉੱਕਾ ਪਸੰਦ ਨਹੀਂ। ਇਸ ਨਿਰਾਦਰ ਦਾ ਮਾਂ ਦੇ ਦਿਲ 'ਤੇ ਏਨਾ ਅਸਰ ਹੋਇਆ, ਕਿ ਉਹ ਛੇ ਮਹੀਨੇ ਬੀਮਾਰ ਰਹਿ ਕੇ ਬਿਨਾਂ ਇਲਾਜ ਹੀ ਅਗਲੇ ਜਹਾਨ ਜਾ ਵੱਸੀ।

ਸਮਾਂ ਬੀਤਦਾ ਗਿਆ। ਪ੍ਰਭਾ ਕਾਲਜ ਵਿਚ ਪੜ੍ਹਦੀ ਰਹੀ ਤੇ ਮੈਂ ਆਪਣੇ ਕੰਮ ਵਿਚ ਤਕ ਹੁੰਦਾ ਗਿਆ।

ਮੈਂ ਬਾਜ਼ਾਰ ਵਿਚ ਇਕ ਕੱਪੜੇ ਦੀ ਦੁਕਾਨ ਦੇ ਫੱਟੇ 'ਤੇ ਬੈਠਿਆ ਕਰਦਾ ਸਾਂ। ਕਦੇ ਕਦਾਈਂ ਪ੍ਰਭਾ ਸਹੇਲੀਆਂ ਨਾਲ ਸਾਮ੍ਹਣਿਓਂ ਲੰਘਿਆ ਕਰਦੀ। ਮੈਂ ਲਲਚਾਈਆਂ ਨਜ਼ਰਾਂ ਨਾਲ ਉਹਦੇ ਪੈਰਾਂ ਵੱਲੇ ਵੇਖਦਾ ਰਹਿੰਦਾ। ਉਹਦੇ ਚਿਹਰੇ ਵੱਲ ਝਾਕਣ ਦਾ ਮੇਰਾ ਹੀਆ ਨਾ ਪੈਂਦਾ। ਜਿਸ ਦਿਨ ਉਹ ਇਕੱਲੀ ਹੁੰਦੀ, ਉਹ ਮੇਰੇ ਵੱਲੇ ਤਕ ਕੇ ਮਿੱਠੀ ਜੇਹੀ ਮੁਸਕਰਾਹਟ ਖਿਲਾਰਦੀ ਲੰਘਦੀ। ਉਹ ਸਾਰਾ ਦਿਨ ਮੇਰਾ ਜੀ ਠਾਂਵੇਂ ਨਾ ਰਹਿੰਦਾ। ਮੈਂ ਇਸ ਗੱਲ ਦਾ ਨਿਰਨਾ ਨਾ ਕਰ ਸਕਦਾ, ਕਿ ਉਹਦੀ ਉਸ ਮੁਸਕਰਾਹਟ ਵਿਚ ਮੁਹੱਬਤ ਦਾ ਝਲਕਾਰਾ ਹੁੰਦਾ, ਜ਼ਾਂ ਵਿਅੰਗ ਨਾਲ ਮੇਰੀ ਕਿਸਮਤ ਦਾ ਹਾਸਾ ਉਡਾਇਆ ਹੁੰਦਾ। ਉਹਦੀ ਇਕ ਤੱਕਣੀ ਨਾਲ ਮੇਰੇ ਕਈ ਕਈ ਦਿਨ ਬੇਚੈਨੀ ਵਿਚ ਗੁਜ਼ਰਦੇ।

ਮੈਂ ਉਹਦੇ ਸੁਪਨੇ ਵੇਖਦਾ, ਜਿੰਨ੍ਹਾਂ ਦੇ ਝਾਉਲੇ ਬੜੇ ਮਧਮ ਹੁੰਦੇ। ਮੈਂ ਸ਼ੇਖ਼ ਚਿੱਲੀ ਵਾਂਗ ਖ਼ਿਆਲਾਂ ਦੇ ਮਹਿਲ ਉਸਾਰਦਾ, ਜੋ ਸਦਾ ਅਧੂਰੇ ਰਹਿੰਦੇ। ਮੇਰੇ ਦਿਲ ਵਿਚ ਉਹਦੇ ਪਿਆਰ ਦੀਆਂ ਨਿੱਕੀਆਂ ਨਿੱਕੀਆਂ ਲਹਿਰਾਂ ਉੱਸਲ-ਵੱਟੇ ਲੈਂਦੀਆਂ ਰਹਿੰਦੀਆਂ। ਪਰ ਮੈਨੂੰ ਉਹਦੇ ਮਿਲਨ ਦੀ ਆਸ ਕਦੇ ਨਹੀਂ ਸੀ ਬੱਝੀ। ਉਹ ਮੇਰੇ ਵਾਸਤੇ ਅਪਹੁੰਚ ਸੀ। ਮੈਂ ਵੇਖ ਰਿਹਾ ਸਾਂ, ਉਹ ਦਿਨੋ ਦਿਨ ਹੋਰ ਉੱਚੀ, ਹੋਰ ਉੱਚੀ ਹੁੰਦੀ ਜਾ ਰਹੀ ਸੀ, ਜਦ ਕਿ ਮੈਂ ਪਹਿਲਾਂ ਨਾਲੋਂ ਵੀ ਆਪਣੇ ਆਪ ਨੂੰ ਨੀਂਵਾਂ ਨੀਂਵਾਂ ਮਹਿਸੂਸ ਕਰਨ ਲੱਗ ਪਿਆ ਸਾਂ। ਸਮਾਜਕ ਨਿਯਮ ਸਾਡੇ ਵਿਚਲੀ ਵਿੱਥ ਨੂੰ ਦਿਨੋ ਦਿਨ ਚੌੜੀ ਕੀਤੀ ਜਾ ਰਹੇ ਸਨ।

ਪ੍ਰਭਾ ਨੇ ਪਹਿਲੇ ਦਰਜੇ ਵਿਚ ਐਮ. ਏ. ਪਾਸ ਕਰ ਲਿਆ। ਸਫ਼ਾਰਸ਼ਾਂ, ਵਸੀਲੇ ਹੈ ਸਨ। ਉਹ ਸਥਾਨਕ ਕਾਲਜ ਵਿਚ ਪ੍ਰੋਫ਼ੈਸਰ ਲੱਗ ਗਈ। ਉਹਦੀ ਸ਼ੁਹਰਤ ਖ਼ੁਸ਼ਬੂ ਵਾਂਗ ਚੁਫੇਰੇ ਖਿਲਰਨ ਲੱਗੀ। ਉਹਦੀ ਸ਼ਾਨ ਚੜ੍ਹਦੇ ਸੂਰਜ ਵਾਂਗ ਚਮਕਣ ਲੱਗੀ। ਪਤਵੰਤੇ ਸਮਾਜ ਵਿਚ ਉਹਦਾ ਸਤਕਾਰ ਵਧਦਾ ਜਾ ਰਿਹਾ ਸੀ। ਉਸ ਵਿਚ ਮਾਣ ਪ੍ਰਾਪਤ ਕਰਨ ਦੇ ਗੁਣ ਸਨ। ਉਹਦੇ ਲਿਖੇ ਹੋਏ ਗੀਤ ਹਰ ਪੰਜਾਬੀ ਦੇ ਬੁੱਲ੍ਹਾਂ 'ਤੇ ਥਰਕਣ ਲੱਗੇ। ਉਹਦੀਆਂ ਕਵਿਤਾਵਾਂ ਤੇ ਕਹਾਣੀਆਂ ਨੇ ਸਾਹਿਤਕ ਜਗਤ ਵਿਚ ਥਲਕਾ ਮਚਾ ਦਿਤਾ। ਉਹਦੇ ਅਛੂਤੇ ਖ਼ਿਆਲਾਂ ਨੇ ਵੱਡੇ

ਵੱਡੇ ਵਿਦਵਾਨਾਂ ਨੂੰ ਹੈਰਾਨ ਕਰ ਦਿਤਾ। ਉਹਦੀ ਲਿਖਤ ਨੇ ਪੁਰਾਣੇ ਸਿਧਾਂਤੀਆਂ ਨੂੰ ਨਵੇਂ ਢੰਗ ਨਾਲ ਸੋਚਣ 'ਤੇ ਮਜਬੂਰ ਕਰ ਦਿਤਾ।

ਉਹ ਇਸਤਰੀ ਸੀ। ਉਹਦੀ ਕਲਮ ਇਸਤਰੀ-ਜਜ਼ਬਾਤ ਦੀ ਸਹੀ ਵਿਆਖਿਆ ਕਰਦੀ ਸੀ। ਉਹਦੀਆਂ ਰਗਾਂ ਵਿਚ ਸੱਜਰਾ ਲਹੂ ਸੀ। ਉਹਦੇ ਨਰੋਏ ਖ਼ਿਆਲਾਂ ਨੂੰ ਅਪਣੱਤ ਕੇ ਦੱਬੀ ਘੁੱਟੀ ਲੋਕ-ਜਵਾਨੀ ਅੰਗੜਾਈਆਂ ਲੈਣ ਲੱਗ ਪੈਂਦੀ ਸੀ। ਉਹਦਾ ਇਕ ਇਕ ਸ਼ਿਅਰ ਮੁਰਝਾਈਆਂ ਰੀਝਾਂ ਤੇ ਨਪੀੜੇ ਹੋਏ ਅਹਿਸਾਸਾਂ ਨੂੰ ਟੁੰਬਦਾ ਸੀ। ਉਹ ਆਪ ਅਮੀਰ ਸੀ, ਪਰ ਉਹਦੀ ਲਿਖਤ ਕਾਮਿਆਂ ਵਾਸਤੇ ਸੀ। ਉਹਦੇ ਚਿਹਰੇ 'ਤੇ ਮੁਸਕਰਾਹਟ ਸੀ, ਪਰ ਦਿਲ ਵਿਚ ਗ਼ਰੀਬਾਂ ਵਾਸਤੇ ਅਸਹਿ ਪੀੜ। ਉਹ ਮੁਟਿਆਰ ਸੀ, ਪਰ ਉਹਦੀ ਲਿਖਤ ਦੇ ਸ਼ਬਦ ਬੱਚਿਆਂ ਵਰਗੇ ਕੋਮਲ ਤੇ ਖ਼ਿਆਲ ਹੰਢਿਆਂ ਹੋਇਆਂ ਫ਼ਿਲਾਸਫ਼ਰਾਂ ਵਰਗੇ ਪੱਕੇ ਸਨ।

ਇਸ ਵੇਲੇ ਉਹਦੀ ਵਡਿਆਈ ਅਰਸ਼ਾਂ ਨੂੰ ਛੂਹ ਰਹੀ ਸੀ। ਕੋਈ ਮਾਸਕ-ਪੱਤਰ ਉਹਦੀ ਲਿਖਤ ਬਿਨਾਂ ਸਫਲ ਨਹੀਂ ਸੀ ਮੰਨਿਆਂ ਜਾਂਦਾ। ਕੋਈ ਸਟੇਜ ਉਹਦੀ ਚਰਨ-ਛੁਹ ਬਿਨਾਂ ਕਾਮਯਾਬ ਨਹੀਂ ਸੀ ਹੁੰਦਾ। ਉੱਚੇ-ਸਮਾਜ ਦੀਆਂ ਨਾਮਵਰ ਹਸਤੀਆਂ ਉਹਨੂੰ ਅੱਗੋਂ ਉਠ ਕੇ 'ਜੀ ਆਇਆਂ' ਕਹਿਣ ਵਿਚ ਵਡਿਆਈ ਸਮਝਦੀਆਂ ਸਨ।

ਪਰ ਅਜੇ ਪ੍ਰਭਾ ਨੇ ਵਿਆਹ ਨਹੀਂ ਸੀ ਕਰਵਾਇਆ। ਵਿਆਹ ਮੇਰਾ ਵੀ ਨਹੀਂ ਸੀ ਹੋਇਆ। ਮੈਂ ਇਸ ਵਾਸਤੇ ਕੁਆਰਾ ਬੈਠਾ ਸਾਂ, ਕਿ ਮੈਨੂੰ ਰਿਸ਼ਤਾ ਮਿਲਦਾ ਕੋਈ ਨਹੀਂ ਸੀ। ਤੇ ਉਹ ਇਸ ਵਾਸਤੇ, ਕਿ—ਉਹਦੇ ਕਹਿਣ ਮੁਤਾਬਕ—ਉਹਨੂੰ ਅਜੇ ਵਿਆਹ ਬਾਰੇ ਸੋਚਣ ਦੀ ਫ਼ੁਰਸਤ ਹੀ ਨਹੀਂ ਸੀ ਮਿਲੀ। ਇਹ ਸੰਜੋਗ ਦੀ ਗੱਲ ਸੀ, ਕਿ ਅਜੇ ਅਸੀਂ ਦੋਵੇਂ ਕੁਆਰੇ ਸਾਂ। ਪਰ ਮੈਂ ਸੋਚਿਆ ਕਰਦਾ, ਕਿ ਜੇ ਸਾਡੇ ਹਾਲਾਤ ਨਾ ਬਦਲਦੇ, ਜੇ ਕਿਸਮਤ ਹਾਰ ਨਾ ਦੇਂਦੀ, ਤਾਂ ਕੀ ਅਸੀਂ ਦੋਵੇਂ ਹੁਣ ਤਕ ਅਣ-ਵਿਆਹੇ ਹੀ ਹੁੰਦੇ ? ਓਸੇ ਵੇਲੇ ਬਚਪਨ ਅੱਖਾਂ ਸਾਮ੍ਹਣੇ ਆ ਜਾਂਦਾ, ਤੇ ਮਾਂਵਾਂ ਦੀਆਂ ਸ਼ੁਭ ਭਾਵਨਾਂ ਵਾਲੀਆਂ ਗੱਲਾਂ ਕੰਨਾਂ ਵਿਚ ਗੂੰਜਣ ਲੱਗ ਪੈਂਦੀਆਂ।

ਮੈਂ ਆਪਣੇ ਦਰਜ਼ੀ ਦੇ ਕੰਮ ਵਿਚ ਕਮਾਲ ਹਾਸਲ ਕਰ ਲਿਆ ਸੀ, ਪਰ ਮੇਰੀਆਂ ਬਾਕੀ ਸਭ ਜੀਵਨ-ਧਾਰਾ ਰੁਕ ਗਈਆਂ ਸਨ। ਮੇਰੀਆਂ ਰੀਝਾਂ ਵਧਣ ਫੁੱਲਣ ਦੀ ਥਾਂ ਸੁਕੜ-ਸਿਮਿਟ ਕੇ ਇਕ ਪ੍ਰਭਾ ਤਕ ਆ ਕੇ ਮੁੱਕ ਗਈਆਂ ਸਨ। ਮੈਂ ਉਸਨੂੰ ਪਿਆਰ ਕਰਦਾ ਸਾਂ, ਪਰ ਉਹ ਮੇਰੀ ਪਹੁੰਚ ਤੋਂ ਬਹੁਤ, ਬਹੁਤ ਦੂਰ ਸੀ। ਉਹਦੇ ਮੂੰਹੋਂ ਸਟੇਜ 'ਤੇ ਸੁਣੀ ਹੋਈ ਕੋਈ ਕਵਿਤਾ ਜਾਂ ਕਿਸੇ ਰਸਾਲੇ ਵਿਚ ਪੜ੍ਹੀ

ਹੋਈ ਕੋਈ ਕਹਾਣੀ ਹੀ ਮੇਰੇ ਮਨ ਦਾ ਸਹਾਰਾ ਹੁੰਦੀ ।

ਪ੍ਰਭਾ ਨੂੰ ਪ੍ਰੋਫ਼ੈਸਰ ਲਗਿਆਂ ਤਿੰਨ ਵਰ੍ਹੇ ਹੋ ਗਏ । ਚੰਗੇ ਚੰਗੇ ਘਰਾਣੇ ਉਹਦੇ ਰਿਸ਼ਤੇ ਵਾਸਤੇ ਤਰਲੇ ਲੈ ਥੱਕੇ, ਪਰ ਉਹਦੀਆਂ ਨਜ਼ਰਾਂ ਵਿਚ ਕੋਈ ਵੀ ਨਾ ਜਚਿਆ । ਮਾਪੇ ਵੀ ਆਖ ਆਖ ਕੇ ਹਾਰ ਗਏ । ਅੰਤ ਸਭ ਨੇ ਉਹਦੀ ਮਰਜ਼ੀ ਅੱਗੇ ਸਿਰ ਝੁਕਾ ਦਿਤਾ ।

ਪ੍ਰਭਾ ਦੀ ਤਬਦੀਲੀ ਹੋ ਗਈ, ਜਾਂ ਉਹਨੇ ਆਪ ਕਰਵਾ ਲਈ, ਇਸ ਬਾਰੇ ਕੁਛ ਨਹੀਂ ਕਿਹਾ ਜਾ ਸਕਦਾ । ਉਹ ਦੂੱਜੇ ਸ਼ਹਿਰ ਦੇ ਕਾਲਜ ਵਿਚ ਚਲੀ ਗਈ । ਇਸ ਘਟਨਾ ਦਾ ਮੇਰੇ ਦਿਲ ਤੇ ਬੜਾ ਅਸਰ ਹੋਇਆ । ਮੈਨੂੰ ਅੰਦਰ ਬਾਹਰ ਸਭ ਸੁੰਞ ਹੀ ਸੁੰਞ ਭਾਸਣ ਲੱਗੀ । ਕੰਮ ਉਤੇ ਮੇਰਾ ਜੀ ਨਾ ਲਗਦਾ । ਸਾਰੀ ਸਾਰੀ ਰਾਤ ਮੇਰੀ ਜਾਗਦਿਆਂ ਲੰਘ ਜਾਂਦੀ । ਮੈਂ ਬੜੀ ਹੈਰਾਨੀ ਨਾਲ ਸੋਚਦਾ, 'ਮੈਨੂੰ ਕੀ ਹੋ ਗਿਆ ਏ ? ਉਹ ਮੇਰੀ ਕੀ ਲਗਦੀ ਏ ? ਉਹਦੇ ਨਾਲ ਜ਼ਬਾਨ ਸਾਂਝੀ ਕਰਨ ਦਾ ਵੀ ਮੈਨੂੰ ਹੱਕ ਹਾਸਲ ਨਹੀਂ । ਉਹਦੇ ਚਿਹਰੇ ਵੱਲ ਨਿਗ੍ਹਾ ਭਰ ਕੇ ਤਕਣ ਦੀ ਮੇਰੀ ਹਿੰਮਤ ਨਹੀਂ । ਫਿਰ ਉਹਦੇ ਖੁਣੋਂ ਮੇਰਾ ਜੀ ਕਿਉਂ ਓਦਰ ਰਿਹਾ ਏ ? ਸਿਰਫ਼ ਏਨਾ ਈ ਹੈ ਨਾਂ, ਕਿ ਅੱਗੇ ਉਹ ਇਸ ਸ਼ਹਿਰ ਵਿਚ ਸੀ, ਹੁਣ ਦੂਸਰੇ ਵਿਚ ਚਲੀ ਗਈ । ਪਰ ਮੈਂ ਇਕੇ ਸ਼ਹਿਰ ਵਿਚ ਰਹਿੰਦਿਆਂ ਵੀ ਉਸ ਤੋਂ ਏਨਾ ਹੀ ਦੂਰ ਸਾਂ, ਜਿੰਨਾ ਅੱਜ । ਫਿਰ ਇਹ ਹਾਲਤ ਕਿਉਂ ?'

ਮੈਂ ਇਸ ਬਾਰੇ ਬਹੁਤ ਸੋਚਦਾ, ਪਰ ਕਿਸੇ ਸਿੱਟੇ 'ਤੇ ਨਾ ਪਹੁੰਚ ਸਕਦਾ । ਅਚਨਚੇਤ ਇਕ ਦਿਨ ਮੇਰੇ ਨਾਂ ਚਿੱਠੀ ਆ ਗਈ । ਮੇਰੇ ਵਾਸਤੇ ਇਹ ਵੀ ਇਕ ਅਚੰਭਾ ਗੱਲ ਸੀ । ਮੈਨੂੰ ਕਿਸੇ ਦੀ ਚਿੱਠੀ ਦੀ ਉਡੀਕ ਨਹੀਂ ਸੀ । ਨਾ ਹੀ ਮੈਂ ਕਿਸੇ ਨੂੰ ਚਿੱਠੀ ਪਾਇਆ ਕਰਦਾ ਸਾਂ । ਲਫ਼ਾਫ਼ਾ ਖੁਹਲਿਆ । ਪੜ੍ਹ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ । ਕੁਛ ਚਿਰ ਵਾਸਤੇ ਮੇਰਾ ਦਮਾਗ਼ ਚਕਰਾ ਗਿਆ । ਇਹ ਚਿੱਠੀ ਪ੍ਰਭਾ ਦੀ ਸੀ । ਦੋ ਸਤਰਾਂ ਸਨ, ਸਿਰਫ਼ ਦੋਵੇਂ ਪਾਲਾਂ । ਉਹਨਾਂ ਨੂੰ ਮੈਂ ਕਈ ਵਾਰ, ਤੇ ਹਰ ਵਾਰ ਬੜੇ ਧਿਆਨ ਨਾਲ ਪੜ੍ਹਿਆ । ਲਿਖਿਆ ਸੀ, "ਇਸ ਐਤਵਾਰ ਦਿਨੇ ਦੋ ਵਜੇ ਮੈਨੂੰ ਜ਼ਰੂਰ ਮਿਲੋ ।" ਹੇਠਾਂ ਕੋਠੀ ਦਾ ਨੰਬਰ ਆਦਿ ਪੂਰਾ ਪਤਾ ਲਿਖਿਆ ਹੋਇਆ ਸੀ ।

ਬਾਕੀ ਦੀਆਂ ਤਿੰਨ ਰਾਤਾਂ ਮੈਨੂੰ ਨੀਂਦ ਨਹੀਂ ਆਈ । ਮੇਰੀਆਂ ਜਾਗਦੀਆਂ ਅੱਖਾਂ ਵਿਚ ਪ੍ਰਭਾ ਦੇ ਸੁਪਨੇ ਨਚਦੇ ਰਹਿੰਦੇ ਸਨ । ਐਤਵਾਰ ਸਵੇਰ ਤੋਂ ਹੀ ਮੈਂ ਉਹਦੇ ਮਿਲਨ ਦੀ ਤਿਆਰੀ ਵਿਚ ਰੁੱਝ ਗਿਆ । ਪਿਤਾ ਦੇ ਮਰਨ ਪਿੱਛੋਂ ਪਹਿਲੀ ਵਾਰ ਮੈਂ ਆਪਣੇ ਆਪ ਨੂੰ ਪੂਰੀ ਰੀਝ ਨਾਲ ਸਜਾਇਆ ਸੀ । ਮੇਰੇ ਅਚੇਤ ਮਨ

ਵਿਚ ਸੱਧਰ ਸੀ, ਕਿ ਮੈਂ ਕਿਸੇ ਨੂੰ ਚੰਗਾ ਲੱਗਾਂ। ਮੇਰੇ ਅੰਦਰ ਜਵਾਨੀ ਅੰਗੜਾਈਆਂ ਲੈ ਰਹੀ ਸੀ। ਅੱਜ ਮੈਨੂੰ ਸਾਰੀ ਦੁਨੀਆਂ ਪਿਆਰ ਦੀ ਮਸਤੀ ਵਿਚ ਝੂਮਦੀ ਮਹਿਸੂਸ ਹੋ ਰਹੀ ਸੀ।

ਪੂਰੇ ਦੋ ਵਜੇ ਮੈਂ ਦੱਸੇ ਹੋਏ ਟਿਕਾਣੇ 'ਤੇ ਪਹੁੰਚ ਗਿਆ। ਛੋਟੀ ਜੇਹੀ ਸ਼ਾਨਦਾਰ ਕੋਠੀ ਸੀ। ਫਾਟਕ ਅੱਗੇ ਜਾ ਕੇ ਮੈਂ ਸੰਗਦਿਆਂ ਝਿਜਕਦਿਆਂ ਅੰਦਰ ਝਾਤੀ ਮਾਰੀ। ਨਿੱਕੇ ਜੇਹੇ ਫੁੱਲਾਂ ਭਰ ਵਿਹੜੇ ਵਿਚ ਕੋਈ ਨੌਕਰ ਚਾਕਰ ਨਜ਼ਰੀਂ ਨਾ ਪਿਆ। ਬੂਹਿਓਂ ਅੰਦਰ ਪੈਰ ਧਰਦਿਆਂ ਮੇਰਾ ਦਿਲ ਧੜਕਣ ਲਗ ਪਿਆ। ਕੋਠੀ ਦੇ ਬਰਾਂਡੇ ਕੋਲ ਜਾ ਕੇ ਮੈਂ ਫਿਰ ਅੜਕ ਗਿਆ। ਮੈਂ ਘਬਰਾਇਆ ਹੋਇਆ ਚੁਫੇਰੇ ਵੇਖ ਰਿਹਾ ਸਾਂ, ਕਿ ਕਿਸਨੂੰ, ਤੇ ਕਿਵੇਂ ਵਾਜ ਮਾਰਾਂ?

'ਖਲੋ ਕਿਉਂ ਗਏ? ਆ ਜਾਓ ਅੰਦਰ।'' ਪਰਦੇ ਪਿੱਛੋਂ ਮਿੱਠੀ ਜੇਹੀ ਵਾਜ ਆਈ, ਤੇ ਨਾਲ ਹੀ ਚਿਕ ਪਾਸੇ ਕਰਕੇ ਪ੍ਰਭਾ ਸਾਮ੍ਹਣੇ ਆ ਗਈ।

ਉਹਦਾ ਰੂਪ ਤੇ ਬਨਾਉ-ਸ਼ੰਗਾਰ ਵੇਖ ਕੇ ਮੇਰੀਆਂ ਅੱਖਾਂ ਚੁੰਧਿਆ ਗਈਆਂ। ਉਹਦੇ ਨਿੱਖਰੇ ਹੋਏ ਜੋਬਨ ਉਤੇ ਚੜ੍ਹਦੇ ਸੂਰਜ ਵਰਗੀ ਲਾਲੀ ਤੇ ਸੱਜਰੀ ਸਵੇਰ ਦੀਆਂ ਚਟਕਦੀਆਂ ਕਲੀਆਂ ਵਰਗੀ ਮੁਸਕਰਾਹਟ ਸਾਮ੍ਹਣੇ ਮੱਲੋ ਮੱਲੀ ਮੇਰੀਆਂ ਨਜ਼ਰਾਂ ਝੁਕ ਗਈਆਂ। ਮੈਂ ਕੰਬਦੇ ਕਦਮਾਂ ਨਾਲ ਕਮਰੇ ਅੰਦਰ ਦਾਖ਼ਲ ਹੋਇਆ। ਪ੍ਰਭਾ ਦਾ ਇਸ਼ਾਰਾ ਪਾ ਕੇ ਮੈਂ ਇਕ ਕੁਰਸੀ ਉਤੇ ਬਹਿ ਗਿਆ। ਮੇਰੀ ਮੁਸ਼ਕਲ ਦੀ ਹੱਦ ਨਾ ਰਹੀ, ਜਾਂ ਕੇਵਲ ਤਿੰਨ ਫੁਟ ਦੀ ਵਿੱਥ ਉਤੇ ਉਹ ਮੇਰੇ ਸਾਮ੍ਹਣੇ ਕੁਰਸੀ ਉਤੇ ਸਜ ਗਈ। ਉਹਦੀ ਨਿਗ੍ਹਾ ਇਕ-ਟਕ ਮੇਰੇ ਉਤੇ ਟਿਕੀ ਹੋਈ ਸੀ। ਰਹਿ ਰਹਿ ਕੇ ਮੇਰੇ ਦਿਲ ਵਿਚ ਰੀਝਾਂ ਉਠਦੀਆਂ, ਕਿ ਜੇ ਉਹ ਮੇਰੇ ਸਾਮ੍ਹਣੇ ਹੋਣ ਦੀ ਥਾਂ ਜ਼ਰਾ ਇਕ ਪਾਸੇ ਬੈਠੀ ਹੁੰਦੀ, ਜਾਂ ਉਹਦੀ ਨਿਗ੍ਹਾ ਮੇਰੀ ਥਾਂ ਕੰਧ ਨਾਲ ਟੰਗੀ ਤਸਵੀਰ ਉਤੇ ਟਿਕੀ ਹੁੰਦੀ, ਤਾਂ ਮੈਂ ਚੋਰ-ਨਜ਼ਰ ਨਾਲ ਉਹਨੂੰ ਰੱਜ ਕੇ ਵੇਖ ਲੈਂਦਾ।

ਬੜੀ ਮੁਸ਼ਕਲ ਨਾਲ ਮੈਂ ਆਪਣੇ ਆਪ 'ਤੇ ਕਾਬੂ ਪਾਇਆ। ਮੈਂ ਸੁਣ ਰਿਹਾ ਸਾਂ, ਕਿ ਪ੍ਰਭਾ ਬੜੇ ਪਿਆਰ ਨਾਲ ਮੇਰੇ ਉਤੇ ਨਿੱਕੇ ਨਿੱਕੇ ਸਵਾਲ ਕਰ ਰਹੀ ਸੀ। ਉਹ ਪੁੱਛ ਰਹੀ ਸੀ: ਮੇਰੇ ਵਿਆਹ ਬਾਰੇ; ਮੇਰੇ ਕਾਰੋਬਾਰ ਬਾਰੇ, ਮੇਰੀ ਮਾਲੀ ਹਾਲਤ ਬਾਰੇ, ਮੇਰੀ ਸਮਾਜਕ ਪਦਵੀ ਬਾਰੇ, ਮੇਰੀਆਂ ਦਿਲੀ ਰੀਝਾਂ ਬਾਰੇ, ਮੇਰੇ ਮਾਨਸਕ ਝੁਕਾਓ ਬਾਰੇ, ਮੇਰੇ ਭਵਿੱਖ ਬਾਰੇ, ਤੇ...ਤੇ...।

ਤੇ ਅੱਗੋਂ ਮੇਰੇ ਉੱਤਰ ਉਸ ਤੋਂ ਵੀ ਛੋਟੇ ਸਨ, ਜੋ 'ਹਾਂ ਜੀ', ਜਾਂ 'ਨਹੀਂ ਜੀ' ਤਕ ਮੁੱਕ ਜਾਂਦੇ ਸਨ।

ਚੋਖਾ ਚਿਰ ਉਹ ਗੱਲਾਂ ਕਰਦੀ ਰਹੀ। ਮੈਨੂੰ ਸਿਰਫ਼ ਏਨਾ ਹੀ ਯਾਦ ਹੈ, ਕਿ ਉਹ ਬਹੁਤ ਮਿੱਠੀਆਂ ਤੇ ਪਿਆਰੀਆਂ ਗੱਲਾਂ ਸਨ।

ਉਹ ਬੋਲਦੀ ਬੋਲਦੀ ਇਕੋ ਵਾਰ ਚੁੱਪ ਹੋ ਗਈ। ਸ਼ਾਇਦ ਉਹਦੀ ਆਤਮਾ ਮੇਰੀ ਤਕਣੀ ਨੂੰ ਸਹਿਕ ਰਹੀ ਸੀ। ਉਹਨੇ ਸੱਜੇ ਹੱਥ ਨਾਲ ਮੇਰੀ ਠੋਡੀ ਨੂੰ ਥੋੜਾ ਜੇਹਾ ਉਤਾਂਹ ਚੁੱਕ ਕੇ ਕਿਹਾ, "ਚੰਦ ਜੀ! ਮੇਰੀਆਂ ਅੱਖਾਂ ਵਿਚ ਤੱਕੋ ਖਾਂ! ਵੇਖੋ, ਮੈਂ ਤੁਹਾਡੀ ਓਹਾ ਪ੍ਰਭਾ ਹਾਂ।"

ਸਾਰੀ ਹਿੰਮਤ ਨਾਲ ਮੈਂ ਉਹਦੇ ਚਿਹਰੇ ਵੱਲ ਤੱਕਿਆ। ਉਹਦੀਆਂ ਅੱਖਾਂ ਵਿਚ ਪਵਿੱਤਰ ਪ੍ਰੇਮ ਝਲਕ ਰਿਹਾ ਸੀ। ਠੀਕ ਹੀ ਉਹ ਓਹਾ ਪ੍ਰਭਾ ਸੀ। ਮੇਰੀ ਪ੍ਰਭਾ। ਪਰ ਹੁਣ ਉਹ ਅੱਗੇ ਨਾਲੋਂ ਵੀ ਮੈਥੋਂ ਉਚੇਰੀ ਸੀ, ਉੱਚੀ, ਬਹੁਤ ਉੱਚੀ ਹਰ ਪਹਿਲੂ ਤੋਂ ਉੱਚੀ। ਵਿਦਿਆ ਕਰਕੇ, ਗੁਣਾਂ ਕਰਕੇ, ਪਦਵੀ ਕਰਕੇ, ਸਮਾਜਕ ਪੱਧਰ ਵੱਲੋਂ, ਉਹ ਇਕ ਮਾਨਯੋਗ ਵਿਅਕਤੀ ਸੀ। ਬਹੁਤਾ ਚਿਰ ਮੈਂ ਉਹਦੇ ਚਿਹਰੇ ਵੱਲ ਤਕ ਨਾ ਸਕਿਆ। ਮੈਂ ਉਹਦੇ ਚਰਨਾਂ ਉਤੇ ਝੁਕਣ ਵਾਸਤੇ ਉਲਰ ਪਿਆ।

"ਇਹ ਕੀ ਕਰਨ ਲੱਗੇ ਓ ?" ਉਹਨੇ ਮੈਨੂੰ ਦੋਹਾਂ ਡੋਲਿਆਂ ਤੋਂ ਫੜ ਕ ਝੁਕਣੋਂ ਰੋਕਦਿਆਂ ਕਿਹਾ। "ਮੇਰੇ ਚੰਦ ਜੀ! ਮੇਰੀ ਛਾਤੀ ਵਿਚ ਭਾਰਤੀ ਇਸਤਰੀ ਦਾ ਦਿਲ ਏ। ਮੈਂ ਇਹ ਕਦੇ ਵੀ ਨਹੀਂ ਭੁੱਲੀ, ਕਿ ਇਕ ਦਿਨ ਮਾਪਿਆਂ ਨੇ ਮੈਨੂੰ ਤੁਹਾਡੇ ਲੜ ਲਾਉਣ ਦਾ ਪ੍ਰਣ ਕੀਤਾ ਸੀ। ਨਿਰੀ ਮਾਪਿਆਂ ਦੀ ਹੀ ਗੱਲ ਨਹੀਂ, ਮੇਰੀ ਆਤਮਾ ਨੇ ਵੀ ਤੁਹਾਨੂੰ ਆਪਣਾ ਮੰਨ ਲਿਆ ਸੀ। ਹੁਣ ਤਕ ਮੈਂ ਸਮੇਂ ਦੀ ਉਡੀਕ ਕਰਦੀ ਰਹੀ ਹਾਂ। ਨਾਲ ਹੀ ਸਮਾਜ ਦਾ ਟਾਕਰਾ ਕਰਨ ਲਈ ਸ਼ਕਤੀ ਕੱਠੀ ਕਰਦੀ ਰਹੀ ਹਾਂ। ਅੱਜ ਸਮਾਜ ਮੇਰੇ ਰਾਹ ਵਿਚ ਰੁਕਾਵਟ ਨਹੀਂ ਬਣ ਸਕਦਾ। ਮੇਰੇ ਵਿਚ ਸਮਾਜ ਦਾ ਮੂੰਹ ਬੰਦ ਕਰਨ ਦੀ ਤਾਕਤ ਹੈ। ਸਿਰਫ਼ ਥੋੜੇ ਦਿਨਾਂ ਦਾ ਉਹਲਾ ਹੈ, ਫਿਰ ਅਸੀਂ...। ਪਰ ਤੁਹਾਨੂੰ ਮੇਰੀ ਮਰਜ਼ੀ ਅਨਸਾਰ ਚੱਲਣਾ ਪਵੇਗਾ। ਠੀਕ ਏ ਨਾਂ ?"

"ਜੀ।" ਕੇਵਲ ਇਕੋ ਅੱਖਰ ਮੇਰੇ ਮੂੰਹੋਂ ਨਿਕਲਿਆ ਤੇ ਉਹ ਵੀ ਮੇਰੇ ਵਾਂਗ ਸ਼ਰਮਾਇਆ ਹੋਇਆ ਸੀ।

ਹਸਦੀ ਹਸਦੀ ਪ੍ਰਭਾ ਉਠ ਕੇ ਦੂੱਜੇ ਅੰਦਰ ਚਲੀ ਗਈ। ਫਿਰ ਮੈਂ ਪੂਰੀ ਦਲੇਰੀ ਨਾਲ ਉਸ ਕਮਰੇ ਵਿਚ ਚਾਰ ਚੁਫੇਰੇ ਤਕਿਆ। ਉਸਦੀ ਇਕ ਇਕ ਚੀਜ਼ ਵਿਚੋਂ ਮੈਨੂੰ ਪਵਿੱਤਰ ਪ੍ਰੇਮ ਦੀ ਮਹਿਕ ਆ ਰਹੀ ਸੀ। ਮੇਰਾ ਦਿਲ ਇਸ ਅਨਹੋਣੀ ਜਿੱਤ ਦੀ ਖੁਸ਼ੀ ਵਿਚ ਉਛਲ ਰਿਹਾ ਸੀ। ਮੈਨੂੰ ਉਹ ਕੁਛ ਮਿਲ ਗਿਆ ਸੀ, ਜਿਸ ਦੀ

ਕਦੇ ਸੁਪਨੇ ਵਿਚ ਵੀ ਆਸ ਨਹੀਂ ਸੀ ।

"ਮੈਂ ਅੱਜ ਜਾਣ ਬੁਝ ਕੇ ਨੌਕਰ ਨੂੰ ਬਾਹਰ ਭੇਜ ਦਿਤਾ ਸੀ । ਮੈਨੂੰ ਪੂਰਾ ਵਿਸ਼ਵਾਸ ਸੀ, ਕਿ ਤੁਸੀਂ ਆਉਗੇ ।" ਪ੍ਰਭਾ ਨੇ ਓਸੇ ਬੂਹਿਓਂ ਅੰਦਰ ਦਾਖ਼ਲ ਹੁੰਦਿਆਂ ਕਿਹਾ ।

ਉਸਨੇ ਚਾਹ ਤੇ ਖਾਣ ਪੀਣ ਦੀ ਸਮੱਗਰੀ ਮੇਜ਼ 'ਤੇ ਲਿਆ ਰੱਖੀ । ਅਸੀਂ ਦੋਵੇਂ ਚਾਹ ਪੀਣ ਲੱਗ ਪਏ । ਹੌਲੀ ਹੌਲੀ ਮੇਰੀ ਝਿਜਕ ਦੂਰ ਹੋ ਰਹੀ ਸੀ । ਮੈਂ ਵਿਚੋਂ ਵਾਰੋਂ ਉਹਦੇ ਵੱਲੇ ਵੇਖ ਕੇ ਮੁਸਕਰਾ ਪੈਂਦਾ । ਉਹਦੇ ਗੋਰੇ ਨਛੋਹ ਚਿਹਰੇ 'ਤੇ ਅਣ-ਮਿਣੀ ਖ਼ੁਸ਼ੀ ਦੀ ਲਾਲੀ ਝਲਕ ਰਹੀ ਸੀ ।

ਮੇਰੇ ਤੁਰਨ ਦਾ ਵੇਲਾ ਹੋ ਗਿਆ । ਪ੍ਰਭਾ ਨੇ ਸੌ ਸੌ ਦੇ ਪੰਜ ਨੋਟ ਮੇਰੀ ਜੇਬ ਵਿਚ ਪਾਉਂਦਿਆਂ ਹਦਾਇਤਾਂ ਸ਼ੁਰੂ ਕਰ ਦਿਤੀਆਂ, "ਅਗਲੇ ਐਤਵਾਰ ਤੁਹਾਡਾ ਘਰ ਵੇਖਣ ਆਵਾਂਗੀ । ਨਾਲ ਮੇਰੀਆਂ ਇਕ-ਦੋ ਸਹੇਲੀਆਂ ਵੀ ਹੋਣਗੀਆਂ । ਤੁਸਾਂ ਘਰ ਨੂੰ ਚੰਗੀ ਤਰ੍ਹਾਂ ਸਜਾ ਛੱਡਣਾ । ਮੇਜ਼, ਕੁਰਸੀਆਂ, ਰੈਡੀਓ, ਸ਼ੀਸ਼ੇ, ਤਸਵੀਰਾਂ, ਪਰਦੇ, ਸਭ ਕੁਝ ਸਮੇਂ ਦੇ ਰਵਾਜ ਮੁਤਾਬਕ ਹੋਵੇ । ਵੇਖਣਾ, ਕਿਤੇ ਸਲਾਈ ਮਸ਼ੀਨ,ਕੈਂਚੀਆਂ, ਫ਼ੀਤੇ. ਏਹੋ ਜਿਹਾ ਲਟਰ ਪਟਰ ਨਾ ਪਿਆ ਹੋਵੇ । ਕਿਤੇ ਭੁੱਲਕੇ ਵੀ ਦਰਜ਼ੀ-ਪੁਣੇ ਦਾ ਜ਼ਿਕਰ ਨਾ ਕਰ ਬਹਿਣਾ । ਜੇ ਕਾਰੋਬਾਰ ਸਬੰਧੀ ਗੱਲ ਚੱਲੇ ਵੀ, ਤਾਂ ਕਹਿਣਾ, ਕੱਪੜੇ ਦੀ ਦੁਕਾਨ ਕਰਦੇ ਆਂ । ਸੱਚ, ਕੋਈ ਦੁਕਾਨ ਲਭਣ ਦਾ ਚਾਰਾ ਕਰਨਾ । ਜੇ ਚੰਗੇ ਟਿਕਾਣੇ 'ਤੇ ਮਿਲ ਜਾਵੇ, ਤਾਂ ਦੋ-ਚਾਰ ਸੌ ਪਗੜੀ ਵੀ ਦੇ ਦਿਆਂਗੇ । ਪੈਸਿਆਂ ਦੀ ਚਿੰਤਾ ਨਹੀਂ ਕਰਨੀ, ਸਭ ਪ੍ਰਬੰਧ ਹੋ ਜਾਏਗਾ । ਮੇਰੇ ਮਾਪਿਆਂ ਦੇ ਕੰਨਾਂ ਤਕ ਗੱਲ ਪਹੁੰਚਣ ਤੋਂ ਪਹਿਲਾਂ ਇਹ ਸਾਰਾ ਪ੍ਰਬੰਧ ਹੋ ਜਾਣਾ ਚਾਹੀਦਾ ਏ । ਚੰਗਾ ! ਹਾਂ, ਜਿਵੇਂ ਮੈਂ ਸਮਝਾਇਆ ਏ । ਭੁੱਲ ਨਾ ਜਾਣਾ ।"

ਏਹੋ ਜੇਹੀਆਂ ਚੇਤਾਵਨੀਆਂ ਉਹ ਮੈਨੂੰ ਬਾਹਰਲੇ ਫਾਟਕ ਤਕ ਕਰਾਉਂਦੀ ਆਈ । ਫਿਰ ਅਸੀਂ ਸਦਾ ਲਈ ਮਿਲਨ ਵਾਸਤੇ ਵਿਛੜੇ । ਸਾਰੇ ਰਾਹ ਮੈਂ ਚਾਵਾਂ ਦੇ ਪਰਾਂ 'ਤੇ ਉਡਦਾ ਆਇਆ ।

ਅਗਲੇ ਐਤਵਾਰ ਪ੍ਰਭਾ ਦੋ ਸਹੇਲੀਆਂ ਸਣੇ ਆਈ । ਘਰ ਉਹਦੀ ਇੱਛਿਆ ਅਨੁਸਾਰ ਸਜਾਇਆ ਹੋਇਆ ਸੀ । ਮੈਂ ਵੇਖ ਰਿਹਾ ਸਾਂ, ਕਿ ਕਮਰੇ ਵਿਚ ਦਾਖ਼ਲ ਹੋਣ ਲਗਿਆਂ ਜੋ ਘਬਰਾਹਟ ਉਹਦੇ ਚਿਹਰੇ 'ਤੇ ਝਲਕ ਰਹੀ ਸੀ, ਉਹ ਸਹਿਜ ਸਹਿਜ ਸੰਤੁਸ਼ਟਤਾ ਵਿਚ ਬਦਲ ਰਹੀ ਸੀ । ਉਹ ਦੋ ਘੰਟੇ ਉਸ ਛੋਟੇ ਜੇਹੇ ਘਰ ਵਿਚ ਰਹੀਆਂ । ਇਹ ਸਮਾਂ ਖਾਂਦਿਆਂ ਪੀਂਦਿਆਂ ਤੇ ਹਸਦਿਆਂ ਖੇਡਦਿਆਂ ਬੀਤ ਗਿਆ । ਉਹਦੀਆਂ ਸਹੇਲੀਆਂ ਨੇ ਘਰ ਦਾ ਅੰਦਰ ਬਾਹਰ ਬੜੇ ਧਿਆਨ ਨਾਲ

ਪੜਚੋਲਿਆ, ਪਰ ਜਿਸ ਚੀਜ਼ ਦਾ ਪ੍ਰਭਾ ਨੂੰ ਡਰ ਸੀ, ਉਹ ਮੈਂ ਕਿਤੇ ਹੋਰ ਥਾਂ ਬਿਲੇ ਲਾ ਛੱਡੀ ਸੀ। ਪ੍ਰਭਾ ਬੜੀ ਖ਼ੁਸ਼ ਸੀ। ਉਹਦੇ ਚਿਹਰੇ ਦੀ ਮੁਸਕਰਾਹਟ ਦਸਦੀ ਸੀ, ਕਿ ਮੈਂ ਕਿਆਸ ਨਾਲੋਂ ਵਧੇਰੇ ਸਿਆਣਾ ਸਾਬਤ ਹੋਇਆ ਸਾਂ। ਉਹ ਧੜਕਦੀ ਛਾਤੀ ਨਾਲ ਆਈ ਸੀ, ਤੇ ਖ਼ੁਸ਼ੀ ਵਿਚ ਉਛਲਦਾ ਦਿਲ ਲੈ ਕੇ ਵਾਪਸ ਗਈ।

ਕੁਛ ਦਿਨਾਂ ਦੀ ਦੌੜ ਭੱਜ ਪਿੱਛੋਂ ਮੈਨੂੰ ਇਕ ਦੁਕਾਨ ਮਿਲ ਗਈ, ਤੇ ਮੈਂ ਦਰਜ਼ੀ ਤੋਂ ਬਜਾਜ ਬਣ ਗਿਆ। ਇਹ ਸਭ ਕੁਛ ਪ੍ਰਭਾ ਦੀ ਮਦਦ ਨਾਲ ਹੋਇਆ। ਉਹਦੀ ਜਾਣ ਪਛਾਣ ਦਾ ਸਦਕਾ ਖ਼ਰਚੀ ਰਕਮ ਨਾਲੋਂ ਵਧੇਰੇ ਦਾ ਮਾਲ ਮੇਰੇ ਅੰਦਰ ਆ ਗਿਆ। ਪ੍ਰਭਾ ਦੇ ਮਾਂ ਪਿਓ ਮੇਰੀ ਭਰੀ ਹੋਈ ਦੁਕਾਨ ਵੇਖ ਕੇ ਮੰਨ ਗਏ। ਤੇ ਵਜਦਿਆਂ ਵਾਜਿਆਂ ਨਾਲ ਸਾਡਾ ਵਿਆਹ ਹੋ ਗਿਆ। ਉਸ ਦਿਨ ਤੋਂ ਸਾਡਾ—ਜਾਂ ਕਹੋ ਮੇਰਾ—ਨਵਾਂ ਜੀਵਨ ਆਰੰਭ ਹੋ ਗਿਆ।

ਪ੍ਰਭਾ ਨੇ ਫਿਰ ਪਹਿਲੇ ਕਾਲਜ ਵਿਚ ਤਬਦੀਲੀ ਕਰਾ ਲਈ। ਅਸੀਂ ਨਵੀਂ ਆਬਾਦੀ ਵਿਚ ਨਿੱਕੀ ਜੇਹੀ ਕੋਠੀ ਕਰਾਏ 'ਤੇ ਲੈ ਕੇ ਰਹਿਣ ਲੱਗ ਪਏ। ਪ੍ਰੇਮ ਨਸ਼ੇ ਵਿਚ ਮਸਤ ਸਾਡੇ ਦਿਨ ਤੇ ਰਾਤਾਂ ਮਿੱਠੇ ਸੁਪਨਿਆਂ ਵਾਂਗ ਬੀਤਣ ਲੱਗੇ। ਮੈਂ ਉਸ ਦੀ ਹਰ ਆਗਿਆ ਮੰਨਣ ਵਿਚ ਸਵਰਗੀ ਖ਼ੁਸ਼ੀ ਮਹਿਸੂਸ ਕਰਦਾ।

ਵਿਆਹ ਤੋਂ ਤਿੰਨ ਮਹੀਨੇ ਪਿੱਛੋਂ ਉਹਦੀ ਗੀਤਾਂ ਦੀ ਪਹਿਲੀ ਪੁਸਤਕ ਛਪੀ। ਉਹਦੇ ਉਤੇ ਲੇਖਕਾ ਦਾ ਨਾਮ ਲਿਖਿਆ ਸੀ 'ਚੰਦ੍ਰ-ਪ੍ਰਭਾ' ਪੜ੍ਹ ਕੇ ਮੇਰੀ ਪਰਸੰਨਤਾ ਦੀ ਕੋਈ ਹੱਦ ਨਾ ਰਹੀ। ਉਹ ਪੜ੍ਹਨ ਵਾਲੇ ਕਮਰੇ ਵਿਚ ਬੈਠੀ ਕੁਛ ਲਿਖ ਰਹੀ ਸੀ। ਮੈਂ ਅਣਮਿਣੇ ਚਾਵਾਂ ਨਾਲ ਪੁਸਤਕ ਉਹਦੇ ਸਾਮ੍ਹਣੇ ਜਾ ਧਰੀ। ਪਹਿਲਾਂ ਮੈਂ ਅੱਖਰਾਂ 'ਤੇ ਉਂਗਲ ਰਖ ਕੇ ਕਿਹਾ, "ਚੰਦ੍ਰ-ਪ੍ਰਭਾ" ਫਿਰ ਵਾਰੋ ਵਾਰੀ ਦੋਹਾਂ ਧਿਰਾਂ ਦੀਆਂ ਛਾਤੀਆਂ ਵੱਲ ਇਸ਼ਾਰਾ ਕਰਦਿਆਂ ਦੋਵੇਂ ਸ਼ਬਦ ਵੱਖਰੇ ਵੱਖਰੇ ਉਚਾਰੇ, "ਚੰਦ੍ਰ, ਪ੍ਰਭਾ"।

ਉਹ ਮੇਰੇ ਚਿਹਰੇ ਵੱਲੇ ਵੇਖ ਕੇ ਖਿੜ-ਖਿੜਾ ਕੇ ਹੱਸ ਪਈ। ਏਨੀ ਹੱਸੀ, ਕਿ ਉਹਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਹ ਰੁਮਾਲ ਨਾਲ ਅੱਖਾਂ ਪੂੰਝਦੀ ਬੋਲੀ, "ਕਿਤੇ ਖ਼ੁਸ਼ੀ ਵਿਚ ਪਾਗਲ ਨਾ ਹੋ ਜਾਇਓ। ਜਾਓ, ਖਾ ਪੀ ਕੇ ਦੁਕਾਨ 'ਤੇ ਜਾਓ। ਮੈਂ ਇਕ ਕਹਾਣੀ ਲਿਖ ਰਹੀ ਹਾਂ।"

ਪਰਤਦਿਆਂ ਹੋਇਆਂ ਮੇਰਾ ਦਿਲ ਓਨਾ ਖ਼ੁਸ਼ ਨਹੀਂ ਸੀ, ਜਿੰਨਾਂ ਜਾਂਦਿਆਂ ਹੋਇਆਂ।

ਵਿਆਹ ਤੋਂ ਡੇਢ ਸਾਲ ਬਾਹਦ ਸਾਡੇ ਘਰ ਪਹਿਲਾ ਲੜਕਾ ਹੋਇਆ। ਇਕ ਦਿਨ ਪ੍ਰਭਾ ਨੇ ਕਾਕੇ ਨੂੰ ਮੇਰੀ ਗੋਦੀ ਵਿਚ ਦੇਂਦਿਆਂ ਹੱਸ ਕੇ ਕਿਹਾ, "ਰੰਗ

ਰੂਪ ਵੱਲੋਂ ਤੁਹਾਡੇ ਵਰਗਾ ਏ; ਪਰ ਕਿਤੇ ਅਕਲ ਵਿਚ ਵੀ ਤੁਹਾਡੇ ਵਰਗਾ ਨਾ ਹੋਵੇ।"

ਇਹ ਵਾਕ ਜ਼ਹਿਰ-ਬੁਝੀ ਬਰਛੀ ਵਾਂਗ ਮੇਰੇ ਦਿਲ ਵਿਚ ਖੁਭ ਗਏ। ਮੇਰਾ ਚਿਹਰਾ ਡੂੰਘੇ ਗ਼ਮ ਤੇ ਅਸਹਿ ਸ਼ਰਮ ਨਾਲ ਕੁਮਲਾ ਗਿਆ। ਮੇਰੀ ਬਦਲੀ ਹੋਈ ਹਾਲਤ ਵੇਖ ਕੇ ਸ਼ਾਇਦ ਉਹਨੇ ਵੀ ਇਸ ਚੀਜ਼ ਨੂੰ ਅਨਭਵ ਕੀਤਾ। ਉਹਨੇ ਬੜੇ ਲਾਡ ਨਾਲ ਮੇਰੇ ਗਲ ਵਿਚ ਬਾਂਹੀਂ ਪਾ ਕੇ ਕਿਹਾ, "ਵੇਖਿਓ, ਰਿਤੇ ਕਾਕੇ ਨਾਲ ਜ਼ਿਦ ਕੇ ਰੋ ਨਾ ਪਿਓ। ਭਲਾ ਮੈਨੂੰ ਪਿਓ ਪੁੱਤਰਾਂ ਦੋਹਾਂ ਨੂੰ ਵਰਾਉਣਾ ਪਵੇ।"

ਮੈਂ ਆਪਣੇ ਮਨੋਭਾਵਾਂ 'ਤੇ ਕਾਬੂ ਪਾ ਕੇ ਐਕਟਰਾਂ ਵਾਂਗ ਮੁਸਕਰਾ ਪਿਆ। ਉਸ ਵੇਲੇ ਇਹ ਗੱਲ ਆਈ ਗਈ ਹੋ ਗਈ, ਪਰ ਮੇਰੇ ਦਿਲ ਵਿਚ ਇਹ ਇਕ ਸਦੀਵੀ ਚੀਸ ਬਣ ਗਈ।

ਪ੍ਰਭਾ—ਜਾਂ ਕਹੋ—'ਚੰਦ੍-ਪ੍ਰਭਾ' ਦੀ ਸ਼ੁਹਰਤ ਦਿਨੋ ਦਿਨ ਵਧਦੀ ਗਈ। ਇਸ ਵੇਲੇ ਉਹ ਚੋਟੀ ਦੀ ਲੇਖਕਾ ਮੰਨੀ ਜਾਂਦੀ ਸੀ। ਪੰਜਾਬੀ ਦਾ ਕੋਈ ਮਾਸਕ ਪੱਤਰ ਵੀ ਉਹਦੀ ਲਿਖਤ (ਕਵਿਤਾ ਜਾਂ ਕਹਾਣੀ) ਤੋਂ ਖ਼ਾਲੀ ਨਹੀਂ ਸੀ। ਪ੍ਰਸਿੱਧ ਪੜਚੋਲੀਏ ਉਹਦੀ ਵਡਿਆਈ ਕਰਦੇ ਨਹੀਂ ਸਨ ਥੱਕਦੇ। ਵੱਡੇ ਵੱਡੇ ਸਾਹਿਤਕ ਇਕੱਠਾਂ ਵਿਚ ਉਸ ਨੂੰ ਆਦਰ-ਮਾਣ ਦਿਤਾ ਜਾਂਦਾ ਸੀ। ਸਾਹਿਤ ਦੇ ਕਦਰਦਾਨ ਉਹਦੇ ਰਾਹਾਂ ਵਿਚ ਅੱਖਾਂ ਵਿਛਾਉਂਦੇ ਸਨ। ਤੇ ਇਸ ਅਥਾਹ ਸਤਕਾਰ ਦਾ ਸਦਕਾ ਪ੍ਰਭਾ ਹੋਰ ਚੰਗੇਰਾ, ਹੋਰ ਉਚੇਰਾ ਲਿਖ ਰਹੀ ਸੀ।

ਇਕ ਦਿਨ ਉਹ ਬੈਠੀ ਕਾਕੇ ਨੂੰ ਛੜ ਛੇੜ ਖ਼ੁਸ਼ ਹੋ ਰਹੀ ਸੀ। ਮੈਂ ਲਾਗੇ ਆਰਾਮ ਕੁਰਸੀ 'ਤੇ ਅੱਧ-ਲੇਟਿਆ ਉਸ ਦੀ ਕਾਪੀ ਪੜ੍ਹ ਰਿਹਾ ਸਾਂ। ਇਕ ਗੀਤ ਵਿਚ ਉਹਨੇ ਅਛੂਤਾ ਤੇ ਰੂਹ-ਟੁੰਬਵਾਂ ਖ਼ਿਆਲ ਦਿਤਾ ਸੀ। ਮੈਂ ਪੜ੍ਹ ਕੇ ਫੜਕ ਉਠਿਆ। ਅਵਸੋਂ ਮੇਰੇ ਮੂੰਹੋਂ ਨਿਕਲ ਗਿਆ, "ਵਾਹ, ਕਮਾਲ ਏ।"

ਪ੍ਰਭਾ ਨੇ ਬੜੀ ਤਿੱਖੀ ਨਜ਼ਰ ਨਾਲ ਮੇਰੇ ਵੱਲੇ ਵੇਖ ਕੇ ਕਿਹਾ, "ਤੁਹਾਨੂੰ ਭਲਾ ਇਹਦੀ ਕੀ ਸਮਝ ਏ? ਤੁਸੀਂ ਗਜ਼ ਤੇ ਕੈਂਚੀ ਨਾਲ ਈ ਵਾਸਤਾ ਰੱਖਿਆ ਕਰੋ।"

ਇਕ ਹੋਰ ਤੀਰ ਮੇਰੇ ਸੀਨੇ ਵਿਚ ਖੁਭ ਗਿਆ। ਮੈਂ ਕਾਪੀ ਓਥੇ ਰੱਖ ਕੇ ਦੂੱਜੇ ਅੰਦਰ ਮੰਜੇ 'ਤੇ ਜਾ ਲੇਟਿਆ। ਰਹਿ ਰਹਿ ਕੇ ਮੇਰੇ ਦਿਲ ਵਿਚ ਆਉਂਦੀ, "ਕੀ ਇਹਦੀ ਨਜ਼ਰ ਵਿਚ ਅਜੇ ਵੀ ਮੈਂ ਇਕ ਮੂੜ੍ਹ ਦਰਜ਼ੀ ਆਂ?'

ਬੇਸ਼ਕ ਮੈਨੂੰ ਲਿਖਣਾ ਨਹੀਂ ਆਉਂਦਾ, ਪਰ ਮੈਂ ਸਾਹਿਤਕ ਸੂਝ ਬੂਝ ਜ਼ਰੂਰ ਰਖਦਾ ਹਾਂ, ਪੜ੍ਹ ਕੇ ਸਾਹਿਤ ਦਾ ਰਸ ਮਾਨਣਾ ਜਾਣਦਾ ਹਾਂ। ਪਰ ਪ੍ਰਭਾ ਦੀ ਨਜ਼ਰ

ਵਿਚ ਮੈਂ ਇਕ ਅਨਪੜ੍ਹ ਤੇ ਉਜੱਡ ਹਾਂ, ਸਾਹਿਤ ਤੋਂ ਬਿਲਕੁਲ ਕੋਰਾ।

ਦੋ ਮਿੰਟ ਬਾਅਦ ਪ੍ਰਭਾ ਵੀ ਮੇਰੇ ਮਗਰੇ ਆ ਗਈ। ਉਹ ਮੰਜੇ ਦੀ ਬਾਹੀ 'ਤੇ ਬਹਿ ਕੇ ਹੌਲੀ ਹੌਲੀ ਮੇਰੇ ਵਾਲਾਂ 'ਚ ਉਂਗਲਾਂ ਫੇਰਦੀ ਬੋਲੀ, "ਸਗੋਂ ਗੁੱਸੇ ਹੋ ਗਏ ਜੇ ? ਮੇਰਾ ਮਨਸ਼ਾ ਤੁਹਾਡਾ ਨਿਰਾਦਰ ਕਰਨਾ ਨਹੀਂ ਸੀ। ਮੇਰਾ ਭਾਵ ਸੀ, ਕਿ ਉਚੇਰੇ ਸਾਹਿਤ ਨੂੰ ਹਰ ਆਦਮੀ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਹੋਰ, ਆਪਣੇ ਕੰਮ ਵਿਚ ਤੁਸਾਂ ਕਮਾਲ ਹਾਸਲ ਕੀਤਾ ਹੈ। ਤੁਸੀਂ ਕਾਮਯਾਬ ਦੁਕਾਨਦਾਰ ਹੋ। ਤੇ ਸਭ ਤੋਂ ਖ਼ੁਸ਼ੀ ਦੀ ਗੱਲ, ਕਿ ਤੁਸੀਂ ਇਕ ਚੰਗੇ ਪਤੀ ਹੋ। ਕਿਸੇ ਵੀ ਭਾਗਵਾਨ ਇਸਤਰੀ ਨੂੰ ਤੁਹਾਡੇ ਨਾਲੋਂ ਚੰਗਾ ਪਤੀ ਨਹੀਂ ਮਿਲ ਸਕਦਾ। ਅੰਦਾਜ਼ਾ ਲਾ ਸਕਦੇ ਓ, ਕਿ ਤੁਹਾਨੂੰ ਪ੍ਰਾਪਤ ਕਰ ਕੇ ਮੈਂ ਆਪਣੇ ਆਪ ਨੂੰ ਕਿੰਨੀ ਖ਼ੁਸ਼ਕਿਸਮਤ ਸਮਝਦੀ ਆਂ ? ਮੈਂ ਤੁਹਾਨੂੰ ਪੂਰੇ ਦਿਲੋਂ ਪਿਆਰ ਕਰਦੀ ਆਂ।......ਚੰਗਾ, ਤੁਸੀਂ ਕਾਕੇ ਦਾ ਧਿਆਨ ਰੱਖਿਓ, ਮੈਂ ਇਕ ਮੀਟਿੰਗ 'ਤੇ ਚੱਲੀ ਆਂ।"

ਪ੍ਰਭਾ ਚਲੀ ਗਈ। ਮੈਂ ਕਿੰਨਾ ਚਿਰ ਓਸੇ ਤਰ੍ਹਾਂ ਪਿਆ ਸੋਚਦਾ ਰਿਹਾ, 'ਠੀਕ ਹੀ ਉਹਦੇ ਵਾਸਤੇ ਮੈਂ ਇਕ ਚੰਗਾ ਪਤੀ ਹਾਂ, ਪੂਰਾ ਆਗਿਆਕਾਰ, ਨਿਮਰ ਤੇ ਅਸੀਲ, ਨੌਕਰ ਬਿਨਾਂ ਤਨਖ਼ਾਹ। ਨਾਲੇ ਮੈਂ ਆਪਣੇ ਕੰਮ ਵਿਚ ਕਮਾਲ ਹਾਸਲ ਕੀਤਾ ਹੈ। ਕਿਸ ਕੰਮ ਵਿਚ ? ਦਰਜ਼ੀਪੁਣੇ ਵਿਚ ? ਸ਼ਾਇਦ ਭਾਵ ਏਹਾ ਹੋਵੇ। ਵਾਹ, ਕਿਆ ਜੋੜ ਏ ? ਪਤਨੀ ਚੋਟੀ ਦੀ ਲੇਖਕਾ ਤੇ ਪਤੀ ਦਰਜੀ।'

ਕਈ ਦਿਨ ਮੇਰੇ ਦਿਲ 'ਤੇ ਇਸ ਗੱਲ ਦਾ ਅਸਰ ਰਿਹਾ। ਪਰ ਅਫ਼ਸੋਸ ! ਉਹਦੇ ਸਾਮ੍ਹਣੇ ਮੈਨੂੰ ਮਜਬੂਰਨ ਮੁਸਕਰਾਉਣਾ ਪੈਂਦਾ ਸੀ। ਜੀਹਨੇ ਮੇਰੇ ਬਦਲੇ ਏਨੀ ਕੁਰਬਾਨੀ ਕੀਤੀ ਸੀ, ਮੈਂ ਉਦਾਸ ਚਿਹਰਾ ਵਿਖਾ ਕੇ ਉਹਨੂੰ ਪਰੇਸ਼ਾਨ ਨਹੀਂ ਸਾਂ ਕਰ ਸਕਦਾ।

ਇਸ ਗੱਲ ਨੂੰ ਮਹੀਨੇ ਬੀਤ ਗਏ। ਜੀਵਨ-ਰਥ ਬਿਨਾਂ ਹਚਕੋਲਿਆਂ ਮੱਠੀ ਮੱਠੀ ਚਾਲੇ ਚਲਦਾ ਰਿਹਾ। ਪ੍ਰਭਾ ਨੂੰ ਦਿੱਲੀਓਂ ਬੁਲਾਵਾ ਆਇਆ। ਓਥੇ ਦੇਸ ਭਰ ਦੇ ਪ੍ਰਸਿਧ ਲੇਖਕਾਂ ਦੀ ਇਕੱਤਰਤਾ ਹੋ ਰਹੀ ਸੀ। ਮੇਰੇ ਦਿਲ ਅੰਦਰ ਚਰੋਕਣੀ ਰੀਝ ਸੀ, ਦੇਸ ਦੀਆਂ ਪ੍ਰਸਿਧ ਹਸਤੀਆਂ ਵਿਚ ਆਪਣੀ ਪ੍ਰਭਾ ਦਾ ਆਦਰ-ਮਾਣ ਹੁੰਦਾ ਵੇਖਣ ਦੀ। ਮੈਂ ਨਾਲ ਜਾਣ ਲਈ ਏਨਾ ਜ਼ੋਰ ਦਿਤਾ, ਕਿ ਪ੍ਰਭਾ ਨਾਂਹ ਨਾ ਕਰ ਸੱਕੀ। ਅਸੀਂ ਤਿਆਰ ਹੋ ਕੇ ਦਿੱਲੀ ਨੂੰ ਤੁਰ ਪਏ। ਜਿਉਂ ਜਿਉਂ ਮਨਜ਼ਲ ਨੇੜੇ ਆ ਰਹੀ ਸੀ, ਪ੍ਰਭਾ ਦੀ ਘਬਰਾਹਟ ਵਧਦੀ ਜਾ ਰਹੀ ਸੀ। ਮੈਂ ਵੇਖ ਰਿਹਾ ਸਾਂ, ਉਹ ਇਉਂ ਮਹਿਸੂਸ ਕਰ ਰਹੀ ਸੀ, ਜਿਵੇਂ ਸਿਆਣਿਆਂ ਦੀ ਸਭਾ ਵਿਚ ਇਕ ਅਣਜਾਣ ਬੱਚੇ ਨੂੰ ਨਾਲ ਲੈ ਜਾ ਕੇ ਉਹ ਬੜੀ ਭਾਰੀ ਭੁੱਲ ਕਰ ਰਹੀ ਸੀ। ਸਾਰੇ

ਰਾਹ ਉਹ ਮੈਨੂੰ ਸਮਝਾਉਂਦੀ ਤੇ ਉਸਤਾਦਾਂ ਵਾਂਗ ਹਦਾਇਤਾਂ ਕਰਦੀ ਗਈ।

ਖ਼ੈਰ, ਅਸੀਂ ਦਿੱਲੀ ਜਾ ਪੁੱਜੇ। ਸਵਾਗਤ ਕਮੇਟੀ ਦੇ ਸਾਰੇ ਮੈਂਬਰ ਅੱਗੋਂ ਸਟੇਸ਼ਨ 'ਤੇ ਆਏ ਹੋਏ ਸਨ। ਸਾਡਾ—ਨਾ ਸੱਚ—ਚੰਦ੍ਰ-ਪ੍ਰਭਾ ਦਾ—ਸਵਾਗਤ ਕਰਨ ਵਾਸਤੇ। ਉਹਨਾਂ ਉਸ ਕਲਮ ਦੀ ਸੁਰਸਤੀ ਨੂੰ ਹੱਥਾਂ 'ਤੇ ਚੁਕ ਲਿਆ। ਉਸ ਸੁਹਲ ਮੁਟਿਆਰ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿਤਾ ਗਿਆ। ਇਹ ਅਨੋਖਾ ਸਤਕਾਰ ਪ੍ਰਾਪਤ ਕਰ ਕੇ ਚੰਦ੍ਰ-ਪ੍ਰਭਾ ਮਾਣ-ਮਸਤੀ ਵਿਚ ਦੀਨ-ਦੁਨੀਆਂ ਭੁੱਲ ਗਈ। ਉਹਨੂੰ ਫੁੱਲਾਂ ਦੇ ਸਿਹਰਿਆ ਨਾਲ ਸਜੀ ਹੋਈ ਕਾਰ ਵਿਚ ਬਿਠਾਇਆ ਗਿਆ। ਉਹਦੇ ਦੋਹੀਂ ਪਾਸੀਂ ਦੋ ਹੋਰ ਪ੍ਰਸਿਧ ਸਾਹਿਤਕਾਰ ਬੈਠ ਗਏ। ਮੈਂ ਮੁਸਾਫ਼ਰ ਖ਼ਾਨੇ ਦੀ ਆਖ਼ਰੀ ਪੌੜੀ ਉਤੇ ਖਲਾ ਓਪਰਿਆਂ ਵਾਂਗ ਸਭ ਨਜ਼ਾਰਾ ਵੇਖ ਰਿਹਾ ਸਾਂ। ਕਾਰ ਚੱਲਣ ਵਾਲੀ ਸੀ, ਜਾਂ ਪ੍ਰਭਾ ਕੁਛ ਚੇਤੇ ਕਰ ਕੇ ਇਕੇ ਵਾਰ ਤ੍ਰਭਕ ਉੱਠੀ, ਜਿਵੇਂ ਕੋਈ ਕੀਮਤੀ ਸਾਮਾਨ ਪਿੱਛੇ ਰਹਿ ਗਿਆ ਹੋਵੇ।

"ਉਹ! ਠਹਿਰੋ, ਮੇਰੇ ਨਾਲ ਉਹ ਵੀ ਆਏ ਹੋਏ ਨੇ।" ਪ੍ਰਭਾ ਨੇ ਚੀਕ ਕੇ ਕਿਹਾ। ਫਿਰ ਉਹ ਮੇਰੇ ਵੱਲੇ ਹੱਥ ਦਾ ਇਸ਼ਾਰਾ ਕਰਕੇ ਬੋਲੀ, "ਆਓ ਨਾਂ! ਪਿੱਛੇ ਖਲੋ ਕਿਉਂ ਗਏ ਓ? ਰਨਬੀਰ! ਸੁਰੇਸ਼! ਉਹਨਾਂ ਨੂੰ ਦੂਜੀ ਕਾਰ ਵਿਚ ਬਿਠਾ ਲਓ। ਉਫ਼! ਮੈਂ ਤਾਂ ਕਾਹਲੀ ਵਿਚ ਭੁੱਲ ਈ ਗਈ ਸਾਂ।" ਜਿੰਨੀ ਘਬਰਾਹਟ ਉਹਦੇ ਚਿਹਰੇ, ਤੇ ਵਾਜ ਤੋਂ ਪਰਗਟ ਹੋ ਰਹੀ ਸੀ, ਉਸ ਤੋਂ ਕਈ ਗੁਣਾਂ ਵਧੇਰੇ ਉਹਦੇ ਦਿਲ ਵਿਚ ਸੀ।

ਉਹ ਦੋਵੇਂ ਗਭਰੂ ਉਸ ਕਾਰ ਦੀਆਂ ਤਾਕੀਆਂ ਤੋਂ ਹਟ ਕੇ ਮੇਰੇ ਕੋਲ ਆ ਕੇ ਬੜੀ ਨਮਰਤਾ ਨਾਲ ਬੋਲੇ, "ਖਿਮਾ ਕਰਨਾ, ਸਾਥੋਂ ਗ਼ਲਤੀ ਹੋ ਗਈ। ਅਸੀਂ ਪਹਿਲਾਂ ਆਪ ਜੀ ਦੇ ਦਰਸ਼ਨਾਂ ਤੋਂ ਜਾਣੂ ਨਹੀਂ ਸਾਂ।"

"ਕੋਈ ਗੱਲ ਨਹੀਂ।" ਮੈਂ ਥੋੜਾ ਜਿਹਾ ਮੁਸਕਰਾ ਕੇ ਕਿਹਾ।

ਉਸ ਵੇਲੇ ਮੈਨੂੰ ਮਜਬੂਰਨ ਮੁਸਕਰਾਉਣਾ ਪਿਆ, ਕਿਉਂਕਿ ਇਸ ਤੋਂ ਬਿਨਾਂ ਹੋਰ ਚਾਰਾ ਕੋਈ ਨਹੀਂ ਸੀ। ਪਰ ਅੱਜ ਤਕ ਜਦੋਂ ਵੀ ਉਹ ਵੇਲਾ ਯਾਦ ਆਉਂਦਾ ਹੈ, ਮੈਨੂੰ ਉਸ ਮੁਸਕਰਾਹਟ ਉਤੇ ਰੋਣ ਆ ਜਾਂਦਾ ਹੈ।

ਅਸੀਂ ਦੂਜੀ ਕਾਰ ਵਿਚ ਬਹਿ ਕੇ ਚਲੇ ਗਏ। ਚੰਗੀ ਸ਼ਾਨਦਾਰ ਕੋਠੀ ਵਿਚ ਸਾਨੂੰ ਉਤਾਰਾ ਦਿਤਾ ਗਿਆ। ਇਸ ਕੋਠੀ ਵਿਚ ਮੈਂ ਪੂਰੇ ਅੱਠ ਪਹਿਰ ਕੱਟੇ। ਪ੍ਰਭਾ ਦੇ ਮੁਕਾਬਲੇ 'ਤੇ ਆਪਣੇ ਆਪ ਨੂੰ ਏਨਾ ਨੀਂਵਾਂ ਮੈਂ ਕਦੇ ਵੀ ਅਨਭਵ ਨਹੀਂ ਸੀ ਕੀਤਾ, ਜਿੰਨਾ ਇਹਨਾਂ ਅੱਠਾਂ ਪਹਿਰਾਂ ਵਿਚ। ਸਭ ਦਾ ਆਉਣਾ, ਸਭ ਦੀਆਂ ਨਜ਼ਰਾਂ, ਸਭ ਦੀਆਂ ਗੱਲਾਂ ਬਾਤਾਂ ਤੇ ਦਿਲੀ ਸ਼ਰਧਾ ਕੇਵਲ

ਦੇ ਪਿਛਲੇ ਜਰਮ ਦੀ ਜਰਾ ਜਰਾ ਗੱਲ ਦੱਸ ਦੇਂਦਾ ਏ। ਇਕ ਵਾਰ ਇਕ ਦਿੱਲੀ ਦਾ ਸੇਠ ਆਇਆ। ਲੱਖਾਂ ਦਾ ਮਾਲਕ ਦੱਸੀਦਾ ਸੀ ਉਹ। ਤਿੰਨ ਚਾਰ ਤਾਂ ਉਹਦੇ ਕਾਰਖ਼ਾਨੇ ਈਂ ਦਸਦੇ ਸਨ, ਜਿੱਥੇ ਕਈ ਵੀਹਾਂ ਮਜ਼ੂਰ ਕੰਮ ਕਰਦੇ ਨੇ। ਉਸ ਸੇਠ ਦੇ ਕਾਰਖਾਨਿਆਂ ਵਿਚ ਓਦੋਂ ਹੜਤਾਲ ਹੋਈ ਹੋਈ ਸੀ ਖਵਣੀ। ਉਹਨੇ ਪੀਰ ਹੋਰਾਂ ਦੀ ਅਸੀਸ ਲੈਣ ਬਦਲੇ ਇੱਕੀ ਪੌਣ ਸੋਨੇ ਦੇ ਨਜਰਾਨਾ ਧਰੇ। ਜਾਣ ਲੱਗਾ ਉਹ ਪੁੱਛ ਬੈਠਾ, ਅਖੇ: ਪੀਰ ਜੀ! ਮੇਰੇ ਪਿਛਲੇ ਜਰਮ ਬਾਰੇ ਦੱਸੋ ਕੁਛ। ਪੀਰ ਬਥੇਰਾ ਹਟਕ ਰਿਹਾ, ਕਿ ਤੂੰ ਸਾਥੋਂ ਇਹ ਗੱਲ ਨਾ ਪੁੱਛ। ਪਰ ਸੇਠ ਜਿਦ ਛੱਡੇ ਈ ਨਾਂ। ਅੰਤ ਪੀਰ ਹੋਰਾਂ ਸਭ ਖਰੀਆਂ ਖਰੀਆਂ ਕਹਿ ਸੁਣਾਈਆਂ। ਅਖੇ: ਤੂੰ ਪਿਛਲੇ ਜਰਮ ਕਸਾਈ ਹੁੰਦਾ ਸੈਂ, ਤੇ ਕੇਈ ਵਾਰ ਰਾਤ ਕੁਵੇਲੇ ਆਏ ਗਾਹਕਾਂ ਨੂੰ ਜਿਉਂਦੇ ਬੱਕਰੇ ਦੀ ਲੱਤ ਵੱਢ ਕੇ ਮਾਸ ਦੇ ਦੇਂਦਾ ਹੁੰਦਾ ਸੈਂ। ਬਾਕੀ ਦੀ ਸਾਰੀ ਰਾਤ ਵਿਚਾਰਾ ਬੱਕਰਾ ਤੜਫ ਤੜਫ ਕੇ ਕਟਦਾ ਸੀ।''

''ਭਈ ਜਗੀਰ ਸਿਹਾਂ! ਹੋਰ ਭਾਵੇਂ ਮੈਂ ਤੇਰੀ ਕੋਈ ਗੱਲ ਨਾ ਮੰਨਾ, ਪਰ ਇਹ ਜ਼ਰੂਰ ਮੰਨਦਾ ਹਾਂ। ਤਹਾਡੇ ਪੀਰ ਦੀ ਇਹ ਰਾਏ ਬੜੀ ਵਜ਼ਨਦਾਰ ਸੀ। ਜਿਹੜਾ ਕਾਰਖ਼ਾਨੇਦਾਰ ਆਪਣੇ ਭੁੱਖੇ ਮਰਦੇ ਮਜ਼ਦੂਰਾਂ ਦੀ ਦੋ-ਦੋ ਰੁਪੈ ਤਨਖ਼ਾਹ ਵਧਾਉਣ ਨੂੰ ਤਿਆਰ ਨਹੀਂ, ਤੇ ਪੀਰ ਨੂੰ ਸੋਨੇ ਦੇ ਪੌਂਡ ਮੱਥਾ ਟੇਕ ਸਕਦਾ ਏ, ਉਹ ਪਿਛਲੇ ਜਨਮ ਜ਼ਰੂਰ ਕਸਾਈ ਹੋਵੇਗਾ। ਨਹੀਂ ਤਾਂ ਭੁੱਖ-ਹੜਤਾਲੀ ਮਜ਼ਦੂਰਾਂ ਉਤੇ ਲਾਠੀ-ਚਾਰਜ ਹੁੰਦਾ ਵੇਖ ਕੇ ਉਸਨੂੰ ਅਵੱਸ਼ ਤਰਸ ਆ ਜਾਂਦਾ।''

ਮੇਰੇ ਏਸ ਵਿਅੰਗ ਨੂੰ ਸਿੱਧਾ-ਸਾਦਾ ਅਨਪੜ੍ਹ ਜਗੀਰ ਸਿੰਘ ਨਾ ਸਮਝ ਸਕਿਆ। ਉਹ ਆਪਣੇ ਪੀਰ ਦੀ ਸ਼ਰਧਾ ਵਿਚ ਵਧੇਰੇ ਭਿੱਜ ਕੇ ਕਹਿਣ ਲੱਗਾ, ''ਮਖ: ਪਿਛਲੇ ਜਰਮ ਤੇ ਅਗ੍ਹਾਂ ਆਉਣ ਵਾਲੇ ਜਰਮ ਦੀਆਂ ਗੱਲਾਂ ਤਾਂ ਉਹ ਇਉਂ ਦੱਸੀ ਜਾਂਦਾ ਏ, ਜਿਵੇਂ ਨਵ੍ਹਾਂ ਉਤੇ ਲਿਖੀਆਂ ਹੋਣ।''

''ਇਸ ਜਨਮ ਬਾਰੇ ਵੀ ਕੁਛ ਦਸਦਾ ਏ ਕਦੇ, ਕਿ ਨਹੀਂ?''

''ਉ ਜਾਂ! ਉਹ ਆਹਿਦਾ ਹੁੰਦਾ ਏ, ਜਿਹੜੀਆਂ ਗੱਲਾਂ ਮਮੂਲੀ ਮਮੂਲੀ ਸੌਰੀਏ ਦੱਸ ਸਕਦੇ ਨੇ, ਜੇ ਉਹਨਾਂ ਬਾਰੇ ਈ ਮੈਂ ਦੱਸਾਂ, ਤਾਂ ਵਡਿਆਈ ਕੀ ਹੋਈ?''

''ਭਈ, ਬੜਾ ਸਮਝਦਾਰ ਏ ਉਹ। ਇਸ ਜਨਮ ਬਾਰੇ ਦੱਸੀ ਹੋਈ ਗੱਲ ਦਾ ਕੁਛ ਸੱਚ-ਝੂਠ ਨਿਤਾਰਿਆ ਜਾ ਸਕਦਾ ਏ। ਪਰ ਪਿਛਲੇ ਬੀਤੇ ਜਨਮ ਜਾਂ ਅਗਲੇ ਆਉਣ ਵਾਲੇ ਜਨਮ ਬਾਰੇ ਉਹ ਜੋ ਵੀ ਆਖ ਦੇਵੇ, ਓਹਾ ਸੱਚ ਏ। ਉਸ ਦੀ ਖੋਜ ਪੜਤਾਲ ਜੁ ਕੋਈ ਨਾ ਹੋ ਸਕਦੀ ਹੋਈ।''

ਆਪ ਘਰ ਨਹੀਂ ਪਹੁੰਚ ਜਾਵਾਂਗੀ, ਮੇਰਾ ਧਿਆਨ ਇਹਨਾਂ ਵਿਚ ਈ ਰਹੇਗਾ।" ਪ੍ਰਭਾ ਇਉਂ ਪੱਕੀਆਂ ਕਰ ਰਹੀ ਸੀ, ਜਿਵੇਂ ਕਿਸੇ ਕੱਲ੍ਹੇ-ਕਾਰੇ ਅੰਞਾਣੇ ਨੂੰ ਪ੍ਰਦੇਸ ਤੋਰਨ ਲੱਗਿਆਂ ਘਰਦੇ ਸਿਆਣੇ ਜੀਅ ਕਰਦੇ ਹਨ।

ਸਾਰੇ ਰਾਹ ਗੱਡੀ ਵਿਚ ਮੈਂ ਕਿਸੇ ਨਾਲ ਨਹੀਂ ਬੋਲਿਆ। ਘਰ ਪਹੁੰਚ ਕੇ ਅਗਲੇ ਦੋ ਦਿਨ ਵੀ ਮੈਂ ਅੰਦਰੇ ਹੀ ਪਿਆ ਰਿਹਾ। ਤਿੱਜੇ ਦਿਨ ਪ੍ਰਭਾ ਆ ਗਈ। ਉਹ ਘਬਰਾਈ ਹੋਈ ਸਿੱਧੀ ਮੇਰੇ ਕਮਰੇ ਵਿਚ ਪਹੁੰਚੀ। ਮੈਂ ਅੱਗੇ ਮੰਜੇ ਉੱਤੇ ਸਿੱਧਾ ਲੇਟਿਆ ਛੱਤ ਦੀਆਂ ਕੜੀਆਂ ਗਿਣ ਰਿਹਾ ਸਾਂ। ਉਹ ਮੰਜੇ ਦੀ ਬਾਹੀ 'ਤੇ ਬਹਿੰਦੀ, ਲੰਮਾ ਸਾਰਾ ਸਾਹ ਖਿੱਚ ਕੇ ਬੋਲੀ, "ਸ਼ੁਕਰ ਏ, ਤੁਸੀਂ ਘਰ ਪੁੱਜ ਗਏ। ਮੇਰੀ ਪਿੱਛੋਂ ਜਾਨ ਸੁੱਕੀ ਰਹੀ।" ਪਲ ਪਿੱਛੋਂ ਸਾਹ ਲੈ ਕੇ ਉਹ ਮੇਰੀ ਛਾਤੀ 'ਤੇ ਹੱਥ ਫੇਰਦੀ ਬੋਲੀ, "ਮੈਂ ਤੁਹਾਨੂੰ ਵਰਜ ਰਹੀ, ਪਰ ਤੁਸਾਂ ਬੱਚਿਆਂ ਵਾਲੀ ਜ਼ਿਦ ਨਾ ਛੱਡੀ। ਅੰਤ, ਨਾਲ ਜਾਣ ਦਾ ਕੀ ਸੁਆਦ ਨਿਕਲਿਆ ? ਤੁਸੀਂ ਕੀ ਜਾਣੋ, ਕਿ ਤੁਹਾਡੇ ਬਦਲੇ ਮੈਨੂੰ ਓਥੇ ਕਿੰਨੀ ਨਮੋਸ਼ੀ ਉਠਾਉਣੀ ਪਈ ? ਲੋਕਾਂ ਸਾਮ੍ਹਣੇ ਕਿੰਨੀ ਨੀਂਵੀਂ ਹੋਣਾ ਪਿਆ ? ਉਹ-ਹੋ !"

ਮੇਰਾ ਦਿਲ ਚਾਹੁੰਦਾ ਸੀ ਉਹਦੀ ਗੋਦੀ ਵਿਚ ਸਿਰ ਰੱਖ ਕੇ ਭੁੱਬੀਂ ਭੁੱਬੀਂ ਰੋਣ ਨੂੰ, ਪਰ ਉਹਦੀਆਂ ਅੱਖਾਂ ਵਿਚ ਤਰਦੀਆਂ ਬੂੰਦਾਂ ਵੇਖ ਕੇ ਮੇਰੇ ਹੰਝੂ ਅੱਖਾਂ ਦੇ ਵਿਚੇ ਹੀ ਪਥਰਾ ਗਏ।

ਉਸ ਦਿਨ ਤੋਂ ਪਿੱਛੋਂ ਕਿਸੇ ਨਾਲ ਖੁੱਲ੍ਹ ਕੇ ਗੱਲ ਕਰਨ ਲੱਗਿਆਂ ਮੈਨੂੰ ਬੜੀ ਸੰਗਾ ਮਹਿਸੂਸ ਹੁੰਦੀ ਹੈ। ਮੇਰਾ ਦਿਲ ਹਰ ਵੇਲੇ ਮੁਰਝਾਇਆ ਰਹਿੰਦਾ ਹੈ। ਮੈਂ ਜੀਵਨ-ਕਥਾ ਦੀਆਂ ਅਗਲੀਆਂ ਪਿਛਲੀਆਂ ਕੜੀਆਂ ਜੋੜ ਕੇ ਸਦਾ ਇਕੋ ਗੱਲ ਸੋਚਦਾ ਰਹਿੰਦਾ ਹਾਂ, "ਮੈਂ ਖ਼ੁਸ਼-ਕਿਸਮਤ ਹਾਂ, ਕਿ...।"

੨੫-੧੦-੫੫

ਕਦੇ ਲੋਏ ਦੀਆਂ ਟੱਕਰਾਂ

"ਉਠ ਬਵ੍ਹੋ ! ਹੁਣ ਤਾਂ ਚਾਰ ਵੱਜ ਗਏ ਨੇ।"

......, ਤੇ ਮੇਰੀ ਜਾਗ ਖੁੱਲ੍ਹ ਗਈ।

ਕੋਈ ਵਾਰ ਜਾਗਦੀ ਦੁਨੀਆਂ ਤੇ ਸੁਪਨਿਆਂ ਦੇ ਸੰਸਾਰ ਵਿਚ ਅਚਨਚੇਤ ਟੱਕਰ ਹੋ ਜਾਂਦੀ ਹੈ। ਅਸੀਂ ਇਉਂ ਉਭੜਵਾਹੇ ਉਠ ਬਹਿੰਦੇ ਹਾਂ, ਜਿਵੇਂ ਭੱਜੀ ਜਾਂਦੀ ਲਾਰੀ ਨੂੰ ਬਰੇਕ ਲੱਗਣ ਨਾਲ, ਉਂਗਲ੍ਹਾ ਰਹੀ ਅਸਵਾਰੀ ਤ੍ਰਭਕ ਪੈਂਦੀ ਹੈ।

ਉਸ ਵੇਲੇ ਬੜਾ ਸੁੰਦਰ ਸੁਪਨਾ ਵੇਖ ਰਿਹਾ ਸਾਂ ਮੈਂ। ਉਵ ਤਾਂ ਜਵਾਨੀ ਦੇ ਸੁਪਨੇ ਸਦਾ ਹੀ ਸੁੰਦਰ ਹੁੰਦੇ ਹਨ, ਪਰ ਬੁਢਾਪੇ ਵਿਚ ਉਹ ਵਧੇਰੇ ਚੰਗੇ ਲਗਦੇ ਹਨ। ਏਸ ਬਹਾਨੇ ਅਸੀਂ ਛੱਡ ਗਈ ਜਵਾਨੀ ਨੂੰ ਦੋ ਘੜੀਆਂ ਫੇਰ ਮਾਣ ਲੈਂਦੇ ਹਾਂ। ਹੰਭਿਆ ਹੋਇਆ ਬੁਢਾਪਾ, ਜਵਾਨੀ ਦੇ ਸੁਪਨਿਆਂ ਲਈ ਕਿੰਨਾ ਤਰਸਦਾ ਹੈ। ਮੈਂ ਖ਼ੁਸ਼ ਸਾਂ, ਕਿ ਮੈਨੂੰ ਜਵਾਨੀ ਦੇ ਦਿਨਾਂ ਦਾ ਸੁਪਨਾ ਆ ਰਿਹਾ ਸੀ। ਮੈਂ ਸਵੇਰੇ ਪੰਜ ਵਜੇ ਗੱਡੀ ਚੜ੍ਹਨਾ ਸੀ। ਗੱਲਾਂ ਬਾਤਾਂ ਕਰਦਿਆਂ ਸਾਨੂੰ ਚੋਖੀ ਰਾਤ ਚਲੀ ਗਈ। ਸੌਣ ਲੱਗਿਆਂ ਮੈਂ ਕਾਕੇ ਦੀ ਮਾਂ ਨੂੰ ਪੱਕੀ ਕੀਤੀ, ਕਿ ਮੈਨੂੰ ਤੜਕੇ ਚਾਰ ਵਜੇ ਜਗਾ ਦੇਵੇ। ਹੁਣ ਤਾਂ ਸੁੱਖ ਨਾਲ ਉਹਦੀ ਪਦਵੀ ਵਿਚ ਵਾਧਾ ਹੋ ਗਿਆ ਹੈ। ਉਹ ਕਾਕਿਆਂ ਦੀ ਦਾਦੀ ਬਣ ਗਈ ਹੈ। ਪਰ ਓਦੋਂ ਅਜੇ 'ਕਾਕੇ ਦੀ ਮਾਂ' ਹੀ ਸੀ।

ਮੈਂ ਸ੍ਰੀਮਤੀ ਦਾ ਨਾਂ ਹੀ ਸੱਦਿਆ ਕਰਦਾ ਹਾਂ। ਕਿਸੇ ਵੇਲੇ ਲਾਡ ਨਾਲ ਮੈਂ 'ਕਾਕੇ ਦੀ ਮਾਂ' ਕਹਿ ਕੇ ਬੁਲਾਉਣਾ, ਤਾਂ ਉਹਦਾ ਮੂੰਹ ਖ਼ੁਸ਼ੀ ਭਰੀ ਸ਼ਰਮ ਨਾਲ ਸੂਹਾ ਹੋ ਜਾਣਾ। 'ਕਾਕੇ ਦੀ ਮਾਂ' ! ਆਹ ! ਕਿੰਨਾ ਸੁੰਦਰ ਸੰਬੋਧਨ ਹੈ।

ਕੋਈ ਵਾਰ ਮੈਂ ਉਹਨੂੰ ਹਾਸੇ ਠੱਠੇ ਨਾਲ ਕਹਿਣਾ, "ਵੇਖ ਭਈ ! ਹੁਣ ਲੜਨਾ ਝਗੜਨਾ ਬੰਦ। ਹੁਣ ਤੂੰ ਮੇਰੀ ਦੋ-ਸਾਕੀ ਬਣ ਗਈ ਏਂ।"

"ਦੋ-ਸਾਕੀ ?" ਪਹਿਲਾਂ ਪਹਿਲਾਂ ਉਹਨੇ ਬੜੀ ਹੈਰਾਨੀ ਨਾਲ ਪੁੱਛਣਾ। "ਉਹ ਕਿਵੇਂ ?"

"ਸੁਣ। ਇਕ ਤੂੰ ਮੇਰੀ ਵਹੁਟੀ ਲੱਗੀ, ਤੇ ਦੂਜੀ ਮੇਰੇ ਕਾਕੇ ਦੀ ਮਾਂ। ਹੋ ਗਿਆ ਨਾ ਦੂਹਰਾ ਸਾਕ।" ਮੇਰੀ ਇਹ ਗੱਲ ਸੁਣ ਕੇ, ਉਹਨੇ ਵੀ ਆਪਣਾ ਰੁਤਬਾ ਵਧਿਆ ਜਾਣ ਕੇ ਹੱਸ ਪੈਣਾ।

ਓ-ਹੋ ! ਕੀ ਗੱਲ ਕਰ ਰਿਹਾ ਸਾਂ ਮੈਂ ? ਹਾਂ ਸੱਚ, ਯਾਦ ਆ ਗਿਆ। ਮੈਂ

ਸੁਪਨੇ ਵਿਚ ਚਾਰ ਵਜੇ ਜਾਗਣ ਦਾ ਮਨ ਬਣਾ ਕੇ ਸੁੱਤਾ ਸਾਂ। ਸੋ, ਚਾਰ ਵਜੇ ਦੀ ਵਾਜ ਕੰਨੀ ਪੈਣ 'ਤੇ ਮੇਰਾ ਜਾਗ ਪੈਣਾ ਸੁਭਾਵਕ ਸੀ। ਦੋ ਮਿੰਟ ਮੈਂ ਸਮਝ ਨਾ ਸਕਿਆ, ਕਿ ਘਰ ਸੁੱਤਾ ਪਿਆ ਹਾਂ, ਜਾਂ ਕਿਤੇ ਓਪਰੇ ਥਾਂ। ਜਿਸ ਵਾਜ ਨਾਲ ਮੇਰੀ ਜਾਗ ਖੁੱਲ੍ਹੀ ਸੀ, ਉਹ 'ਕਾਕੇ ਦੀ ਮਾਂ' ਦੀ ਨਹੀਂ ਸੀ। ਉਹ ਵਾਜ ਬੜੀ ਖਰ੍ਹਵੀ ਸੀ। ਉਸ ਵਿਚੋਂ ਨਿਰਾਦਰ ਤੇ ਕਰੜੇ ਹੁਕਮ ਦੀ ਬੂ ਆ ਰਹੀ ਸੀ।

ਪੂਰੀ ਤਰ੍ਹਾਂ ਸੋਮਨ ਹੋ ਜਾਣ 'ਤੇ ਮੈਨੂੰ ਯਾਦ ਆ ਗਿਆ, ਕਿ ਮੈਂ ਘਰ ਨਹੀਂ, ਸਗੋਂ ਕਲਕੱਤੇ ਗੁਰਦੁਆਰਾ ਜਗਤ ਸੁਧਾਰ ਦੇ ਰਿਹਾਇਸ਼ੀ ਕਮਰਿਆਂ ਵਿਚ ਸੁੱਤਾ ਪਿਆ ਸਾਂ। ਮੈਂ ਵਿਚਕਾਰਲੇ ਕਮਰੇ ਵਿਚ ਇਕੱਲਾ ਪਿਆ ਸਾਂ। ਦੋਹਾਂ ਪਾਸਿਆਂ ਦੇ ਬੂਹੇ ਵੱਜੇ ਹੋਏ ਸਨ। 'ਤਾਂ ਇਹ ਵਾਜ ਕਿੱਥੋਂ ਆਈ? ਕੀ ਨਾਲਦੇ ਕਮਰੇ ਵਿਚ ਕੋਈ ਕਿਸੇ ਨੂੰ ਜਗਾ ਰਿਹਾ ਏ? ਜਾਂ ਇਹ ਵੀ ਸੁਪਨਾ ਈਂ ਏਂ?' ਕਿੰਨਾ ਚਿਰ ਮੈਂ ਫਿਰ ਓਹਾ ਵਾਜ ਸੁਣਨ ਵਾਸਤੇ ਵੈੜਾਂ ਲੈਂਦਾ ਰਿਹਾ। ਕੋਈ ਵਾਰ ਅਸੀਂ ਨਾ-ਪਸੰਦ ਚੀਜ਼ਾਂ ਦੀ ਵੀ ਬੜੀ ਤੀਬਰਤਾ ਨਾਲ ਉਡੀਕ ਕਰਦੇ ਹਾਂ।

ਪੰਜ-ਸੱਤ ਮਿੰਟ ਪਿਛੋਂ ਪਿਛਵਾੜੇ ਵਾਲੇ ਬੂਹੇ ਕੋਲ ਠੱਕ ਠੱਕ ਦੀ ਵਾਜ ਆਉਣ ਲਗ ਪਈ। ਇਉਂ ਮਾਲੂਮ ਹੁੰਦਾ ਸੀ, ਜਿਵੇਂ ਕੋਈ ਪੱਥਰ ਤੋੜ ਰਿਹਾ ਹੋਵੇ। 'ਏਸ ਵੇਲੇ ਏਥੇ ਛੱਜੇ 'ਤੇ ਕੋਈ ਕੀ ਕਰ ਰਿਹਾ ਹੋਵੇ?' ਮੈਂ ਛੇਤੀ ਛੇਤੀ ਸਮਝ ਨਾ ਸਕਿਆ। ਕੁਛ ਚਿਰ ਪਿੱਛੋਂ ਤੀਲੀ ਬਲਣ ਦੀ, ਫਿਰ ਚੀਲ੍ਹ ਦੀ ਲੱਕੜ ਸੜਨ ਦੀ ਤੇ ਫਿਰ ਪੱਥਰ ਦੇ ਕੋਲਿਆਂ ਦੇ ਧੂੰਏਂ ਦੀ ਬਦਬੂ ਅੰਦਰ ਆਈ। ਮੈਂ ਸਮਝ ਗਿਆ, ਕਿ ਬਾਹਰ ਕੋਈ ਅੰਗੀਠੀ ਭਖੱਾ ਰਿਹਾ ਹੈ।

'ਉਹ ਵਾਜ ਵੀ ਨਾਲਦੇ ਕਮਰੇ ਵਿਚੋਂ ਈਂ ਆਈ ਹੋਣੀ ਏਂ।' ਮੈਂ ਸੋਚੀ ਜਾ ਰਿਹਾ ਸਾਂ। 'ਕਿੱਡੇ ਕਠੋਰ ਹੁੰਦੇ ਨੇ ਇਹ ਚਾਹ ਦੇ ਅਮਲੀ। ਓਹਾ ਵੇਲਾ ਨੂਰੀ ਢੋਂਕੇ ਦਾ, ਤੇ ਓਸੇ ਵੇਲੇ ਇਹ ਲੋਕ ਬਾਂਗਾਂ ਦੇਣ ਲਗ ਪੈਂਦੇ ਨੇ। ਵਿਚਾਰੀਆਂ ਬਦਕਿਸਮਤ, ਜਿਹੜੀਆਂ ਅਜੇਹੇ ਨਿਰਦਈ ਬੰਦਿਆਂ ਦੇ ਲੜ ਲੱਗ ਜਾਂਦੀਆਂ ਨੇ। ਸੂਹਦੀ ਯਾਰਾਂ ਬਾਰਾਂ ਵਜੇ ਕਿਤੇ ਸੁੱਤੀ ਹੋਣੀ ਏਂ, ਤੇ ਚਾਰ ਵਜੇ ਈ ਨਾਰਦ ਮੁਨੀ ਨੇ ਫਿਰ ਜਗਾ ਦਿਤਾ ਏ। ਤੇ ਕੀ ਪਤਾ, ਅਜੇ ਦੋ ਜਾਂ ਤਿੰਨ ਈਂ ਵੱਜੇ ਹੋਣ। ਚਾਰ ਵੀ ਤਾਂ ਓਸੇ ਦੀ ਜ਼ਬਾਨੀ ਨੇ ਨਾਂ।' ਮੈਂ ਆਪਣੇ ਆਪ ਵਿਚ ਖਿਝ ਰਿਹਾ ਸਾਂ। 'ਪਰ ਉਹ ਵਾਜ ਤਾਂ ਇਸਤਰੀ ਗਲੇ ਦੀ ਮਾਲੂਮ ਹੁੰਦੀ ਸੀ।' ਮੈਂ ਆਪ ਹੀ ਸ਼ੰਕਾ ਪਰਗਟ ਕੀਤਾ। 'ਭਲਾ ਇਹ ਵੀ ਕੋਈ ਸੋਚਣ ਵਾਲੀ ਗੱਲ ਏ? ਮੈਂ ਸੁਪਨਾ ਜੁ ਵੇਖ ਰਿਹਾ ਸਾਂ। ਉਸ ਬੁਢੇ ਖੌਢੇ ਅਮਲੀ ਦੀ ਵਾਜ, ਮੈਨੂੰ 'ਕਾਕੇ ਦੀ ਮਾਂ' ਦੀ ਵਾਜ ਪਰਤੀਤ ਹੋਈ।

'ਫੇਰ ਕਿਉਂ ਨਹੀਂ ਕੋਈ ਬੋਲਿਆ ? ਹੁਕਮ ਦੇ ਕੇ ਬੁੱਢਾ ਫੇਰ ਸੌਂ ਗਿਆ ਹੋਣਾ ਏਂ ।' ਨਾ ਚਾਹੁੰਦਾ ਹੋਇਆ ਵੀ ਮੈਂ ਗਵਾਂਢੀਆਂ ਬਾਰੇ ਸੋਚੀ ਜਾ ਰਿਹਾ ਸਾਂ ।

"ਇਹ ਚਾਹ ਬਣਾਈ ਜੇ ? ਨਿਰਾ ਛੱਪੜ ਦਾ ਪਾਣੀ ਤੱਤਾ ਕਰ ਕੇ ਲਿਆ ਮੱਥੇ ਮਾਰਿਆ ਜੇ ।" ਨਾਲ ਦੇ ਕਮਰੇ ਵਿਚੋਂ ਫੇਰ ਵਾਜ ਆਈ ।

ਮੈਂ ਝੱਟ ਪਛਾਣ ਗਿਆ। ਇਹ ਓਹਾ ਖਰ੍ਹਵੀ ਜੇਹੀ ਵਾਜ ਸੀ, ਕਿਸੇ ਇਸਤਰੀ ਦੀ ।

"ਪੱਤੀ ਤਾਂ ਬਥੇਰੀ ਪਾਈ ਸੀ ।" ਧੀਮੀ ਜੇਹੀ ਮਰਦਾਨਾ ਵਾਜ ਆਈ, ਜਿਵੇਂ ਨੌਕਰ ਆਪਣੇ ਸਖ਼ਤ ਸੁਭਾ ਮਾਲਕ ਅੱਗੇ ਉਜ਼ਰ ਪੇਸ਼ ਕਰ ਰਿਹਾ ਹੋਵੇ।

"ਸੁਆਹ ਪਾਈ ਸੀ ਪੱਤੀ । ਪਾਣੀ ਗਰਮ ਕਰ ਦਿਹੋ, ਜੇ ਹੁੰਦਾ ਜੇ ਤਾਂ ! ਮੈਂ ਨ੍ਹਾ ਮਰ ਲਵਾਂ ।" ਸ਼੍ਰੀਮਤੀ ਨੇ ਘੁਰਕ ਕੇ ਕਿਹਾ ।

'ਇਹ ਕੀ ਮਾਮਲਾ ਹੋਵੇ ?' ਮੈਂ ਬਿਸਤਰੇ ਵਿਚ ਪਿਆ ਸੋਚੀ ਜਾ ਰਿਹਾ ਸਾਂ । ਮੈਂ ਸਦਾ ਮਰਦ ਹੀ ਜ਼ਨਾਨੀਆਂ ਨੂੰ ਘੂਰਦੇ ਵੇਖੇ ਸਨ । ਪਰ ਏਥੇ ਤਾਂ ਉਲਟੀ ਗੰਗਾ ਠਾਠਾਂ ਮਾਰ ਰਹੀ ਸੀ । ਇਸਤਰੀ ਮਰਦ ਨੂੰ ਤਾੜ ਝਪਾੜੀ ਕਰ ਰਹੀ ਸੀ, ਤੇ ਉਹ ਵੀ ਚੁੱਲ੍ਹੇ ਚੌਂਕੇ ਦੇ ਕੰਮ ਤੋਂ । 'ਹੁਣ ਵਿਚਾਰਾ ਪਾਣੀ ਗਰਮ ਕਰੇਗਾ । ਫਿਰ ਬਾਲ-ਟੀਆ ਭਰ ਕੇ ਗ਼ੁਸਲਖ਼ਾਨੇ ਵਿਚ ਰੱਖੇਗਾ । ਤੇਲ, ਸਾਬਣ, ਤੌਲੀਆ, ਸਭ ਥਾਂ ਸਿਰ ਟਿਕਾਵੇਗਾ । ਫਿਰ ਪੈਰਾਂ ਤੋਂ ਹਲੂਣ ਕੇ ਸ਼੍ਰੀਮਤੀ ਨੂੰ ਜਗਾਵੇਗਾ । ਉਹ ਤਿੰਨ ਅੰਗੜਾਈਆਂ ਲੈ ਕੇ ਸਹਿਜ-ਭਾ ਨਾਲ ਮੰਜੇ ਤੋਂ ਉਠੇਗੀ । ਬੀਮਾਰਾਂ ਵਾਂਗ ਨਿੱਕੇ ਨਿੱਕੇ ਪੈਰ ਪੁਟਦੀ ਉਹ ਗ਼ੁਸਲਖ਼ਾਨੇ ਤਕ ਜਾਵੇਗੀ, ਤੇ ਪਾਣੀ ਨੂੰ ਹੱਥ ਲਾ ਕੇ ਕੜਕ ਕੇ ਬੋਲੇਗੀ : ਆਹ ਪਾਣੀ ਨਹਾਉਣ ਵਾਲਾ ਏ, ਕਿ ਆਲੂ ਉਬਾਲਣ ਵਾਲਾ ?' ਮੈਂ ਕਲਪਨਾ ਦੇ ਘੋੜੇ ਦੁੜਾਈ ਜਾ ਰਿਹਾ ਸਾਂ ।

"ਆਹ ਪਾਣੀ ਗਰਮ ਕੀਤਾ ਜੇ ? ਠਰ ਵੀ ਨਹੀਂ ਭੱਜਾ । ਕੀ ਥੜਿਆ ਹੁੰਦਾ ਏ ਏਹੋ ਜੇਹਾ ਕੰਮ ਕਰਨ ਖੁਣੋ ।" ਗ਼ੁਸਲਖ਼ਾਨੇ ਵਿਚੋਂ ਬਿਫਰੀ ਹੋਈ ਸ਼ੀਹਣੀ ਵਰਗੀ ਵਾਜ ਆਈ । "ਤੁਸੀਂ ਤਾਂ ਆਹੰਦੇ ਜੇ, ਕਿਤੇ ਇਹਨੂੰ ਹੋਵੇ ਨਮੂਨੀਆਂ ਤੇ ਲਹੇ ਮਗਰੋਂ । ਪਰ ਮੈਂ ਤਾਂ ਮੜ੍ਹੀਆਂ ਤਕ ਵੀ ਪਿੱਛਾ ਨਹੀਂ ਛੱਡਣ ਲੱਗੀ ।"

'ਹੇ ਪਰਮਾਤਮਾ !' ਮੈਂ ਲੰਮਾ ਪਿਆ ਹੀ ਕੰਨੀ ਹੱਥ ਲਾ ਕੇ ਤੋਬਾ ਕਰ ਰਿਹਾ ਸਾਂ । 'ਅਹਿਨੂੰ ਆਹੰਦੇ ਈ: ਅੱਲਾਹ ਦੇ, ਤੇ ਬੰਦਾ ਸਹੇ । ਧੰਨ ਉਇ, ਬੁੱਢਿਆ ਤੇਰਾ ਜੇਰਾ ।' ਜਿਸ ਮਰਦ ਉਤੇ ਮੈਂ ਵੀਹ ਮਿੰਟ ਪਹਿਲਾਂ ਖਿਝ ਰਿਹਾ ਸਾਂ, ਉਹਦੇ ਉਤੇ ਹੁਣ ਤਰਸ ਆ ਰਿਹਾ ਸੀ ।

ਉਸ ਅਨੋਖੀ ਜੋੜੀ ਦੇ ਦਰਸ਼ਨਾਂ ਦੀ ਮੇਰੇ ਅੰਦਰ ਭਟਕੀ ਪੈਦਾ ਹੋ ਗਈ ।

ਸਫ਼ਰ ਦਾ ਥਕੇਵਾਂ ਹੋਣ ਕਰ ਕੇ, ਭਾਵੇਂ ਮੇਰਾ ਇਰਾਦਾ ਚੋਖਾ ਦਿਨ ਚੜ੍ਹੇ ਉਠਣ ਦਾ ਸੀ, ਪਰ ਮੈਂ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਠ ਬੈਠਾ। ਮੈਂ ਪਿਛਲੇ ਪਾਸੇ ਦਾ ਬੂਹਾ ਖੁਹਲ ਕੇ ਛੱਜੇ ਉਤੇ ਦੋਹੀਂ ਪਾਸੀਂ ਤਕਿਆ। ਬਿਲਕੁਲ ਵਿਹਲ ਸੀ। ਗ਼ੁਸਲਖ਼ਾਨੇ ਵੱਲ ਜਾਂਦਿਆਂ ਮੈਂ ਗਵਾਂਢੀਆਂ ਦੇ ਕਮਰੇ ਵੱਲ ਝਾਤੀ ਮਾਰੀ। ਉਹਦਾ ਬੂਹਾ ਤੇ ਬਾਰੀ ਬੰਦ ਸਨ। ਛੇਤੀ ਛੇਤੀ ਪਾਣੀ ਦੀਆਂ ਦੋ ਚੁਲੀਆਂ ਕਰ ਕੇ ਮੈਂ ਵਾਪਸ ਪਰਤ ਆਇਆ। ਫਿਰ ਦੂੱਜੇ ਪਾਸੇ ਦਾ ਬੂਹਾ ਲਾਹ ਕੇ ਮੈਂ ਬਰਾਂਡੇ ਵਿਚ ਪੁੱਜਾ। ਗਵਾਂਢੀਆਂ ਦੇ ਬੂਹੇ ਨੂੰ ਬਾਹਰੋਂ ਜੰਦਰਾ ਵੱਜਾ ਹੋਇਆ ਸੀ। ਮੈਂ ਨਿਰਾਸ ਹੋ ਕੇ ਵਾਪਸ ਮੁੜ ਆਇਆ।

ਨਿੱਤ-ਕਰਮ ਤੋਂ ਵਿਹਲਾ ਹੋ ਕੇ ਮੈਂ ਇਸ਼ਨਾਨ ਕੀਤਾ, ਤੇ ਲੋਈ ਦੀ ਬੁੱਕਲ ਮਾਰ ਕੇ ਪਾਠ ਕਰਨ ਬਹਿ ਗਿਆ। ਏਨੇ ਚਿਰ ਨੂੰ ਗੁਰਦੁਆਰੇ ਦਾ ਸੇਵਾਦਾਰ ਮੇਰੇ ਖਾਣ ਪੀਣ ਦੀ ਸਾਮਗਰੀ ਲੈ ਕੇ ਆ ਗਿਆ। ਮੈਂ ਦੁੱਧ-ਪਾਣੀ ਛਕਿਆ। ਹਾਂ, ਦੁੱਧ-ਪਾਣੀ। ਚਾਹ ਮੈਂ ਪੀਂਦਾ ਨਹੀਂ, ਤੇ ਖ਼ਾਲਸ ਦੁੱਧ ਕਿਤੇ ਮਿਲਦਾ ਨਹੀਂ। ਸੋ ਯਥਾਰਥਵਾਦ ਦੇ ਨਿਯਮ ਅਨੁਸਾਰ 'ਦੁੱਧ-ਪਾਣੀ' ਕਹਿਣਾ ਹੀ ਠੀਕ ਹੈ।

ਪੋਹ ਸੁਦੀ ਸੱਤਵੀਂ ਦੇ ਦਿਨ ਮੈਂ ਤਿੰਨਾ ਗੁਰਦੁਆਰਿਆਂ ਵਿਚ ਲੈਕਚਰ ਕੀਤੇ। ਰਾਤੀਂ ਬਾਰਾਂ ਵਜੇ ਮੈਂ ਆਪਣੇ ਅਸਥਾਨ 'ਤੇ ਮੁੜਿਆ। ਗਵਾਂਢੀਆਂ ਦਾ ਕਮਰਾ ਅੰਦਰੋਂ ਬੰਦ ਸੀ। ਉਹ ਅਜੇ ਜਾਗ ਰਹੇ ਸਨ। ਸ਼ਾਇਦ ਉਹ ਵੀ ਹੁਣੇ ਹੁਣੇ ਹੀ ਕਿਤੋਂ ਪਰਤੇ ਹੋਣ। ਮੈ ਅੰਦਰੋਂ ਬੂਹਾ ਬੰਦ ਕਰ ਕੇ ਲੰਮਾ ਪੈ ਗਿਆ। ਫਿਰ ਵੀ ਕਿੰਨਾ ਚਿਰ ਮੈਨੂੰ ਨੀਂਦ ਨਾ ਆਈ। ਗਵਾਂਢੀਆਂ ਬਾਬਤ ਜਾਨਣ ਵਾਸਤੇ ਮੇਰਾ ਦਿਲ ਕਾਹਲਾ ਪੈ ਰਿਹਾ ਸੀ।

ਚਾਰ ਵਜੇ, ਤਾਂ ਫਿਰ ਓਹਾ ਠੱਕ ਠੱਕ ਸ਼ੁਰੂ ਹੋ ਗਈ। ਮੈਂ ਕੱਲ੍ਹ ਵਾਂਗ ਹੈਰਾਨ ਨਹੀਂ ਹੋਇਆ। ਮੈਂ ਕਾਰਯ-ਕਰਮ ਤੋਂ ਜਾਣੂ ਸਾਂ। ਬੁੱਢੇ ਨੇ ਅੰਗੀਠੀ ਭਖੱਾਕੇ ਚਾਹ ਬਣਾਈ, ਜਿਸ ਦੇ ਧੰਨਵਾਦ ਵਜੋਂ ਉਹਨੂੰ ਦੋ ਚਾਰ ਘੁਰਕੀਆਂ ਵੀ ਮਿਲੀਆਂ। ਫਿਰ ਪਾਣੀ ਗਰਮ, ਫਿਰ ਇਸ਼ਨਾਨ।

'ਚਲੋ ਛੱਡੋ, ਸਾਨੂੰ ਕੀ ?' ਇਹ ਕਹਿ ਕੇ ਮੈਂ ਗਵਾਂਢੀਆਂ ਦੇ ਮਸਲੇ ਨੂੰ ਟਾਲਣਾ ਚਾਹਿਆ।

ਉਸ ਦਿਨ ਮੈਂ ਇਕ ਹੋਰ ਗੁਰਦੁਆਰੇ ਵਿਚ ਲੈਕਚਰ ਦੇਣ ਚਲਾ ਗਿਆ। ਓਥੋਂ ਪ੍ਰਸਾਦ ਪਾਣੀ ਛਕ ਕੇ ਮੈਂ ਇਕ ਵਜੇ ਦੁਪਹਿਰੇ ਵਾਪਸ ਮੁੜਿਆ। ਮੈਂ ਪੌੜੀਆਂ ਚੜ੍ਹ ਕੇ ਆਪਣੇ ਕਮਰੇ ਵੱਲ ਜਾ ਰਿਹਾ ਸਾਂ। ਮਨ ਨੂੰ ਰੋਕਦਿਆਂ ਵਰਜਦਿਆਂ ਵੀ ਮੇਰੀ ਨਿਗ੍ਹਾ ਗਵਾਂਢੀਆਂ ਦੇ ਕਮਰੇ ਉਤੇ ਜਾ ਪਈ। ਮੇਰੀ ਗਵਾਂਢਣ

ਬੂਹਾ ਖੋਲ੍ਹ ਕੇ ਚੁਗਾਠ ਦੀ ਬਾਹੀ ਨੂੰ ਹੱਥ ਪਾਈ ਖਲੀ ਸੀ। ਪਹਿਲੀ ਨਜ਼ਰੇ ਉਹ ਮੈਨੂੰ ਕੁਛ ਜਚੀ ਨਾ। ਇਕ ਤਾਂ ਪਹਿਲਾਂ ਹੀ ਮੇਰਾ ਮਨ ਉਹਦੇ ਵਿਰੁੱਧ ਸੀ, ਦੂੱਜਾ ਉਹਦਾ ਪਹਿਰਾਵਾ ਵੀ ਚੰਗਾ ਨਹੀਂ ਸੀ। ਉਮਰ ਉਹਦੀ ਤੀਹ ਸਾਲ ਦੇ ਅੰਦਰ ਬਾਹਰ ਹੋਵੇਗੀ। ਉਹਦਾ ਰੰਗ ਰੂਪ ਮਾੜਾ ਨਹੀਂ ਸੀ। ਪਰ ਮੱਥੇ ਦੀਆਂ ਤਿਉੜੀਆਂ ਤੇ ਗੁੱਸੇ ਵਿਚ ਵੱਟੇ ਹੋਏ ਮੂੰਹ ਨੇ ਉਸ ਵਿਚ ਕੋਈ ਖਿੱਚ ਨਹੀਂ ਸੀ ਰਹਿਣ ਦਿਤੀ। ਮੈਨੂੰ ਇਉਂ ਅਨਭਵ ਹੋਇਆ, ਜਿਵੇਂ ਉਹ ਆਪਣੀ ਕਿਸੇ ਨਾ-ਸੁਧਾਰੀ ਜਾਣ ਵਾਲੀ ਸਦੀਵੀ ਭੁੱਲ ਉਤੇ ਪਛਤਾ ਰਹੀ ਹੋਵੇ।

"ਬੱਸ, ਕਿਸੇ ਕੰਮ ਘੱਲ ਦਿਹੋ, ਤਾਂ ਓਥੇ ਹੀ ਛੌਣੀ ਪਾ ਬਹਿਣਗੇ। ਪਿੱਛੇ ਕਿਸੇ ਮੋਏ ਜਿਉਂਦੇ ਦਾ ਚੇਤਾ ਈ ਨਹੀਂ। ਮਿਲ ਪਿਆ ਹੋਣਾ ਏ ਕੋਈ ਆਪਣੇ ਵਰਗਾ ਮਖੱਟੂ ਗਾਲੜੀ। ਬੜਾ ਸੁਖ ਪਾ ਲਿਆ ਏ ਮੈਂ ਏਸ ਸੁਹਾਗ ਤੋਂ। ਪਰ ਕਿਸੇ ਸਿਰ ਕੀ ਦੋਸ਼? ਮੱਤ ਤਾਂ ਓਦੋਂ ਮੇਰੀ ਮਾਰੀ ਗਈ। ਆ ਗਈ ਮੈਂ ਇਹਦੀਆਂ ਮੋਮੋ-ਠਗਣੀਆਂ ਗੱਲਾਂ ਵਿਚ। ਜੀ ਕਰਦਾ ਏ ਕਿਧਰੇ ਨਿਕਲ ਜਾਵਾਂ ਮੂੰਹ ਸਿਰ ਕਾਲਾ ਕਰ ਕੇ। ਹੱਛਾ, ਆ ਲੈਣ ਦੇ ਅੱਜ! ਕਦੇ ਤਾਂ ਮੁੜੇਗਾ ਈ ਨਾਂ।" ਗਰਾਮੋਫ਼ੋਨ ਦੇ ਤਵੇ ਵਾਂਗ ਉਹ ਆਪਣੇ ਆਪ ਹੀ ਸਭ ਕੁਛ ਕਹਿ ਗਈ।

'ਇਹ ਸਗੋਂ ਮੈਨੂੰ ਤਾਂ ਨਹੀਂ ਸੁਣਾ ਰਹੀ?' ਮੈਂ ਦਿਲ ਕੋਲੋਂ ਪੁੱਛਿਆ। ਧਾਰਮਕ ਪ੍ਰਚਾਰਕ ਹੋਣ ਕਰ ਕੇ ਮੈਂ ਖੁੱਲ੍ਹੇ ਸ਼ਬਦਾਂ ਵਿਚ ਭਾਵੇਂ ਨਾ ਮੰਨਾ, ਪਰ ਉਹਦੀਆਂ ਗੱਲਾਂ ਸੁਣਨ ਵਾਸਤੇ ਆਪਣੇ ਕਮਰੇ ਦਾ ਜੰਦਰਾ ਖ਼ੁਹਲਣ ਵਿਚ ਮੈਂ ਵੀ ਲੋੜ ਤੋਂ ਵਧੇਰੇ ਚਿਰ ਲਾ ਦਿਤਾ। ਪਹਿਲਾਂ ਤਾਂ ਚਾਬੀ ਮੇਰੇ ਹੱਥੋਂ ਭੋਇੰ 'ਤੇ ਡਿੱਗ ਪਈ। ਸਹਿਜ-ਭੋਂ ਨਾਲ ਮੈਂ ਚਾਬੀ ਚੁੱਕੀ, ਤਾਂ ਫਿਰ ਜੰਦਰਾ ਨਾ ਖੁੱਲ੍ਹੇ। ਦੋ ਚਾਰ ਸਿੱਧੇ ਪੁੱਠੇ ਗੇੜੇ ਦੇ ਕੇ ਮੈਂ ਜੰਦਰਾ ਖ਼ੁਹਲਿਆ, ਤੇ ਬੂਹਾ ਲਾਹ ਕੇ ਅੰਦਰ ਲੰਘਿਆ।

ਮੇਰੇ ਉਹਲੇ ਹੁੰਦਿਆਂ ਹੀ ਦੂੱਜੇ ਪਾਸਿਓਂ ਵੀ ਕਾੜ ਕਰ ਕੇ ਬੂਹਾ ਬੰਦ ਹੋਣ ਦੀ ਵਾਜ ਕੰਨੀ ਪਈ।

'ਹੱਛਾ, ਉਹ ਵੀ ਅੰਦਰ ਚਲੀ ਗਈ? ਇਹਦਾ ਅਰਥ ਹੋਇਆ, ਕਿ ਉਹ ਮੈਨੂੰ ਸੁਨਾਉਣ ਬਦਲੇ ਹੀ ਏਨਾ ਚਿਰ ਬੂਹੇ 'ਚ ਖਲੀ ਵਾ-ਦਵਾਈਆਂ ਮਾਰਦੀ ਰਹੀ ਏ। ਪਰ ਮੈਨੂੰ ਸੁਨਾਉਣ ਦਾ ਕੀ ਲਾਭ? ਸਗੋਂ ਉਹਦਾ ਹੱਥੀਂ-ਸਹੇੜਿਆ ਵਰ ਵੀ ਕੋਈ ਗਿਆਨੀ ਤਾਂ ਨਹੀਂ? ਤੇ ਉਹ ਹਰ ਇਕ ਗਿਆਨੀ ਨੂੰ ਹੀ ਉਹਦੇ ਵਰਗਾ ਸਮਝਣ ਲੱਗ ਪਈ ਹੋਵੇ।' ਮੈਂ ਆਪਣੇ ਆਪ ਨੂੰ ਚੰਗਾ ਗਿਆਨੀ ਸਮਝਦਾ ਹੋਇਆ ਵੀ ਉਹਨਾਂ ਬਾਰੇ ਸੋਚੀ ਜਾ ਰਿਹਾ ਸਾਂ।

ਹੁਣ ਮੈਂ ਉਹਦੇ ਸ਼੍ਰੀਮਾਨ ਨੂੰ ਉਡੀਕਣ ਲੱਗਾ; ਪਈ ਕਦੋਂ ਉਹ ਆਵੇ, ਤੇ ਕਦੋਂ ਮੈਂ ਉਸ ਜੋੜੀ ਦੀਆਂ ਮਿੱਠੀਆਂ ਸਲੂਣੀਆਂ ਸੁਣਾ। ਮੈਨੂੰ ਬਹਤਾ ਚਿਰ ਉਡੀ-ਕਣਾ ਨਾ ਪਿਆ। ਗਵਾਂਢੀਆਂ ਦੇ ਬੂਹੇ ਉਤੇ ਹੱਥ ਮਾਰ ਕੇ ਕਿਸੇ ਨੇ ਹੌਲੀ ਜੇਹੀ ਕਿਹਾ, "ਬੂਹਾ ਖੁਹਲੋ।"

'ਲਉ, ਆ ਗਿਆ ਜੇ।' ਮੈਂ ਉਹਨਾ ਦੀਆਂ ਪਿਆਰ ਮੁਹੱਬਤ ਦੀਆਂ ਗੱਲਾਂ ਸੁਣਨ ਵਾਸਤੇ ਸਾਵਧਾਨ ਹੋ ਬੈਠਾ। 'ਪਰ ਏਥੇ ਬੈਠਿਆਂ ਤਾਂ ਨਹੀਂ ਸੁਣੀਆਂ ਜਾਣੀਆਂ।' ਮੈਂ ਹੱਥ ਮੂੰਹ ਧੋਣ ਦੇ ਪੱਜ ਗੁਸਲਖਾਨੇ ਵਿਚ ਚਲਾ ਗਿਆ। ਗੁਸਲ-ਖ਼ਾਨਾ ਸਾਡੇ ਕਮਰਿਆਂ ਦੇ ਪਿਛਲੇ ਪਾਸੇ ਸੀ। ਗਵਾਂਢੀਆਂ ਦੇ ਕਮਰੇ ਦਾ ਪਿਛਲਾ ਬੂਹਾ ਬਿਲਕੁਲ ਗੁਸਲਖ਼ਾਨੇ ਦੇ ਸਾਮ੍ਹਣੇ ਸੀ। ਢੂੱਕੇ ਹੋਏ ਬੂਹੇ 'ਤੇ ਵੀ ਏਥੇ ਸਭ ਕੁਛ ਸੁਣਿਆਂ ਜਾ ਰਿਹਾ ਸੀ। 'ਕਲ' ਤੇ 'ਨਾਰਦ' ਦੀ ਦੁਵੱਲੀ ਲੜਾਈ ਅਸੀਂ ਪੁਰਾਣੇ ਕਵੀਆਂ ਦੀ ਜ਼ਬਾਨੀ ਸੁਣਦੇ ਆਏ ਹਾਂ। ਪਰ ਏਥੇ ਸਿਰਫ਼ 'ਕਲ' ਬੋਲ ਰਹੀ ਸੀ, 'ਨਾਰਦ' ਵਿਚਾਰਾ ਚੁੱਪ ਸੀ। ਮੈਨੂੰ ਯਕੀਨ ਹੋ ਗਿਆ, ਕਿ 'ਨਾਰਦ' ਜ਼ਰੂਰ ਬੁੱਢਾ ਹੋਣਾ ਏਂ, ਜੋ ਮੁਟਿਆਰ 'ਕਲ' ਦੇ ਸਾਮ੍ਹਣੇ ਉਭਾਸਰ ਨਹੀਂ ਸਕਦਾ।

ਹੁਣ ਸਿਰਫ਼ ਮਾਮਲੇ ਦਾ ਇਕ ਪਾਸਾ ਪੜਤਾਲਣ ਵਾਲਾ ਰਹਿ ਗਿਆ ਸੀ, ਸ਼੍ਰੀਮਾਨ ਜੀ ਦੇ ਦਰਸ਼ਨ। ਤੇ ਇਹ ਕੋਈ ਔਖਾ ਕੰਮ ਨਹੀਂ ਸੀ।

ਸ਼੍ਰੀ ਮਾਨ ਨੂੰ ਸਿਰਫ਼ ਇਕ ਵਾਰ ਤੜਕੇ ਹੀ ਚਾਹ ਨਹੀਂ ਸੀ ਬਨਾਉਣੀ ਪੈਂਦੀ, ਸਗੋਂ ਇਹ ਸੇਵਾ ਅੱਠਾਂ ਪਹਿਰਾਂ ਵਿਚ ਤਿੰਨ-ਵਾਰ ਭੁਗਤਾਉਣੀ ਪੈਂਦੀ ਸੀ। ਦਿਨ ਦੇ ਤਿੰਨ ਵਜੇ ਸਨ। ਮੈਂ ਮੰਜੇ 'ਤੇ ਲੇਟਿਆ ਬੰਗਾਲੀ ਲੇਖਕ ਸ਼ਰਤ ਚੰਦਰ ਦਾ ਨਾਵਲ 'ਸ਼ੇਸ਼ ਪ੍ਰਸ਼ਨ' ਪੜ੍ਹ ਰਿਹਾ ਸਾਂ। ਬਾਹਰੋਂ ਕੋਲੇ ਭੰਨਣ ਦੀ ਵਾਜ ਆਈ। ਨਾਵਲ ਵੱਲੋਂ ਹਟ ਕੇ ਮੇਰੀ ਸੁਰਤ ਓਸ ਪਾਸੇ ਦੌੜ ਗਈ। 'ਬੂਹਾ ਖੁਹਲ ਕੇ ਵੇਖਾਂ ਭਲਾ? ਨਹੀਂ, ਇਹ ਠੀਕ ਨਹੀਂ।' ਦੋ ਚਾਰ ਮਿੰਟ ਮੇਰੇ ਅੰਦਰ ਦੋਹਾਂ ਵਿਚਾਰਾਂ ਦਾ ਘੋਲ ਹੁੰਦਾ ਰਿਹਾ। ਮੈਂ ਆਪਣੀ ਪ੍ਰਬਲ ਇਛਿਆ ਨੂੰ ਨਾ ਹੀ ਰੋਕ ਸਕਿਆ। ਗੁਸਲਖ਼ਾਨੇ ਵੱਲ ਜਾਣ ਦੇ ਬਹਾਨੇ ਮੈਂ ਪਿਛਲਾ ਬੂਹਾ ਖੁਹਲ ਹੀ ਲਿਆ। ਵੇਖਦੇ ਸਾਰ ਮੈਂ ਹੱਕਾ-ਬੱਕਾ ਰਹਿ ਗਿਆ। ਗਿਆਨੀ ਹਰਨਾਮ ਸਿੰਘ ਬੈਠਾ ਕੋਲੇ ਭੰਨ ਰਿਹਾ ਸੀ। ਉਹਦੇ ਹੱਥ ਗੁੱਟਾਂ ਤੋਂ ਉਤਾਂਹ ਤਕ ਕਾਲੇ ਹੋਏ ਹੋਏ ਸਨ। ਬਰੀਕ ਕੋਰੀ ਉਡ ਉਡ ਕੇ ਉਹਦੇ ਕੱਪੜਿਆਂ ਤੇ ਦੁੱਧ-ਚਿੱਟੇ ਦਾਹੜੇ ਉਤੇ ਵੀ ਪਈ ਹੋਈ ਸੀ।

"ਗਿਆਨੀ ਜੀ ਤੁਸੀਂ?" ਮੇਰੀ ਵਾਜ ਵਿਚ ਖੁਸ਼ੀ ਤੇ ਹੈਰਾਨੀ ਮਿਲੀ ਹੋਈ ਸੀ। ਪੂਰੇ ਪੰਦਰਾਂ ਵਰ੍ਹਿਆਂ ਪਿੱਛੋਂ ਅਸੀਂ ਮੱਥੇ ਲੱਗੇ ਸਾਂ।

"ਹੱਛਾ, ਛੋਟੇ ਭਾਈ ਆਪ ?" ਪਾਟੇ ਹੋਏ ਮੈਲੇ ਜਿਹੇ ਪਰਨੇ ਨਾਲ ਹੱਥ ਪੂੰਝਦਾ ਉਹ ਉਠ ਬੈਠਾ। "ਬੜੀ ਮੁੱਦਤ ਪਿੱਛੋਂ ਦਰਸ਼ਨ ਹੋਏ ਨੇ।" ਉਹਨੇ ਮੇਰੇ ਨਾਲ ਦੋਵੇਂ ਹੱਥ ਮਿਲਾਏ, ਪਰ ਸਿਰਫ਼ ਉਂਗਲੀਆਂ ਦੇ ਅੱਗੋਂ ਪੋਟੇ ਹੀ।

ਦੋ ਮਿੰਟ ਸਰਸਰੀ ਗੱਲਾਂ ਕਰਨ ਪਿੱਛੋਂ ਮੈਂ ਅਗ੍ਹਾਂ ਗ਼ੁਸਲਖ਼ਾਨੇ ਵਿਚ ਚਲਾ ਗਿਆ। ਅੱਗੇ ਤਾਂ ਭਾਵੇਂ ਨਿਰਾ ਬਹਾਨਾ ਹੀ ਸੀ, ਪਰ ਹੁਣ ਮੈਨੂੰ ਸੱਚ ਮੁੱਚ ਸਾਬਣ ਨਾਲ ਮੂੰਹ ਹੱਥ ਧੋਣਾ ਪਿਆ। ਮੈਂ ਵਾਪਸ ਮੁੜਿਆ, ਤਾਂ ਗਿਆਨੀ ਅੰਗੀਠੀ ਭਖ਼ਾਂ ਰਿਹਾ ਸੀ।

ਗਿਆਨੀ ਹਰਨਾਮ ਸਿੰਘ ਮੇਰਾ ਪੰਝੀਆਂ ਵਰ੍ਹਿਆਂ ਦਾ ਜਾਣੂ ਸੀ। ਪਹਿਲੇ ਪਹਿਲ ਅਸੀਂ ਬੰਬਈ ਇਕ ਦੀਵਾਨ 'ਤੇ ਕੱਠੇ ਹੋਏ ਸਾਂ। ਮੈਂ ਓਦੋਂ ਭਰ ਜਵਾਨ ਸਾਂ, ਚਵੀ-ਪੰਝੀ ਸਾਲ ਦਾ। ਗਿਆਨੀ ਨੂੰ ਕੋਈ ਕੋਈ ਧੌਲਾ ਆਇਆ ਹੋਇਆ ਸੀ। ਏਹਾ ਕੋਈ ਚਾਲੀ ਕੁ ਸਾਲ ਦੀ ਉਮਰ ਹੋਵੇਗੀ ਉਹਦੀ ਓਦੋਂ। ਛੇਤੀ ਹੀ ਅਸੀਂ ਚੰਗੇ ਜਾਣੂ ਬਣ ਗਏ, ਤੇ ਜਾਣੂਆਂ ਤੋਂ ਅਗ੍ਹਾਂ ਵਧ ਕੇ ਮਿੱਤਰ ਵੀ। ਇਕ ਦਿਨ ਸਮੁੰਦਰ ਦੇ ਕੰਢੇ ਸੈਰ ਕਰਦਿਆਂ ਗਿਆਨੀ ਨੇ ਪੁੱਛਿਆ, "ਸੁਣਾਂ ਯਾਰ! ਅਜੇ ਸੁਤੰਤਰ ਈ ਏਂ, ਕਿ ਪੈਰੀਂ ਬੇੜੀਆਂ ਪਾ ਬੈਠਾ ਏਂ ?"

"ਕੀ ਮਤਲਿਬ ?" ਮੈਂ ਅੱਧਾ ਕੁ ਅਰਥ ਸਮਝਦਿਆਂ ਹੋਇਆ ਵੀ ਦੁਬਾਰਾ ਪੁੱਛਿਆ।

"ਏਹਾ, ਜਿਸਨੂੰ ਵਿਆਹ ਆਹੰਦੇ ਜੇ, ਇਕ ਨਾਰ ਦਾ ਗ਼ੁਲਾਮ ਹੋਣਾ ਈਂ ਏਂ ਕਿ।" ਤੇ ਫਿਰ ਗਿਆਨੀ ਨੇ ਵਿਆਹ ਦੇ ਵਿਰੁੱਧ ਇਕ ਚੰਗਾ ਲੰਮਾ ਚੌੜਾ ਲੈਕਚਰ ਝਾੜਿਆ। ਉਹਦਾ ਮੱਤ ਸੀ, ਕਿ ਜਿਹੜਾ ਆਦਮੀ ਸੁਖੀ ਜੀਵਨ ਦਾ ਹਾਮੀ ਹੈ, ਤੇ ਰੱਜ ਕੇ ਦੁਨੀਆਂ ਦੀ ਸੈਰ ਕਰਨਾ ਚਾਹੁੰਦਾ ਹੈ, ਉਹਨੂੰ ਵਿਆਹ ਦੀ ਫਾਹੀ ਵਿਚ ਨਹੀਂ ਫਸਣਾ ਚਾਹੀਦਾ। ਤੇ ਇਹ ਜਾਣਕੇ, ਕਿ ਮੈਂ ਵਿਆਹਿਆ ਹੋਇਆ ਹਾਂ, ਗਿਆਨੀ ਵਿਚਾਰਾ ਕਿੰਨਾ ਚਿਰ ਮੇਰੀ ਕਿਸਮਤ 'ਤੇ ਅਫ਼ਸੋਸ ਕਰਦਾ ਰਿਹਾ।

ਇਕ ਦੂਜੇ ਦੇ ਘਰੋਗੀ ਹਾਲਾਤ ਤੋਂ ਵਧੇਰੇ ਜਾਣੂ ਹੋਣ 'ਤੇ ਮੈਨੂੰ ਪਤਾ ਲੱਗਾ, ਕਿ ਗਿਆਨੀ ਦੇ ਘਰ ਦੇ ਉਸਦਾ ਵਿਆਹ ਕਰਨ ਲੱਗੇ ਸਨ। ਸ੍ਰੀ ਮਾਨ ਜੀ ਡਰਦੇ ਅਜੇਹੇ ਅਲੋਪ ਹੋਏ, ਕਿ ਛੇ ਮਹੀਨੇ ਉੱਘ ਸੁੱਘ ਹੀ ਨਾ ਨਿਕਲੀ। ਆਪੋ ਆਪਣੇ ਥਾਂ ਅਸੀਂ ਦੋਵੇਂ ਝੂਰਦੇ ਸਾਂ, ਮੈਂ ਉਹਦੀ ਅਕਲ ਉਤੇ ਤੇ ਉਹ ਮੇਰੀ ਹਾਲਤ ਉਤੇ।

ਕੁਛ ਸਾਲਾਂ ਪਿੱਛੋਂ ਅਸੀਂ ਸਿਰੀ ਨਗਰ ਕੱਠੇ ਹੋਏ। ਓਦੋਂ ਉਹਦੇ ਨਾਲ

ਇਕ ਸੱਤ ਅੱਠ ਸਾਲ ਦਾ ਲੜਕਾ ਸੀ। "ਸਗੋਂ ਇਹ ਭਤੀਜਾ ਜੇ ਗਿਆਨੀ ਜੀ ! ਜਾਂ ਕੋਈ 'ਪਹਿਲੇ ਪੂਤ, ਪਛੇਰੀ ਮਾਈ' ਵਾਲੀ ਗੜਬੜ ਹੋ ਗਈ ਏ।" ਮੈਂ ਕਾਕੇ ਵੱਲ ਇਸ਼ਾਰਾ ਕਰਕੇ ਠੱਠੇ ਨਾਲ ਪੁੱਛਿਆ।

"ਮੈਂ ਕੋਈ ਮੂਰਖ ਆਂ ਤੁਹਾਡੇ ਵਰਗਾ ? ਇਹ ਬਾਲ-ਬ੍ਰਹਮਚਾਰੀ, ਕਿਸੇ ਨਾਰ ਦਾ ਮੁਰੀਦ ਨਹੀਂ ਬਣਨ ਲੱਗਾ।" ਉਹਨੇ ਆਪਣੇ ਅਣ-ਵਿਆਹੇ ਜੀਵਨ ਉਤੇ ਮਾਣ ਪਰਗਟ ਕਰਦਿਆਂ ਛਾਤੀ ਫੁਲਾ ਕੇ ਕਿਹਾ।

"ਤਾਂ ਫਿਰ ਇਹ ?" ਮੈਂ ਫਿਰ ਕਾਕੇ ਵੱਲ ਇਸ਼ਾਰਾ ਕੀਤਾ।

"ਓ ਭਲਿਆ ਲੋਕਾ !" ਗਿਆਨੀ ਨੇ ਜ਼ਰਾ ਗੰਭੀਰ ਹੋ ਕੇ ਕਿਹਾ, "ਮਨ ਦਾ ਮੋਹ ਈ ਪੂਰਾ ਕਰਨਾ ਏਂ ਨਾਂ ! ਇਹ ਚੇਲਾ ਏ।"

"ਠੀਕ ਏ ਜੀ ! ਗ੍ਰਿਸਤੀ ਬਣ ਕੇ ਵੀ ਇਕ ਪੁੱਤਰ ਦੀ ਈ ਲੋੜ ਹੁੰਦੀ ਏ ਨਾਂ। ਤੇ ਜੀਹਨੂੰ ਪਲਿਆ ਪੋਸਿਆ ਪੁੱਤਰ ਮੁਫ਼ਤੋ ਮੁਫ਼ਤ ਮਿਲ ਜਾਏ, ਉਹਨੂੰ ਕੀ ਲੋੜ ਏ ਜ਼ਿੰਮੇਵਾਰੀਆਂ ਦੀ ਪੰਡ ਹੇਠਾਂ ਸਿਰ ਦੇਣ ਦੀ।" ਮੈਂ ਥੋੜ੍ਹਾ ਥੋੜ੍ਹਾ ਮੁਸਕਰਾ ਰਿਹਾ ਸਾਂ।

"ਭਈ, ਛੋਟੇ ਭਾਈ !" ਗਿਆਨੀ ਮੈਨੂੰ ਏਸੇ ਤਰ੍ਹਾਂ ਸੰਬੋਧਨ ਕਰਿਆ ਕਰਦਾ ਸੀ। "ਮੈਂ ਆਪਣੀ ਕਮਜ਼ੋਰੀ ਲੁਕਾਉਂਦਾ ਨਹੀਂ। ਇਸਤਰੀ ਬਿਨਾਂ ਤਾਂ ਕੱਟੀ ਜਾ ਸਕਦੀ ਏ, ਪਰ ਪੁੱਤਰ ਬਿਨਾਂ ਨਹੀਂ। ਅੱਧ ਉਮਰੋਂ ਟੱਪ ਕੇ ਇਹ ਦੁਨਿਆਵੀ ਮੋਹ ਡਾਢਾ ਸਤਾਉਣ ਲੱਗ ਪੈਂਦਾ ਏ।" ਉਹਨੇ ਆਪਣੀ ਅੱਧੀ ਭੁੱਲ ਮੰਨ ਲਈ।

"ਨਹੀਂ, ਗਿਆਨੀ ਜੀ ! ਇਸਤਰੀ ਬਿਨਾਂ ਵੀ ਨਹੀਂ ਕੱਟੀ ਜਾ ਸਕਦੀ। ਕਿਸੇ ਦਿਨ ਤੁਹਾਨੂੰ ਇਹ ਭੁੱਲ ਵੀ ਮੰਨਣੀ ਪਵੇਗੀ।"

"ਇਹ ਤੇਰਾ ਵਹਿਮ ਏਂ। ਅਸਾਂ ਕੱਟੀ ਏ, ਕਿ ਨਹੀਂ ?" ਗਿਆਨੀ ਨੇ ਆਪਣੇ ਆਪ ਨੂੰ ਮਿਸਾਲ ਵਜੋਂ ਪੇਸ਼ ਕੀਤਾ। "ਆਦਮੀ ਵਾਸਤੇ ਕੋਈ ਰੁਝੇਵਾਂ ਚਾਹੀਦਾ ਏ। ਸੋ, ਉਹ ਸਾਨੂੰ ਮਿਲ ਗਿਆ ਏ। ਇਸ ਬੱਚੇ ਨੂੰ ਪੜ੍ਹਾਵਾਂਗੇ, ਚੋਟੀ ਦਾ ਵਿੱਦਵਾਨ ਬਣਾਵਾਂਗੇ, ਤੇ ਸ਼ਾਹਜ਼ਾਦਿਆਂ ਵਾਂਗ ਇਹਦੀ ਪਾਲਣਾ ਕਰਾਂਗੇ। ਏਨੇ ਬਦਲੇ ਇਹ ਬੁਢਾਪੇ ਵਿਚ ਚਾਰ ਦਿਨ ਸਾਡੀ ਸੇਵਾ ਨਾ ਕਰੇਗਾ ਭਲਾ ?" ਕਿੰਨੇ ਲੰਮੇ ਦਾਈਏ ਸਨ।

ਅਸੀਂ ਇਕ ਹਫ਼ਤਾ ਸਿਰੀ ਨਗਰ ਰਹੇ। ਏਨੇ ਵਿਚ ਹੀ ਮੈਂ ਜਾਚ ਲਿਆ, ਕਿ ਗਿਆਨੀ ਬੱਚੇ ਦੇ ਮੋਹ ਵਿਚ ਬਹੁਤ ਫਸ ਗਿਆ ਹੈ। ਉਹ ਉਹਨੂੰ ਏਡਾ ਲਾਡ ਪਿਆਰ ਕਰਦਾ, ਕਿ ਮੈਂ ਆਪਣੇ ਬੱਚਿਆ ਜਾਂ ਹੁਣ ਪੋਤਰਿਆਂ ਨੂੰ ਵੀ ਏਨਾ ਕਦੇ ਨਹੀਂ ਕਰ ਸਕਿਆ। ਮੈਂ ਓਥੋਂ ਪਹਿਲਗਾਮ ਨੂੰ ਆ ਗਿਆ, ਤੇ ਉਹ ਗੁਲਮਰਗ

ਨੂੰ ਤੁਰ ਗਏ। ਓਦੋਂ ਦੇ ਵਿਛੜੇ ਅਸੀਂ ਪੰਦਰਾਂ ਸਾਲ ਪਿੱਛੋਂ ਕਲਕੱਤੇ ਮਿਲੇ।

ਮੇਰੇ ਅੰਦਰ ਗਿਆਨੀ ਦੀ ਜੀਵਨ-ਕਥਾ ਸੁਣਨ ਦੀ ਬੜੀ ਕਾਹਲੀ ਸੀ। ਉਹ ਚਾਹ ਪਾਣੀ ਛਕ ਹਟੇ, ਤਾਂ ਮੈਂ ਬੂਹੇ 'ਚ ਖਲੋ ਕੇ ਵਾਜ ਮਾਰੀ, "ਆਓ, ਗਿਆਨੀ ਜੀ ! ਤੁਹਾਨੂੰ ਦਸ ਮਿੰਟ ਸੈਰ ਕਰਾ ਲਿਆਈਏ।" ਸੀ ਤਾਂ ਮੇਰਾ ਇਹ ਬੜਾ ਬਹਾਦਰੀ ਦਾ ਕੰਮ। ਵਿਚੋਂ ਮੇਰਾ ਦਿਲ ਕੰਬ ਰਿਹਾ ਸੀ, ਮਤਾਂ ਉਹਦੀ ਸ਼੍ਰੀ ਮਤੀ ਮੇਰੇ ਉਤੇ ਹੀ ਵਰ੍ਹ ਪਵੇ। ਪਰ ਮੈਂ ਇਹ ਸੋਚ ਕੇ ਦਲੇਰੀ ਕੀਤੀ ਸੀ, ਕਿ ਨਿੱਤ 'ਜੀ, ਜੀ' ਸੁਣਨ ਵਾਲੇ ਦਾ ਏਨੇ ਨਾਲ ਮਸ੍ਹਾਂ ਜੀ ਕਰਾਰਾ ਹੀ ਹੋਵੇਗਾ।

ਸ਼੍ਰੀ ਮਤੀ ਨੇ ਅਜੇ ਮਾੜਾ ਜਿਹਾ ਹੀ ਮੱਥਾ ਵੱਟਿਆ ਸੀ, ਜਾਂ ਗਿਆਨੀ ਨੇ ਮੇਰੀ ਜਾਣ ਪਛਾਣ ਸ਼ੁਰੂ ਕਰ ਦਿਤੀ, "ਇਹ ਜੀ,......।"

ਪਤਾ ਨਹੀਂ, ਮੇਰੀ ਵਡਿਆਈ ਦਾ ਸ਼੍ਰੀ ਮਤੀ ਦੇ ਦਿਲ 'ਤੇ ਕਿੰਨਾ ਕੁ ਅਸਰ ਹੋਇਆ, ਪਰ ਤੂਫ਼ਾਨ ਟਲ ਗਿਆ। ਉਹਨੇ ਦੋਵੇਂ ਹੱਥ ਜੋੜ ਕੇ ਮੈਨੂੰ 'ਸਤਿ ਸ੍ਰੀ ਅਕਾਲ' ਬੁਲਾਈ। ਕੰਨ ਕਰਾਰੇ ਕਰਨ ਦੀ ਮੇਰੀ ਰੀਝ ਵਿਚੇ ਹੀ ਰਹਿ ਗਈ। ਗਿਆਨੀ ਮਲਮਲ ਦਾ ਸਫ਼ੈਦ ਸਾਫ਼ਾ ਮੋਢਿਆਂ ਉਤੇ ਸੁੱਟ ਕੇ ਮੇਰੇ ਨਾਲ ਤੁਰ ਪਿਆ।

ਅਸੀਂ ਸ਼ਹਿਰ ਵਿਚ ਘਿਰੀ ਹੋਈ ਲੰਮ ਸਲੰਮੀ ਝੀਲ ਦੇ ਕੰਢੇ ਬੈਂਚ ਉਤੇ ਜਾ ਬੈਠੇ। ਮੈਂ ਪੁੱਛਿਆ, "ਗਿਆਨੀ ਜੀ ! ਸੁਣਾਓ, ਤੁਸੀਂ ਕਿਵੇਂ ਫਸ ਗਏ ?"

"ਯਾਰ, ਕੁਛ ਨਾ ਪੁੱਛ। 'ਇਹ ਉਡਦਾ ਵਾੜ ਦਾ ਛਾਪਾ ਬਾਪੂ ! ਮੈਨੂੰ ਚੰਬੜ ਗਿਆ'।" ਇਕ ਪੰਜਾਬੀ ਬੋਲੀ ਪਾ ਕੇ ਗਿਆਨੀ ਨੇ ਆਪਣੀ ਕਹਾਣੀ ਦੀ ਵਿਆਖਿਆ ਕਰ ਦਿਤੀ।

"ਪਰ ਏਸ ਉਮਰੇ, ਇਸ ਉਡਦੇ ਛਾਪੇ ਦੇ ਕਾਬੂ ਕਿਵੇਂ ਆ ਗਏ ਤੁਸੀਂ ? ਨਾਲੇ ਫਿਰ ਇਕ ਪੁੱਤਰਾਂ ਵਰਗੇ ਚੇਲੇ ਦੇ ਹੁੰਦਿਆਂ ਸਿੰਦਿਆਂ।"

"ਉਸ ਚੇਲੇ ਦੀ ਕਿਰਪਾ ਨਾਲ ਹੀ ਤਾਂ ਇਸ ਪਾਇਆਂ ਨੂੰ ਪੁੱਜੇ ਆਂ। ਉਹਨੂੰ ਭੁੱਖੇ ਮਰਦੇ ਨੂੰ ਪਾਲ ਪੋਸ ਕੇ ਪੰਦਰਾਂ ਸੋਲਾਂ ਸਾਲ ਦਾ ਜਵਾਨ ਕੀਤਾ। ਰੱਜਵਾਂ ਖਾਣ ਨੂੰ ਮਿਲਿਆ, ਤਾਂ ਉਹਦੇ ਚਾਲੇ ਹੀ ਹੋਰ ਹੋ ਗਏ। ਅਖ਼ੀਰ ਇਕ ਰਾਤ, ਜੋ ਹੱਥ ਲੱਗਾ, ਸਮੇਟ ਕੇ ਉਹ ਪੱਤਰਾ ਵਾਚ ਗਿਆ। ਸਮਝੋ, ਕਿ ਉਮਰ ਭਰ ਦੀ ਕਮਾਈ ਵਿਚੋਂ ਅੱਧ ਵੰਡ ਕੇ ਲੈ ਗਿਆ। ਓਦਣ ਸਾਨੂੰ ਪੁੱਤਰ ਤੇ ਚੇਲੇ ਦੇ ਫ਼ਰਕ ਦਾ ਗਿਆਨ ਹੋਇਆ। ਕੁਛ ਚਿਰ ਮਨ ਬੜਾ ਉਦਾਸ ਰਿਹਾ। ਹਰ ਵੇਲੇ ਏਹਾ ਸੋਚੀ ਜਾਈਏ, ਪਈ ਜੇ ਆਪਣਾ ਪੁੱਤਰ ਹੁੰਦਾ, ਤਾਂ ਇਉਂ ਨਹੀਂ ਸੀ ਕਰਦਾ।"

"ਤੇ ਤੁਸੀਂ ਇਹ ਵੀ ਸੋਚਦੇ ਹੋਵੋਗੇ, ਕਿ ਪੁੱਤਰ ਵਿਆਹ ਤੋਂ ਬਿਨਾਂ ਈਂ

ਹੋ ਪੈਂਦਾ।" ਮੈਂ ਉਹਦੇ ਪਹਿਲੀ ਉਮਰ ਦੇ ਸੰਤਪੁਣੇ 'ਤੇ ਭਰਵੀਂ ਚੋਟ ਕੀਤੀ।

"ਛੋਟੇ ਭਾਈ! ਅੱਜ ਜੋ ਮਰਜ਼ੀ ਉ ਕਹਿ ਲੈ। ਮੈਂ ਤੇਰੇ ਸਾਮ੍ਹਣੇ ਹਾਰ ਗਿਆ ਹਾਂ। ਵੇਲੇ ਸਿਰ ਵਿਆਹ ਨਾ ਕਰਾਉਣ ਦੀ ਗ਼ਲਤੀ ਨੂੰ ਮ ਮੰਨ ਲਿਆ ਹੈ।"

"ਚਲੋ, ਭੁੱਲਾ ਉਹ ਨਾ ਜਾਣੀਏਂ, ਜੋ ਮੁੜ ਘਰ ਆਵੇ। ਪਰ ਇਹ ਸੰਜੋਗ ਹੋਇਆ ਕਿਵੇਂ ?"

"ਇਹ ਵੀ ਸੁਣ ਲੈ। ਮੈਂ ਕਾਹਨਪੁਰ ਦੋ ਮਹੀਨੇ ਕਥਾ ਕੀਤੀ। ਇਹ ਬੜੀ ਸੇਵਾ ਕਰਿਆ ਕਰੇ। ਉਸ ਵੇਲੇ ਤਾਂ ਇਹ ਸਤੀ ਸਾਵਿੱਤਰੀ ਨਾਲੋਂ ਵੀ ਵਧੇਰੇ ਅਸੀਲ ਜਾਪਦੀ ਸੀ। ਸਾਨੂੰ ਇਹਦੇ ਰੰਡੇਪੇ 'ਤੇ ਤਰਸ ਆ ਗਿਆ। ਅਸਾਂ ਸਤਿਨਾਮ ਆਖ ਕੇ ਅਨੰਦ ਕਾਰਜ ਕਰਾ ਲਿਆ ਤੇ ਅੰਮ੍ਰਿਤਸਰ ਵਾਲਾ ਮਕਾਨ ਇਹਦੇ ਨਾਂ ਲਿਖ ਦਿਤਾ। ਜਵਾਨੀ ਵਾਰੇ ਮਾਪਿਆਂ ਦਾ ਕਿਹਾ ਨਾ ਮੰਨਿਆਂ, ਤੇ ਬੁੱਢੇਵਾਰੇ ਜਾਣ ਬੁੱਝ ਕੇ ਫਾਹ ਗਲ ਪਾ ਲਿਆ। ਇਹਨੂੰ ਆਹੰਦੇ ਈ: ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ।"

੧-੨-੫੮

ਅੰਤਰਜਾਮੀ

ਇਹ ਕੋਈ ਕਲਪਤ ਕਹਾਣੀ ਨਹੀਂ । ਨਾ ਹੀ ਇਹ ਜੱਗ ਬੀਤੀ ਹੈ । ਸਗੋਂ ਹੱਡਬੀਤੀ, ਅੱਖੀਂ ਡਿੱਠੀ ਤੇ ਕੰਨੀ ਸੁਣੀ ਵਾਰਤਾ ਹੈ ।

ਪੰਦਰਾਂ ਵਰ੍ਹੇ ਹੋ ਗਏ ਹਨ ਏਸ ਗੱਲ ਨੂੰ । ਮੇਰਾ ਛੋਟਾ ਕਾਕਾ ਓਦੋਂ ਪੰਜਾਂ ਵਰ੍ਹਿਆਂ ਦਾ ਸੀ । ਕਾਕੇ ਦਾ ਮਾਮਾ ਜਗੀਰ ਸਿੰਘ ਤੇ ਉਹਦਾ ਘਰਾਂ 'ਚੋਂ ਇਕ ਭਰੱਾ ਅਨੋਖ ਸਿੰਘ ਲੌਢੇ ਵੇਲੇ ਘਰ ਆਏ । ਜਲ-ਪਾਣੀ ਪਿੱਛੋਂ ਗੱਲਾਂ ਬਾਤਾਂ ਹੋਣ ਲੱਗੀਆਂ, ਤਾਂ ਜਗੀਰ ਸਿੰਘ ਨੇ ਕਿਹਾ, "ਭਾਈਆ ਜੀ ! ਅੱਜ ਤੁਹਾਨੂੰ ਵੀ ਨਾਲ ਲਚੱਲਣਾ ਏਂ ।"

"ਕਿੱਥੇ ?" ਮੈਂ ਹੈਰਾਨੀ ਨਾਲ ਪੁਛਿਆ । ਕਿਉਂਕਿ ਉਹ ਵੇਲਾ ਪਿੰਡੋਂ ਬਾਹਰ ਕਿਤੇ ਜਾਣ ਦਾ ਨਹੀਂ ਸੀ ।

"ਤੁਹਾਡੇ ਪਿੰਡ ਉਹ ਸੌਰੀਆ ਏ ਨਾਂ ! ਪੁੱਛਣਾ ਦੇਣ ਵਾਲਾ । ਅਨੋਖ ਸੁੰਹ ਕਾ ਕਾਂਟਾ ਗੁਆਚ ਗਿਆ ਏ । ਤੇ ਉਹਦੀ ਪੁੱਛ ਪੁਆਉਣੀ ਏਂ ।" ਜਗੀਰ ਸਿੰਘ ਨੇ ਆਪਣਾ ਮਨੋਰਥ ਪਰਗਟ ਕੀਤਾ ।

"ਪਰ ਪੁੱਛਣਾ ਦੇਣ ਵਾਲਾ ਤਾਂ ਇਕ ਤੁਹਾਡੇ ਪਿੰਡ ਵੀ ਹੈ, ਉਹ ਪੀਰ ਬੋਦੀ ਵਾਲਾ ।" ਮੈਂ ਉੱਤਰ ਦਿਤਾ ।

ਉਸ ਫ਼ਕੀਰ ਦਾ ਜਗੀਰ ਸਿੰਘ ਕੇ ਪਿੰਡ ਬੜਾ ਸਿੱਕਾ ਚਲਦਾ ਸੀ । ਸੀ ਉਹ ਮੁਸਲਮਾਨ, ਪਰ ਉਹਨੇ ਸਿਰ 'ਤੇ, ਅੱਧ ਤੋਂ ਜ਼ਰਾ ਖੱਬੇ ਪਾਸੇ, ਇਕ ਵੱਡੀ ਸਾਰੀ ਬੋਦੀ ਰਖੀ ਹੋਈ ਸੀ । ਸ਼ਾਇਦ ਕੋਈ ਚੌਂਹ ਵੇਦਾਂ ਦਾ ਗਿਆਤਾ ਪੰਡਤ ਵੀ ਏਡੀ ਬੋਦੀ ਨਾ ਰਖਦਾ ਹੋਵੇ । ਏਸ ਨਸ਼ਾਨੀ ਦਾ ਕਾਰਨ ਉਹਨੂੰ ਸਾਰੇ ਜਾਣੂ ਲੋਕ 'ਬੋਦੀ ਵਾਲਾ ਪੀਰ' ਕਹਿੰਦੇ ਸਨ । ਉਹਦਾ ਅਸਲੀ ਨਾਂ ਕੀ ਸੀ, ਉਹਦੀ ਜਾਤ-ਗੋਤ ਕੀ ਸੀ, ਤੇ ਉਹ ਜੰਮ-ਪਲ ਕਿੱਥੋਂ ਦਾ ਸੀ, ਇਸ ਬਾਰੇ ਕੋਈ ਵੀ ਕੁਛ ਨਹੀਂ ਸੀ ਜਾਣਦਾ । ਅਜੇਹੇ ਨਿੱਗਰ ਭੇਤ ਸ਼ਾਇਦ ਬਹੁਤ ਸਾਰੇ ਸੰਤ-ਫ਼ਕੀਰ ਗਿਣ ਮਿਥ ਕੇ ਗੁਪਤ ਰਖਦੇ ਹਨ ।

"ਉਹ ਤਾਂ ਭਾਈਆ ਜੀ ! ਜਾਹਰਾ ਪੀਰ ਜੇ । ਏਥੋਂ ਤਕ, ਕਿ ਉਹ ਆਦਮੀ

ਪ੍ਰਭਾ ਵਾਸਤੇ ਸੀ । ਮੈਂ ਉਸ ਕਮਰੇ ਵਿਚ ਹਰਇਕ ਵਾਸਤੇ ਇਕ ਬੇਲੋੜੀ ਵਸਤੂ ਸਾਂ । ਏਥੋਂ ਤਕ, ਕਿ ਸਾਹਿਤਕ ਮੇਲੀਆਂ ਦੇ ਮਿਲਨ ਵਿਚ ਮਗਨ ਪ੍ਰਭਾ ਵੀ ਮੈਨੂੰ ਜਿਵੇਂ ਭੁੱਲ ਚੁਕੀ ਸੀ ।

ਉਹ ਸਾਹਿਤਕ ਇਕੱਤਰਤਾ ਤਿੰਨ ਦਿਨ ਹੋਣੀ ਸੀ, ਪਰ ਮੈਂ ਪਹਿਲੇ ਦਿਨ ਹੀ ਪਰਸੰਨ ਹੋ ਗਿਆ । ਸਾਹਿਤਕਾਰਾਂ ਦੀ ਖ਼ਾਸ ਮਜਲਿਸ ਵਿਚ ਮੈਂ ਸ਼ਾਮਲ ਜ਼ਰੂਰ ਹੋਇਆ, ਪਰ ਪ੍ਰਭਾ ਦੀ ਹਦਾਇਤ ਮੁਤਾਬਕ ਬਿਲਕੁਲ ਚੁੱਪ ਬੈਠਾ ਰਿਹਾ । ਮੈਂ ਉਹਨਾਂ ਦੀਆਂ ਗੱਲਾਂ ਸਮਝਦਾ ਸਾਂ, ਪਰ ਵਿਚ ਬੋਲ ਨਹੀਂ ਸਾਂ ਸਕਦਾ ।

ਸ਼ਾਮ ਨੂੰ ਰੋਟੀ ਖਾਣ ਵੇਲੇ ਇਕ ਅਜੇਹੀ ਘਟਨਾ ਹੋ ਗਈ, ਜੋ ਮੇਰੇ ਵਾਸਤੇ ਮੂਲੋਂ ਅਸਹਿ ਸੀ । ਖੁੱਲ੍ਹੇ ਕਮਰੇ ਵਿਚ ਮੇਜ਼ ਕੁਰਸੀਆਂ ਲੱਗੇ ਹੋਏ ਸਨ । ਮਹਿਮਾਨ ਬੂਹੇ ਅੱਗੇ ਹੱਥ ਧੋ ਧੋ ਕੇ ਅੰਦਰ ਕੁਰਸੀਆਂ 'ਤੇ ਬੈਠ ਰਹੇ ਸਨ । ਪ੍ਰਭਾ ਦੇ ਦੋਹੀਂ ਪਾਸੀਂ ਦੋ ਕੋਟਾਂ-ਪਤਲੂਨਾਂ ਵਾਲੇ ਪਹਿਲਾਂ ਹੀ ਕੁਰਸੀਆਂ ਮੱਲ ਬੈਠੇ ਸਨ । ਉਹ ਤਿੰਨੇ ਹੱਸ ਹੱਸ ਗੱਲਾਂ ਕਰ ਰਹੇ ਸਨ । ਮੈਂ ਉਸ ਵੇਲੇ ਦਰਵਾਜ਼ੇ ਵਿਚ ਖਲਾ ਹੱਥ ਧੋ ਰਿਹਾ ਸਾਂ । ਇਕ ਅਧਖੜ ਉਮਰ ਦੇ ਸਾਹਿਤਕਾਰ ਨੇ ਪ੍ਰਭਾ ਦੀ ਕੁਰਸੀ 'ਤੇ ਉੱਲਰ ਕੇ ਕਿਹਾ, "ਮੈਂ ਕਿਹਾ, ਉਹ ਸਾਰੰਗੀ ਵਾਲਾ ਕਿੱਥੇ ਜੇ, ਜਿਹੜਾ ਤੁਹਾਡੇ ਨਾਲ ਆਇਆ ਏ ।"

"ਚੁੱਪ, ਚੁੱਪ !" ਪ੍ਰਭਾ ਨੇ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ ।

ਮੈਂ ਸਭ ਕੁਛ ਸੁਣ ਕੇ ਵਿਚੇ ਵਿਚ ਪੀ ਗਿਆ । ਪ੍ਰਭਾ ਤੋਂ ਚੋਖੀ ਦੂਰ ਮੈਂ ਇਕ ਖ਼ਾਲੀ ਕੁਰਸੀ 'ਤੇ ਜਾ ਬੈਠਾ । ਮੈਂ ਚੋਰ ਅੱਖਾਂ ਨਾਲ ਉਦਾਲੇ ਬੈਠਿਆਂ ਵੱਲ ਤਕਿਆ । ਹਰ ਕੋਈ ਪੱਜ ਬਹਾਨੇ ਆਸੇ ਪਾਸੇ ਧਿਆਨ ਕਰਕੇ ਆਪਣੇ ਹਾਸੇ ਨੂੰ ਮੱਲੋ-ਜੋਰੀ ਰੋਕ ਰਿਹਾ ਸੀ । ਇਕ ਮਿੰਟ ਬਾਹਦ ਕਿਸੇ ਮਾਮੂਲੀ ਜੇਹੀ ਗੱਲ 'ਤੇ ਸਾਰਿਆਂ ਦਾ ਹਾਸਾ ਫੁੱਟ ਪਿਆ, ਜੋ ਕਿਸੇ ਬਹਾਨੇ ਦੀ ਉਡੀਕ ਵਿਚ ਅਟਕਿਆ ਹੋਇਆ ਸੀ ।

ਕਿਵੇਂ ਨਾ ਕਿਵੇਂ ਮੈਂ ਚਾਰ ਬੁਰਕੀਆਂ ਸੰਘੋਂ ਅੰਦਰ ਕੀਤੀਆਂ । ਬਿਸਰਾਮ-ਅਸਥਾਨ 'ਤੇ ਪੁਜਦਿਆਂ ਹੀ ਮੈਂ ਲੀੜਾ-ਲੱਤਾ ਸੰਭਾਲ ਕੇ ਵਾਪਸ ਮੁੜਨ ਦੀ ਤਿਆਰੀ ਕਰ ਲਈ । ਵੇਖ ਕੇ ਪ੍ਰਭਾ ਸਟਪਟਾਈ ਜ਼ਰੂਰ, ਪਰ ਮੇਰੇ ਦ੍ਰਿੜ੍ਹ ਇਰਾਦੇ ਅੱਗੇ ਉਹ ਰੋਕ ਨਾ ਬਣ ਸੱਕੀ । ਤੇ ਸ਼ਾਇਦ ਮੇਰੇ ਛੇਤੀ ਕੋਲੋਂ ਚਲੇ ਜਾਣ 'ਤੇ ਉਹ ਦਿਲੋਂ ਰਾਜ਼ੀ ਵੀ ਹੋਵੇ ।

"ਰਨਬੀਰ ! ਅੰਦਰ ਪਲੇਟਫ਼ਾਰਮ 'ਤੇ ਜਾ ਕੇ ਆਪ ਖ਼ਿਆਲ ਨਾਲ ਅੰਮ੍ਰਿਤਸਰ ਦੀ ਗੱਡੀ ਵਿਚ ਬਿਠਾ ਕੇ ਆਉਣਾ ਇਹਨਾਂ ਨੂੰ । ਜਿੰਨਾਂ ਚਿਰ ਮੈਂ

"ਨਾ ਜੀ ! ਜਾਣਦਾ ਉਹ ਸਭ ਕੁਛ ਜੇ । ਅਸੀਂ ਕੇਈਵਾਰ ਅਜਮਾਇਆ ਜੁ ਹੋਇਆ । ਪਰ ਦਸਦਾ ਆਪਣੀ ਖ਼ੁਸ਼ੀ ਨਾਲ ਈ ਏ ।"

"ਪਰ ਤੁਸੀਂ ਤਾਂ ਉਹਦੇ ਖ਼ਾਸ ਸੇਵਕ ਓ । ਅਨੋਖ ਸੁੰਹ ਦੀਆਂ ਟੂੰਬਾਂ ਬਾਰੇ ਤਾਂ ਉਸ ਤੋਂ ਪੁੱਛਣਾ ਸੀ ?"

"ਜੀ, ਗਏ ਸਾਂ ਪੁੱਛਣ । ਉਹ ਸਾਨੂੰ ਵੇਖਦੇ ਸਾਰ ਹੱਥ 'ਤੇ ਹੱਥ ਮਾਰ ਕੇ ਆਖਣ ਲਗ ਪਿਆ: 'ਪਤਾ ਏ, ਪਰ ਦੱਸਣਾ ਨਹੀਂ । ਘਰ 'ਚ ਵਗਾੜ ਪੈ ਜੂ ।' ਅਸਲੀ ਗੱਲ ਚੱਜ ਨਾਲ ਤਾਂ ਉਹਨੇ ਦੱਸ ਈ ਦਿਤੀ ।"

"ਤੁਹਾਡਾ ਸ਼ੱਕ ਕੀਹਦੇ 'ਤੇ ਏ ?" ਮੈਂ ਉਹਨਾਂ ਦਾ ਮਨ ਟੂਹਣ ਲਈ ਪੁੱਛਿਆ ।

"ਭਲਾ ਭਾਈਆ ਜੀ ! ਇਹ ਵੀ ਹੁਣ ਕੋਈ ਲੁਕੀ ਛਿਪੀ ਗੱਲ ਏ ? ਸੋਚੋ, ਪਈ ਇਕ ਕਾਂਟਾ ਡੱਬੀ ਵਿਚ ਪਿਆ ਰਿਹਾ, ਤੇ ਇਕ ਨੂੰ ਕੋਈ ਬਾਹਰੋਂ ਚੋਰ ਆ ਪਿਆ ? ਨਾਲੇ ਪੀਰ ਨੇ ਵੀ ਕਹਿ ਦਿਤਾ, ਕਿ ਘਰ 'ਚ ਵਗਾੜ ਪੈ ਜੂ । ਸੋ ਸ਼ੱਕ ਤਾਂ ਸਾਰਿਆਂ ਦਾ ਅਨੋਖ ਸੁੰਹ ਦੀ ਭਰਜਾਈ 'ਤੇ ਈ ਏ !"

"ਕੌਣ, ਪਰਤਾਪ ਕੋਰ ? ਮੇਰਾ ਦਿਲ ਨਹੀਂ ਮੰਨਦਾ, ਕਿ ਉਹਨੇ ਕਾਂਟਾ ਚੁਕਿਆ ਹੋਵੇ ।" ਮੈਨੂੰ ਉਸ ਨੇਕ ਇਸਤਰੀ ਦੀ ਈਮਾਨਦਾਰੀ ਉਤੇ ਭਰੋਸਾ ਸੀ ।

"ਮੰਨਦੇ ਅਸੀਂ ਵੀ ਨਹੀਂ ਸਾਂ, ਪਰ ਏਸ ਮਨ ਦਾ ਕੀ ਪਤਾ ਹੁੰਦਾ ਏ, ਕਦੇ ਲੱਖ 'ਤੇ ਨਾ ਡੋਲੇ, ਕਦੇ ਕੱਖ 'ਤੇ ਡੋਲ ਜਾਏ ।"

"ਤਾਂ ਤੁਸਾਂ ਉਸ ਫ਼ਕੀਰ ਦੇ ਕਹੇ 'ਤੇ ਇਤਬਾਰ ਕਰ ਲਿਆ ?" ਮੈਂ ਪਰਤਾਪ ਕੌਰ ਦਾ ਪੱਖ ਲੈਂਦਿਆਂ ਜ਼ਰਾ ਤਾੜਨਾ ਭਰੇ ਲਹਿਜੇ ਵਿਚ ਕਿਹਾ ।

"ਪਰ ਜੀ, ਹੁਣ ਤਾਂ 'ਤਬਾਰ ਕਰਨ ਦੀ ਗੁੰਜੈਸ ਈ ਨਹੀਂ ਰਹੀ । ਪਰਤਾਪ ਕੌਰ ਨੇ ਚੱਜ ਨਾਲ ਸਭ ਕੁਛ ਆਪ ਮੰਨ ਲਿਆ ਏ ।"

"ਤਾਂ ਫੇਰ ਹੋਰ ਪੁੱਛਣ ਵਾਲੀ ਗੱਲ ਕਿਹੜੀ ਰਹਿ ਗਈ । ਉਹ ਕਾਂਟਾ ਦੇ ਦੇਵੇ, ਤੇ ਝਗੜਾ ਖ਼ਤਮ ਹੋਵੇ ।" ਮੂੰਹੋਂ ਤਾਂ ਮੈਂ ਇਹ ਗੱਲ ਕਹਿ ਦਿਤੀ, ਪਰ ਦਿਲੋਂ ਮੈਨੂੰ ਯਕੀਨ ਨਹੀਂ ਸੀ ਆ ਰਿਹਾ, ਕਿ ਪਰਤਾਪ ਕੌਰ ਚੋਰ ਹੈ ।

"ਨਾ ਜੀ, ਸਿੱਧੀ ਤਰਾਂ ਨਹੀਂ ਨਾ ਮੰਨਦੀ । ਅਸੀਂ ਏਧਰ ਤੁਰਨ ਲੱਗੇ, ਤਾਂ ਅਨੋਖ ਸੁੰਹ ਨੂੰ ਵਖਰਾ ਲਜਾ ਕੇ ਆਖਣ ਲੱਗੀ, ਪਈ ਸਾਕਾਂ ਸਰਬੰਧੀਆਂ ਦੇ ਪਿੰਡ ਮੇਰੀ ਮਿੱਟੀ ਨਾ ਪੁੱਟੋ, ਤੇ ਮੈਥੋਂ ਮੁੱਲ ਲੈ ਲੋ । ਇਹਨੇ ਆਖਿਆ, ਤੂੰ ਕਾਂਟਾ ਈ ਦੇ ਦੇ ਖਾਂ ! ਅਖੇ: ਕਾਂਟਾ ਮੈਂ ਨਹੀਂ ਚੁੱਕਿਆ, ਤੇ ਮੁੱਲ ਭਾਵੇਂ ਤੁਸੀਂ ਚਾਰ ਰੁਪੈ ਵੱਧ ਲੈ ਲਵੋ ।"

ਮੇਰਾ ਡਿਗਦਾ ਡਿਗਦਾ ਵਿਸ਼ਵਾਸ ਫਿਰ ਖਲੋ ਗਿਆ। ਕੁਛ ਸੋਚ ਕੇ ਮੈਂ ਪੂਰੀ ਦ੍ਰਿੜ੍ਹਤਾ ਨਾਲ ਕਿਹਾ, "ਭਈ ਜਗੀਰ ਸਿਹਾਂ! ਤੁਸੀਂ ਲੱਖ ਪਏ ਆਖੋ, ਪਰ ਪਰਤਾਪ ਕੌਰ ਚੋਰ ਨਹੀਂ।"

"ਫਿਰ ਉਹ ਪੈਸੇ ਭਰਨ ਨੂੰ ਕਿਉਂ ਤਿਆਰ ਏ ?"

"ਸਿਰਫ ਆਪਣੀ ਨਮੋਸ਼ੀ ਤੋਂ ਡਰਦੀ। ਭਲੇਮਾਣਸ ਨੂੰ ਬਦਨਾਮੀ ਦਾ ਬਹੁਤਾ ਡਰ ਹੁੰਦਾ ਏ।" ਮੈਂ ਆਪਣੀ ਸਮਝ ਅਨੁਸਾਰ ਰਾਏ ਦਿਤੀ।

"ਚੱਲੋ ਰਾਤ ਨੂੰ ਚੱਲਾਂਗੇ ਨਾਂ ਪੁੱਛ ਪੁਆਉਣ। ਆਪੇ ਸੱਚ-ਝੂਠ ਨਿਤਰ ਜਾਊ।" ਜਗੀਰ ਸਿੰਘ ਨੇ ਬਹਿਸ ਖ਼ਤਮ ਕਰਨ ਦੇ ਇਰਾਦੇ ਨਾਲ ਕਿਹਾ।

ਰਾਤ ਦਾ ਅੰਨ-ਪਾਣੀ ਛਕ ਕੇ ਅਸੀਂ ਸੌਰੀਏ ਵੱਲ ਤਿਆਰ ਹੋ ਪਏ। ਮੇਰਾ ਨਾਲ ਜਾਣ ਦਾ ਇਰਾਦਾ ਨਹੀਂ ਸੀ। ਪਰ ਸ਼੍ਰੀ ਮਤੀ ਦੀ ਆਗਿਆ ਦਾ ਉਲੰਘਣ ਕਰਨਾ ਵੀ ਮੇਰੀ ਹਿੰਮਤ ਤੋਂ ਬਾਹਰ ਸੀ। ਇਸ ਲਈ ਮੈਨੂੰ ਨਾਲ ਜਾਣਾ ਹੀ ਪਿਆ।

ਸੌਰੀਏ ਦੇ ਕੋਈ ਏਜੰਟ ਸਨ, ਜੋ ਬਾਹਰੋਂ ਪੁੱਛ ਪੁਆਉਣ ਆਏ ਲੋਕਾਂ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਉਹਨਾਂ ਤੋਂ ਭੇਤ ਪੁੱਛ ਲੈਂਦੇ। ਅੱਗੇ ਉਹਨਾਂ ਦੇ ਦੱਸੇ ਅਨਸਾਰ ਸੌਰੀਆ ਹੇਠਲੀਆਂ ਉਤਲੀਆਂ ਮਾਰ ਕੇ, ਬਾਹਰੋਂ ਆਏ ਅੱਧ ਪਚੱਧ ਲੋਕਾਂ ਦਾ ਘਰ ਪੂਰਾ ਕਰ ਦੇਂਦਾ। ਇਹ ਸੀ ਉਹਦੀ ਕਾਮਯਾਬੀ ਦਾ ਅਸਲੀ ਭੇਤ। ਮੈਂ ਜਗੀਰ ਸਿੰਘ ਹੋਰਾਂ ਨੂੰ ਪੱਕੀ ਕਰ ਦਿਤੀ, ਕਿ ਉਹ ਪੁੱਛਣਾ ਬਾਰੇ ਕਿਸੇ ਨਾਲ ਵੀ ਕੋਈ ਗੱਲ ਨਾ ਕਰਨ।

ਸੌਰੀਆ ਹੋਰਨਾਂ ਦੀਆਂ ਪੁੱਛਣਾ ਕਢਦਾ ਰਿਹਾ। ਅਸੀਂ ਚੁੱਪ ਕਰਕੇ ਬੈਠੇ ਉਡੀਕਦੇ ਰਹੇ। ਸਾਡੇ ਬਾਰੇ ਉਹਨੇ ਆਪਣੇ ਚੇਲਿਆਂ ਤੋਂ ਸੰਕੇਤਕ ਸ਼ਬਦਾਂ ਰਾਹੀਂ ਕੁਛ ਪੁੱਛਿਆ। ਓਹੋ ਜੇਹੀ ਗੁਪਤ ਬੋਲੀ ਰਾਹੀਂ ਹੀ ਅੱਗੋਂ ਉਸਨੂੰ ਉੱਤਰ ਵੀ ਮਿਲ ਗਿਆ। ਉਹਨਾਂ ਕੁਛ ਅਜੇਹੇ ਸੰਕੇਤਕ ਸ਼ਬਦ ਘੜੇ ਹੋਏ ਸਨ, ਜਿੰਨ੍ਹਾਂ ਦਾ ਅਰਥ ਕੇਵਲ ਓਹਾ ਸਮਝ ਸਕਦੇ ਸਨ। ਉਹਨਾਂ ਦੀ ਰਮਜ਼ ਦਾ ਸਾਡੇ ਪਿੜ ਪੱਲੇ ਤਾਂ ਕੀ ਪੈਣਾ ਸੀ, ਪਰ ਮੈਂ ਨੁਹਾਰਾਂ ਤੋਂ ਏਨਾ ਪਤਾ ਲਾ ਲਿਆ, ਕਿ ਇਹਨਾਂ ਸਾਡੇ ਬਾਰੇ ਹੀ ਕੋਈ ਪਸ਼ਤੋ ਮਾਰੀ ਹੈ।

ਪਲ-ਕੁ ਪਿੱਛੋਂ ਸੌਰੀਏ ਨੇ ਮੂੰਹ ਵਿਚ ਕੋਈ ਮੰਤਰ ਪੜ੍ਹ ਕੇ ਹਵਾ ਵਿਚ ਤਿੰਨ ਫੂਕਾਂ ਮਾਰੀਆਂ ਤੇ ਭੈਰੋਂ ਜਤੀ ਨੂੰ ਯਾਦ ਕਰਕੇ ਵਾਜ ਦਿਤੀ, "ਭਈ, ਕੋਈ ਮਲਵਈ ਸਰਦਾਰ ਆਏ ਨੇ ਦੋ ?"

"ਹਾਜ਼ਰ ਜਨਾਬ!" ਜਗੀਰ ਸਿੰਘ ਤੇ ਅਨੋਖ ਸਿੰਘ ਨੇ ਕੱਠਿਆਂ ਉੱਤਰ

ਦਿਤਾ, ਜਿਵੇਂ ਮੈਜਿਸਟਰੇਟ ਦੀ ਕਚਹਿਰੀ ਵਿਚੋਂ ਵਾਜ ਪੈਣ ਉਤੇ ਜ਼ਮਾਨਤ 'ਤੇ ਰਿਹਾ ਮੁਲਜ਼ਮ ਪੁਕਾਰ ਉਠਦੇ ਹਨ।

"ਹਾਂ ਭਈ, ਤੁਹਾਡਾ ਮਾਇਆ ਦਾ ਸਵਾਲ ਏ।" ਸੌਰੀਆ ਇਹ ਉੱਤਰ ਓਦੋਂ ਦਿਆ ਕਰਦਾ ਸੀ, ਜਦੋਂ ਉਹਨੂੰ ਆਪਣੇ ਚੇਲਿਆਂ ਰਾਹੀਂ ਅਸਲੀ ਗੱਲ ਦੀ ਟੋਹ ਕੋਈ ਨਾ ਲੱਗੇ। ਤੇ ਏਸ ਸ਼ਬਦ 'ਮਾਇਆ' ਦੇ ਅਰਥ ਕਢਣ ਵਿਚ ਉਹ ਬੜਾ ਹੁਸ਼ਿਆਰ ਸੀ।

"ਨਹੀਂ ਜੀ, ਕਾਂਟਾ ਗੁਆਚਾ ਏ।" ਸਿੱਧੇ ਸਾਦੇ ਅਨੋਖ ਸਿੰਘ ਨੇ ਪੈਂਦੀ ਸੱਟੇ ਜਵਾਬ ਦੇ ਦਿਤਾ। ਉਹਦੀ ਸਾਦਗੀ ਉਤੇ ਮੈਨੂੰ ਗੁੱਸਾ ਵੀ ਆਇਆ ਤੇ ਹਾਸਾ ਵੀ।

"ਤੇ ਕਾਂਟਾ ਮਾਇਆ ਨਹੀਂ ? ਸੋਨਾ, ਚਾਂਦੀ, ਰੁਪਇਆ ਪੈਸਾ, ਸਭ ਜੜ੍ਹ ਮਾਇਆ ਏ।" ਸੌਰੀਏ ਨੇ ਆਪਣੀ ਵਿੱਦਵਤਾ ਦਾ ਰੁਹਬ ਜਮਾਉਣ ਲਈ ਕਿਹਾ। ਜੇ ਕਿਸੇ ਪਸ਼ੂ ਡੰਗਰ, ਜਾਂ ਇਸਤਰੀ ਪੁਰਸ਼ ਬਾਰੇ ਸਵਾਲ ਹੁੰਦਾ, ਤਾਂ ਉਹਨੇ ਕਹਿ ਦੇਣਾ ਸੀ, ਇਹ ਚੇਤਨ ਮਾਇਆ ਹੈ। ਏਸ 'ਮਾਇਆ' ਦੇ ਖਿਲਾਰ ਵਿਚੋਂ ਕਿਸੇ ਚੀਜ਼ ਨੂੰ ਉਹ ਨਿਕਲਨ ਤਾਂ ਦੇਣ ਨਹੀਂ ਸੀ ਲੱਗਾ।

"ਹੱਛਾ, ਸੋਨੇ ਦਾ ਕਾਂਟਾ ਗੁਆਚਾ ਏ ਤੇਰਾ, ਕਾਂਟਾ।" ਸੌਰੀਏ ਨੇ ਸ਼ਬਦ 'ਕਾਂਟਾ' ਜ਼ੋਰ ਪਾ ਕੇ ਦੋ ਵਾਰ ਕਿਹਾ। ਜਿਸ ਤੋਂ ਉਹਦਾ ਮਤਲਿਬ ਇਹ ਗੁੰਝਲ ਸਾਫ਼ ਕਰਨਾ ਸੀ, ਕਿ ਕਾਂਟਾ ਇਕ ਗੁਆਚਾ ਹੈ, ਜਾਂ ਦੋਵੇਂ।

"ਹਾਂ ਜੀ, ਇਕ ਕਾਂਟਾ ਗੁਆਚਾ ਏ।" ਵਲਾਂ ਛਲਾਂ ਤੋਂ ਰਹਿਤ ਅਨੋਖ ਸਿੰਘ ਨੇ ਅਸਲੋਂ ਗੱਲ ਸਾਫ਼ ਕਰ ਦਿਤੀ।

"ਤੇ ਉਹ ਕਾਂਟੇ ਦੋਵੇਂ......।" ਸੌਰੀਏ ਨੇ ਅਜੇਹੇ ਢੰਗ ਨਾਲ ਵਾਕ ਅਧੂਰਾ ਛੱਡਿਆ, ਜਿਸ ਨੂੰ ਅਨੋਖ ਸਿੰਘ ਨੇ ਸੁਤੇ ਹੀ ਪੂਰਾ ਕਰ ਦਿਤਾ।

"ਅੰਦਰ ਪਏ ਸਨ, ਆਲੇ 'ਚ।"

"ਆਂ ਹਾਂ, ਅੱਗੇ ਨਾ ਲੱਗ। ਜਿੰਨੀ ਮੈਂ ਦੱਸਾਂ ਪੁੱਛਾਂ, ਓਨੀ ਹੀ ਗੱਲ ਕਰ।' ਸੌਰੀਏ ਨੇ ਸਰੋਤਿਆਂ ਉਤੇ ਦਬੌਾ ਪਾਉਣ ਵਾਸਤੇ ਕਿਹਾ। "ਐਸ ਵੇਲੇ ਤੇਰੀ ਜਨਾਨੀ ਆਲੇ ਦਾ ਇਕ ਤਖ਼ਤਾ ਖੋਲ੍ਹ ਕੇ ਖਲੀ ਹੋਈ ਏ। ਉਹ ਕਾਂਟੇ ਵੱਲੇ ਵੇਖ ਵੇਖ ਕੇ ਸੋਚ ਰਹੀ ਏ, ਕਿ ਦੂਜਾ ਕਾਂਟਾ ਕੌਣ ਲੈ ਗਿਆ ?"

"ਕਿਉਂ ? ਐਹਨੂੰ ਆਹੰਦੇ ਈ ਪੁੱਛਣਾ ਦੇਣਾ।" ਇਕ ਚੇਲੇ ਨੇ ਸੌਰੀਏ ਦੀ ਵਡਿਆਈ ਵਿਚ ਕਿਹਾ। "ਐਸ ਵੇਲੇ ਬਾਬਾ ਓਸ ਕੋਠੇ ਵਿਚ ਖਲਾ ਈ, ਜਿੱਥੋਂ ਕਾਂਟਾ ਚੋਰੀ ਹੋਇਆ ਏ।"

"ਭਈ, ਭੈਰੋਂ ਵੱਸ ਕੀਤਾ ਹੋਇਆ ਏ, ਐਵੇਂ ਤਾਂ ਨਹੀਂ।" ਦੂੱਜੇ ਚੇਲੇ ਨੇ ਨਹਿਲੇ 'ਤੇ ਦਹਿਲਾ ਮਾਰਿਆ।

ਇਹ ਗੱਲਾਂ ਸੁਣ ਕੇ ਮੇਰਾ ਹਾਸਾ ਬੇ-ਕਾਬੂ ਹੋ ਰਿਹਾ ਸੀ, ਤੇ ਮੈਂ ਬੜੀ ਕਠਨਾਈ ਨਾਲ ਰੋਕ ਰਿਹਾ ਸਾਂ।

"ਹੱਲਾ! ਤੂੰ ਹੁਣ ਇਹ ਪੁੱਛਣਾ ਚਾਹੁੰਨਾ ਏਂ, ਪਈ ਉਹ ਕਾਂਟਾ ਕੌਣ ਲੈ ਗਿਆ?"

"ਹਾਂ, ਬਾਬਾ ਜੀ!" ਅਨੋਖ ਸਿੰਘ ਨੇ ਪੂਰੀ ਸ਼ਰਧਾ ਨਾਲ ਕਿਹਾ।

"ਓ ਭਗਤਾ! ਇਹ ਗੱਲ ਮੈਥੋਂ ਨਾ ਪੁੱਛ। ਜਾਹ, ਜਾ ਕੇ ਆਪਣਾ ਘਰ ਸੋਧ। ਜਿੱਥੇ ਤੇਰਾ ਸ਼ੱਕ ਏ, ਕਾਂਟਾ ਓਥੇ ਈ ਏ।" ਸੌਰੀਏ ਨੇ ਫ਼ੈਸਲਾ ਦੇ ਦਿਤਾ।

ਕੰਮ ਮੁੱਕਾ ਤੇ ਅਸੀਂ ਉਠ ਕੇ ਘਰ ਨੂੰ ਤੁਰ ਪਏ। ਮੰਜੇ 'ਤੇ ਬਹਿਣ ਲੱਗਿਆਂ ਜਗੀਰ ਸਿੰਘ ਨੇ ਨਿੱਕਾ ਨਿੱਕਾ ਹਸਦਿਆਂ ਕਿਹਾ, "ਕਿਉਂ ਭਾਈਆ ਜੀ! ਤੁਸੀਂ ਤਾਂ ਮੰਨਦੇ ਨਹੀਂ ਸੀ।"

"ਮੇਰਾ ਦਿਲ ਤਾਂ ਭਈ ਜਗੀਰ ਸਿਹਾਂ, ਅਜੇ ਵੀ ਨਹੀਂ ਮੰਨਦਾ।" ਮੈਂ 'ਨਾਂਹ' ਵਿਚ ਸਿਰ ਫੇਰਦਿਆਂ ਕਿਹਾ।

"ਤੇ ਤੁਸੀਂ ਅੱਗੇ ਕਦੋਂ ਏਹੋ ਜੇਹੀਆਂ ਗੱਲਾਂ ਮੰਨਦੇ ਹੁੰਦੇ ਓ? ਸਾਨੂੰ ਤਾਂ ਤੁਹਾਡੇ ਸੌਰੀਏ ਉਤੇ ਸੋਲਾਂ ਆਨੇ ਯਕੀਨ ਹੋ ਗਿਆ ਏ।" ਜਗੀਰ ਸਿੰਘ ਦੇ ਮੂੰਹੋਂ ਅੰਧ ਵਿਸ਼ਵਾਸ ਬੋਲ ਰਿਹਾ ਸੀ।

"ਤੇ ਬੋਦੀਵਾਲੇ ਪੀਰ ਉਤੇ ਕਿੰਨੇ ਆਨੇ ਯਕੀਨ ਜੇ?" ਮੈਂ ਠੱਠੇ ਨਾਲ ਕਿਹਾ।

"ਓ ਜੀ, ਤੁਸੀਂ ਤਾਂ ਹਰ ਗੱਲ ਨੂੰ ਹਾਸਾ-ਠੱਠਾ ਈ ਸਮਝਦੇ ਓ! ਪਰ ਸਾਡੀ ਨਜਰ ਵਿਚ ਤਾਂ ਉਹ ਪੂਰਨ ਵਲੀ ਏ ਕੋਈ, ਜਿਹੜਾ ਸੱਤਾਂ ਜਰਮਾ ਦੀਆਂ ਖਬਰਾਂ ਦੇਂਦਾ ਏ।"

ਏਨੇ ਨੂੰ ਮੇਰਾ ਛੋਟਾ ਕਾਕਾ ਆ ਗਿਆ। ਉਹ ਜਗੀਰ ਸਿੰਘ ਦੇ ਗਲ ਨੂੰ ਚੰਬੜ ਕੇ ਕਹਿਣ ਲੱਗਾ, "ਮਾਮਾ ਜੀ! ਮੈਂ ਵੀ ਸਵੇਰੇ ਤੁਹਾਡੇ ਨਾਲ ਜਾਵਾਂਗਾ।"

"ਜਰੂਰ ਜਰੂਰ, ਸਰਦਾਰ ਜੀ! ਤੁਹਾਨੂੰ ਨਾਲ ਲੈ ਕੇ ਈ ਚੱਲਾਂਗੇ।" ਜਗੀਰ ਸਿੰਘ ਨੇ ਕਾਕੇ ਨੂੰ ਛਾਤੀ ਨਾਲ ਘੁੱਟ ਕੇ ਪਿਆਰ ਕਰਦਿਆਂ ਕਿਹਾ।

"ਇਹਦੇ ਨਾਲ ਈ ਸੌਂ ਜਾ। ਨਹੀਂ ਤਾਂ ਇਹਨੇ ਤੜਕੇ ਤੁਰ ਜਾਣਾ ਈਂ।" ਮੈਂ ਕਾਕੇ ਨੂੰ ਛੇੜ ਦਿਤਾ।

ਕਾਕਾ ਸੁਣ ਕੇ ਪੱਕਾ ਹੋ ਗਿਆ। ਉਹ ਜਗੀਰ ਸਿੰਘ ਨੂੰ ਚੰਗੀ ਤਰ੍ਹਾਂ ਗਲਵੱਕੜੀ ਪਾ ਕੇ ਸੁੱਤਾ। ਸਵੇਰੇ ਉਠ ਕੇ ਜਗੀਰ ਸਿੰਘ ਹੋਰੀਂ ਤੁਰਨ ਵਾਸਤੇ ਤਿਆਰ ਹੋ ਪਏ। ਕਾਕਾ ਅਜੇ ਸੁੱਤਾ ਪਿਆ ਸੀ। ਜਗੀਰ ਸਿੰਘ ਨੇ ਉਹਨੂੰ ਹੱਛੀ ਤਰ੍ਹਾਂ ਹਲੂਣ ਕੇ ਕਿਹਾ, "ਉ ਕਿਉਂ ਭਈ ! ਚੱਲਣਾ ਨਹੀਂ ਹੁਣ ? ਉੱਠ।"

ਕਾਕਾ ਅੱਖਾਂ ਮਲਦਾ ਮਲਦਾ ਉਠ ਬੈਠਾ।

"ਲੈ, ਲੀੜੇ ਪਾ ਕੇ ਤਿਆਰ ਹੋ ਜਾ ਝੱਟ ਪੱਟ। ਨਹੀਂ ਤਾਂ ਅਸੀਂ ਚੱਲੇ ਈ।" ਜਗੀਰ ਸਿੰਘ ਨੇ ਆਪਣੇ ਵੱਲੋਂ ਧਮਕੀ ਦੇਂਦਿਆਂ ਕਿਹਾ।

ਕਾਕੇ ਨੇ ਉਹਦੇ ਵੱਲ ਤਕਦਿਆਂ ਬੜੇ ਦ੍ਰਿੜ੍ਹ ਭਰੋਸੇ ਨਾਲ ਉੱਤਰ ਦਿਤਾ, "ਤੇ ਜਾਉਗੇ ਕਿੱਥੋਂ ਥਾਣੀ ? ਅੱਗੇ ਤਾਂ ਪਰੋਜ਼ਪੁਰ ਵਾਲਾ ਬੰਨ੍ਹ ਟੁੱਟਾ ਪਿਆ ਏ।"

"ਲੈ ਜਗੀਰ ਸਿਹਾਂ ! ਹੁਣ ਤਾਂ ਤੁਹਾਡਾ ਭਣੇਵਾਂ ਵੀ ਅੰਤਰਜਾਮੀ ਹੋ ਗਿਆ ਜੇ। ਹੁਣ ਬਾਹਰੋਂ ਪੁੱਛਣਾ ਪੁਆਉਣ ਦੀ ਲੋੜ ਨਹੀਂ ਰਹੀ।" ਬੱਚੇ ਦੀ ਗੱਲ ਉਤੇ ਅਸੀਂ ਸਾਰੇ ਹੱਸ ਪਏ।

"ਨਹੀਂ, ਪਿਤਾ ਜੀ ! ਪੁਲ ਤੋਂ ਪਰਲੇ ਪਾਸੇ ਦਰਿਆ ਦਾ ਬੰਨ੍ਹ ਟੁੱਟ ਗਿਆ ਏ। ਸਾਰੇ ਪਾਣੀ ਈ ਪਾਣੀ ਫਿਰਨ ਡਿਹਾ ਹੋਇਆ ਏ। ਸਭ ਗੱਡੀਆਂ ਲਾਰੀਆਂ ਬੰਦ ਹੋ ਗਈਆਂ ਨੇ। ਅਹੁ ਵੇਖੋ, ਕੋਈ ਪਸ਼ੂ ਤੇ ਬੰਦੇ ਰੁੜ੍ਹੇ ਜਾਂਦੇ ਨੇ।" ਉਹਨੇ ਇਉਂ ਕਿਹਾ, ਜਿਵੇਂ ਉਹਨੂੰ ਸਭ ਕੁਛ ਸਾਮ੍ਹਣੇ ਦਿੱਸ ਰਿਹਾ ਹੋਵੇ।

"ਲੈ ਭਈ ! ਇਹ ਤਾਂ ਰਾਤ ਵਾਲੇ ਸੌਰੀਏ ਨਾਲੋਂ ਵੀ ਵਧ ਗਿਆ ਜੇ। ਉਹਨੂੰ ਤਾਂ ਇਕ ਆਲਾ ਈ ਦੀਹਦਾ ਸੀ, ਤੇ ਇਹਨੂੰ ਸਾਰਾ ਫ਼ੀਰੋਜ਼ਪੁਰ ਪਿਆ ਦੀਹਦਾ ਏ।" ਮੇਰੇ ਏਨਾ ਕਹਿਣ 'ਤੇ ਇਕ ਵਾਰ ਫਿਰ ਸਾਰੇ ਹੱਸ ਪਏ।

ਕਾਕੇ ਦੀ ਪੇਸ਼ੀਨਗੋਈ ਦੀ ਕਿਸੇ ਪਰਵਾਹ ਨਾ ਕੀਤੀ। ਜਗੀਰ ਸਿੰਘ ਹੋਰੀਂ ਸ਼ਾਹ ਵੇਲਾ ਖਾ ਕੇ ਤੁਰ ਗਏ। ਉਹਨਾਂ ਦੇ ਹਜ਼ਾਰ ਵਾਰ ਕਹਿਣ 'ਤੇ ਵੀ ਕਾਕਾ ਨਾਲ ਨਾ ਗਿਆ। ਉਹ ਇਕੋ ਗੱਲ ਕਹੀ ਜਾਏ, "ਊਂ-ਹੂੰ ! ਆਪਾਂ ਨਹੀਂ ਪਾਣੀ ਵਿਚਦੀ ਲੰਘਣਾ।"

ਓਸ ਵੇਲੇ ਕਿਸੇ ਵੀ ਗੱਲ ਨਾ ਗੌਲੀ। ਸਾਡੀ ਹੈਰਾਨੀ ਦੀ ਹੱਦ ਨਾ ਰਹੀ, ਜਾਂ ਤਿੱਜੇ ਪਹਿਰ ਇਸ ਖ਼ਬਰ ਦੀ ਤਸਦੀਕ ਹੋ ਗਈ। ਪੁਲ ਤੋਂ ਅੱਧ ਮੀਲ ਫ਼ੀਰੋਜ਼ਪੁਰ ਵਾਲੇ ਪਾਸਿਓਂ ਦਰਿਆ ਦਾ ਬੰਨ੍ਹ ਸਵੇਰੇ ਚਾਰ ਵਜੇ ਟੁੱਟ ਗਿਆ ਸੀ। ਰੇਲਵੇ ਲਾਈਨ ਤੇ ਪੱਕੀ ਸੜਕ ਤੋੜ ਕੇ ਪਾਣੀ ਬੀਕਾਨੇਰ ਵਾਲੀ ਨਹਿਰ ਵਿਚ ਜਾ ਪਿਆ ਸੀ। ਕਸੂਰ ਤੇ ਫ਼ੀਰੋਜ਼ਪੁਰ ਵਿਚ ਆਵਾ-ਜਾਈ ਪੂਰੀ ਤਰ੍ਹਾਂ ਬੰਦ ਹੋ ਗਈ ਸੀ। ਪੰਦਰਾਂ ਦਿਨਾਂ ਪਿੱਛੋਂ ਜਗੀਰ ਸਿੰਘ ਦਾ ਖ਼ਤ ਆਉਣ 'ਤੇ ਪਤਾ ਲੱਗਾ, ਕਿ

ਉਹਨਾਂ ਨੂੰ ਬਹਾਵਲਪੁਰ ਵਾਲੀ ਨਹਿਰ ਪੈ ਕੇ ਛੇ ਮੀਲ ਦਾ ਚੱਕਰ ਕੱਟ ਕੇ ਪਾਰ ਲੰਘਣਾ ਪਿਆ ਸੀ। ਖ਼ਤ ਵਿਚ ਇਹ ਵੀ ਲਿਖਿਆ ਸੀ, ਕਿ ਅਨੋਖ ਸਿੰਘ ਕਾ ਕਾਂਟਾ ਲਭ ਪਿਆ ਹੈ। ਆਲੇ ਦੀ ਇਕ ਬਾਹੀ ਚੂਹਿਆਂ ਦੀ ਖੁੱਡ ਸੀ। ਕਿਤੇ ਮਿੱਟੀ ਲਾਉਣ ਲੱਗਿਆਂ ਅਨੋਖ ਸਿੰਘ ਦੀ ਵਹੁਟੀ ਨੇ ਪੁਰਾਣਾ ਲੇਅ ਲਾਹਿਆ, ਤਾਂ ਪਿਛਲੇ ਪਾਸੇ ਕਾਂਟਾ ਪਿਆ ਸੀ।

ਪੰਦਰਾਂ ਵਰ੍ਹੇ ਹੋ ਗਏ ਹਨ ਏਸ ਗੱਲ ਨੂੰ। ਸੰਤਾਲੀ ਦੀ ਗੜ-ਬੜ ਵਿਚ ਸੈਂਕੜੇ ਮੁਸਲਮਾਨਾਂ ਨਾਲ ਬੋਦੀਵਾਲਾ ਪੀਰ ਵੀ ਮਾਰਿਆ ਗਿਆ ਸੀ। ਜਗੀਰ ਸਿੰਘ ਹੁਰਾਂ ਉਹਦੀ ਪੱਕੀ ਕਬਰ ਬਣਾ ਕੇ ਉਤੇ ਹਰਿਆ ਕੱਪੜਾ ਪਾ ਦਿਤਾ। ਉਸ ਅਗਲੇ ਜਨਮ ਦੀ ਖ਼ਬਰ ਦੇਣ ਵਾਲੇ ਪੀਰ ਦੀ ਕਬਰ ਉਤੇ ਜਗੀਰ ਸਿੰਘ ਹੋਰੀਂ ਅਜੇ ਤਕ ਹਰ ਵੀਰਵਾਰ ਦੀਵਾ ਜਗਾਉਂਦੇ ਤੇ ਚੂਰਮਾ ਚੜ੍ਹਾਉਂਦੇ ਹਨ। ਪਰ ਦਰਿਆ ਦਾ ਬੰਨ੍ਹ ਟੁੱਟਣ ਦੀ ਖ਼ਬਰ ਦੇਣ ਵਾਲੇ ਨੂੰ ਉਹਨਾਂ ਇਕ ਵਾਰ ਵੀ ਕਦੇ ਸ਼ਰਧਾ ਨਾਲ ਸੂਟ ਬਣਾ ਕੇ ਨਹੀਂ ਦਿਤਾ।

੧੬-੧੨-੪੬

ਟੁੰਡੀ ਲਾਟ

"ਦੇਸ ਭਗਤ ਆਰ. ਐਲ. ਗੁਪਤਾ।" ਲਾਰੀ ਦੀ ਛੱਤ ਉਤੇ ਖਲੋ ਪਰਮਾਨੰਦ ਲਾਂਬਾ ਨੇ ਸੱਜੀ ਬਾਂਹ ਉਚੀ ਕਰਕੇ ਸਾਰੇ ਟਿੱਲ ਨਾਲ ਕਿਹਾ।

"ਜ਼ਿੰਦਾਬਾਦ।" ਉਦਾਲੇ ਘੇਰਾ ਘੱਤੀ ਜਾ ਰਹੇ ਪੰਜਾਹ-ਸੱਠ ਪੇਟ-ਪ੍ਰਸਤਾਂ ਨੇ ਦੂਣੇ ਜ਼ੋਰ ਨਾਲ ਉਛਾਲਿਆ।

"ਉਂ੍ਹ ! ਆਰ. ਐਲ. ਗੁਪਤਾ ਜ਼ਿੰਦਾਬਾਦ, ਕੇ. ਐਲ. ਗੁਪਤਾ ਜ਼ਿੰਦਾਬਾਦ, ਐਮ. ਐਲ. ਗੁਪਤਾ ਜ਼ਿੰਦਾਬਾਦ, ਹੋ ਰਹੀ ਏ। ਕੋਈ ਕੰਬਖ਼ਤ 'ਟੁੰਡੀ ਲਾਟ ਜ਼ਿੰਦਾਬਾਦ' ਨਹੀਂ ਕਹਿੰਦਾ।" ਬੂਟ ਉਤੇ ਬੁਰਸ਼ ਮਾਰਦੇ ਟੁੰਡੀ ਲਾਟ ਨੇ ਜ਼ਰਾ ਕੁ ਰੁਕ ਕੇ, ਵਿਅੰਗ ਮਈ ਸੁਰ ਵਿਚ ਕਿਹਾ।

"ਅਰੇ ! ਹਮ ਜੋ ਕਹਿਤੇ ਹੈਂ, 'ਟੁੰਡੀ ਲਾਟ ਜ਼ਿੰਦਾਬਾਦ, ਟੁੰਡੀਲਾਟ ਜ਼ਿੰਦਾਬਾਦ।' ਹਮਾਰੇ ਕਹਿਨੇ ਪਰ ਤੁਮ੍ਹਾਰੀ ਤਸੱਲੀ ਨਹੀਂ ਹੋਤੀ ? ਔਰ ਤੂ ਕਿਆ ਚਾਹਤਾ ਹੈ ?" ਲਾਗੇ ਬੈਠੇ ਰਾਘੋਰਾਮ ਪੂਰਬੀਏ ਨੇ ਮੁਰਮੁਰੇ ਉਤੋਂ ਮੱਖੀਆਂ ਉਡਾਉਂਦਿਆਂ ਕਿਹਾ।

"ਪਰ ਬਾਬਾ ਜੀ !......।"

ਬੂਟ ਪਾਲਸ਼ ਕਰਾ ਰਹੇ ਕਾਲਜੀਏਟ ਇੰਦਰਜੀਤ ਦਾ ਅਜੇ ਵਾਕ ਵੀ ਪੂਰਾ ਨਹੀਂ ਸੀ ਹੋਇਆ, ਜਾਂ ਟੁੰਡੀ ਲਾਟ ਵਿਚੋਂ ਹੀ ਬੋਲ ਉਠਿਆ, " 'ਬਾਬਾ' ਕਿਸੇ ਦਾ ਨਾਂ ਏਂ ਉਇ ! 'ਟੁੰਡੀ ਲਾਟ' ਕਹੋ। ਆਜ਼ਾਦੀ ਆਉਣ ਦੀ ਖ਼ੁਸ਼ੀ ਵਿਚ ਸ਼ਾਡੀ 'ਕੌਮੀ ਸਰਕਾਰ' ਨੇ ਸਭ ਤੋਂ ਪਹਿਲਾਂ ਖ਼ਿਤਾਬ ਸਾਨੂੰ ਹੀ ਦਿਤਾ ਏ: 'ਸ੍ਰੀ ਮਾਨਯੋਗ, ਦੇਸ ਭਗਤ, ਕੌਮ ਪੁਜਾਰੀ, ਜ਼ਿੰਦਾ ਸ਼ਹੀਦ, ਟੁੰਡੀ ਲਾਟ ਬਹਾਦਰ'।" ਉਹਨੇ ਬੜੇ ਨਖ਼ਰੇ ਨਾਲ ਆਪਣੀ ਛਾਤੀ ਵੱਲ ਸੱਜੇ ਹੱਥ ਦਾ ਇਸ਼ਾਰਾ ਕਰ ਕੇ ਕਿਹਾ। "ਤੇ

ਕੀ ਮੈਂ ਇਸ ਖ਼ਿਤਾਬ ਦਾ ਹੱਕਦਾਰ ਨਹੀਂ ?" ਨਾਲ ਹੀ ਉਹਨੇ ਗੁੱਟ ਕੋਲੋਂ ਕੱਟੀ ਹੋਈ ਖੱਬੀ ਬਾਂਹ ਤੇ ਪਿੰਵਣੀ ਤੋਂ ਵੱਢੀ ਹੋਈ ਖੱਬੀ ਲੱਤ ਵਿਖਾ ਦਿਤੀ।

"ਟੁੰਡੀ ਲਾਟ ਸਾਹਿਬ ! ਇਹ ਮੁੰਡਾ ਬੜਾ ਸ਼ਰਾਰਤੀ ਏ। ਇਹ ਜਾਣ ਬੁੱਝ ਕੇ ਤੁਹਾਨੂੰ ਛੇੜਨ ਵਾਸਤੇ 'ਬਾਬਾ' ਕਹਿੰਦਾ ਏ। ਨਹੀਂ ਤਾਂ ਤੁਹਾਡੇ ਖ਼ਿਤਾਬ ਨੂੰ ਭਲਾ ਕੌਣ ਨਹੀਂ ਜਾਣਦਾ ?" ਕੋਲ ਖਲੋਤੇ ਪਾਲ ਨੇ ਇੰਦਰਜੀਤ ਵਿਰੁੱਧ ਇਲਜ਼ਾਮ ਲਾਇਆ।

"ਮੈਂ ਸਭ ਕੁਛ ਜਾਣਦਾਂ, ਰਾਏ ਸਾਹਿਬ ! ਜਦੋਂ ਕਿਤੇ ਕੌਮੀ ਸਰਕਾਰ ਵੱਲੋਂ ਇਹਨਾਂ ਨੂੰ 'ਸਰਦਾਰ ਬਹਾਦਰ' ਦਾ ਖ਼ਿਤਾਬ ਮਿਲਿਆ, ਫੇਰ ਗਿਆਨ ਹੋਵੇਗਾ।" ਟੁੰਡੀ ਲਾਟ ਨੇ ਓਸੇ ਤਰ੍ਹਾਂ ਪੀਡਾ ਜਿਹਾ ਮੂੰਹ ਬਣਾਈ ਕਿਹਾ।

ਟੁੰਡੀ ਲਾਟ ਬੜਾ ਜ਼ਿੰਦਾ ਦਿਲ ਆਦਮੀ ਸੀ। ਉਦਾਸੀ ਉਹਦੇ ਚਿਹਰੇ 'ਤੇ ਕਦੇ ਆਈ ਹੀ ਨਹੀਂ ਸੀ। ਕੋਈ ਗ਼ਮੀ ਨਾਲ ਕੁਮਲਾਇਆ ਹੋਇਆ ਮੂੰਹ ਵੀ ਉਹਦੇ ਸਾਮ੍ਹਣੇ ਆ ਜਾਂਦਾ, ਤਾਂ ਉਹ ਇਕਵਾਰ ਉਹਨੂੰ ਜ਼ਰੂਰ ਹੱਸਣ 'ਤੇ ਮਜਬੂਰ ਕਰ ਦੇਂਦਾ। ਉਹ ਕਿਹਾ ਕਰਦਾ, "ਗ਼ਮੀ ਆਈ 'ਤੇ ਉਦਾਸ ਹੋ ਜਾਣ ਦਾ ਅਰਥ ਏ: ਵੈਰੀ ਅੱਗੇ ਹਥਿਆਰ ਸੁੱਟ ਦੇਣੇ। ਅਸੀਂ ਫ਼ੌਜੀ ਲੋਕ ਹਥਿਆਰ ਸੁੱਟਣ ਨਾਲੋਂ ਪ੍ਰਾਣ ਦੇਣੇ ਚੰਗੇ ਸਮਝਦੇ ਆਂ। ਅਸੀਂ ਤਾਂ ਏਨਾ ਜਾਣਦੇ ਆਂ, ਕਿ ਜੇ ਅੰਤ ਸਮਾਂ ਆ ਵੀ ਜਾਏ, ਤਾਂ ਮਰਨ ਤੋਂ ਪਹਿਲਾਂ ਮੌਤ ਦਾ ਏਨਾ ਮਖ਼ੌਲ ਉਡਾਓ; ਕਿ ਉਹ ਸ਼ਰਮਸਾਰ ਹੋ ਕੇ ਤੁਹਾਡੀ ਬਹਾਦਰੀ ਸਾਮ੍ਹਣੇ ਸਿਰ ਝੁਕਾ ਲਵੇ।"

ਟੁੰਡੀ ਲਾਟ ਦੀ ਅਸਲੀਅਤ ਬਾਰੇ ਬਹੁਤ ਘੱਟ ਆਦਮੀ ਜਾਣਦੇ ਸਨ। ਉਹਦੇ ਜਾਣੂਆਂ ਵਿਚ ਉਸ ਬਾਰੇ ਵੱਖ ਵੱਖ ਅਫ਼ਵਾਹਾਂ ਸਨ। ਕੋਈ ਉਹਨੂੰ ਕਮਿਊਨਿਸਟ ਤੇ ਨਾਸਤਕ ਕਹਿੰਦਾ ਸੀ, ਤੇ ਕੋਈ ਉਹਦਾ ਸੰਬੰਧ ਕਿਸੇ ਹੋਰ ਜੁੱਗ-ਪਲਟਾਊ ਗੁਪਤ ਪਾਰਟੀ ਨਾਲ ਜੋੜਦਾ ਸੀ। ਮੁੱਕਦੀ ਗੱਲ, ਜਿੰਨੇ ਮੂੰਹ, ਓਨੀਆਂ ਗੱਲਾਂ।

ਉਹਦੇ ਅਸਲੀ ਨਾਮ ਬਾਬਤ ਕੋਈ ਕੋਈ ਹੀ ਜਾਣਦਾ ਸੀ। ਏਥੇ ਸਾਰੇ ਉਹਨੂੰ 'ਟੁੰਡੀ ਲਾਟ' ਕਹਿੰਦੇ ਸਨ। ਜੇ ਕੋਈ ਅਨਜਾਣ ਆ ਜਾਏ, ਤਾਂ ਉਹ ਇਸ ਢੰਗ ਨਾਲ ਉਹਨੂੰ ਆਪਣਾ ਨਾਂ ਦਸਦਾ, ਕਿ ਫਿਰ ਕਦੇ ਕਿਸੇ ਨੂੰ ਭੁੱਲ ਹੀ ਨਾ ਸਕਦਾ। ਉਹ ਬੜੀ ਅਨੋਖੀ ਅਦਾ ਨਾਲ ਕਹਿੰਦਾ, "ਵੇਖੋ ਯਾਰੋ ! ਤੁਸੀਂ ਉਹਨਾਂ ਲੋਕਾਂ ਦੇ ਨਾਂ ਯਾਦ ਰਖਦੇ ਓ, ਜਿੰਨ੍ਹਾਂ ਵਿਚ ਆਪਣੇ ਨਾਂ ਦੀ ਕੋਈ ਸਿਫ਼ਤ ਵੀ ਨਹੀਂ ਹੁੰਦੀ। ਬਰਾਨੇ ਕਾਨੇ ਵਰਗਾ ਸਰੀਰ ਹੋਣਾ, ਤੇ ਨਾਮ ਪੁੱਛੋ, ਤਾਂ ਪਹਿਲਵਾਨ ਭੀਮ ਸਿੰਘ। ਨਾਂ ਵਿੱਦਿਆ ਵੰਤੀ, ਤੇ ਚਿੱਠੀ ਪੜ੍ਹਾਉਣ ਨੂੰ ਬੂਹੇ ਬੂਹੇ ਤੁਰੀ ਫਿਰਨਾ।

ਪੱਲੇ ਗੱਲ-ਗੱਪਿਆਂ ਜੋਗਾ ਧੇਲਾ ਨਾ ਹੋਣਾ, ਤੇ ਨਾਂ ਦੌਲਤ ਰਾਮ। ਨਾਂ ਹੋਣਾ ਬੀਬੀ ਤ੍ਰੈਲੋਚਨ ਕੌਰ, ਤੇ ਐਨਕ ਬਿਨਾਂ ਹਾਥੀ ਨਾ ਦਿੱਸਣਾ। ਨਾਂ ਖੋਜਿਆਂ ਦੇ ਮੁੰਡੇ ਦਾ ਸ਼ੇਰ ਅਲੀ, ਤੇ ਚੂਹਾ ਵੇਖ ਕੇ ਹਾਰਟ (ਦਿਲ) ਫਿਹਲ ਹੋ ਜਾਣਾ। ਤੇ ਸਾਡਾ ਨਾਂ? ਹੈ ਕਿਸੇ ਦੀ ਹਿੰਮਤ, ਜੋ ਸਾਡੇ ਨਾਂ ਦਾ ਦਾਹਵਾ ਕਰੇ?" ਨਾਲ ਹੀ ਉਹਨੇ ਪ੍ਰਤੱਖ-ਪ੍ਰਮਾਣ ਵਜੋਂ ਕੱਟੀ ਹੋਈ ਬਾਂਹ ਤੇ ਲੱਤ ਵਿਖਾ ਕੇ ਕਹਿਣਾ, "ਟੁੰਡੀ ਲਾਟ।"

ਸ਼ਹਿਰ ਲੁਧਿਆਣੇ ਦੇ ਘੰਟਾ ਘਰ ਵਾਲੇ ਚੌਂਕ ਵਿਚ ਬੈਠਾ ਟੁੰਡੀ ਲਾਟ ਸਾਰਾ ਦਿਨ ਲੋਕਾਂ ਦੇ ਬੂਟ ਪਾਲਸ਼ ਕਰਦਾ ਰਹਿੰਦਾ। ਤੇੜ ਉਹਦੇ ਜਾਂਘੀਆ ਕਾਟ ਦਾ ਕੱਛਾ ਤੇ ਗਲ ਅੱਧੀਆਂ ਬਾਂਹੀਂ ਵਾਲੀ ਝੱਗੀ, ਏਨੇ ਵਿਚ ਹੀ ਉਹਦੀ ਪੁਸ਼ਾਕ ਪੂਰੀ ਹੋ ਜਾਂਦੀ ਸੀ। ਦਾੜ੍ਹੀ ਮੁੱਛ ਸਾਫ਼, ਸਿਰ 'ਤੇ ਚੱਪਾ ਚੱਪਾ ਵਾਲ ਤੇ ਧਰਮ ਉਹਦਾ ਮਿਹਨਤ ਮਜ਼ੂਰੀ ਸੀ। ਉਹ ਕੱਟੀ ਹੋਈ ਲੱਤ ਨਿੱਸਲ ਕਰ ਕੇ ਤੇ ਦੂਜਾ ਪੈਰ ਉਹਦੇ ਹੇਠ ਦੇ ਕੇ ਆਪਣੇ ਅੱਡੇ ਉਤੇ ਬਹਿ ਜਾਂਦਾ, ਤੇ 'ਜਾ ਕਿਰਤ ਦੇਵਤਾ' ਕਹਿ ਕੇ ਕੰਮ ਸ਼ੁਰੂ ਕਰ ਦੇਂਦਾ।

ਉਹ ਖੱਬੀ ਬਾਂਹ ਦੇ ਟੁੰਡ ਵਿਚ ਬੂਟ ਜਾਂ ਗੁਰਗਾਬੀ ਦਾ ਪੈਰ ਅੜਾ ਲੈਂਦਾ ਤੇ ਸੱਜੇ ਹੱਥ ਨਾਲ ਬੁਰਸ਼ ਮਾਰੀ ਜਾਂਦਾ। ਨਾਲ ਨਾਲ ਉਹ ਕੋਲ ਖਲੋਤੇ ਗਾਹਕਾਂ ਨਾਲ ਗੱਲਾਂ ਕਰੀ ਜਾਂਦਾ। ਜਦ ਉਹਦੇ ਕੋਲ ਗੱਲਾਂ ਸੁਣਨ ਵਾਲਾ ਕੋਈ ਨਾ ਹੁੰਦਾ, ਉਹ ਬੜੀ ਮਸਤੀ ਵਿਚ ਇਕੋ ਪੰਗਤੀ ਵਾਰ ਵਾਰ ਗਾਉਂਦਾ ਰਹਿੰਦਾ,

"ਹੱਥੀਂ ਕਿਰਤ ਕਰਨਗੇ ਜਿਹੜੇ,
ਸੁਰਗਾਂ ਨੂੰ ਸੋਈ ਜਾਣਗੇ।"

ਟੁੰਡੀ ਲਾਟ ਦਾ ਸਭ ਤੋਂ ਵੱਡਾ ਮਿੱਤਰ ਰਾਘੋਰਾਮ ਪੂਰਬੀਆ ਸੀ। ਪਹਿਲਾਂ ਪਹਿਲਾਂ ਉਹ ਮਹੱਲਿਆਂ ਵਿਚ ਫਿਰ ਕੇ ਮੁਰਮੁਰਾ ਵੇਚਿਆ ਕਰਦਾ ਸੀ। ਇਕ ਦੋ ਵਾਰ ਉਹ ਲੰਘਦਾ ਲੰਘਦਾ ਟੁੰਡੀ ਲਾਟ ਕੋਲ ਖਲੋ ਗਿਆ। ਟੁੰਡੀ ਲਾਟ ਦੀਆਂ ਗੱਲਾਂ ਦਾ ਰਾਘੋਰਾਮ ਨੂੰ ਅਜੇਹਾ ਚਸਕਾ ਪਿਆ, ਕਿ ਫਿਰ ਉਹ ਓਥੋਂ ਜੋਗਾ ਹੀ ਹੋ ਗਿਆ। ਸਾਰਾ ਦਿਨ ਉਹ ਟੁੰਡੀ ਲਾਟ ਦੇ ਖੱਬੇ ਹੱਥ ਛਾਬੜੀ ਲਾ ਕੇ ਬੈਠਾ ਰਹਿੰਦਾ। ਟੁੰਡੀ ਲਾਟ ਮਖ਼ੌਲ ਨਾਲ ਉਹਨੂੰ ਸਾਂਢੂ ਕਿਹਾ ਕਰਦਾ। ਜੇ ਕੋਈ ਇਸ ਸਾਕਾਦਾਰੀ ਦਾ ਕਾਰਨ ਪੁਛਦਾ, ਤਾਂ ਟੁੰਡੀ ਲਾਟ ਉੱਤਰ ਦੇਂਦਾ, "ਅਸੀਂ ਦੋਵੇਂ ਕੰਗਾਲੀ ਦੇਵੀ ਨਾਲ ਵਿਆਹੇ ਹੋਏ ਆਂ! ਸੋ ਪੱਕੇ ਸਾਂਢੂ ਹੋਏ।"

ਉਸ ਦਿਨ ਵੀ ਰਾਘੋ ਰਾਮ ਟੁੰਡੀ ਲਾਟ ਦੇ ਕੋਲ ਬੈਠਾ ਸੀ, ਜਿਸ ਦਿਨ ਉਹਨੇ ਆਪਣੀ ਹੱਡ-ਬੀਤੀ ਸੁਣਾਈ। ਜੱਗ-ਬੀਤੀ ਉਹ ਰੋਜ਼ ਸੁਣਾਇਆ ਕਰਦਾ ਸੀ, ਪਰ ਹੱਡ-ਬੀਤੀ ਸਿਰਫ਼ ਇਕ ਦਿਨ ਹੀ ਸੁਣਾਈ। ਤੇ ਇਕ ਹਫ਼ਤੇ ਪਿੱਛੋਂ ਉਹ

ਜੇਹਲ ਚਲਾ ਗਿਆ।

ਉਸ ਦਿਨ ਦਰੇਸੀ ਗਰਾਊਂਡ ਵਿਚ ਕਾਂਗਰਸ ਦੇ ਇਕ ਧੜੇ ਵੱਲੋਂ ਜਲਸਾ ਹੋਣਾ ਸੀ। ਇਹ ਅਫ਼ਵਾਹ ਸਾਰੇ ਫੈਲੀ ਹੋਈ ਸੀ, ਕਿ ਸ੍ਰੀ ਰੂਪ ਲਾਲ ਗੁਪਤਾ ਐਮ. ਐਲ. ਏ. ਪੰਜਾਬ ਦੀ ਵਜ਼ੀਰ-ਮੰਡਲੀ ਵਿਚ ਲਏ ਜਾਣ ਵਾਲੇ ਹਨ। ਉਹ ਸ਼ਹਿਰ ਲੁਧਿਆਣਾ ਵੱਲੋਂ ਹੀ ਐਮ. ਐਲ. ਏ. ਚੁਣੇ ਗਏ ਸਨ। ਸੋ ਉਹਨਾਂ ਦੇ ਧੜੇ ਨੇ ਏਥੇ ਇਕ ਜਲਸਾ ਕਰਨਾ ਜ਼ਰੂਰੀ ਸਮਝਿਆ। ਹੌਜ਼ਰੀ-ਮਜ਼ਦੂਰਾਂ ਦੀ ਪਿਛਲੀ ਹੜਤਾਲ ਵਿਚ ਗੁਪਤਾ ਸਾਹਿਬ ਨੇ ਪੁੱਜ ਕੇ ਮਜ਼ਦੂਰ-ਮੰਗਾਂ ਦਾ ਵਿਰੋਧ ਕੀਤਾ ਸੀ। ਇਸ ਵਾਸਤੇ ਆਮ ਜਨਤਾ ਵਿਚ ਉਹਨਾਂ ਦਾ ਕੋਈ ਰਸੂਖ਼ ਨਹੀਂ ਸੀ ਰਿਹਾ। ਫਿਰ ਵੀ ਪ੍ਰਮਿਟ ਤੇ ਕੋਟੇ ਦੇ ਚਾਹਵਾਨ ਪੰਜਾਹ-ਸੱਠ ਪਤਵੰਤੇ ਜਲੂਸ ਵਿਚ ਸ਼ਾਮਲ ਹੋ ਹੀ ਗਏ।

ਜਲੂਸ ਟੁੰਡੀ ਲਾਟ ਦੇ ਸਾਮ੍ਹਣਿਓਂ ਲੰਘ ਰਿਹਾ ਸੀ, ਜਦ ਉਹਨੇ ਨਾਅਰੇ ਸੁਣ ਕੇ ਉੱਚੀ ਸਾਰੀ ਕਿਹਾ ਸੀ, ਕਿ 'ਆਰ. ਐਲ. ਗੁਪਤਾ ਜ਼ਿੰਦਾਬਾਦ' ਕਹਿਣ ਵਾਲੇ 'ਟੁੰਡੀ ਲਾਟ ਜ਼ਿੰਦਾਬਾਦ' ਕਿਉਂ ਨਹੀਂ ਕਹਿੰਦੇ ?

ਇੰਦਰਜੀਤ, ਟੁੰਡੀਲਾਟ ਤੋਂ ਬੂਟ ਪਾਲਸ਼ ਕਰਾ ਰਿਹਾ ਸੀ। ਉਹਦੇ ਦੋ ਚਾਰ ਹੋਰ ਜਮਾਤੀ ਟੁੰਡੀ ਲਾਟ ਦੀਆਂ ਗੱਲਾਂ ਸੁਣਨ ਲਈ ਕੋਲ ਖਲੇ ਸਨ। ਏਨਾ ਚਸਕਾ ਪੈ ਗਿਆ ਸੀ ਲੋਕਾਂ ਨੂੰ--ਖ਼ਾਸ ਕਰ ਵਿਦਿਆਰਥੀਆਂ ਨੂੰ--ਟੁੰਡੀ ਲਾਟ ਦੀਆਂ ਗੱਲਾਂ ਦਾ, ਕਿ ਉਹ ਪੱਜ ਬਹਾਨੇ ਜ਼ਰੂਰ ਦੋ ਚਾਰ ਮਿੰਟ ਉਹਦੇ ਕੋਲ ਖਲੋ ਕੇ ਲੰਘਦੇ। ਇਕ ਜਣਾ ਉਹਨੂੰ 'ਬਾਬਾ' ਕਹਿ ਦੇਂਦਾ। ਟੁੰਡੀ ਲਾਟ ਅੱਗੋਂ ਉਹਨੂੰ ਟੋਕਦਾ। ਬੱਸ ਏਥੋਂ ਹੀ ਗੱਲਾਂ ਸ਼ੁਰੂ ਹੋ ਜਾਂਦੀਆਂ।

ਇੰਦਰਜੀਤ ਨੇ ਇਤਰਾਜ਼ ਕਰਦਿਆਂ ਕਿਹਾ, "ਭਲਾ ਟੁੰਡੀ ਲਾਟ ਜੀ! ਤੁਹਾਨੂੰ ਜ਼ਿੰਦਾਬਾਦ ਕਿਉਂ ਕਿਹਾ ਜਾਏ ? ਇਹਦਾ ਕੋਈ ਕਾਰਨ ?"

ਟੁੰਡੀ ਲਾਟ ਦੋ ਮਿੰਟ ਚੁੱਪ ਰਿਹਾ। ਸਦਾ ਤੋਂ ਉਲਟ ਅੱਜ ਪਹਿਲੀ ਵਾਰ ਲੋਕਾਂ ਨੇ ਉਹਦੇ ਚਿਹਰੇ 'ਤੇ ਗੰਭੀਰਤਾ ਵੇਖੀ। ਕੋਲ ਖਲੇ ਸਾਰਿਆਂ ਦਾ ਧਿਆਨ ਉਹਦੇ ਵੱਲ ਖਿੱਚਿਆ ਗਿਆ। ਮਾਲੂਮ ਹੁੰਦਾ ਸੀ, ਉਹ ਕੋਈ ਜ਼ਿੰਦਗੀ ਦਾ ਬਹੁਤ ਵੱਡਾ ਭੇਤ ਖੁਹਲਣ ਵਾਲਾ ਹੈ। ਦੋ ਚਾਰ ਹੋਰ ਵੀ ਉਹਦੇ ਜਾਣੂ ਕੋਲ ਖਲੋ ਗਏ। ਇਕ ਚਿੱਟ-ਕੱਪੜੀਆ ਵੀ ਲਾਗੇ ਆ ਕੇ ਸੋਟੀ ਦੇ ਆਸਰੇ ਖਲੋ ਗਿਆ।

"ਇਕ ਦਿਨ ਇਹ ਭੇਤ ਨਸ਼ਰ ਕਰਨਾ ਈਂ ਪੈਣਾ ਏਂ।" ਟੁੰਡੀ ਲਾਟ ਨੇ ਇੰਦਰਜੀਤ ਵੱਲ ਮੂੰਹ ਕਰ ਕੇ ਕਿਹਾ। ਉਹਦੀ ਗੰਭੀਰਤਾ ਫਿਰ ਸੁਭਾਵਕ ਮੁਸਕਰਾਹਟ ਵਿਚ ਬਦਲਦੀ ਜਾ ਰਹੀ ਸੀ। "ਹਮੇਸ਼ਾਂ ਜੱਗ-ਬੀਤੀਆਂ ਸੁਣਾਉਣ

ਵਾਲੇ ਨੂੰ ਆਖ਼ਰ ਕਦੇ ਹੱਡ-ਬੀਤੀ ਵੀ ਸੁਨਾਉਣੀ ਹੀ ਪੈਂਦੀ ਏ । ਕਦੇ ਮੈਂ ਵੀ ਤੁਹਾਡੇ ਵਾਂਗ ਵਿਦਿਆਰਥੀ ਸਾਂ । ਤੁਹਾਡੇ ਵਾਂਗ ਹੀ, ਸ਼ਾਇਦ ਤੁਹਾਥੋਂ ਵੀ ਵੱਧ ਚੜ੍ਹ ਕੇ ਮੈਂ ਕਾਰਾਂ ਤੇ ਕੋਠੀਆਂ ਦੇ ਸੁਪਨੇ ਲਿਆ ਕਰਦਾ ਸਾਂ । ਮੇਰੇ ਗ਼ਰੀਬ ਮਾਪੇ ਮਸਾਂ ਦਸਵੀਂ ਤਕ ਹੀ ਮੈਨੂੰ ਪੜ੍ਹਾ ਸੱਕੇ । ਤੇ ਇਕ ਪਿੰਡ ਦੇ ਜੰਮ-ਪਲ ਦੇ ਖ਼ਿਆਲ ਵਿਚ ਐਮ. ਐਸ. ਐਲ. ਸੀ. (ਮੈਟਰਿਕ) ਵੀ ਬੜੀ ਵੱਡੀ ਡਿਗਰੀ ਸੀ । ਮੈਂ ਸੋਚਦਾ ਸਾਂ, ਬੱਸ ਨਤੀਜਾ ਨਿਕਲਨ ਦੀ ਦੇਰ ਏ, ਤੇ ਧਾਨੂੰ ਕੋਈ ਵਧੀਆ ਜੇਹੀ ਨੌਕਰੀ ਮਿਲੀ ਜਾਣੋ । ਅੱਵਲ ਤਾਂ ਅਸੀਂ 'ਸਾਹਬ ਬਹਾਦਰ' ਬਣ ਜਾਵਾਂਗੇ, ਤੇ ਨਹੀਂ ਤਾਂ 'ਬਾਬੂ ਸਾਹਬ' ਤਾਂ ਵੱਟ 'ਤੇ ਪਏ ਆਂ । ਪਰ ਪੂਰੇ ਚਾਰ ਵਰ੍ਹੇ ਦਫ਼ਤਰਾਂ ਦੇ ਬੂਹੇ ਖੜਕਾ ਕੇ ਵੀ ਮੈਂ ਨੌਕਰੀ ਦੀ ਕੁਰਸੀ ਤਕ ਨਾ ਅੱਪੜ ਸਕਿਆ । ਕੁਰਸੀਆਂ ਖ਼ਾਲੀ ਹੈਗੀਆਂ ਸਨ, ਪਰ ਮੇਰੇ ਕੋਲ ਸਫ਼ਾਰਸ਼ ਕਰਨ ਵਾਲਾ ਕੋਈ ਨਹੀਂ ਸੀ । ਮੈਂ ਭਗਵਾਨ ਦੇ ਚਰਨਾਂ 'ਤੇ ਵੀ ਬਥੇਰਾ ਮੱਥਾ ਰਗੜ ਰਿਹਾ, ਪਈ ਦਸ ਮਿੰਟ ਪੱਥਰ ਚੋਂ ਬਾਹਰ ਨਿਕਲ ਕੇ ਮੇਰੀ ਸਫ਼ਾਰਸ਼ ਕਰ ਦੇ । ਏਨੇ ਨਾਲ ਤੇਰਾ ਕੁਛ ਘਟ ਨਹੀਂ ਚੱਲਿਆ, ਤੇ ਮੇਰਾ ਕੰਮ ਬਣ ਜਾਇਗਾ । ਪਰ ਧੰਨੇ ਦੇ ਭਗਵਾਨ ਨੂੰ ਬਿਰਲੇ ਦੇ ਭਗਵਾਨ ਨੇ ਦੇਸ-ਨਿਕਾਲਾ ਦੇ ਛੱਡਿਆ ਸੀ । ਮੇਰੀ ਗ਼ਰੀਬ ਦੀ ਕੌਣ ਸੁਣਦਾ ? ਸੋ ਨਾ ਕਿਸੇ ਮੇਰੀ ਸਫ਼ਾਰਸ਼ ਕੀਤੀ, ਨਾ ਮੈਨੂੰ ਨੌਕਰੀ ਮਿਲੀ ।

'ਏਨੇ ਤਕ ਗ਼ਰੀਬਾਂ ਦੇ ਚੰਗੇ ਭਾਗਾਂ ਨੂੰ ਦੂਜੀ ਵੱਡੀ ਜੰਗ ਲੱਗ ਪਈ । ਜੰਗਾਂ ਲਗਦੀਆਂ ਹੀ ਗ਼ਰੀਬਾਂ ਦੇ ਭਾਗਾਂ ਨੂੰ ਨੇ । ਕੀ ਭੁੱਖੇ ਪੇਟ ਸਹਿਕਦੀ ਜ਼ਿੰਦਗੀ ਹੰਡਾਉਣ ਨਾਲੋਂ, ਰੱਜ ਕੇ ਹਿੱਕ ਵਿਚ ਗੋਲੀ ਖਾ ਲੈਣੀ ਚੰਗੀ ਨਹੀਂ ? ਭਲਾ ਹੋਵੇ—ਏਹਾ ਈ ਆਖਣਾ ਚਾਹੀਦਾ ਏ—ਇਹਨਾਂ ਪੈਸਾ-ਪਤੀਆਂ ਦਾ, ਜੋ ਦੁਨੀਆਂ ਵਿਚ ਲੜਾਈਆਂ ਛੇੜਦੇ ਨੇ, ਤੇ ਗ਼ਰੀਬਾਂ ਨੂੰ ਵੀ ਚਾਰ ਦਿਨ ਰੱਜਵੀਂ ਰੋਟੀ ਖਾਣ ਨੂੰ ਮਿਲ ਜਾਂਦੀ ਏ । ਬੜੇ ਚੰਗੇ ਤੇ ਚਾਤਰ ਨੇ ਇਹ ਪੈਸਾ-ਪਤੀ । ਇਹ ਉਪਕਾਰੀ ਸੱਜਣ ਆਪ ਔਖੇ ਹੋ ਕੇ ਵੀ ਸੌ ਵਿਚੋਂ ਨੱਬਿਆਂ ਆਦਮੀਆਂ ਨੂੰ ਅੱਧ-ਭੁੱਖੇ ਰੱਖਦੇ ਨੇ । ਜੇ ਕਦੇ ਸਾਰਿਆਂ ਨੂੰ ਰੱਜ ਕੇ ਖਾਣ ਨੂੰ ਮਿਲ ਜਾਏ, ਤਾਂ ਅੱਧੀ ਦੁਨੀਆਂ ਬਦਹਜ਼ਮੀ ਨਾਲ ਈ ਮਰ ਜਾਏ । ਤੇ ਉਹ ਲੋਕ ਤਾਂ ਨਾਸਤਕ ਨੇ, ਜਿਹੜੇ ਕਹਿੰਦੇ ਨੇ, ਕਿ ਪੈਸਾ-ਪਤੀ ਆਪਣੀ ਦੌਲਤ ਦੀ ਰਾਖੀ ਵਾਸਤੇ ਫ਼ੌਜਾਂ ਭਰਤੀ ਕਰ ਕੇ ਲੜਾਈਆਂ ਸਹੇੜਦੇ ਨੇ । ਭਲਾ ਓਹਨਾਂ ਦੀ ਪੇਟੀਆਂ ਵਿਚ ਪਈ ਮਾਇਆ ਤੇ ਸੀਮਿੰਟ ਨਾਲ ਉਸਰੀਆਂ ਅਟਾਰੀਆਂ ਨੂੰ ਕੀ ਖ਼ਤਰਾ ਹੋ ਸਕਦਾ ਏ ? ਚੋਰਾਂ ਡਾਕੂਆਂ ਦਾ ਖ਼ਤਰਾ ਤਾਂ ਏ ਮੇਰੀ ਐਸ ਬੂਟ ਪਾਲਸ਼ ਦੀ ਡੱਬੀ ਤੇ ਬੁਰਸ਼ ਨੂੰ ।

"ਖ਼ੈਰ ਜੀ ! ਲੜਾਈ ਸ਼ੁਰੂ ਹੋਈ, ਤਾਂ ਮੈਂ ਵੀ ਭਰਤੀ ਹੋ ਗਿਆ, ਤਨਖ਼ਾਹ

ਦੇ ਲਾਲਚ ਨੂੰ ਨਹੀਂ, ਆਪਣੀ ਭੁੱਖ-ਨੰਗ ਦੀ ਰਾਖੀ ਕਰਨ ਬਦਲੇ। ਪਹਿਲਾਂ ਪਹਿਲਾਂ ਤਾਂ ਲੋਕ ਸਾਨੂੰ ਅੰਗਰੇਜ਼ ਦੇ ਝੋਲੀਚੁਕ ਤੇ ਟੋਡੀ ਆਖਣ, ਪਰ ਜਦ ਰੂਸ ਲੜਾਈ ਵਿਚ ਸ਼ਾਮਲ ਹੋ ਗਿਆ, ਤਾਂ ਰਾਤੋ ਰਾਤ 'ਸਰਮਾਏਦਾਰਾਂ ਦੀ ਜੰਗ' 'ਜਨਤਾ ਦੀ ਜੰਗ' ਬਣ ਗਈ। ਫੇਰ ਅਸੀਂ ਵੀ ਦੇਸ-ਭਗਤ ਬਣ ਗਏ।

"ਏਸ ਲੜਾਈ ਵਿਚ ਫ਼ੌਜੀਆਂ ਨੂੰ ਬੜੀ ਛੇਤੀ ਤਰੱਕੀਆਂ ਮਿਲਦੀਆਂ ਸਨ। ਮੈਨੂੰ ਵੀ ਦੋ-ਕੁ ਵਰ੍ਹਿਆਂ ਵਿਚ ਈ ਨਾਇਕ ਬਣਾਕੇ ਬਰਮਾ ਦੇ ਮੋਰਚੇ 'ਤੇ ਭੇਜ ਦਿਤਾ ਗਿਆ। ਹਿੰਦੀ ਸਪਾਹੀਆਂ ਵਾਸਤੇ—ਖ਼ਾਸ ਕਰ ਮੇਰੇ ਵਰਗਿਆਂ ਵਾਸਤੇ—ਇਹ ਲੜਾਈ ਬੜੀ ਔਖੀ ਸੀ। ਏਥੇ ਸਾਨੂੰ ਜਰਮਨਾਂ ਜਾਂ ਜਾਪਾਨੀਆਂ ਦੇ ਵਿਰੁੱਧ ਨਹੀਂ, ਸਗੋਂ ਆਪਣੇ ਲਹੂ ਤੇ ਮਾਸ ਦੇ ਵਿਰੁੱਧ ਲੜਨ ਵਾਸਤੇ ਮਜਬੂਰ ਕੀਤਾ ਗਿਆ ਸੀ। ਸਾਡੇ ਸਾਮ੍ਹਣੇ 'ਨੇਤਾ ਜੀ' ਦੀ ਆਜ਼ਾਦ-ਹਿੰਦ-ਫ਼ੌਜ ਲੜ ਰਹੀ ਸੀ। ਆਜ਼ਾਦੀ ਦੀ ਲਹਿਰ ਵਿਚ ਜਿਹੜਾ ਤਿੰਨ ਮਹੀਨੇ ਜੇਹਲ ਕੱਟ ਕੇ ਆਇਆ ਹੋਵੇ, ਜਿੰਦਾ-ਸ਼ਹੀਦ ਤੇ ਵੱਡਾ ਦੇਸ-ਭਗਤ। ਏ. ਜਾਂ ਬੀ. ਕਲਾਸ ਵਿਚ ਜੇਹਲ ਕੱਟਣੀ ਵੀ ਉਹਦੀ ਲਾਸਾਨੀ ਕੁਰਬਾਨੀ ਏਂ। ਅੱਜ ਕੁਰਬਾਨੀ ਦਾ ਮੁੱਲ ਵਸੂਲਣ ਲੱਗਾ ਉਹ ਵਜ਼ਾਰਤ ਤੋਂ ਉਰੇ ਮੰਨਦਾ ਈ ਨਹੀਂ। ਕੀ ਉਸ ਗੱਭਰੂ ਦੀ ਕੋਈ ਕੁਰਬਾਨੀ ਨਹੀਂ, ਜੀਹਨੂੰ ਮਾਂ-ਪਿਓ ਜਾਏ ਭਰਾ ਦੀ ਹਿੱਕ ਵਿਚ ਗੋਲੀ ਮਾਰਨ ਵਾਸਤੇ—ਕਾਨੂੰਨ ਦੇ ਡੰਡੇ ਨਾਲ—ਮਜਬੂਰ ਕੀਤਾ ਗਿਆ ਹੋਵੇ ?

"ਇਕ ਦਿਨ ਸਾਨੂੰ ਵੀ ਆਜ਼ਾਦ-ਹਿੰਦ-ਫ਼ੌਜ ਦੇ ਇਕ ਦਸਤੇ ਉਤੇ ਹਮਲਾ ਕਰਨ ਦਾ ਹੁਕਮ ਮਿਲ ਗਿਆ। ਇਹ ਹੁਕਮ ਸਾਡੀਆਂ ਖ਼ਾਹਸ਼ਾਂ ਦੇ ਉਲਟ ਸੀ। ਅਸੀਂ ਤਾਂ ਸੁੱਖਾਂ ਸੁੱਖਦੇ ਸਾਂ, ਕਿ ਨੇਤਾ ਜੀ ਦੀ ਫ਼ੌਜ ਸਾਡੇ ਉਤੇ ਹਮਲਾ ਕਰੇ; ਸਾਡੇ ਵਿਚੋਂ 'ਨਿਮਕ ਹਲਾਲ' ਮਾਰੇ ਜਾਣ ਤੇ ਬਾਕੀ ਅਸਾਂ ਆਜ਼ਾਦ-ਹਿੰਦ-ਫ਼ੌਜ ਵਿਚ ਮਿਲ ਜਾਈਏ। ਪਰ ਹੋਇਆ ਇਸ ਦੇ ਉਲਟ।

"ਬਰ੍ਹਮਾ-ਆਸਾਮ ਦੀ ਹੱਦ ਤੋਂ ਤਿੰਨ ਮੀਲ ਅੰਦਰਵਾਰ ਆਜ਼ਾਦ-ਹਿੰਦ-ਫ਼ੌਜ ਦਾ ਇਕ ਦਸਤਾ ਜੰਗਲ ਵਿਚ ਲੁਕਿਆ ਬੈਠਾ ਸੀ। ਸਾਡੇ ਅਫ਼ਸਰਾਂ ਨੂੰ ਪਤਾ ਲੱਗਾ, ਕਿ ਉਹਨਾਂ ਕੋਲ ਨਾ ਦਾਰੂ ਸਿੱਕਾ ਏ, ਨਾ ਰਾਸ਼ਨ। ਉਹ ਬੜੀ ਬੁਰੀ ਹਾਲਤ ਵਿਚ ਮੋਰਚਿਆਂ ਅੰਦਰ ਡਟੇ ਬੈਠੇ ਨੇ। ਉਹਨਾਂ ਉਤੇ ਹਮਲਾ ਕਰਨ ਵਾਸਤੇ ਸਾਨੂੰ ਤੋਰ ਦਿਤਾ ਗਿਆ। ਅੰਦਾਜ਼ਾ ਲਾਓ, ਉਸ ਵੇਲੇ ਸਾਡੇ ਮਨਾਂ ਦੀ ਕੀ ਹਾਲਤ ਸੀ ? ਸਾਡੇ ਕੋਲ ਬੰਦੂਕਾਂ ਸਨ, ਬਰੇਨ ਗੰਨਾਂ ਸਨ, ਹੈਂਡ ਗਰਨੇਡ (ਹੱਥੀਂ ਸੁੱਟਣ ਵਾਲੇ ਬੰਬ) ਸਨ, ਪਰ ਕੀਹਨਾਂ ਵਾਸਤੇ ? ਆਪਣੇ ਭਰਾਵਾਂ ਵਾਸਤੇ। ਸਾਡੇ ਵਿਚੋਂ ਕੋਈ ਜੋਸ਼ੀਲੇ ਬਗ਼ਾਵਤ ਕਰਨਾ ਚਾਹੁੰਦੇ ਸਨ, ਪਰ ਕਰ ਨਹੀਂ ਸਨ ਸਕਦੇ। ਅਸੀਂ ਇਕ

ਸੌ ਪੰਝੀ ਜੁਆਨ ਸਾਂ। ਸਾਡੇ ਵਿਚੋਂ ਅੱਧੇ ਹਿੰਦੂ ਸਿੱਖ ਤੇ ਅੱਧੇ ਮੁਸਲਮਾਨ ਸਨ। ਸਾਨੂੰ ਇਕ ਦੁੱਜੇ ਉਤੇ ਭਰੋਸਾ ਨਹੀਂ ਸੀ। ਮੁਸਲਮਲੀਗ ਦੀ ਪਾਕਿਸਤਾਨ ਦੀ ਮੰਗ ਨੇ ਸਾਡੇ ਦਿਲ ਦੂਰ ਕਰ ਦਿਤੇ ਸਨ। ਤੇ ਸਭ ਤੋਂ ਵੱਡੀ ਔਕੜ ਸੀ, ਕਿ ਸਾਡਾ ਅੰਗਰੇਜ਼ ਅਫ਼ਸਰ ਨਾਲ ਜਾ ਰਿਹਾ ਸੀ। ਏਨਾ ਸਖ਼ਤ ਸੀ ਉਸ ਦਾ ਸੁਭੌ, ਕਿ ਉਹਦੇ ਸਾਮ੍ਹਣੇ ਕੋਈ ਕਾਲਾ ਜੁਆਨ ਉੱਚੀ ਸਾਹ ਨਹੀਂ ਸੀ ਲੈ ਸਕਦਾ। ਅਸੀਂ ਚੁੱਪ ਚਾਪ ਅੱਗੇ ਵਧੇ ਜਾ ਰਹੇ ਸਾਂ। ਮੇਰੇ ਦਿਲ ਵਿਚ ਤੂਫ਼ਾਨ ਉਠ ਰਹੇ ਸਨ। ਮੇਰੇ ਹੱਥੋਂ ਚੱਲਿਆਂ ਹੋਇਆਂ ਬੰਬਾਂ ਨਾਲ ਆਜ਼ਾਦ-ਹਿੰਦ-ਫ਼ੌਜ ਦੇ ਸਪਾਹੀ ਘਾਇਲ ਹੋਏ ਤੜਪਦੇ ਮੈਨੂੰ ਨਜ਼ਰ ਆ ਰਹੇ ਸਨ। ਕਤਲ ਹੋਣ ਵਾਲੇ ਮੇਰੇ ਚਾਚਿਆਂ ਤਾਇਆਂ, ਮੇਰੇ ਭਰਾਵਾਂ ਤੇ ਮੇਰੇ ਪੁੱਤਰਾਂ ਭਤੀਜਿਆਂ ਦੀਆਂ ਰੂਹਾਂ ਮੇਰੀ ਬਹਾਦਰੀ 'ਤੇ ਹੰਝੂ ਵਹਾ ਰਹੀਆਂ ਸਨ। ਮੇਰੀ ਆਤਮਾ ਮੈਨੂੰ ਲਾਹਨਤਾਂ ਪਾ ਰਹੀ ਸੀ। ਮੈਂ ਏਸ ਦ੍ਰਿਸ਼ ਨੂੰ ਅੱਖਾਂ ਤੋਂ ਉਹਲੇ ਕਰਨ ਵਾਸਤੇ ਜ਼ੋਰ ਨਾਲ ਸਿਰ ਛੰਡਿਆ ਤੇ ਮੋਢੇ ਹਲੂਣੇ। ਮੇਰੇ ਸਾਰੇ ਸਰੀਰ ਵਿਚ ਕੰਬਣੀ ਜੇਹੀ ਛਿੜ ਗਈ। ਮੇਰੇ ਲਹੂ ਵਿਚੋਂ ਚਿਣੰਗਾਂ ਫੁੱਟਣ ਲੱਗ ਪਈਆਂ। ਮੈਂ ਕੁਛ ਕਰਨਾ ਚਾਹੁੰਦਾ ਸਾਂ, ਪਰ ਸੁਝਦਾ ਨਹੀਂ ਸੀ, ਕਿ ਕਰਾਂ ਕੀ ? ਕੀ ਹਥਿਆਰ ਸੁੱਟ ਕੇ ਨੱਸ ਜਾਵਾਂ ? ਪਰ ਏਸਤਰ੍ਹਾਂ ਕੀ ਬਣੇਗਾ ? ਮੈਂ ਇਕ ਗੋਲੀ ਠੰਢੀ ਕਰ ਕੇ ਬੱਸ ਹੋ ਜਾਵਾਂਗਾ। ਜੇ ਭਲਾ ਅੰਗਰੇਜ਼ ਅਫ਼ਸਰ ਏਸ ਡਰੋਂ ਗੋਲੀ ਨਾ ਵੀ ਮਾਰੇ, ਕਿ ਬੰਦੂਕ ਦੀ ਵਾਜ ਸੁਣ ਕੇ ਵੈਰੀ ਸਾਵਧਾਨ ਨਾ ਹੋ ਜਾਏ, ਤਾਂ ਮੇਰਾ ਮਨੋਰਥ ਤਾਂ ਫੇਰ ਵੀ ਪੂਰਾ ਨਾ ਹੋਇਆ। ਆਜ਼ਾਦ-ਹਿੰਦ-ਫ਼ੌਜ ਦਾ ਦਸਤਾ ਤਾਂ ਫੇਰ ਵੀ ਮਾਰਿਆ ਜਾਏਗਾ। ਕੀ ਕੀਤਾ ਜਾਵੇ, ਜਿਵੇਂ ਉਹ ਕੌਮ ਦੇ ਪੁਜਾਰੀ ਬਚ ਜਾਣ।

"ਆਖ਼ਰ ਮੈਨੂੰ ਇਕ ਢੰਗ ਸੁਝਿਆ। ਪਰ ਕਿੰਨਾ ਔਖਾ ? ਕਿੰਨਾ ਅਨੋਖਾ ਹੈ ਗੁਮਨਾਮਗੀ ਵਿਚ ਆਪਣੀ ਜਾਨ 'ਤੇ ਖੇਡ ਜਾਣਾ ? ਉਹ ਕੁਰਬਾਨੀ ਕਿੰਨੀ ਸੌਖੀ ਤੇ ਉਤਸ਼ਾਹ ਵਧਾਊ ਹੁੰਦੀ ਏ, ਜਿਸ ਬਾਬਤ ਸਾਨੂੰ ਪਤਾ ਹੋਵੇ, ਕਿ ਸਾਰੇ ਦੇਸ ਵਿਚ ਸਾਡੀ ਵਡਿਆਈ ਹੋਵੇਗੀ ਤੇ ਲੋਕ ਪੀਹੜੀਆਂ ਤਕ ਸਾਡੀ ਸਮਾਧ ਉਤੇ ਫੁੱਲ ਚੜ੍ਹਾਉਣਗੇ। ਪਰ ਜਿੱਥੇ ਮਰਨ ਦੇ ਨਾਲ ਹੀ ਕੁਰਬਾਨੀ ਨੇ ਵੀ ਗੁੰਮ ਹੋ ਜਾਣਾ ਹੋਵੇ, ਉਹ ਮੌਤ ਕਿੰਨੀ-ਕੁ ਕਠਨ ਹੋਵੇਗੀ ? ਮਗਰ ਮੇਰੇ ਵਾਸਤੇ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ। ਮੈਂ ਕੁਛ ਹੈਂਡ-ਗਰਨੇਡ ਚੁੱਕੀ ਜਾ ਰਿਹਾ ਸਾਂ। ਹਨ੍ਹੇਰਾ ਕਾਫ਼ੀ ਸੀ। ਥਾਂ ਉੱਚਾ ਨੀਂਵਾਂ ਸੀ। ਮੈਂ ਇਕ ਗਰਨੇਡ ਦੀ ਪਿੰਨ ਕਢੀ ਤੇ ਖੱਬੇ ਹੱਥ ਵਿਚ ਫੜ ਕੇ ਬਾਂਹ ਉੱਚੀ ਕਰ ਦਿਤੀ। ਬੰਬ ਦੇ ਫਟਣ ਵਿਚ ਅਜੇ ਕੁਛ ਸਮਾਂ ਸੀ। ਪਰ ਮੇਰਾ ਦਿਮਾਗ ਪਹਿਲਾਂ ਹੀ ਚਕਰਾ ਗਿਆ ਸੀ। ਸੁਰਤ ਮੇਰਾ

ਸਾਥ ਛੱਡ ਗਈ। ਮੈਂ ਠੇਡਾ ਖਾ ਕੇ ਇਕ ਟੋਏ ਵਿਚ ਡਿੱਗ ਪਿਆ। ਓਸੇ ਵੇਲੇ ਮੇਰੇ ਹੱਥ ਵਿਚਲਾ ਬੰਬ ਫਟ ਗਿਆ। ਉਸਦੇ ਧਮਾਕੇ ਤੇ ਠੋਕਰ ਨਾਲ ਕੋਈ ਹੋਰ ਬੰਬ ਵੀ ਫਟ ਗਏ। ਉਸ ਵੇਲੇ ਮੈਨੂੰ ਏਸ ਗੱਲ ਦਾ ਕੋਈ ਪਤਾ ਨਹੀਂ ਸੀ। ਮੈਂ ਬੇਹੋਸ਼ ਹੋ ਚੁਕਾ ਸਾਂ।

"ਸਾਡੀ ਕੰਪਨੀ ਦੇ ਕਈ ਆਦਮੀ ਮਾਰੇ ਗਏ ਤੇ ਬਾਕੀ ਫੱਟੜ ਹੋ ਗਏ। ਉਹ ਅੰਗਰੇਜ਼ ਅਫ਼ਸਰ ਵੀ ਬੁਰੀ ਤਰ੍ਹਾਂ ਘਾਇਲ ਹੋ ਗਿਆ। ਮੇਰਾ ਵੀ ਇਕ ਹੱਥ ਤੇ ਪੈਰ ਉਡ ਗਿਆ, ਪਰ ਮੇਰਾ ਮਨੋਰਥ ਪੂਰਾ ਹੋ ਗਿਆ। ਬੰਬਾਂ ਦਾ ਖੜਾਕ ਸੁਣ ਦੇ ਆਜ਼ਾਦ-ਹਿੰਦ-ਫ਼ੌਜ ਦਾ ਦਸਤਾ ਜਾਨ ਬਚਾ ਕੇ ਨਿਕਲ ਗਿਆ।

"ਤਿੰਨ ਮਹੀਨੇ ਮੈਂ ਹਸਪਤਾਲ ਵਿਚ ਰਿਹਾ। ਫਿਰ ਮੇਰੇ ਉਤੇ ਮੁਕੱਦਮਾ ਚਲਾਇਆ ਗਿਆ। ਉਹ ਅੰਗਰੇਜ਼ ਅਫ਼ਸਰ ਹਸਪਤਾਲ ਵਿਚ ਮਰ ਗਿਆ ਸੀ, ਪਰ ਮੇਰੇ ਵਿਰੁੱਧ ਉਹ ਬਿਆਨ ਦੇ ਗਿਆ ਸੀ। ਉਸ ਦੀ ਰੀਪੋਰਟ ਦੇ ਅਧਾਰ 'ਤੇ ਮੈਨੂੰ ਕੋਰਟ-ਮਾਰਸ਼ਲ ਦਾ ਹੁਕਮ ਹੋਇਆ। ਮੈਂ ਫ਼ੌਜੀ ਅਫ਼ਸਰਾਂ ਦੀ ਕਚਹਿਰੀ ਵਿਚ ਪੇਸ਼ ਹੋਇਆ। ਉਸ ਵੇਲੇ ਵੀ ਮੈਂ ਉਦਾਸ ਨਹੀਂ ਸਾਂ। ਕੁਛ ਦੇਸੀ ਅਫ਼ਸਰਾਂ ਨੂੰ ਸ਼ਾਇਦ ਘਟਨਾ ਦੀ ਅਸਲੀਅਤ ਦਾ ਪਤਾ ਲੱਗ ਗਿਆ ਸੀ। ਮੇਰੇ ਕੱਟੇ ਹੋਏ ਅੰਗਾਂ ਨੇ ਉਹਨਾਂ ਦੀ ਹਮਦਰਦੀ ਜਿੱਤ ਲਈ। ਜਿੰਨੀ ਸਜ਼ਾ ਮੈਨੂੰ ਆਪਣੇ ਆਪ ਮਿਲ ਚੁਕੀ ਸੀ, ਉਹਨਾਂ ਓਨੀ ਹੀ ਕਾਫੀ ਸਮਝ ਕੇ, ਬਿਨਾਂ ਕਿਸੇ ਪੈਨਸ਼ਨ ਜਾਂ ਗੁਜ਼ਾਰੇ ਦੇ, ਮੇਰਾ ਨਾਮ ਕਟ ਕੇ ਘਰ ਭੇਜ ਦਿਤਾ। ਓਦੋਂ ਦਾ ਮੈਂ ਲੋਕਾਂ ਦੀ ਚਰਨ ਧੂੜ ਸਾਫ਼ ਕਰਨ ਵਿਚ ਲੱਗਾ ਹੋਇਆ ਹਾਂ।"

ਟੁੰਡੀ ਲਾਟ ਦੀ ਆਖ਼ਰੀ ਗੱਲ ਨੇ ਸਰੋਤਿਆਂ ਵਿੱਚੋਂ ਕਿਸੇ ਚਿਹਰੇ 'ਤੇ ਵੀ ਮੁਸਕਰਾਹਟ ਨਾ ਲਿਆਂਦੀ। ਸਾਰੇ ਉਸਦੀ ਹੱਡ-ਬੀਤੀ ਦੇ ਅਸਰ ਵਿੱਚ ਡੁਬੇ ਹੋਏ ਸਨ।

ਪਾਲ ਨੇ ਰੁਮਾਲ ਨਾਲ ਅੱਖਾਂ ਪੂੰਝ ਕੇ ਕਿਹਾ, "ਤੁਸੀਂ ਦਰਖ਼ਾਸਤ ਕਿਉਂ ਨਹੀਂ ਕਰਦੇ ? ਆਜ਼ਾਦੀ ਖ਼ਾਤਰ ਕੁਰਬਾਨੀ ਕਰਨ ਵਾਲਿਆਂ ਨੂੰ ਸਰਕਾਰ ਜ਼ਮੀਨਾਂ ਤੇ ਗਰਾਟਾਂ ਦੇ ਰਹੀ ਏ।"

"ਹੁਸਨ ਦੇ ਬਾਜ਼ਾਰ ਵਿੱਚ ਬਹਿ ਕੇ ਰੂਪ ਵੇਚਣ ਵਾਲੀਆਂ ਨੂੰ ਤੁਸੀਂ ਚੰਗੀਆਂ ਸਮਝਦੇ ਓ, ਜਾਂ ਮਾੜੀਆਂ ?" ਟੁੰਡੀ ਲਾਟ ਨੇ ਬੜੇ ਗੰਭੀਰ ਹੋ ਕੇ ਪੁਛਿਆ।

"ਮਾੜੇ ਕੰਮ ਨੂੰ ਆਖ਼ਰ ਮਾੜਾ ਹੀ ਕਿਹਾ ਜਾਵੇਗਾ।"

"ਤੇ ਮੇਰੇ ਖ਼ਿਆਲ ਵਿਚ ਕੁਰਬਾਨੀ ਵੇਚਣੀ, ਰੂਪ ਵੇਚਣ ਨਾਲੋਂ ਵੀ ਮਾੜਾ ਕੰਮ ਏਂ। ਬੋਲੋ, ਟੁੰਡੀ ਲਾਟ !" ਟੁੰਡੀ ਲਾਟ ਨੇ ਟੁੰਡੀ ਬਾਂਹ ਉੱਚੀ ਕਰ ਦੇ ਕਿਹਾ।

"ਜ਼ਿੰਦਾਬਾਦ।" ਸਾਰਿਆਂ ਦੇ ਦਿਲੋਂ ਵਾਜ ਗੂੰਜੀ।

"ਜ਼ਿੰਦਾਬਾਦ, ਭਈ! ਜ਼ਿੰਦਾਬਾਦ।" ਉਹ ਚਿੱਟ-ਕੱਪੜੀਆ ਮੱਥੇ 'ਤੇ ਤਿਉੜੀ ਪਾ ਕੇ ਕਹਿੰਦਾ ਹੋਇਆ ਚਲਾ ਗਿਆ।

ਪੰਜਵੇਂ ਦਿਨ ਆਰ. ਐਲ. ਗੁਪਤਾ ਵਜ਼ੀਰ ਬਣਿਆਂ, ਤੇ ਉਸ ਤੋਂ ਦੋ ਦਿਨ ਪਿੱਛੋਂ ਟੁੰਡੀ ਲਾਟ ਨੂੰ ਗ੍ਰਿਫ਼ਤਾਰ ਕਰ ਕੇ ਜੇਹਲ ਭੇਜ ਦਿਤਾ ਗਿਆ। ਕੋਈ ਕਹਿੰਦਾ, ਉਸਨੂੰ ਸਿਕਿਉਰਟੀ ਐਕਟ ਥੱਲੇ ਫੜਿਆ ਨੇ, ਤੇ ਕੋਈ ਕਹਿੰਦਾ, ਉਸਦੇ ਵਿਰੁੱਧ ਕੋਈ ਗੁਪਤ ਦੂਸ਼ਣ ਲਾਏ ਗਏ ਹਨ।

੨੯-੯-੫੪

ਸੋਹਣ ਸਿੰਘ 'ਸੀਤਲ' ਰਚਿਤ

ਇਤਿਹਾਸ: ੧. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ੧੦), ੨.ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ੨੨॥), ੩. ਗੁਰੂ ਗੋਬਿੰਦ ਸਿੰਘ ਜੀ ੨੦), ੪.ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ੭॥), ੫. ਬੰਦਾ ਸਿੰਘ ਸ਼ਹੀਦ ੧੦), ੬. ਸਿੱਖਰਾਜ ਕਿਵੇਂ ਬਣਿਆਂ ੧੦), ੭. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ ੧੫), ੮. ਸਿੱਖਰਾਜ ਤੇ ਸ਼ੇਰੇ ਪੰਜਾਬ ੮), ੯. ਸਿੱਖਰਾਜ ਕਿਵੇਂ ਗਿਆ ੧੫), ੧੦.ਦੁਖੀਏ ਮਾਂ ਪੁੱਤ ੧੨) ੧੧. ਗੁਰ ਇਤਿਹਾਸ ਦਸ ਪਾਤਸ਼ਾਹੀਆਂ ੧੮॥), ੧੨. ਬਾਬਾ ਨਾਨਕ ੫), ੧੩. ਧਰਮ ਦਾ ਰਾਖਾ ਗੁਰੂ ਤੇਗ਼ ਬਹਾਦਰ ੩), ੧੪. ਸਿੱਖ ਸ਼ਹੀਦ ਤੇ ਜੋਧੇ ੫), ੧੫. ਗੁਰਬਾਣੀ ਵਿਚਾਰ ੧੦) ਤੇ ੧੨), ੧੬. ਮੇਰੇ ਇਤਿਹਾਸਕ ਲੈਕਚਰ ੧੦),

ਨਾਵਲ: ੧੭. ਜੁੱਗ ਬਦਲ ਗਿਆ ੧੮), ੧੮. ਜਵਾਲਾ ਮੁਖੀ ੧੫), ੧੯. ਮੁੱਲ ਦਾ ਮਾਸ ੧੦), ੨੦. ਪਤਵੰਤੇ ਕਾਤਲ ੧੦), ੨੧. ਵਿਜੋਗਣ ੩), ੨੨. ਅੰਨ੍ਹੀ ਸੁੰਦਰਤਾ ੧੨), ੨੩. ਦੀਵੇ ਦੀ ਲੋ ੧੮), ੨੪. ਜੰਗ ਜਾਂ ਅਮਨ ੧੮), ੨੫.ਬਦਲਾ੧੦॥), ੨੬.ਈਚੋਗਿਲ ਨਹਿਰ ਤਕ ੧੮), ੨੭.ਕਾਲੇ ਪਰਛਾਂਵੇਂ ੧੮), ੨੮.ਪ੍ਰੀਤ ਤੇ ਪੈਸਾ ੧੦), ੨੯.ਤੂਤਾਂ ਵਾਲਾ ਖੂਹ ੧੮), ੩੦. ਧਰਤੀ ਦੇ ਦੇਵਤੇ), ੩੧. ਧਰਤੀ ਦੀ ਬੇਟੀ ੫), ੩੨. ਪ੍ਰੀਤ ਕਿ ਰੂਪ ੫), ੩੩. ਸੁੰਞਾਂ ਆਹਲਣਾ ੯), ੩੪. ਮ: ਜਿੰਦਾਂ ੫), ੩੫. ਮ: ਦਲੀਪ ਸਿੰਘ ੫), ੩੬. ਸਿੰਘ ਬੁੱਕੇ),

ਵਾਰਾਂ : ੧. ਸੀਤਲ ਕਿਰਣਾਂ ੬), ੨. ਸੀਤਲ ਸੁਨੇਹੇ ੫), ੩. ਸੀਤਲ ਹੰਝੂ ੫), ੪. ਸੀਤਲ ਹੁਲਾਰੇ ੬), ੫. ਸੀਤਲ ਤਰੰਗਾਂ ੫), ੬. ਸੀਤਲ ਪ੍ਰਸੰਗ ੫), ੭. ਸੀਤਲ ਪ੍ਰਕਾਸ਼ ੫), ੮.ਸੀਤਲ ਤਰਾਨੇ ੫), ੯.ਸੀਤਲ ਵਾਰਾਂ ੫) ੧੦.ਸੀਤਲ ਤਾਂਘਾਂ ੫), ੧੧. ਸੀਤਲ ਵਲਵਲੇ ੫), ੧੨.ਸੀਤਲ ਚੰਗਿਆੜੇ ੫) ੧੩. ਸੀਤਲ ਚਮਕਾਂ ੫) ੧੪. ਸੀਤਲ ਰਮਜ਼ਾਂ ੫), ੧੫. ਸੀਤਲ ਉਮੰਗਾਂ ੫,) ੧੬. ਸੀਤਲ ਅੰਗਿਆਰੇ ੫) ੧੭. ਸੀਤਲ ਮੁਨਾਰੇ ੫), ੧੮. ਸੀਤਲ ਸੁਗਾਤਾਂ ੫)

ਕਵਿਤਾ: ੧੯. ਵਹਿੰਦੇ ਹੰਝੂ ੫), ੨੦. ਸੱਜਰੇ ਹੰਝੂ ੫), ੨੧. ਦਿਲ ਦਰਿਆ ੫) ੨੨. ਮੇਰੇ ਗੀਤ ੫), ੨੩ ਮੇਰੀ ਕਵਿਤਾ ਮੇਰੇ ਗੀਤ ੨੦), ੨੪. ਮੇਰੀਆਂ ਢਾਡੀ ਵਾਰਾਂ ਪਹਿਲਾ ਭਾਗ ੨੦), ੨੫. ਮੇਰੀਆਂ ਢਾਡੀ ਵਾਰਾਂ ਦੂਜਾ ਭਾਗ ੨੦), ੨੬. ਮੇਰੀਆਂ ਢਾਡੀ ਵਾਰਾਂ ਤੀਜਾ ਭਾਗ ੨੦), ੨੭. ਮੇਰੀਆਂ ਢਾਡੀ ਵਾਰਾਂ ਚੌਥਾ ਭਾਗ ੨੦), ੨੮. ਨਾਵਲਕਾਰ ਸੋਹਣ ਸਿੰਘ ਸੀਤਲ ੧੨)

ਸਿੱਖ ਇਤਿਹਾਸ ਦੇ ਸੋਮੇ

ਪਹਿਲਾ ਭਾਗ

ਸਨਾਤਨੀ ਖ਼ਿਆਲਾਂ ਦੇ ਲੇਖਕਾਂ ਨੇ

ਪੰਡਤਾਂ ਦੇ ਅਸਰ ਅਧੀਨ ਸਾਡੇ ਇਤਿਹਾਸ ਨੂੰ ਕਿਵੇਂ ਵਿਗਾੜਿਆ ਹੈ,

ਇਸ ਦਾ ਪਤਾ ਆਪ ਨੂੰ ਇਹ ਗ੍ਰੰਥ ਪੜ੍ਹ ਕੇ ਹੀ ਲੱਗੇਗਾ।

ਪਹਿਲੇ ਭਾਗ ਵਿਚ ਇਹ ਗ੍ਰੰਥ ਹਨ :

੧. ਸ੍ਰੀ ਗੁਰੂ ਸੋਭਾ, ਕਰਤਾ 'ਸੈਨਾਪਤੀ'।

੨. ਗੁਰ ਬਿਲਾਸ, ਕਰਤਾ ਕੋਇਰ ਸਿੰਘ।

੩. ਗੁਰ ਬਿਲਾਸ ਪਾਤਸ਼ਾਹੀ ਛੇਵੀਂ।

੪. ਬੰਸਾਵਲੀ ਨਾਮਾ, ਕਰਤਾ ਕੇਸਰ ਸਿੰਘ 'ਛਿੱਬਰ'

੫. ਗੁਰ ਬਿਲਾਸ, ਕਰਤਾ ਸੁੱਖਾ ਸਿੰਘ।